PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
2nd - 9th October 2025 • Issue No. 3100
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact: S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

# ਰਾਜੀਵ-ਸੰਤ ਭਿੰਡਰਾਂਵਾਲੇ ਦੀ ਮੁਲਾਕਾਤ ਕਰਾਉਣ ਤੋਂ ਕਿਉਂ ਅਸਫਲ ਰਿਹਾ ਕੈਪਟਨ ਅਮਰਿੰਦਰ ਸਿੰਘ

## ਸਿਮਰਨਜੀਤ ਸਿੰਘ ਮਾਨ ਰਾਹੀਂ ਸੰਤ ਭਿੰਡਰਾਂਵਾਲੇ ਨਾਲ ਗੱਲਬਾਤ ਕਰਨ ਲਈ ਬਣੀ ਸੀ ਸਹਿਮਤੀ!



ਨਵੀਂ ਦਿੱਲੀ- ਪੰਜਾਬ ਦੇ ਸਭ ਤੋਂ ਗੰਭੀਰ ਅਤੇ ਉਥਲ-ਪੁਥਲ ਵਾਲੇ ਸਮੇਂ, 1980 ਦੇ ਸ਼ੁਰੂਆਤੀ ਸਾਲਾਂ ਵਿੱਚ, ਜਦੋਂ ਸੂਬਾ ਸਿਆਸੀ ਅਤੇ ਸਮਾਜਿਕ ਸੰਕਟ ਦੀ ਲਪੇਟ ਵਿੱਚ ਸੀ, ਸਾਬਕਾ ਕਾਂਗਰਸ ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੂੰ ਰਾਜੀਵ ਗਾਂਧੀ ਨੇ ਇੱਕ ਅਹਿਮ ਅਤੇ ਨਾਜ਼ੁਕ ਜ਼ਿੰਮੇਵਾਰੀ ਸੌਂਪੀ ਸੀ — ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਮੁਲਾਕਾਤ ਦਾ ਪ੍ਰਬੰਧ ਕਰਨ ਦੀ। ਇਹ ਮੁਲਾਕਾਤ ਪੰਜਾਬ ਦੇ ਹਾਲਾਤ ਨੂੰ ਸੁਲਝਾਉਣ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਹੋ ਸਕਦੀ ਸੀ, ਪਰ ਅਫਸੋਸ ਕਿ ਇਹ ਮੁਲਾਕਾਤ ਕਦੇ ਹੋ ਨਾ ਸਕੀ। ਇਸ ਦੀ ਵਜ੍ਹਾ ਅਤੇ ਪਿੱਛੇ ਦੀ ਕਹਾਣੀ ਸੀਨੀਅਰ ਪੱਤਰਕਾਰ ਅਤੇ ਲੇਖਕ ਹਰਿੰਦਰ ਬਵੇਜਾ ਦੀ ਨਵੀਂ ਕਿਤਾਬ "They Will Shoot You, Madam: My Life Through Conflict" ਵਿੱਚ ਸਾਹਮਣੇ ਆਈ ਹੈ। ਇਸ ਦਾ ਜ਼ਿਕਰ ਕੈਪਟਨ ਅਮਰਿੰਦਰ ਸਿੰਘ ਨੇ ਨਵੀਂ ਦਿੱਲੀ ਦੇ ਇੰਡੀਆ ਇੰਟਰਨੈਸ਼ਨਲ ਸੈਂਟਰ (IIC) ਵਿਖੇ ਹੋਏ ਕਿਤਾਬ ਦੇ ਲੋਕ ਅਰਪਣ ਸਮਾਗਮ ਦੌਰਾਨ ਸਾਂਝਾ ਕੀਤਾ।


## ਮੁਲਾਕਾਤ ਦੀ ਕੋਸ਼ਿਸ਼ ਅਤੇ ਅਸਫਲਤਾ

ਕੈਪਟਨ ਅਮਰਿੰਦਰ ਸਿੰਘ ਨੇ ਸਮਾਗਮ ਵਿੱਚ ਆਪਣੇ ਸੰਬੋਧਨ ਦੌਰਾਨ ਇਸ ਘਟਨਾ ਦੀਆਂ ਵਿਸਤ੍ਰਿਤ ਜਾਣਕਾਰੀਆਂ ਦਿੱਤੀਆਂ। ਉਨ੍ਹਾਂ ਦੱਸਿਆ, "ਰਾਜੀਵ ਗਾਂਧੀ ਨੇ ਮੈਨੂੰ ਸੱਦ ਕੇ ਪੁੱਛਿਆ, 'ਕੀ ਤੁਸੀਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਮੁਲਾਕਾਤ ਦਾ ਪ੍ਰਬੰਧ ਕਰ ਸਕਦੇ ਹੋ?' ਮੈਂ ਜਵਾਬ ਦਿੱਤਾ, 'ਮੈਂ ਕੋਸ਼ਿਸ਼ ਕਰਦਾ ਹਾਂ।' ਮੈਂ ਜਾਣਦਾ ਸੀ ਕਿ ਇਹ ਕੰਮ ਆਸਾਨ ਨਹੀਂ ਸੀ, ਪਰ ਪੰਜਾਬ ਦੇ ਹਾਲਾਤ ਨੂੰ ਦੇਖਦੇ ਹੋਏ ਇਹ ਜ਼ਰੂਰੀ ਸੀ।" ਕੈਪਟਨ ਨੇ ਇਸ ਕੰਮ ਲਈ ਪੰਜਾਬ ਪੁਲਿਸ ਦੇ ਤਤਕਾਲੀ ਸੀਨੀਅਰ ਸੁਪਰਡੈਂਟ ਪੁਲਿਸ ਸਿਮਰਨਜੀਤ ਸਿੰਘ ਮਾਨ ਨਾਲ ਸੰਪਰਕ ਕੀਤਾ, ਜੋ ਸੰਤ ਭਿੰਡਰਾਂਵਾਲੇ ਦੇ ਕਾਫੀ ਨੇੜੇ ਸਨ। ਸਿਮਰਨਜੀਤ ਸਿੰਘ ਮਾਨ ਨੇ ਭਿੰਡਰਾਂਵਾਲੇ ਨਾਲ ਗੱਲਬਾਤ ਕੀਤੀ ਅਤੇ ਮੁਲਾਕਾਤ ਲਈ ਸਹਿਮਤੀ ਬਣ ਗਈ। ਮੁਲਾਕਾਤ ਦਾ ਸਥਾਨ ਅੰਬਾਲਾ ਹਵਾਈ ਅੱਡਾ ਤੈਅ ਹੋਇਆ, ਜਿੱਥੇ ਸੰਤ ਭਿੰਡਰਾਂਵਾਲੇ ਨੇ ਆਉਣ ਦੀ ਹਾਮੀ ਭਰੀ ਸੀ। ਕੈਪਟਨ ਨੇ ਅੱਗੇ ਦੱਸਿਆ, "ਅਸੀਂ ਦਿੱਲੀ ਤੋਂ ਉਡਾਣ ਭਰਨ ਦੀ ਤਿਆਰੀ ਕਰ ਲਈ ਸੀ। ਸਭ ਕੁਝ ਲਗਭਗ ਪੱਕਾ ਹੋ ਚੁੱਕਾ ਸੀ, ਅਤੇ ਅਸੀਂ ਮੁਲਾਕਾਤ ਦੇ ਨੇੜੇ ਪਹੁੰਚ ਰਹੇ ਸੀ। *ਵਿਸਥਾਰ ਸਹਿਤ ਪੂਰੀ ਖ਼ਬਰ ਅੰਦਰ ਪੰਨਾ 4 'ਤੇ*



# 73 ਸਾਲਾ ਹਰਜੀਤ ਕੌਰ ਦਾ ਅਮਰੀਕਾ ਤੋਂ ਦੇਸ ਨਿਕਾਲਾ

## ਸਿੱਖ ਔਰਤ ਨੂੰ ਬੇੜੀਆਂ ਪਾ ਕੇ ਦਿੱਲੀ ਭੇਜਿਆ, ਸਿੱਖ ਭਾਈਚਾਰੇ 'ਚ ਗੁੱਸਾ



ਅਮਰੀਕਾ ਵਿੱਚ 30 ਸਾਲਾਂ ਤੋਂ ਵੱਧ ਸਮੇਂ ਤੱਕ ਰਹਿ ਕੇ ਆਪਣਾ ਜੀਵਨ ਬਿਤਾਉਣ ਵਾਲੀ 73 ਸਾਲਾ ਹਰਜੀਤ ਕੌਰ ਨੂੰ ਅੰਤ ਵਿੱਚ ਦੇਸ਼ ਨਿਕਾਲਾ ਦੇਕੇ ਭਾਰਤ ਭੇਜ ਦਿੱਤਾ ਗਿਆ। ਪੰਜਾਬ ਦੇ ਤਰਨ ਤਾਰਨ ਜ਼ਿਲ੍ਹੇ ਦੇ ਪੰਗੋਟਾ ਪਿੰਡ ਨਿਵਾਸੀ ਹਰਜੀਤ ਕੌਰ, ਜਿਨ੍ਹਾਂ ਨੂੰ ਆਪਣੇ ਰਿਸ਼ਤੇਦਾਰਾਂ ਵੱਲੋਂ ਸ਼ਾਂਤਾ ਜਾਂ ਸਰਬਜੀਤ ਵੀ ਕਿਹਾ ਜਾਂਦਾ ਹੈ, ਨੇ ਅਮਰੀਕਾ ਵਿੱਚ ਪਨਾਹ ਲਈ ਅਰਜ਼ੀ ਦਿੱਤੀ ਸੀ ਪਰ ਉਹ ਰੱਦ ਹੋ ਗਈ। ਉਨ੍ਹਾਂ ਨੂੰ 8 ਸਤੰਬਰ 2025 ਨੂੰ ਸੈਨ ਫਰਾਂਸਿਸਕੋ ਵਿੱਚ ਆਈਸੀਈ (ਯੂਐੱਸ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ) ਦੀ ਰੁਟੀਨ ਚੈੱਕ-ਇਨ ਦੌਰਾਨ ਗ੍ਰਿਫ਼ਤਾਰ ਕੀਤਾ ਗਿਆ। ਉਸ ਤੋਂ ਬਾਅਦ ਉਨ੍ਹਾਂ ਨੂੰ ਬੇਕਰਸਫੀਲਡ ਦੇ ਮੇਸਾ ਵਰਡੇ ਡਿਟੇਨਸ਼ਨ ਸੈਂਟਰ ਭੇਜ ਦਿੱਤਾ ਗਿਆ, ਜਿੱਥੋਂ 22 ਸਤੰਬਰ ਨੂੰ ਉਨ੍ਹਾਂ ਨੂੰ ਭਾਰਤ ਭੇਜਿਆ ਗਿਆ ਸੀ। ਹਰਜੀਤ ਕੌਰ 24 ਸਤੰਬਰ ਨੂੰ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਉੱਤੇ ਪਹੁੰਚੇ। ਉਹ ਆਪਣੇ ਰਿਸ਼ਤੇਦਾਰਾਂ ਨਾਲ ਰਹਿ ਰਹੇ ਸਨ ਅਤੇ ਉਨ੍ਹਾਂ ਨੇ ਕਿਹਾ ਕਿ ਜੋ ਮੇਰੇ ਨਾਲ ਹੋਇਆ ਉਹ ਕਿਸੇ ਹੋਰ ਨਾਲ ਨਾ ਹੋਵੇ।" ਉਨ੍ਹਾਂ ਦੇ ਵਕੀਲ ਦੀਪਕ ਆਹਲੂਵਾਲੀਆ ਨੇ ਵੀ ਵੀਡੀਓ ਜਾਰੀ ਕਰਕੇ ਦੇਸ਼ ਨਿਕਾਲਾ ਪ੍ਰਕਿਰਿਆ ਨੂੰ 'ਬੇਰਹਿਮੀ ਵਾਲਾ' ਕਿਹਾ ਹੈ। *ਪੂਰੀ ਖ਼ਬਰ ਅੰਦਰ ਪੰਨਾ 43 'ਤੇ*

# ਗੁਰਦੁਆਰਾ ਸਿੰਘ ਸਭਾ ਡਰਬੀ ਦੀ ਵੀਹਵੀਂ ਵਰ੍ਹੇਗੰਢ ਮਨਾਈ ਗਈ

## ਡਾ: ਤਰਲੋਕ ਸਿੰਘ ਸਹੋਤਾ ਦੀਆਂ ਗੁਰਮਤਿ ਸਵਾਲ ਜਵਾਬ ਸਬੰਧੀ ਦੋ ਕਿਤਾਬਾਂ ਸੰਗਤ ਅਰਪਨ ਕੀਤੀਆਂ






ਰਾਗੀ ਜਥੇ ਕੀਰਤਨ ਕਰਦੇ ਹੋਏ ਅਤੇ ਗੁਰੂ ਘਰ ਦੇ ਸੇਵਾਦਾਰ ਗੁਰਮਤਿ ਸਵਾਲ ਜਵਾਬ ਦੀਆਂ ਕਿਤਾਬਾਂ ਰਿਲੀਜ਼ ਕਰਨ ਸਮੇਂ ਕੀਰਤਨੀ ਜਥਿਆਂ ਦਾ ਮਾਣ ਸਨਮਾਨ ਕਰਦੇ ਹੋਏ

ਡਰਬੀ (ਪੰਜਾਬ ਟਾਈਮਜ਼) – ਇਥੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬ ਦੀ ਸਥਾਪਨਾ ਦੀ 20ਵੀਂ ਵਰ੍ਹੇਗੰਢ ਮੌਕੇ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤੇ ਗਏ। ਇਸ ਮੌਕੇ ਸਥਾਨਕ ਸੰਗਤਾਂ ਵੱਲੋਂ ਆਪ ਸ੍ਰੀ ਅਖੰਡ ਪਾਠ ਸਾਹਿਬ ਸੰਪੂਰਨ ਕਰਨ ਉਪਰੰਤ ਬੀਤੇ ਐਤਵਾਰ ਨੂੰ ਭੋਗ ਪਾਏ ਗਏ। ਉਪਰੰਤ ਗਿਆਨੀ ਗੁਰਪ੍ਰੀਤ ਸਿੰਘ ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ ਅਤੇ ਭਾਈ ਜਸਵਿੰਦਰ ਸਿੰਘ ਕੀਰਤਨੀ ਜਥਾ ਬਟਾਲਾ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ।

ਇਸ ਮੌਕੇ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਨੇ ਬੀਤੇ ਵੀਹ ਸਾਲਾਂ ਵਿੱਚ ਸਿੰਘ ਸਭਾ ਦੀਆਂ ਪ੍ਰਾਪਤੀਆਂ ਅਤੇ ਅਹਿਮ ਕਾਰਜਾਂ ਬਾਰੇ ਸੰਗਤਾਂ ਨੂੰ ਜਾਣਕਾਰੀ ਦਿੱਤੀ। ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਸਿੱਖ ਅਜਾਇਬਘਰ ਸਥਾਪਤ ਕੀਤਾ ਗਿਆ, ਜੋ ਕਿ ਸਿੱਖ ਇਤਿਹਾਸ ਨੂੰ ਸੰਭਾਲਣ ਦਾ ਇੱਕ ਬਹੁਤ ਹੀ ਵੱਡਾ ਉਪਰਾਲਾ ਸੀ। ਇਸੇ ਤਰ੍ਹਾਂ 1984 ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਇਸ ਗੁਰੂ ਘਰ ਵਿਖੇ ਇਕ ਸ਼ਹੀਦੀ ਯਾਦਗਾਰ ਫਤਹਿ ਦਰਵਾਜ਼ਾ ਸਥਾਪਤ ਕੀਤਾ ਗਿਆ। ਬੱਚਿਆਂ ਦੀ ਵਿੱਦਿਆ ਲਈ ਇੱਕ ਵਿਦਿਆਲਾ ਅਕਾਲ ਪ੍ਰਾਇਮਰੀ ਸਕੂਲ ਵੀ ਖੋਲ੍ਹਿਆ ਗਿਆ, ਜਿੱਥੇ ਡਰਬੀ ਤੋਂ ਸਾਰੇ ਭਾਈਚਾਰਿਆਂ ਦੇ ਬੱਚੇ ਵਿੱਦਿਆ ਹਾਸਲ ਕਰਦੇ ਹਨ। ਬਾਕੀ ਖਬਰ ਅੰਦਰ 4 ਪੰਨੇ 'ਤੇ

## ਸਿਹਤ ਤੇ ਸੁੰਦਰਤਾ



# 15 ਦਿਨਾਂ ਤੱਕ 1 ਗਲਾਸ ਲੌਕੀ ਦਾ ਜੂਸ ਪੀਣ ਨਾਲ ਹੁੰਦਾ ਹੈ ਸਿਹਤ ਨੂੰ ਫਾਇਦਾ

ਪੌਸ਼ਟਿਕ ਸਬਜ਼ੀ ਲੌਕੀ ਦਾ ਜੂਸ ਸਾਡੀ ਸਿਹਤ ਲਈ ਬਹੁਤ ਫਾਇਦੇਮੰਦ ਹੈ। ਲੌਕੀ ਵਿੱਚ 90 ਪ੍ਰਤੀਸ਼ਤ ਤੋਂ ਵੱਧ ਪਾਣੀ ਹੁੰਦਾ ਹੈ। ਇਸ ਲਈ, ਇਸਨੂੰ ਗਰਮੀਆਂ ਦੀ ਇੱਕ ਹਾਈਡ੍ਰੇਟਿੰਗ ਸਬਜ਼ੀ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਇਹ ਵਿਟਾਮਿਨ ਸੀ, ਕੇ, ਏ, ਅਤੇ ਬੀ ਨਾਲ ਭਰਪੂਰ ਹੁੰਦਾ ਹੈ, ਨਾਲ ਹੀ ਕੈਲਸ਼ੀਅਮ, ਮੈਗਨੀਸ਼ੀਅਮ, ਜ਼ਿੰਕ, ਆਇਰਨ ਅਤੇ ਫਾਈਬਰ ਵਰਗੇ ਕਈ ਪੌਸ਼ਟਿਕ ਤੱਤ ਵੀ ਹੁੰਦੇ ਹਨ। ਇਸ ਵਿੱਚ ਐਂਟੀਆਕਸੀਡੈਂਟ ਵੀ ਹੁੰਦੇ ਹਨ ਜੋ ਸਰੀਰ ਨੂੰ ਫ੍ਰੀ ਰੈਡੀਕਲਸ ਕਾਰਨ ਹੋਣ ਵਾਲੇ ਨੁਕਸਾਨ ਤੋਂ ਬਚਾਉਂਦੇ ਹਨ। ਇਸ ਤੋਂ ਇਲਾਵਾ ਪਾਚਨ, ਹਾਈਡਰੇਸ਼ਨ, ਭਾਰ ਘਟਾਉਣ ਅਤੇ ਸਿਹਤ ਲਈ ਲਾਭਦਾਇਕ ਹੈ। ਜੇਕਰ ਤੁਸੀਂ ਇਸ ਜੂਸ ਨੂੰ ਰੋਜ਼ਾਨਾ ਖਾਲੀ ਪੇਟ 15 ਦਿਨਾਂ ਤੱਕ ਲਗਾਤਾਰ ਪੀਂਦੇ ਹੋ, ਤਾਂ ਤੁਸੀਂ ਆਪਣੀ ਸਿਹਤ ਵਿੱਚ ਮਹੱਤਵਪੂਰਨ ਬਦਲਾਅ ਵੇਖੋਗੇ।

ਲੌਕੀ ਦੇ ਜੂਸ ਦਾ ਮੁੱਖ ਤੇ ਸਭ ਤੋਂ ਮਹੱਤਵਪੂਰਨ ਫਾਇਦਾ ਇਸਦਾ ਪਾਚਨ ਹੈ। ਇਸ ਜੂਸ ਵਿੱਚ ਕੈਲੋਰੀ ਬਹੁਤ ਘੱਟ ਹੁੰਦੀ ਹੈ ਅਤੇ ਘੁਲਣਸ਼ੀਲ ਅਤੇ ਅਘੁਲਣਸ਼ੀਲ ਫਾਈਬਰ ਹੁੰਦਾ ਹੈ। ਫਾਈਬਰ ਤੁਹਾਨੂੰ ਲੰਬੇ ਸਮੇਂ ਤੱਕ ਭਰਿਆ ਰੱਖਦਾ ਹੈ, ਜ਼ਿਆਦਾ ਖਾਣ ਤੋਂ ਰੋਕਦਾ ਹੈ। ਫਾਈਬਰ ਦੀ ਮੌਜੂਦਗੀ ਦੇ ਕਾਰਨ, ਇਹ ਜੂਸ ਆਸਾਨੀ ਨਾਲ ਪੇਟ ਨੂੰ ਸਾਫ਼ ਕਰਦਾ ਹੈ। ਖਾਲੀ ਪੇਟ ਲੌਕੀ ਦਾ ਜੂਸ ਪੀਣ ਨਾਲ ਕਬਜ਼, ਗੈਸ ਅਤੇ ਐਸਿਡਿਟੀ ਵਰਗੀਆਂ ਪਾਚਨ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ। ਇਹ ਪੇਟ ਦੀ ਪਰਤ ਨੂੰ ਸ਼ਾਂਤ ਕਰਦਾ ਹੈ ਅਤੇ ਵਾਧੂ ਐਸਿਡ ਨੂੰ ਬੇਅਸਰ ਕਰਦਾ ਹੈ। ਇਹ ਜੂਸ ਸਰੀਰ ਵਿੱਚੋਂ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਦਾ ਹੈ, ਪੇਟ ਸਾਫ਼ ਕਰਦਾ ਹੈ ਅਤੇ ਪਾਚਨ ਕਿਰਿਆ ਨੂੰ ਬਿਹਤਰ ਬਣਾਉਂਦਾ ਹੈ।



ਭਾਰ ਘਟਾਉਣਾ-ਅੱਜ ਦੀ ਜੀਵਨ ਸ਼ੈਲੀ ਵਿੱਚ ਭਾਰ ਵਧਣਾ ਇੱਕ ਵੱਡੀ ਚੁਣੌਤੀ ਹੈ। ਜੇਕਰ ਤੁਸੀਂ ਭਾਰ ਘਟਾਉਣਾ ਚਾਹੁੰਦੇ ਹੋ ਤਾਂ ਹਰ ਰੋਜ਼ ਸਵੇਰੇ ਖਾਲੀ ਪੇਟ ਕੱਦੂ ਦਾ ਜੂਸ ਪੀਣਾ ਇੱਕ ਗੇਮ-ਚੇਂਜਰ ਹੋ ਸਕਦਾ ਹੈ। ਜਿਵੇਂ ਕਿ ਅਸੀਂ ਪਹਿਲਾਂ ਹੀ ਦੱਸਿਆ ਹੈ, ਕੱਦੂ ਦੇ ਜੂਸ ਵਿੱਚ ਕੈਲੋਰੀ ਬਹੁਤ ਘੱਟ ਹੁੰਦੀ ਹੈ ਅਤੇ ਫਾਈਬਰ ਦੀ ਮਾਤਰਾ ਵਧੇਰੇ ਹੁੰਦੀ ਹੈ। ਇਸਨੂੰ ਖਾਣ ਨਾਲ ਤੁਸੀਂ ਲੰਬੇ ਸਮੇਂ ਤੱਕ ਭਰੇ ਰਹਿੰਦੇ ਹੋ, ਜੋ ਤੁਹਾਨੂੰ ਘੱਟ ਖਾਣ ਵਿੱਚ ਮਦਦ ਕਰਦਾ ਹੈ। ਕੱਦੂ ਦਾ ਜੂਸ ਸਰੀਰ ਦੇ ਮੈਟਾਬੋਲਿਜ਼ਮ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦਾ ਹੈ, ਜੋ ਬਦਲੇ ਵਿੱਚ ਚਰਬੀ ਨੂੰ ਤੇਜ਼ੀ ਨਾਲ ਸਾੜਨ ਵਿੱਚ ਮਦਦ ਕਰਦਾ ਹੈ। ਇਹ ਜੂਸ ਢਿੱਡ ਦੇ ਆਲੇ ਦੁਆਲੇ ਇਕੱਠੀ ਹੋਈ ਚਰਬੀ ਨੂੰ ਘਟਾਉਣ ਵਿੱਚ ਖਾਸ ਤੌਰ 'ਤੇ ਪ੍ਰਭਾਵਸ਼ਾਲੀ ਹੈ। ਇਸ ਜੂਸ ਨੂੰ ਰੋਜ਼ਾਨਾ ਪੀਣ ਨਾਲ ਵਾਧੂ ਚਰਬੀ ਹੌਲੀ-ਹੌਲੀ ਘੱਟ ਜਾਵੇਗੀ, ਅਤੇ ਤੁਸੀਂ 15 ਦਿਨਾਂ ਦੇ ਅੰਦਰ ਫਰਕ ਵੇਖੋਗੇ।

ਚਿਹਰੇ 'ਤੇ ਬੇਦਾਗ ਚਮਕ-ਇਸ ਜੂਸ ਨਾਲ ਸਿਰਫ਼ ਸਿਹਤ ਲਈ ਸਗੋਂ ਚਮੜੀ ਲਈ ਵੀ ਚੰਗਾ ਹੈ, ਕਿਉਂਕਿ ਚਮੜੀ ਦੀ ਸਿਹਤ ਸਾਡੀ ਅੰਦਰੂਨੀ ਸਿਹਤ ਨੂੰ ਦਰਸਾਉਂਦੀ ਹੈ। ਕੱਦੂ ਦਾ ਜੂਸ ਤੁਹਾਡੀ ਚਮੜੀ 'ਤੇ ਵੀ ਸਕਾਰਾਤਮਕ ਪ੍ਰਭਾਵ ਪਾਉਂਦਾ ਹੈ। ਕੱਦੂ ਵਿੱਚ 90 ਪ੍ਰਤੀਸ਼ਤ ਤੋਂ ਵੱਧ ਪਾਣੀ ਹੁੰਦਾ ਹੈ। ਇਸਦਾ ਜੂਸ ਖਾਲੀ ਪੇਟ ਪੀਣ ਨਾਲ ਡੀਹਾਈਡਰੇਸ਼ਨ ਨੂੰ ਰੋਕਿਆ ਜਾਂਦਾ ਹੈ। ਢੁਕਵੀਂ ਹਾਈਡਰੇਸ਼ਨ ਚਮੜੀ ਦੀ ਲਚਕਤਾ ਅਤੇ ਸਿਹਤਮੰਦ ਦਿੱਖ ਬਣਾਈ ਰੱਖਣ ਵਿੱਚ ਮਦਦ ਕਰਦੀ ਹੈ। ਜਦੋਂ ਸਰੀਰ ਵਿੱਚੋਂ ਜ਼ਹਿਰੀਲੇ ਪਦਾਰਥ ਬਾਹਰ ਨਿਕਲ ਜਾਂਦੇ ਹਨ ਅਤੇ ਪਾਚਨ ਕਿਰਿਆ ਵਿੱਚ ਸੁਧਾਰ ਹੁੰਦਾ ਹੈ, ਤਾਂ ਇਸਦਾ ਪ੍ਰਭਾਵ ਸਿੱਧਾ ਤੁਹਾਡੀ ਚਮੜੀ 'ਤੇ ਦਿਖਾਈ ਦਿੰਦਾ ਹੈ।

ਇਹ ਜੂਸ ਚਮੜੀ ਨੂੰ ਅੰਦਰੋਂ ਸਾਫ਼ ਕਰਦਾ ਹੈ ਜਿਸ ਨਾਲ ਇਹ ਚਮਕਦਾਰ ਹੋ ਜਾਂਦੀ ਹੈ। ਇਹ ਮੁਹਾਸਿਆਂ ਤੇ ਹੋਰ ਚਮੜੀ ਦੀਆਂ ਸਮੱਸਿਆਵਾਂ ਨੂੰ ਘਟਾਉਣ ਵਿੱਚ ਵੀ ਮਦਦ ਕਰਦਾ ਹੈ। ਇਸ ਵਿੱਚ ਮੌਜੂਦ ਐਂਟੀਆਕਸੀਡੈਂਟ ਚਮੜੀ ਨੂੰ ਫ੍ਰੀ ਰੈਡੀਕਲਸ ਕਾਰਨ ਹੋਣ ਵਾਲੇ ਨੁਕਸਾਨ ਤੋਂ ਬਚਾਉਂਦੇ ਹਨ ਜੋ ਬੁਢਾਪੇ ਦੇ ਸੰਕੇਤਾਂ ਨੂੰ ਹੌਲੀ ਕਰਨ ਅਤੇ ਜਵਾਨ ਚਮੜੀ ਨੂੰ ਬਣਾਈ ਰੱਖਣ ਵਿੱਚ ਮਦਦ ਕਰਦੇ ਹਨ।

ਲੌਕੀ ਦਾ ਜੂਸ ਬਣਾਉਂਦੇ ਸਮੇਂ ਇਨ੍ਹਾਂ ਗੱਲਾਂ ਦਾ ਧਿਆਨ ਰੱਖੋ-ਹਮੇਸ਼ਾ ਤਾਜ਼ੀ ਲੌਕੀ ਦੀ ਵਰਤੋਂ ਕਰੋ। ਲੌਕੀ ਨੂੰ ਕੱਟਣ ਤੋਂ ਪਹਿਲਾਂ ਇਸਨੂੰ ਜ਼ਰੂਰ ਚੈੱਕ ਕਰੋ। ਜੇਕਰ ਇਸਦਾ ਸੁਆਦ ਕੌੜਾ ਹੈ, ਤਾਂ ਜੂਸ ਨਾ ਪੀਓ ਕਿਉਂਕਿ ਇਸ ਜੂਸ ਵਿੱਚ ਕੁਝ ਨੁਕਸਾਨਦੇਹ ਮਿਸ਼ਰਣ ਹੁੰਦੇ ਹਨ। ਜੂਸ ਵਿੱਚ ਨਮਕ, ਖੰਡ ਜਾਂ ਜ਼ਿਆਦਾ ਮਸਾਲੇ ਨਾ ਪਾਓ। ਤੁਸੀਂ ਸੁਆਦ ਲਈ ਥੋੜ੍ਹਾ ਜਿਹਾ ਅਦਰਕ, ਪੁਦੀਨਾ ਜਾਂ ਨਿੰਬੂ ਦਾ ਰਸ ਪਾ ਸਕਦੇ ਹੋ।

ਸਵੇਰੇ ਖਾਲੀ ਪੇਟ ਜੂਸ ਪੀਣਾ ਸਭ ਤੋਂ ਵਧੀਆ ਹੈ। ਜੇਕਰ ਤੁਹਾਨੂੰ ਕੋਈ ਸਿਹਤ ਸੰਬੰਧੀ ਚਿੰਤਾਵਾਂ ਹਨ, ਤਾਂ ਕੋਈ ਵੀ ਨਵੀਂ ਖੁਰਾਕ ਯੋਜਨਾ ਸ਼ੁਰੂ ਕਰਨ ਤੋਂ ਪਹਿਲਾਂ ਡਾਕਟਰ ਜਾਂ ਡਾਇਟੀਸ਼ੀਅਨ ਨਾਲ ਸਲਾਹ ਕਰੋ। ਲੌਕੀ ਦੇ ਜੂਸ ਦੇ ਹੋਰ ਫਾਇਦੇ-ਲੌਕੀ ਵਿੱਚ ਪੋਟਾਸ਼ੀਅਮ ਹੁੰਦਾ ਹੈ, ਜੋ ਬਲੱਡ ਪ੍ਰੈਸ਼ਰ ਨੂੰ ਨਿਯੰਤ੍ਰਿਤ ਕਰਨ ਵਿੱਚ ਮਦਦ ਕਰਦਾ ਹੈ।

ਲੌਕੀ ਵਿੱਚ ਕੁਝ ਮਿਸ਼ਰਣ ਹੁੰਦੇ ਹਨ ਜੋ ਤਣਾਅ ਅਤੇ ਚਿੰਤਾ ਨੂੰ ਘਟਾਉਂਦੇ ਹਨ। ਇਹ ਲਿਵਰ ਨੂੰ ਡੀਟੌਕਸੀਫਾਈ ਕਰਦਾ ਹੈ।

## * ਚੂੰਢੀਆਂ-ਪੌਂਚੇ *


ਲੇਖਕ - ਨਿਰਮਲ ਸਿੰਘ ਕੰਧਾਲਵੀ





*ਅਮਰੀਕਾ ਲਈ ਭਾਰਤ ਨਾਲ ਚੰਗੇ ਸਬੰਧ ਬਹੁਤ ਅਹਿਮ- ਅਮਰੀਕੀ ਵਿਦੇਸ਼ ਮੰਤਰੀ

-ਓ ਭਰਾਵਾ, ਬਿਆਨ ਦੇਣ ਤੋਂ ਪਹਿਲਾਂ ਟਰੰਪ ਨੂੰ ਪੁੱਛ ਲਿਆ ਸੀ ਕਿ ਨਹੀਂ?



*ਹੜ੍ਹ 'ਚ ਜ਼ਮੀਨਾਂ ਗੁਆਉਣ ਵਾਲੇ ਕਿਸਾਨਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ ਮਾਲ ਅਧਿਕਾਰੀ- ਇਕ ਖ਼ਬਰ

-ਅਗਲੇ ਆਪਣਾ ਮਾਲ ਬਣਾਉਣ ਕਿ ਤੁਹਾਡੇ ਮਸਲੇ ਸੁਣਨ।



*ਕੇਂਦਰ ਕਿਸੇ ਵੀ ਸੂਬੇ ਉਪਰ ਕੋਈ ਵੀ ਭਾਸ਼ਾ ਨਹੀਂ ਥੋਪ ਰਿਹਾ- ਕੇਂਦਰੀ ਵਿੱਦਿਆ ਮੰਤਰੀ ਧਰਮੇਂਦਰ ਪਰਧਾਨ

-ਹਾਥੀ ਕੇ ਦਾਂਤ ਖਾਨੇ ਕੇ ਔਰ, ਦਿਖਾਨੇ ਕੇ ਔਰ।



*ਜੀ.ਐੱਸ.ਟੀ. ਸੁਧਾਰਾਂ ਨਾਲ ਹੋਵੇਗਾ ਚਾਰ ਹਜ਼ਾਰ ਕਰੋੜ ਰੁਪਏ ਦਾ ਫ਼ਾਇਦਾ- ਨਾਇਬ ਸੈਣੀ

-ਜਿਹੜੀ ਅੱਠ ਸਾਲ ਇਸ ਜੀ. ਐੱਸ. ਟੀ. ਨੇ ਗ਼ਰੀਬਾਂ ਦੀ ਖੱਲ ਉਤਾਰੀ ਉਸ ਦਾ ਹਿਸਾਬ ਵੀ ਦੇ ਦਿਉ।



*ਆਉਂਦੇ ਬਜਟ ਵਿਚ ਔਰਤਾਂ ਨੂੰ 1100 ਰੁਪਏ ਦਾ ਵਾਅਦਾ ਵੀ ਪੂਰਾ ਕਰ ਦਿਆਂਗੇ-ਭਗਵੰਤ ਮਾਨ

-ਤੇਰਾ ਲਾਰਾ ਵੇ ਸ਼ਰਾਬੀਆਂ ਦੀ ਗੱਪ ਵਰਗਾ।

*ਅਸੀਂ ਭਾਰਤ ਨੂੰ ਪਿਆਰ ਕਰਦੇ ਹਾਂ ਤੇ ਹੋਰ ਊਰਜਾ ਵਪਾਰ ਕਰਨਾ ਚਾਹੁੰਦੇ ਹਾਂ- ਅਮਰੀਕੀ ਮੰਤਰੀ

-ਹੱਥਕੜੀਆਂ ਤੇ ਬੇੜੀਆਂ ਲਗਾ ਲੋਕਾਂ ਨੂੰ ਵਾਪਸ ਭੇਜਣ ਤੋਂ ਹੀ ਤੁਹਾਡੇ ਪਿਆਰ ਦਾ ਪਤਾ ਲਗ ਜਾਂਦੈ।



*ਹੜ੍ਹ ਪੀੜਤਾਂ ਦੇ ਨਾਲ ਖੜ੍ਹੀ ਹੈ ਕੇਂਦਰ ਸਰਕਾਰ- ਕੇਂਦਰੀ ਮੰਤਰੀ ਕਮਲੇਸ਼ ਪਾਸਵਾਨ

-ਬਸ ਖੜ੍ਹੀ ਐ, ਕਰਨਾ ਕਰਾਉਣਾ ਕੁਝ ਨਹੀਂ।



*ਲਾਹੌਰ ਹਾਈ ਕੋਰਟ 'ਚ ਸ਼ਹੀਦ ਭਗਤ ਸਿੰਘ ਦਾ 118ਵਾਂ ਜਨਮ ਦਿਨ ਮਨਾਇਆ ਗਿਆ- ਇਕ ਖ਼ਬਰ

-ਸ਼ਹੀਦੋਂ ਕੀ ਚਿਤਾਉਂ ਪਰ ਲਗੇਂਗੇ ਹਰ ਬਰਸ ਮੇਲੇ।



*ਪੰਜਾਬ ਨੂੰ ਆਪਣੇ ਡੈਮਾਂ ਲਈ ਆਪਣਾ ਸੁਰੱਖਿਆ ਐਕਟ ਬਣਾਉਣ ਦੀ ਲੋੜ- ਪਰਗਟ ਸਿੰਘ

-ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ।

*ਹਾਈਕੋਰਟ ਦੇ ਕੁਝ ਜੱਜ ਆਪਣੇ ਕੰਮ ਨਿਭਾਉਣ 'ਚ ਅਸਮਰੱਥ ਹਨ- ਸੁਪਰੀਮ ਕੋਰਟ

-ਫੇਰ ਇਹ ਖੱਟਾ ਪੀਣ ਲਈ ਰੱਖੇ ਹੋਏ ਐ, ਛੁੱਟੀ ਕਰੋ ਇਹਨਾਂ ਦੀ।




*ਮੋਦੀ ਦੀਆਂ ਜੱਫੀਆਂ ਨੇ ਭਾਰਤ ਨੂੰ ਕੂਟਨੀਤਕ ਤੌਰ 'ਤੇ ਅਲੱਗ- ਥਲੱਗ ਕੀਤਾ- ਕਾਂਗਰਸ

ਤੇਰੀਆਂ ਜੱਫੀਆਂ ਵੱਫੀਆਂ ਵੇ, ਕੰਮ ਕਿਸੇ ਨਾ ਆਈਆਂ।

*ਕਿਸਾਨਾਂ ਦੇ ਖੇਤ ਪੱਧਰੇ ਕਰਨ ਲਈ ਆਇਆ ਟ੍ਰੈਕਟਰਾਂ ਦਾ ਹੜ੍ਹ- ਇਕ ਖ਼ਬਰ

-ਨਾਮਦੇਵ ਨੂੰ ਗਵਾਂਢਣ ਪੁੱਛਦੀ, ਕੀਹਤੋਂ ਤੈਂ ਬਣਾਈ ਛੱਪਰੀ।



*ਤਾਜ਼ਾ ਸਰਵੇਖਣਾਂ 'ਚ ਬਹੁਗਿਣਤੀ ਅਮਰੀਕਨ ਲੋਕਾਂ ਨੇ ਟਰੰਪ ਦੀ ਕਾਰਗੁਜ਼ਾਰੀ ਨੂੰ ਨਕਾਰਿਆ- ਇਕ ਖ਼ਬਰ

-ਕਾਦਰਯਾਰ ਅਣਹੋਣੀਆਂ ਕਰਨ ਜੇਹੜੇ, ਆਖਰਵਾਰ ਉਹਨਾਂ ਪੱਛੋਤਾਵਣਾ ਜੀ।



*ਦੋ ਵੱਡੇ ਕਿਸਾਨ ਆਗੂ ਉਗਰਾਹਾਂ ਤੇ ਡੱਲੇਵਾਲ ਆਹਮੋ- ਸਾਹਮਣੇ- ਇਕ ਖ਼ਬਰ

-ਕੁੰਢੀਆਂ ਦੇ ਸਿੰਙ ਫ਼ਸ ਗਏ, ਕੋਈ ਨਿੱਤਰੂ ਵੜੇਵੇਂ ਖਾਣੀ।



*ਡੇਰਾ ਬਿਆਸ ਮੁਖੀ ਨੇ ਜੇਲ੍ਹ 'ਚ ਬੰਦ ਮਜੀਠੀਆ ਨਾਲ਼ ਕੀਤੀ ਮੁਲਾਕਾਤ- ਇਕ ਖ਼ਬਰ

-ਡੋਰ ਵੱਟ ਕੇ ਗਲ਼ੇ ਦੇ ਵਿਚ ਪਾਵਾਂ, ਮਿੱਤਰਾ ਤਵੀਤ ਬਣ ਜਾ।

* * * * * * * *

# ਪੰਜਾਬ ਵਿੱਚ ਬੀਐੱਸਐੱਫ਼ ਦੀ ਭਾਰੀ ਤਾਇਨਾਤੀ: ਸਿੱਖ ਤੇ ਪੰਜਾਬੀ ਕਿਉਂ ਕਰ ਰਹੇ ਨੇ ਵਿਰੋਧ

## ✪ ਰੈਫਰੈਂਡਮ 2025: ਸਿੱਖ ਡਾਇਸਪੋਰਾ ਦੀ ਅਵਾਜ਼ ਨੇ ਵਧਾਇਆ ਕੇਂਦਰ ’ਤੇ ਅੰਤਰਰਾਸ਼ਟਰੀ ਦਬਾਅ

## ✪ ਪੰਜਾਬ-ਜੰਮੂ ਜੋੜ ਦੀ ਚਾਲ: ਸੂਬੇ ਦੀ ਸੰਵਿਧਾਨਕ ਪਛਾਣ ’ਤੇ ਬਹੀਆਵਾਦ ਦਾ ਮੰਡਰਾਇਆ ਖਤਰਾ

ਚੰਡੀਗੜ੍ਹ (ਸਪੈਸ਼ਲ ਡੈਸਕ ਰਿਪੋਰਟ)- ਪੰਜਾਬ ਅੱਜ ਕੱਲ੍ਹ ਇੱਕ ਅਜਿਹੇ ਗੰਭੀਰ ਮੋੜ ਤੇ ਖੜ੍ਹਾ ਹੈ ਜਿੱਥੇ ਕੇਂਦਰ ਸਰਕਾਰ ਵੱਲੋਂ ਸੂਬੇ ਵਿੱਚ ਬਾਰਡਰ ਸਿਕਿਉਰਿਟੀ ਫੋਰਸ (ਬੀਐੱਸਐੱਫ਼) ਦੀਆਂ 50 ਕੰਪਨੀਆਂ ਦੀ ਭਾਰੀ ਤਾਇਨਾਤੀ ਨੇ ਸਿੱਖ ਕੌਮ ਵਿੱਚ ਵਿਰੋਧ ਦੀ ਲਹਿਰ ਛੇੜ ਦਿੱਤੀ ਹੈ। ਪੰਜਾਬ ਜੋ ਪਹਿਲਾਂ ਹੀ ਬੇਅੰਤ ਸਿੰਘ ਹੱਤਿਆਕਾਂਡ ਵਿੱਚ ਸ਼ਾਮਲ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਨਾਲ ਜੂਝ ਰਿਹਾ ਹੈ, ਹੁਣ ਕੇਂਦਰੀ ਦਖ਼ਲਅੰਦਾਜ਼ੀ ਦੇ ਨਵੇਂ ਰੰਗ ਵੇਖ ਰਿਹਾ ਹੈ। ਸੋਸ਼ਲ ਮੀਡੀਆ ਤੇ ਸਿੱਖ ਲੀਡਰਾਂ ਤੋਂ ਲੈ ਕੇ ਆਮ ਪੰਜਾਬੀਆਂ ਤੱਕ, ਹਰ ਕੋਈ ਇਸ ਨੂੰ ਪੰਜਾਬ ਦੇ ਹੱਕਾਂ ਉੱਤੇ ਹਮਲੇ ਵਜੋਂ ਵੇਖ ਰਿਹਾ ਹੈ। ਕੀ ਇਹ ਸੁਰੱਖਿਆ ਦਾ ਬਹਾਨਾ ਹੈ ਜਾਂ ਪੰਜਾਬ ਦੀ ਸੰਵਿਧਾਨਕ ਖ਼ਾਸ ਪਛਾਣ ਨੂੰ ਖ਼ਤਮ ਕਰਨ ਦੀ ਲੰਮੀ ਸਾਜ਼ਿਸ਼ ?

ਪਿਛਲੇ ਹ਼ਫ਼ਤੇ ਹੀ, ਕੇਂਦਰ ਸਰਕਾਰ ਨੇ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ - ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ, ਪਠਾਨਕੋਟ, ਫ਼ਿਰੋਜ਼ਪੁਰ ਅਤੇ ਫ਼ਾਜ਼ਿਲਕਾ ਵਿੱਚ ਬੀਐੱਸਐੱਫ਼ ਦੀਆਂ 50 ਨਵੀਆਂ ਕੰਪਨੀਆਂ ਤਾਇਨਾਤ ਕਰਨ ਦਾ ਐਲਾਨ ਕੀਤਾ। ਹਰ ਕੰਪਨੀ ਵਿੱਚ ਲਗਭਗ 100 ਜਵਾਨ ਹੁੰਦੇ ਹਨ, ਯਾਨੀ ਕੁੱਲ 5000 ਤੋਂ ਵੱਧ ਕੇਂਦਰੀ ਫੌਜੀ ਤਾਕਤ ਪੰਜਾਬ ਦੇ ਅੰਦਰੂਨੀ ਖੇਤਰਾਂ ਵਿੱਚ ਫੈਲੀ ਹੋਈ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਅਨੁਸਾਰ ਇਸ ਨੂੰ ‘ਸਰਹੱਦੀ ਸੁਰੱਖਿਆ ਵਧਾਉਣ’ ਅਤੇ ‘ਡਰੱਗਸ ਤਸਕਰੀ ਰੋਕਣ’ ਦਾ ਲਈ ਬੁਲਾਇਆ ਹੈ। ਪਰ ਪੰਜਾਬ ਪੁਲਿਸ ਦੀ ਡੀਜੀਪੀ ਗੌਰਵ ਯਾਦਵ ਨੇ ਖੁਦ ਮੰਨਿਆ ਹੈ ਕਿ ਇਹ ਤਾਇਨਾਤੀ ‘ਪੰਜਾਬ ਦੇ ਆਪਣੇ ਸਰੋਤਾਂ ਨਾਲ’ ਕੀਤੀ ਜਾ ਰਹੀ ਹੈ, ਯਾਨੀ ਸੂਬੇ ਨੂੰ ਇਸ ਖਰਚੇ ਦਾ ਬੋਝ ਸਹਿਣਾ ਪਵੇਗਾ।

ਸਿਆਸੀ ਮਾਹਿਰ ਮੰਨਦੇ ਹਨ ਹਕਿ ਪੰਜਾਬ ਨੂੰ ਪਹਿਲਾਂ ਹੀ 1600 ਕਰੋੜ ਰੁਪਏ ਦੇ ਹੜ੍ਹ ਰਾਹਤ ਪੈਕੇਜ਼ ਦੇ ਵਾਅਦੇ ਨੂੰ ਪੂਰਾ ਨਾ ਕਰਨ ਵਾਲੇ ਕੇਂਦਰ ਨੇ ਹੁਣ ਇਸ ਨਵੇਂ ਬੋਝ



ਨਾਲ ਪੰਜਾਬ ਨੂੰ ਕਰਜ਼ੇ ਦੇ ਜਾਲ ਵਿੱਚ ਫਸਾ ਦਿਤਾ ਹੈ।

ਸਿੱਖ ਲੀਡਰਾਂ ਅਤੇ ਵਿਦਵਾਨਾਂ ਨੇ ਇਸ ਨੂੰ ਸਿੱਖ ਵਿਰੋਧੀ ਨੀਤੀ ਦਾ ਹਿੱਸਾ ਕਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਚੰਡੀਗੜ੍ਹ ਵਿੱਚ ਇੱਕ ਭਾਸ਼ਣ ਵਿੱਚ ਕਿਹਾ, “ਪੰਜਾਬ ਨੇ ਦਹਾਕਿਆਂ ਦਾ ਕਾਲਾ ਦੌਰ ਵੇਖਿਆ ਹੈ। ਅੱਜ ਮੁੜ ਬੀਐੱਸਐੱਫ਼ ਵਰਗੀਆਂ ਤਾਕਤਾਂ ਨੂੰ ਬੁਲਾਉਣਾ ਸਿੱਖ ਕੌਮ ਨੂੰ ਡਰਾਉਣ ਅਤੇ ਉਸਦੇ ਹੱਕਾਂ ਨੂੰ ਖੋਹਣ ਦੀ ਸਾਜ਼ਿਸ਼ ਹੈ। ਕੇਂਦਰ ਸਰਕਾਰ ਨੂੰ ਚੇਤਾਵਨੀ ਹੈ ਕਿ ਅਜਿਹੇ ਫ਼ੈਸਲੇ ਨਾਲ ਪੰਜਾਬ ਵਿੱਚ ਗੜਬੜ ਨਾ ਪੈਦਾ ਹੋ ਜਾਵੇ।” ਜੱਥੇਦਾਰ ਜੀ ਨੇ ਭਾਈ ਰਾਜੋਆਣਾ ਦੇ ਮਾਮਲੇ ਨਾਲ ਵੀ ਜੋੜ ਕੇ ਵੇਖਿਆ, ਕਿ ਕਿਵੇਂ ਸੁਪਰੀਮ ਕੋਰਟ ਵੱਲੋਂ ਕੇਂਦਰ ਨੂੰ ਰਾਜੋਆਣਾ ਦੀ ਮਰਸੀ ਪਟੀਸ਼ਨ ਬਾਰੇ ਸਵਾਲ ਕੀਤੇ ਜਾਣ ਤੋਂ ਬਾਅਦ, ਇਹ ਤਾਇਨਾਤੀ ਇੱਕ ਵੱਡੇ ਭੇਦ ਦਾ ਹਿੱਸਾ ਹੈ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਚੁਣੌਤੀ ਦਿੱਤੀ ਕਿ ਉਹ ਆਪਣਾ ਸਪੱਸ਼ਟ ਸਟੈਂਡ ਰੱਖਣ, ਨਾ ਕਿ ਕੇਂਦਰ ਦੇ ਦਬਾਅ ਵਿੱਚ ਚੁੱਪ ਰਹਿਣ।

ਸੋਸ਼ਲ ਮੀਡੀਆ ਤੇ ਵਿਰੋਧ ਦੀ ਲਹਿਰ ਤੇਜ਼ ਹੋ ਗਈ ਹੈ। ਐੱਕਸ (ਪਹਿਲਾਂ ਟਵਿੱਟਰ) ਤੇ #BSFPunjabIntrusion ਅਤੇ #SavePunjabRights ਹੈਸ਼ਟੈਗ ਨਾਲ ਹਜ਼ਾਰਾਂ ਪੋਸਟਾਂ ਵਾਇਰਲ ਹੋ ਰਹੀਆਂ ਹਨ। ਇੱਕ ਪ੍ਰਸਿੱਧ ਪੋਸਟ ਵਿੱਚ ਇੱਕ ਨੌਜਵਾਨ ਸਿੱਖ ਨੇ ਲਿਖਿਆ, “ਪੰਜਾਬ ਸ਼ਾਂਤ ਹੈ, ਪਰ ਕੇਂਦਰ ਨੂੰ ਇਹ ਫੋਰਸਾਂ ਤੈਨਾਤ ਨਹੀਂ ਕਰਨੀਆਂ ਚਾਹੀਦੀਆਂ। ਬੀਐੱਸਐੱਫ਼ ਨੂੰ 50 ਕਿਲੋਮੀਟਰ ਤੱਕ ਖ਼ਾਸ ਅਧਿਕਾਰ ਦੇਣ ਨਾਲ ਸੂਬਾਈ ਪੁਲਿਸ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਇਹ ਤਾਂ ਉਹੀ ਪੁਰਾਣੀ ਰਣਨੀਤੀ ਹੈ ਜੋ 1980ਵਿਆਂ ਵਿੱਚ ਪੰਜਾਬ ਨੂੰ ਦਬਾਉਣ ਲਈ ਵਰਤੀ ਗਈ ਸੀ।”

ਇਸ ਪੋਸਟ ਨੂੰ 800 ਤੋਂ ਵੱਧ ਲਾਈਕਸ ਮਿਲੇ ਹਨ। ਪ੍ਰਵਾਸੀ ਸਿੱਖਾਂ ਵਿੱਚ ਇਹ ਗੱਲ ਫੈਲ ਰਹੀ ਹੈ ਕਿ ਇਹ ਤਾਇਨਾਤੀ ਰੈਫ਼ਰੈਂਡਮ 2025 ਨੂੰ ਰੋਕਣ ਅਤੇ ਪੰਜਾਬ ਨੂੰ ਜੰਮੂ-ਕਸ਼ਮੀਰ ਵਰਗੇ ‘ਸੁਰੱਖਿਆ ਜ਼ੋਨ’ ਵਿੱਚ ਬਦਲਣ ਦੀ ਕੋਸ਼ਿਸ਼ ਹੈ। ਇੱਕ ਹੋਰ ਵੀਡੀਓ ਵਿੱਚ, ਜਿਸ ਨੂੰ 17000 ਤੋਂ ਵੱਧ ਵਿਊਜ਼ ਮਿਲੇ ਹਨ, ਇੱਕ ਆਮ ਸਿੱਖ ਕਿਸਾਨ ਨੇ ਕਿਹਾ, “ਅਸੀਂ ਡਰੱਗਸ ਵਿਰੁੱਧ ਲੜ ਰਹੇ ਹਾਂ, ਪਰ ਕੇਂਦਰ ਨੇ ਨਾ ਹਵਾਂਬਾਜ਼ੀ ਰੋਕੀ ਨਾ ਹੜ੍ਹਾਂ ਵਿੱਚ ਮਦਦ ਕੀਤੀ। ਹੁਣ ਬੀਐੱਸਐੱਫ਼ ਨਾਲ ਪੰਜਾਬ ਨੂੰ ਫੌਜੀ ਰਾਜ ਵਿੱਚ ਬੰਨ੍ਹਣਾ ਚਾਹੁੰਦੇ ਹਨ। ਇਹ ਸਿੱਖਾਂ ਦੇ ਹੱਕਾਂ ਉੱਤੇ ਹਮਲਾ ਹੈ।”

ਵਿਦਵਾਨਾਂ ਅਤੇ ਇਤਿਹਾਸਕਾਰਾਂ ਨੇ ਵੀ ਚਿੰਤਾ ਜ਼ਾਹਰ ਕੀਤੀ ਹੈ। ਸਰਦਾਰ ਗੁਰਤੇਜ ਸਿੰਘ ਆਈਏਐਸ ਨੇ ਕਿਹਾ, “ਇਹ ਤਾਇਨਾਤੀ ਪੰਜਾਬ ਦੀ ਸੰਵਿਧਾਨਕ ਖ਼ਾਸ ਪਛਾਣ ਨੂੰ ਖਤਮ ਕਰਨ ਦੀ ਰਣਨੀਤੀ ਦਾ ਹਿੱਸਾ ਹੈ। 1984 ਦੇ ਜ਼ਖਮ ਅੱਜ ਵੀ ਤਾਜ਼ੇ ਹਨ। ਬੀਐੱਸਐੱਫ਼ ਨੂੰ ਅੰਦਰੂਨੀ ਖੇਤਰਾਂ ਵਿੱਚ ਖੁੱਲ੍ਹੇ ਅਧਿਕਾਰ ਦੇਣ ਨਾਲ ਸੂਬਾਈ ਹੱਕ ਖੋਹ ਲਏ ਜਾਣਗੇ।” ਉਨ੍ਹਾਂ ਨੇ ਯਾਦ ਕਰਵਾਇਆ ਕਿ ਪਿਛਲੇ ਸਾਲਾਂ ਵਿੱਚ ਵੀ, ਜਦੋਂ ਕੇਂਦਰ ਨੇ ਬੀਐੱਸਐੱਫ਼ ਨੂੰ 15 ਤੋਂ 50 ਕਿਲੋਮੀਟਰ ਤੱਕ ਵਧਾਈ ਸੀ, ਤਾਂ ਪੰਜਾਬ ਸਰਕਾਰ ਨੇ ਇਸ ਨੂੰ ਫੈਡਰਲਿਜ਼ਮ ਉੱਤੇ ਹਮਲਾ ਕਿਹਾ ਸੀ। ਅੱਜ ਵੀ ਉਹੀ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿਚ ਪ੍ਰਵਾਸੀ ਸਥਾਪਤ ਕਰਕੇ ਡੈਮੋਗਰਾਫੀ ਤੇਜੀ ਨਾਲ ਤਬਦੀਲ ਕੀਤੀ ਜਾ ਰਹੀ ਹੈ।

ਕੇਂਦਰ ਦੀ ਨੀਤੀ ਬਾਰੇ ਗੱਲ ਕਰੀਏ ਤਾਂ ਗ੍ਰਹਿ ਮੰਤਰਾਲੇ ਨੇ ਇਸ ਨੂੰ ‘ਆਪ੍ਰੇਸ਼ਨ ਸਿੰਦੂਰ’ ਦੇ ਨਾਂ ਨਾਲ ਜੋੜਿਆ ਹੈ, ਜੋ ਪਾਕਿਸਤਾਨ ਸਰਹੱਦ ਨਾਲ ਜੁੜੀਆਂ ਗਤੀਵਿਧੀਆਂ ਨੂੰ ਰੋਕਣ ਲਈ ਹੈ। ਪਰ ਪੰਜਾਬ ਵਿੱਚ ਡਰੱਗਸ ਤਸਕਰੀ ਜਾਂ ਗੈਂਗਸਟਰ ਹਿੰਸਾ ਨਾਲ ਜੁੜੇ ਕੇਸਾਂ ਵਿੱਚ ਪੰਜਾਬ ਪੁਲਿਸ ਨੇ ਪਹਿਲਾਂ ਹੀ ਵੱਡੀਆਂ ਕਾਮਯਾਬੀਆਂ ਹਾਸਲ ਕੀਤੀਆਂ ਹਨ।

ਪਰ ਸਭ ਤੋਂ ਵੱਧ ਚਿੰਤਾਜਨਕ ਗੱਲ ਇਹ ਹੈ ਕਿ ਇਹ ਤਾਇਨਾਤੀ ਪੰਜਾਬ ਨੂੰ ਜੰਮੂ ਨਾਲ ਜੋੜਨ ਦੀ ਰਣਨੀਤੀ ਦਾ ਹਿੱਸਾ ਹੋ ਸਕਦੀ ਹੈ। ਪਠਾਨਕੋਟ ਅਤੇ ਦੀਨਾਨਗਰ ਵਰਗੇ ਖੇਤਰਾਂ ਨੂੰ ‘ਸੁਰੱਖਿਆ ਜ਼ੋਨ’ ਬਣਾਉਣ ਦੀਆਂ ਚਰਚਾਵਾਂ ਚੱਲ ਰਹੀਆਂ ਹਨ, ਜਿੱਥੇ ਜੰਮੂ-ਕਸ਼ਮੀਰ ਵਰਗਾ ਮਾਡਲ ਲਾਗੂ ਕੀਤਾ ਜਾਵੇ। ਇਹ ਪੰਜਾਬ ਦੇ ਕਿਸਾਨਾਂ ਅਤੇ ਨੌਜਵਾਨਾਂ ਨੂੰ ਪ੍ਰਭਾਵਿਤ ਕਰੇਗਾ, ਜੋ ਪਹਿਲਾਂ ਹੀ ਹੜ੍ਹਾਂ ਅਤੇ ਡਰੱਗਸ ਨਾਲ ਜੂਝ ਰਹੇ ਹਨ।

ਅੰਤ ਵਿੱਚ, ਇਹ ਸਪੱਸ਼ਟ ਹੈ ਕਿ ਪੰਜਾਬ ਸ਼ਾਂਤ ਹੈ ਅਤੇ ਇਸ ਨੂੰ ਬੀਐੱਸਐੱਫ਼ ਵਰਗੀ ਤਾਕਤ ਦੀ ਲੋੜ ਨਹੀਂ। ਕੇਂਦਰ ਨੂੰ ਚਾਹੀਦਾ ਹੈ ਕਿ ਉਹ ਸਿੱਖ ਤੇ ਪੰਜਾਬੀਆਂ ਦੀਆਂ ਭਾਵਨਾਵਾਂ ਦੀ ਕਦਰ ਕਰੇ ਅਤੇ ਅਜਿਹੇ ਫ਼ੈਸਲੇ ਵਾਪਸ ਲੈ ਲਵੇ। ਜੇ ਨਹੀਂ, ਤਾਂ ਨਤੀਜੇ ਗੰਭੀਰ ਹੋਣਗੇ ਅਤੇ ਜ਼ਿੰਮੇਵਾਰੀ ਕੇਂਦਰ ਅਤੇ ਪੰਜਾਬ ਸਰਕਾਰ ਦੀ ਹੋਵੇਗੀ। ਸਿੱਖ ਕੌਮ ਨੇ ਹਮੇਸ਼ਾ ਅਣਗੌਲੀਆਂ ਸਹਿਣੀਆਂ ਹਨ, ਪਰ ਅੱਜ ਉਹ ਆਪਣੇ ਹੱਕਾਂ ਲਈ ਇੱਕਜੁੱਟ ਹੋ ਰਹੀ ਹੈ। ਪੰਜਾਬ ਦਾ ਭਵਿੱਖ ਸਿਰਫ਼ ਭਾਰਤ ਦੀਆਂ ਹੱਦਾਂ ਵਿੱਚ ਨਹੀਂ, ਬਲਕਿ ਵਿਦੇਸ਼ੀ ਧਰਤੀ ਤੇ ਵੀ ਲਿਖਿਆ ਜਾ ਰਿਹਾ ਹੈ। ਸਿੱਖਾਂ ਨੂੰ ਆਪਣੇ ਅਧਿਕਾਰ ਮਿਲਣੇ ਚਾਹੀਦੇ ਹਨ - ਇਹ ਨਾ ਸਿਰਫ਼ ਪੰਜਾਬ ਦੀ ਲੋੜ ਹੈ, ਬਲਕਿ ਨਿਆਂ ਦੀ ਮੰਗ ਵੀ ਹੈ।

## ‘ਵਨ-ਇਨ, ਵਨ-ਆਊਟ’ ਮਾਈਗ੍ਰੇਸ਼ਨ ਸਮਝੌਤੇ ਤਹਿਤ ਯੂ.ਕੇ. ਵਿਚੋਂ ਪਹਿਲਾ ਭਾਰਤੀ ਡਿਪੋਰਟ

ਨਵੀਂ ਦਿੱਲੀ, -ਬ੍ਰਿਟੇਨ ਅਤੇ ਫਰਾਂਸ ਦੇ ਨਵੇਂ ਮਾਈਗ੍ਰੇਸ਼ਨ ਸਮਝੌਤੇ ਤਹਿਤ ਯੂ.ਕੇ. ਤੋਂ ਪਹਿਲਾ ਭਾਰਤੀ ਵਿਅਕਤੀ ਡਿਪੋਰਟ ਕੀਤਾ ਗਿਆ ਹੈ। ਇਸ ਸਮਝੌਤੇ ਦਾ ਮੰਤਵ ਇੰਗਲਿਸ਼ ਚੈਨਲ ਨੂੰ ਗੈਰ-ਕਾਨੂੰਨੀ ਢੰਗ ਨਾਲ ਪਾਰ ਕਰਨ ਵਾਲਿਆਂ ਤੇ ਕਾਬੂ ਪਾਉਣਾ ਹੈ। ਇਹ ਵਿਅਕਤੀ, ਜੋ ਕਥਿਤ ਤੌਰ ਫ਼ਲਸਤੂੋਤੇ ਅਗਸਤ ਦੇ ਸ਼ੁਰੂ ਵਿਚ ਇਕ ਛੋਟੀ ਕਿਸ਼ਤੀ ਰਾਹੀਂ ਬ੍ਰਿਟੇਨ ਪਹੁੰਚਿਆ ਸੀ, ਨੂੰ ਪਿਛਲੇ ਵੀਰਵਾਰ ਨੂੰ ਲਾਗੂ ਹੋਈ ੋਵਨ-ਇਨ, ਵਨ-ਆਊਟ ਪਾਇਲਟ ਸਕੀਮ ਤਹਿਤ ਹੀਥਰੋ ਹਵਾਈ ਅੱਡੇ ਤੋਂ ਪੈਰਿਸ ਭੇਜਿਆ ਗਿਆ। ਇਸ ਸੰਧੀ ਤਹਿਤ ਯੂ.ਕੇ. ਗੈਰ-ਕਾਨੂੰਨੀ ਪਰਵਾਸੀਆਂ ਨੂੰ ਫਰਾਂਸ ਵਾਪਸ ਭੇਜ ਸਕਦਾ ਹੈ, ਜਦੋਂ ਕਿ ਕਾਨੂੰਨੀ ਤਰੀਕਿਆਂ ਨਾਲ ਓਨੀ ਹੀ ਗਿਣਤੀ ਵਿਚ ਸ਼ਰਨਾਰਥੀਆਂ ਨੂੰ ਸਵੀਕਾਰ ਕਰਦਾ ਹੈ। ਬ੍ਰਿਟੇਨ ਦੀ ਗ੍ਰਹਿ ਸਕੱਤਰ ਸ਼ਬਾਨਾ ਮਹਿਮੂਦ ਨੇ ਇਸ ਡਿਪੋਰਟੇਸ਼ਨ ਨੂੰ ਸਰਹੱਦੀ ਕੰਟਰੋਲ ਨੂੰ ਸਖ਼ਤ ਕਰਨ ਅਤੇ ਖਤਰਨਾਕ ਚੈਨਲ ਪਾਰ ਕਰਨ ਵਾਲਿਆਂ ਨੂੰ ਰੋਕਣ ਲਈ ਪਹਿਲਾ ਮਹੱਤਵਪੂਰਨ ਕਦਮ ਕਿਹਾ। ਮਹਿਮੂਦ ਨੇ ਕਿਹਾ, ਫ਼ਰਦਤੂੋਇਹ ਇਕ ਸਪੱਸ਼ਟ ਸੰਦੇਸ਼ ਦਿੰਦਾ ਹੈ। ਜੇ ਤੁਸੀਂ ਯੂ.ਕੇ. ਵਿਚ ਗੈਰ-ਕਾਨੂੰਨੀ ਤੌਰ ਤੇ ਦਾਖਲ ਹੁੰਦੇ ਹੋ, ਤਾਂ ਅਸੀਂ ਤੁਹਾਨੂੰ ਵਾਪਸ ਭੇਜਣ ਦੀ ਕੋਸ਼ਿਸ਼ ਕਰਾਂਗੇ।


## ਦੀਵਾਲੀ ਵਿਸ਼ੇਸ਼ ਅੰਕ ਦੀ ਤਿਆਰੀ

ਬੰਦੀਛੋੜ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਬੰਦੀਛੋੜ ਦਿਵਸ ਮੌਕੇ ਪੰਜਾਬ ਟਾਈਮਜ਼ ਵੱਲੋਂ ‘ਦੀਵਾਲੀ’ ਵਿਸ਼ੇਸ਼ ਅੰਕ (16 ਅਕਤੂਬਰ) ਨੂੰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਅੰਕ ਵਿਚ ਪ੍ਰਸਿੱਧ ਲੇਖਕਾਂ ਦੀਆਂ ਰਚਨਾਵਾਂ, ਲੇਖ, ਕਹਾਣੀਆਂ, ਕਵਿਤਾਵਾਂ ਆਦਿ ਛਾਪੀਆਂ ਜਾ ਰਹੀਆਂ ਹਨ। ਇਸ ਅੰਕ ਵਿਚ ਕਾਫ਼ੀ ਰੰਗਦਾਰ ਸਫ਼ੇ ਹੁੰਦੇ ਹਨ । ਪਹਿਲਾਂ ਆਉਣ ਵਾਲੇ ਇਸ਼ਤਿਹਾਰਾਂ ਨੂੰ ਪਹਿਲ ਦਿੱਤੀ ਜਾਵੇਗੀ। ਪਾਠਕ ਅਤੇ ਪੇਪਰ ਵਿਕਰੇਤਾ ਆਪਣੀਆਂ ਵਾਧੂ ਕਾਪੀਆਂ ਹੁਣੇ ਬੁੱਕ ਕਰਵਾ ਲੈਣ। ਵਿਸ਼ੇਸ਼ ਅੰਕ ਆਮ ਨਾਲੋਂ ਵੱਧ ਗਿਣਤੀ ਵਿੱਚ ਛਾਪਿਆ ਜਾਂਦਾ ਹੈ। ਤੁਹਾਡੇ ਲਈ ਇਹ ਵਧੀਆ ਮੌਕਾ ਹੈ, ਪੇਪਰ ਦੇ ਨਾਲ ਇੰਟਰਨੈਟ ‘ਤੇ ਵੀ ਛਪੇਗਾ। ਇਸ ਅੰਕ ਵਿੱਚ ਬਹੁਤ ਸਾਰੇ ਗੁਰੂ ਘਰਾਂ ਦੇ ਪ੍ਰੋਗਰਾਮ ਵੀ ਛਾਪੇ ਜਾਂਦੇ ਹਨ। ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:

**Office: 01332-372 851/ WhatsApp Number 07966 388 388**
**Email:panjabtimes@aol.com / www.panjabtimes.uk**

# ਰਾਜੀਵ-ਸੰਤ ਭਿੰਡਰਾਂਵਾਲੇ ਦੀ ਮੁਲਾਕਾਤ ਕਰਾਉਣ ਤੋਂ ਕਿਉਂ ਅਸਫਲ ਰਿਹਾ ਕੈਪਟਨ ਅਮਰਿੰਦਰ ਸਿੰਘ

**ਮੁੱਖ ਸਫ਼ੇ ਦੀ ਖਬਰ ਦਾ ਬਾਕੀ ਹਿਸਾ**

ਪਰ ਇਸ ਮੁਲਾਕਾਤ ਨਾ ਹੋ ਸਕੀ। ਕੈਪਟਨ ਨੇ ਖੁਲਾਸਾ ਕੀਤਾ, "ਜਦੋਂ ਅਸੀਂ ਅੰਬਾਲਾ ਵੱਲ ਜਾਣ ਦੀ ਤਿਆਰੀ ਕਰ ਰਹੇ ਸੀ, ਅਚਾਨਕ ਸਾਨੂੰ ਸੁਨੇਹਾ ਮਿਲਿਆ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਚਾਹੁੰਦੇ ਹਨ ਕਿ ਰਾਜੀਵ ਇਸ ਮੁਲਾਕਾਤ ਨੂੰ ਰੱਦ ਕਰਕੇ ਵਾਪਸ ਦਿੱਲੀ ਪਰਤ ਆਉਣ।" ਇਸ ਦੀ ਵਜ੍ਹਾ ਸੀ ਸੁਰੱਖਿਆ ਨਾਲ ਜੁੜਿਆ ਖਦਸ਼ਾ। ਕੈਪਟਨ ਅਨੁਸਾਰ, ਇਹ ਡਰ ਸੀ ਕਿ ਮੁਲਾਕਾਤ ਦੌਰਾਨ ਰਾਜੀਵ ਗਾਂਧੀ 'ਤੇ "ਹਮਲਾ" ਹੋ ਸਕਦਾ ਸੀ। ਇਸ ਖਦਸ਼ੇ ਨੇ ਮੁਲਾਕਾਤ ਨੂੰ ਰੋਕ ਦਿੱਤਾ, ਅਤੇ ਇਹ ਸੰਭਾਵੀ ਗੱਲਬਾਤ, ਜੋ ਪੰਜਾਬ ਦੇ ਹਾਲਾਤ ਨੂੰ ਸੁਧਾਰਨ ਦੀ ਦਿਸ਼ਾ ਵਿੱਚ ਅਹਿਮ ਹੋ ਸਕਦੀ ਸੀ, ਅਧੂਰੀ ਰਹਿ ਗਈ।

**ਸੰਤ ਭਿੰਡਰਾਂਵਾਲੇ ਦਾ ਜਵਾਬ**

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਇਸ ਮੁਲਾਕਾਤ ਲਈ ਸਹਿਮਤੀ ਦਿੱਤੀ ਸੀ, ਜੋ ਇਸ ਗੱਲ ਦਾ ਸੰਕੇਤ ਸੀ ਕਿ ਉਹ ਵੀ ਸੰਭਾਵੀ ਗੱਲਬਾਤ ਲਈ ਤਿਆਰ ਸਨ। ਸਿਮਰਨਜੀਤ ਸਿੰਘ ਮਾਨ ਦੇ ਜ਼ਰੀਏ ਹੋਈ ਗੱਲਬਾਤ ਵਿੱਚ ਸੰਤ ਭਿੰਡਰਾਂਵਾਲੇ ਨੇ ਅੰਬਾਲਾ ਹਵਾਈ ਅੱਡੇ 'ਤੇ ਮੁਲਾਕਾਤ ਲਈ ਹਾਮੀ ਭਰੀ ਸੀ। ਪਰ ਇਸ ਤੋਂ ਅੱਗੇ ਕੋਈ ਵਿਸਤ੍ਰਿਤ ਜਾਣਕਾਰੀ ਨਹੀਂ ਮਿਲਦੀ ਕਿ ਉਨ੍ਹਾਂ ਦੀ ਸਹਿਮਤੀ ਦੇ ਪਿੱਛੇ ਕੀ ਇਰਾਦੇ ਸਨ ਜਾਂ ਉਹ ਇਸ ਮੁਲਾਕਾਤ ਤੋਂ ਕੀ ਉਮੀਦ ਕਰ ਰਹੇ ਸਨ। ਸੰਤ ਭਿੰਡਰਾਂਵਾਲੇ ਉਸ ਸਮੇਂ ਪੰਜਾਬ ਵਿੱਚ ਖਾਲਿਸਤਾਨ ਅੰਦੋਲਨ ਦੇ ਇੱਕ ਪ੍ਰਮੁੱਖ ਚਿਹਰੇ ਸਨ, ਅਤੇ ਉਨ੍ਹਾਂ ਦੀ ਸਹਿਮਤੀ ਇਸ ਗੱਲ ਦਾ ਸੰਕੇਤ ਸੀ ਕਿ ਉਹ ਸਰਕਾਰ ਨਾਲ ਗੱਲਬਾਤ ਦੇ ਮੌਕੇ ਨੂੰ ਪੂਰੀ ਤਰ੍ਹਾਂ ਨਕਾਰ ਨਹੀਂ ਰਹੇ ਸਨ।

ਇੰਦਰਾ ਗਾਂਧੀ ਦੀ ਰੋਕ

ਇਸ ਮੁਲਾਕਾਤ ਦੇ ਰੱਦ ਹੋਣ ਵਿੱਚ ਸਭ ਤੋਂ ਵੱਡੀ ਭੂਮਿਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸੀ। ਕੈਪਟਨ ਅਮਰਿੰਦਰ ਸਿੰਘ ਦੇ ਅਨੁਸਾਰ, ਇੰਦਰਾ ਗਾਂਧੀ ਨੂੰ ਸੁਰੱਖਿਆ ਏਜੰਸੀਆਂ ਜਾਂ ਹੋਰ ਸੂਤਰਾਂ ਤੋਂ ਇਹ ਜਾਣਕਾਰੀ ਮਿਲੀ ਸੀ ਕਿ ਇਹ ਮੁਲਾਕਾਤ ਰਾਜੀਵ ਗਾਂਧੀ ਲਈ ਖਤਰਨਾਕ ਸਾਬਤ ਹੋ ਸਕਦੀ ਹੈ। 1980 ਦੇ ਸ਼ੁਰੂਆਤੀ ਸਾਲ ਪੰਜਾਬ ਵਿੱਚ ਖਾੜਕੂਵਾਦ ਅਤੇ ਹਿੰਸਾ ਦੇ ਸਿਖਰ 'ਤੇ ਸਨ, ਅਤੇ ਸੰਤ ਭਿੰਡਰਾਂਵਾਲੇ ਦੀ ਅਗਵਾਈ ਵਿੱਚ ਸਿੱਖ ਅੰਦੋਲਨ ਨੇ ਸਰਕਾਰ ਲਈ ਗੰਭੀਰ ਚੁਣੌਤੀਆਂ ਖੜ੍ਹੀਆਂ ਕਰ ਰੱਖੀਆਂ ਸਨ। ਇਸ ਮਾਹੌਲ ਵਿੱਚ, ਇੰਦਰਾ ਗਾਂਧੀ ਦਾ ਇਹ ਫੈਸਲਾ ਸ਼ਾਇਦ ਸੁਰੱਖਿਆ ਦੇ ਮੱਦੇਨਜ਼ਰ ਸੀ, ਪਰ ਇਸ ਨੇ ਇੱਕ ਅਹਿਮ ਮੌਕੇ ਨੂੰ ਖਤਮ ਕਰ ਦਿੱਤਾ, ਜੋ ਸ਼ਾਇਦ ਪੰਜਾਬ ਦੇ ਹਾਲਾਤ ਨੂੰ ਸੁਧਾਰਨ ਵਿੱਚ ਮਦਦਗਾਰ ਸਾਬਤ ਹੋ ਸਕਦਾ ਸੀ। ਜੇਕਰ ਮੁਲਾਕਾਤ ਹੁੰਦੀ ਤਾਂ ਪੰਜਾਬ ਦਾ ਹਸ਼ਰ ਇਹ ਨਾ ਹੁੰਦਾ।ਨਾ ਦਰਬਾਰ ਸਾਹਿਬ ਉਪਰ ਫੌਜੀ ਅਟੈਕ ਦੀ ਲੋੜ ਹੁੰਦੀ।ਸਿਆਸੀ ਮਾਹਿਰਾਂ ਅਨੁਸਾਰ ਇੰਦਰਾ ਤੇ ਉਸਦੇ ਸਲਾਹਕਾਰ ਪੰਜਾਬ ਨੂੰ ਉਬਲਦੇ ਪਾਣੀ ਵਿਚ ਇਸ਼ਨਾਨ ਕਰਾਉਣਾ ਚਾਹੁੰਦੇ ਸਨ।ਫੌਜੀ ਅਟੈਕ ਕਰਕੇ ਸਿਖ ਪੰਥ ਨੂੰ ਗੁਲਾਮੀ ਦਾ ਅਹਿਸਾਸ ਕਰਾਉਣਾ ਚਾਹੁੰਦੇ ਸਨ।

ਸਮਾਗਮ ਦੌਰਾਨ ਕੈਪਟਨ ਨੇ ਇੱਕ ਹਲਕੇ-ਫੁਲਕੇ ਅੰਦਾਜ਼ ਵਿੱਚ ਇੱਕ ਵਾਕਿਆ ਵੀ ਸਾਂਝਾ ਕੀਤਾ। ਉਨ੍ਹਾਂ ਨੇ ਮਜ਼ਾਕੀਆ ਲਹਿਜੇ ਵਿੱਚ ਕਿਹਾ, "ਮੈਂ ਇੱਕ ਵਾਰ ਸੰਤ ਭਿੰਡਰਾਂਵਾਲੇ ਦੇ ਮੰਜੇ 'ਤੇ ਸੁੱਤਾ ਸੀ, ਅਤੇ ਸ਼ਾਇਦ ਹੀ ਕੋਈ ਹੋਰ ਇਹ ਕਰ ਸਕਿਆ ਹੋਵੇ।" ਇਸ ਗੱਲ ਨੇ ਸਰੋਤਿਆਂ ਵਿੱਚ ਹਾਸਾ ਪੈਦਾ ਕਰ ਦਿੱਤਾ ਅਤੇ ਸਮਾਗਮ ਦੇ ਗੰਭੀਰ ਮਾਹੌਲ ਨੂੰ ਕੁਝ ਹੱਦ ਤੱਕ ਹਲਕਾ ਕਰ ਦਿੱਤਾ।

**ਪੰਜਾਬ ਦੇ ਹਾਲਾਤ ਦੀ ਝਲਕ**

ਇਹ ਕਹਾਣੀ ਪੰਜਾਬ ਦੇ ਉਸ ਸਮੇਂ ਦੇ ਸਿਆਸੀ ਅਤੇ ਸਮਾਜਿਕ ਹਾਲਾਤ ਦੀ ਇੱਕ ਅਣਜਾਣ ਝਲਕ ਪੇਸ਼ ਕਰਦੀ ਹੈ। 1980 ਦੇ ਸ਼ੁਰੂਆਤੀ ਸਾਲ ਪੰਜਾਬ ਲਈ ਬਹੁਤ ਚੁਣੌਤੀਪੂਰਨ ਸਨ। ਧਰਮ ਯੁਧ ਅੰਦੋਲਨ, ਸਰਕਾਰ ਅਤੇ ਖਾੜਕੂ ਸਮੂਹਾਂ ਵਿਚਕਾਰ ਤਣਾਅ, ਅਤੇ ਸੁਰੱਖਿਆ ਦੀਆਂ ਚਿੰਤਾਵਾਂ ਨੇ ਸੂਬੇ ਨੂੰ ਅਸਥਿਰਤਾ ਦੀ ਗੰਢ ਵਿੱਚ ਜਕੜ ਰੱਖਿਆ ਸੀ। ਇਸ ਮੁਲਾਕਾਤ ਦੀ ਅਸਫਲਤਾ ਨੇ ਸ਼ਾਇਦ ਇੱਕ ਅਹਿਮ ਮੌਕੇ ਨੂੰ ਗੁਆ ਦਿੱਤਾ, ਜੋ ਪੰਜਾਬ ਦੇ ਹਾਲਾਤ ਨੂੰ ਸੁਧਾਰਨ ਵਿੱਚ ਮਦਦ ਕਰ ਸਕਦਾ ਸੀ।

ਇਹ ਵਾਕਿਆ ਨਾ ਸਿਰਫ ਇੱਕ ਇਤਿਹਾਸਕ ਘਟਨਾ ਦੀ ਅਣਜਾਣ ਕਹਾਣੀ ਸਾਹਮਣੇ ਲਿਆਉਂਦਾ ਹੈ, ਸਗੋਂ ਉਸ ਸਮੇਂ ਦੀਆਂ ਸਿਆਸੀ ਗੁੰਝਲਤਾਵਾਂ ਅਤੇ ਸੁਰੱਖਿਆ ਦੀਆਂ ਚਿੰਤਾਵਾਂ ਨੂੰ ਵੀ ਉਜਾਗਰ ਕਰਦਾ ਹੈ। ਸਪਸਟ ਹੈ ਕਿ ਪੰਜਾਬ ਦੇ ਦੁਖਾਂਤ ਲਈ ਖਾੜਕੂਵਾਦ ਨਹੀਂ, ਭਾਰਤੀ ਸਟੇਟ ਜ਼ਿੰਮੇਵਾਰ ਹੈ ਜਿਸਨੇ ਗਲਬਾਤ ਦਾ ਰਾਹ ਬੰਦ ਕੀਤਾ।

## ਗੁਰਦੁਆਰਾ ਸਿੰਘ ਸਭਾ ਡਰਬੀ ਦੀ ਵੀਹਵੀਂ ਵਰ੍ਹੇਗੰਢ ਮਨਾਈ ਗਈ

**ਮੁੱਖ ਸਫ਼ੇ ਦੀ ਖਬਰ ਦਾ ਬਾਕੀ ਹਿਸਾ**

ਇਹਨਾਂ ਸੇਵਾਵਾਂ ਦੇ ਇਲਾਵਾ ਸਿੰਘ ਸਭਾ ਵੱਲੋਂ ਕਾਰ ਸੇਵਾ ਕਮੇਟੀ ਯੂ ਕੇ ਨੂੰ ਪਾਕਿਸਤਾਨ ਵਿੱਚ ਇਤਿਹਾਸਕ ਗੁਰ ਅਸਥਾਨਾਂ ਦੀ ਸੇਵਾ ਲਈ ਵੀ ਸਹਿਯੋਗ ਦਿੱਤਾ ਗਿਆ । ਬ੍ਰਮਿੰਘਮ ਦੇ ਗ੍ਰੇਟ ਬਾਰ ਵਿਖੇ ਇੱਕ ਹੋਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੀ ਸਥਾਪਨਾ ਵਿੱਚ ਵੀ ਮੋਹਰੀ ਰੋਲ ਨਿਭਾਇਆ । ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਪੰਜਾਬੀ ਸਕੂਲ ਵਾਸਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਇੱਕ ਬਿਲਡਿੰਗ ਛੇਤੀ ਬਣਾਈ ਜਾ ਰਹੀ ਹੈ, ਜਿੱਥੇ ਸਿੱਖ ਬੱਚੇ ਪੰਜਾਬੀ ਸਿੱਖ ਸਕਣਗੇ।

ਇਸ ਮੌਕੇ ਡਾ: ਤਰਲੋਕ ਸਿੰਘ ਸਹੋਤਾ ਕੈਨੇਡਾ ਵਾਸੀ ਦੀਆਂ ਗੁਰਮਤਿ ਸਬੰਧੀ ਸਵਾਲ ਜਵਾਬ ਦੀਆਂ ਦੋ ਕਿਤਾਬਾਂ ਭਾਗ 3 ਅਤੇ ਭਾਗ 4 ਰਿਲੀਜ਼ ਕੀਤੀਆਂ ਗਈਆਂ । ਡਾ: ਸਹੋਤਾ ਦੀਆਂ ਕਿਤਾਬਾਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਛਾਪੀਆਂ ਗਈਆਂ ਹਨ, ਤੇ ਪਹਿਲੀਆਂ ਦੋ ਕਿਤਾਬਾਂ ਸਟੱਡੀ ਸਰਕਲ ਵੱਲੋਂ ਰਿਲੀਜ਼ ਕੀਤੀਆਂ ਗਈਆਂ ਸਨ । ਇਹਨਾਂ ਕਿਤਾਬਾਂ ਦੀਆਂ ਕਾਪੀਆਂ ਕੀਰਤਨੀ ਜਥਿਆਂ ਨੂੰ ਭੇਟ ਕੀਤੀਆਂ ਗਈਆਂ ਅਤੇ ਉਹਨਾਂ ਦਾ ਮਾਣ ਸਨਮਾਨ ਕੀਤਾ ਗਿਆ।

## ਪੰਜਾਬ ਵਿਧਾਨ ਸਭਾ ਨੇ 6 ਅਹਿਮ ਬਿੱਲ ਪਾਸ ਕੀਤੇ

### ✪ ਹੜ੍ਹ ਪੀੜਤ ਕਿਸਾਨਾਂ ਲਈ 7200 ਰੁਪਏ ਪ੍ਰਤੀ ਏਕੜ ਮੁਆਵਜ਼ੇ ਦਾ ਐਲਾਨ

ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੀ ਆਖ਼ਰੀ ਬੈਠਕ ਵਿੱਚ 6 ਅਹਿਮ ਸੋਧ ਬਿੱਲ ਪਾਸ ਕੀਤੇ ਗਏ ਅਤੇ ਹੜ੍ਹ ਪੀੜਤ ਕਿਸਾਨਾਂ ਲਈ ਵੱਡੇ ਐਲਾਨ ਕੀਤੇ ਗਏ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਹੜ੍ਹਾਂ ਨਾਲ ਖੇਤਾਂ ਵਿੱਚ ਆਈ ਮਿੱਟੀ ਤੇ ਰੇਤ ਹਟਾਉਣ ਲਈ ਕਿਸਾਨਾਂ ਨੂੰ 7200 ਰੁਪਏ ਪ੍ਰਤੀ ਏਕੜ ਦਿੱਤੇ ਜਾਣਗੇ ਅਤੇ 15 ਅਕਤੂਬਰ ਤੋਂ ਰਾਹਤ ਦੇ ਚੈੱਕ ਵੰਡੇ ਜਾਣਗੇ। ਨਾਲ ਹੀ, ਜਿਨ੍ਹਾਂ ਦੀਆਂ ਜ਼ਮੀਨਾਂ ਰੁੜ੍ਹ ਗਈਆਂ, ਉਨ੍ਹਾਂ ਨੂੰ 18,500 ਰੁਪਏ ਪ੍ਰਤੀ ਏਕੜ ਮੁਆਵਜ਼ਾ ਮਿਲੇਗਾ। ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਪੇਸ਼ ਨਿੰਦਾ ਪ੍ਰਸਤਾਵ, ਜਿਸ ਵਿੱਚ ਕੇਂਦਰ ਸਰਕਾਰ ਦੀ ਪੰਜਾਬ ਨਾਲ ਵਿਤਕਰੇ ਅਤੇ 1600 ਕਰੋੜ ਦੀ ਰਾਹਤ ਰਾਸ਼ੀ ਜਾਰੀ ਨਾ ਕਰਨ ਦੀ ਨਿੰਦਾ ਕੀਤੀ, ਸਰਬਸੰਮਤੀ ਨਾਲ ਪਾਸ ਹੋਇਆ। ਮੁੱਖ ਮੰਤਰੀ ਨੇ ਕੇਂਦਰ ਦੇ ਰਵੱਈਏ ਨੂੰ ਪੰਜਾਬੀਆਂ ਦਾ ਅਪਮਾਨ ਦੱਸਿਆ ਅਤੇ ਕਿਹਾ ਕਿ ਪੰਜਾਬ ਨੇ ਦੇਸ਼ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ, ਪਰ ਕੇਂਦਰ 20000 ਕਰੋੜ ਦੇ ਪੈਕੇਜ ਦੀ ਮੰਗ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ। ਇਜਲਾਸ ਵਿੱਚ ਨਕਦੀ ਬੀਜਾਂ ਦੀ ਵਿਕਰੀ ’ਤੇ ਜੁਰਮਾਨਾ 5 ਲੱਖ ਤੱਕ ਵਧਾਉਣ, ਸਨਅਤੀ ਪ੍ਰਾਜੈਕਟਾਂ ਦੀ ੫ ਦਿਨਾਂ ਵਿੱਚ ਪ੍ਰਵਾਨਗੀ ਅਤੇ ਪੰਜਾਬ ਇੰਪਰੂਵਮੈਂਟ ਟਰੱਸਟ ਸੋਧ ਬਿੱਲ ਵਰਗੇ ਕਾਨੂੰਨ ਪਾਸ ਹੋਏ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸਰਕਾਰ ’ਤੇ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਵਿਸ਼ੇਸ਼ ਇਜਲਾਸ ਨਾਲ ਸਵਾਲ-ਜਵਾਬ ਦਾ ਅਧਿਕਾਰ ਖਤਮ ਹੋ ਗਿਆ।

## ਸ਼ੇਰ ਗਰੁੱਪ ਸਾਊਥਾਲ ਦੇ ਚੋਣ ਦਫ਼ਤਰ ਦੇ ਕਿਸੇ ਨੇ ਸ਼ੀਸ਼ੇ ਭੰਨ ਦਿੱਤੇ





ਸ਼ੇਰ ਗਰੁੱਪ ਦੇ ਦਫ਼ਤਰ ਦੇ ਭੰਨੇ ਹੋਏ ਸ਼ੀਸ਼ੇ ਅਤੇ ਪਾੜਿਆ ਗਿਆ ਪੋਸਟਰ

ਸਾਊਥਾਲ - ਇਥੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬ ਦੀਆਂ 5 ਅਕਤੂਬਰ ਨੂੰ ਹੋ ਰਹੀਆਂ ਚੋਣਾਂ ਤੋਂ ਪਹਿਲਾਂ ਸਨਸਨੀ ਖੇਜ਼ ਖਬਰਾਂ ਪ੍ਰਾਪਤ ਹੋ ਰਹੀਆਂ ਹਨ । ਬੀਤੇ ਕੱਲ੍ਹ ਜਾਣੀ ਮੰਗਲਵਾਰ ਦੀ ਰਾਤ ਨੂੰ ‘ਦਾ ਸੈਂਟਰ ਸਾਊਥਾਲ ਵਿਖੇ ਸ਼ੇਰ ਗਰੁੱਪ ਦੇ ਚੋਣ ਪ੍ਰਚਾਰ ਸਬੰਧੀ ਦਫ਼ਤਰ ਦੇ ਸ਼ੀਸ਼ੇ ਭੰਨਣ ਦੀਆਂ ਖ਼ਬਰਾਂ ਮਿਲੀਆ ਹਨ । ਪ੍ਰਾਪਤ ਜਾਣਕਾਰੀ ਅਨੁਸਾਰ ਅਜੇ ਤੱਕ ਨਾ ਤਾਂ ਕਿਸੇ ਨੇ ਅਜੇ ਇਸ ਘਟਨਾ ਦੀ ਜ਼ਿੰਮੇਵਾਰੀ ਲਈ ਹੈ, ਨਾ ਕੋਈ ਦੋਸ਼ੀ ਅਜੇ ਸਾਹਮਣੇ ਆਇਆ ਹੈ ।

ਇਸੇ ਤਰ੍ਹਾਂ ਕੁੱਝ ਦਿਨ ਪਹਿਲਾਂ ਵੀ ਅਜਿਹੀ ਘਟਨਾ ਵਾਪਰੀ ਸੀ, ਜਦੋਂ ਡੀ ਐਸ ਮੋਟਰ ਦੇ ਬਾਹਰ ਲੱਗਿਆ ਇੱਕ ਪੋਸਟਰ ਕਿਸੇ ਅਣਪਛਾਤੇ ਵੱਲੋਂ ਪਾੜ ਦਿੱਤਾ ਗਿਆ ਸੀ ।

ਸ਼ੇਰ ਗਰੁੱਪ ਦੇ ਆਗੂਆਂ ਮੁਤਾਬਕ ਉਹਨਾਂ ਵੱਲੋਂ ਇਹਨਾਂ ਘਟਨਾਵਾਂ ਸਬੰਧੀ ਸਥਾਨਕ ਪੁਲਿਸ ਨੂੰ ਸੂਚਨਾ ਦੇ ਦਿੱਤੀ ਗਈ ਹੈ ।

## ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਦੀ ਨਵੀਂ ਕਮੇਟੀ ਦੇ ਪ੍ਰਧਾਨ ਬੀਬੀ ਕਸ਼ਮੀਰ ਕੌਰ ਬਣੇ

ਡਰਬੀ (ਪੰਜਾਬ ਟਾਈਮਜ਼) – ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਦੀ ਨਵੀਂ ਕਮੇਟੀ ਸੰਗਤਾਂ ਵੱਲੋਂ ਰਲ ਮਿਲ ਕੇ ਬਣਾਈ ਗਈ। ਇਸ ਗੁਰਦੁਆਰਾ ਸਾਹਿਬ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਵਾਪਰਿਆ ਹੈ ਕਿ ਇਸ ਵਾਰ 2025 – 2027 ਵਾਸਤੇ ਬਣੀ ਕਮੇਟੀ ਦੀ ਪ੍ਰਧਾਨ ਇਕ ਬੀਬੀ ਨੂੰ ਬਣਾਇਆ ਗਿਆ ਹੈ। ਇਥੇ ਬੀਤੇ ਕਾਫ਼ੀ ਸਮੇਂ ਤੋਂ ਗੁਰਦੁਆਰਾ ਸਾਹਿਬ ਦੀ ਕਮੇਟੀ ਬਿਨਾ ਚੋਣ ਤੋਂ ਬਣਾਈ ਜਾਂਦੀ ਹੈ। ਬੀਬੀ ਕਸ਼ਮੀਰ ਕੌਰ ਨੂੰ ਅਗਲੇ ਦੋ ਸਾਲਾਂ ਲਈ ਨਵੀਂ ਕਮੇਟੀ ਦੇ ਪ੍ਰਧਾਨ ਬਣਾਇਆ ਗਿਆ ਹੈ । ਇਸ ਪੰਦਰਾਂ ਮੈਂਬਰੀ ਕਮੇਟੀ ਨੂੰ ਸਹਿਯੋਗ ਦੇਣ ਲਈ ਇਕ ਛੇ-ਮੈਂਬਰੀ ਸਬ-ਕਮੇਟੀ ਵੀ ਬਣਾਈ ਗਈ ਹੈ ।

# ਅਮਰੀਕਾ ਵਿਚ ਸਰਕਾਰੀ ਸੰਕਟ: ਫੰਡਾਂ ਦੀ ਘਾਟ ਨੇ ਰੋਕੇ ਕੰਮ, ਲੱਖਾਂ ਮੁਲਾਜ਼ਮ ਘਰ ਬੈਠੇ

**○ ਰਿਪਬਲੀਕਨ ਅਤੇ ਡੈਮੋਕਰੈਟਸ ਪਾਰਟੀਆਂ ਵਿਚਕਾਰ ਬਜਟ ਨੂੰ ਲੈ ਕੇ ਗੰਭੀਰ ਅੜਿੱਕਾ ਪੈਦਾ ਹੋਇਆ ○ ਦੋਵੇਂ ਪਾਰਟੀਆਂ ਸਿਹਤ ਸੇਵਾਵਾਂ ਅਤੇ ਸਮਾਜਿਕ ਪ੍ਰੋਗਰਾਮਾਂ 'ਤੇ ਖਰਚ ਨੂੰ ਲੈ ਕੇ ਸਹਿਮਤੀ ਨਾ ਬਣੀ ○ 7.5 ਲੱਖ ਸਰਕਾਰੀ ਮੁਲਾਜ਼ਮਾਂ ਦੀਆਂ ਤਨਖਾਹਾਂ ਉਪਰ ਰੋਕ ○ ਟਰੰਪ 'ਤੇ ਦਬਾਅ, ਡੈਮੋਕਰੈਟਸ ਦਾ ਪਲੜਾ ਭਾਰੀ: ਸਮਝੌਤੇ ਦੀ ਸੰਭਾਵਨਾ ਘੱਟ**

ਨਿਊਯਾਰਕ (ਵਿਸ਼ੇਸ਼ ਰਿਪੋਟ)-ਅਮਰੀਕਾ ਵਿਚ ਸਰਕਾਰੀ ਕੰਮ-ਕਾਜ ਠੱਪ ਹੋ ਗਏ ਹਨ ਕਿਉਂਕਿ ਅਮਰੀਕੀ ਕਾਂਗਰਸ ਵਿਚ ਰਿਪਬਲੀਕਨ ਅਤੇ ਡੈਮੋਕਰੈਟਸ ਪਾਰਟੀਆਂ ਵਿਚਕਾਰ ਬਜਟ ਨੂੰ ਲੈ ਕੇ ਗੰਭੀਰ ਅੜਿੱਕਾ ਪੈਦਾ ਹੋ ਗਿਆ। ਹਰ ਸਾਲ 1 ਅਕਤੂਬਰ ਤੋਂ ਨਵਾਂ ਵਿੱਤੀ ਸਾਲ ਸ਼ੁਰੂ ਹੁੰਦਾ ਹੈ, ਜਿਸ ਲਈ ਸਰਕਾਰ ਨੂੰ ਕੰਮ ਜਾਰੀ ਰੱਖਣ ਲਈ ਫੰਡਿੰਗ ਬਿੱਲ ਪਾਸ ਕਰਨਾ ਜ਼ਰੂਰੀ ਹੁੰਦਾ ਹੈ।

ਇਸ ਵਾਰ ਦੋਵੇਂ ਪਾਰਟੀਆਂ ਸਿਹਤ ਸੇਵਾਵਾਂ ਅਤੇ ਸਮਾਜਿਕ ਪ੍ਰੋਗਰਾਮਾਂ 'ਤੇ ਖਰਚ ਨੂੰ ਲੈ ਕੇ ਸਹਿਮਤੀ ਨਹੀਂ ਬਣਾ ਸਕੀਆਂ। ਨਤੀਜੇ ਵਜੋਂ, ਫੰਡਿੰਗ ਬਿੱਲ ਪਾਸ ਨਾ ਹੋਣ ਕਾਰਨ ਸਰਕਾਰੀ ਖਰਚੇ ਲਈ ਕਾਨੂੰਨੀ ਮਨਜ਼ੂਰੀ ਨਹੀਂ ਮਿਲੀ ਅਤੇ ਸਰਕਾਰ ਨੂੰ 'ਸ਼ਟਡਾਊਨ' ਦਾ ਸਾਹਮਣਾ ਕਰਨਾ ਪਿਆ।

ਅੜਿਕੇ ਦਾ ਮੁੱਖ ਕਾਰਣ: ਸਿਹਤ ਸੇਵਾਵਾਂ 'ਤੇ ਅਸਹਿਮਤੀ-ਇਸ ਅੜਿਕੇ ਦਾ ਮੁੱਖ ਕਾਰਨ ਸਿਹਤ ਸੇਵਾਵਾਂ ਨਾਲ ਜੁੜਿਆ ਹੈ। ਡੈਮੋਕਰੈਟਸ ਚਾਹੁੰਦੇ ਸਨ ਕਿ ਅਸਥਾਈ ਫੰਡਿੰਗ ਬਿੱਲ ਵਿਚ 'ਓਬਾਮਾਕੇਅਰ' ਦੀਆਂ ਸਬਸਿਡੀਆਂ ਨੂੰ ਸਥਾਈ ਤੌਰ 'ਤੇ ਵਧਾਇਆ ਜਾਵੇ ਅਤੇ ਹਾਲ ਹੀ ਵਿਚ ਹੋਈਆਂ ਸਿਹਤ ਸੇਵਾਵਾਂ ਵਿਚ ਕਟੌਤੀਆਂ ਨੂੰ ਵਾਪਸ ਲਿਆ ਜਾਵੇ। ਰਿਪਬਲੀਕਨ ਨੇ ਇਸ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਫੰਡਿੰਗ ਬਿੱਲ ਨੂੰ ਸਿਆਸੀ ਮੁੱਦਿਆਂ ਤੋਂ ਵੱਖ ਰੱਖਣਾ ਚਾਹੀਦਾ ਹੈ। ਦੋਵੇਂ ਧਿਰਾਂ ਆਪਣੇ-ਆਪਣੇ ਅੜੀਅਲ ਰੁਖ 'ਤੇ ਕਾਇਮ ਰਹੀਆਂ, ਜਿਸ ਕਾਰਨ ਸੀਨੇਟ ਵਿਚ ਰਿਪਬਲੀਕਨ ਵੱਲੋਂ ਪੇਸ਼ ਕੀਤਾ ਅਸਥਾਈ ਫੰਡਿੰਗ ਬਿੱਲ 60 ਵੋਟਾਂ ਦੀ ਥਾਂ ਸਿਰਫ 55 ਵੋਟਾਂ ਹਾਸਲ ਕਰ ਸਕਿਆ।



ਡੈਮੋਕਰੈਟਸ ਨੇ ਸਪੱਸ਼ਟ ਕਰ ਦਿੱਤਾ ਕਿ ਸਿਹਤ ਸੇਵਾਵਾਂ ਦੀ ਫੰਡਿੰਗ ਬਿਨਾਂ ਉਹ ਕਿਸੇ ਵੀ ਬਿੱਲ ਨੂੰ ਸਮਰਥਨ ਨਹੀਂ ਦੇਣਗੇ।

ਸ਼ਟਡਾਊਨ ਦਾ ਅਸਰ : ਮੁਲਾਜ਼ਮ ਅਤੇ ਅਰਥਵਿਵਸਥਾ 'ਤੇ ਸੰਕਟ-ਸ਼ਟਡਾਊਨ ਕਾਰਨ ਲੱਖਾਂ ਸਰਕਾਰੀ ਮੁਲਾਜ਼ਮਾਂ 'ਤੇ ਸਿੱਧਾ ਅਸਰ ਪਿਆ ਹੈ। ਲਗਪਗ 7.5 ਲੱਖ ਮੁਲਾਜ਼ਮਾਂ ਨੂੰ ਬਿਨਾਂ ਤਨਖਾਹ ਦੇ ਕੰਮ ਕਰਨਾ ਪਵੇਗਾ ਜਾਂ ਘਰ ਬੈਠਣਾ ਪਵੇਗਾ। ਜ਼ਰੂਰੀ ਸੇਵਾਵਾਂ ਜਿਵੇਂ ਫੌਜ ਅਤੇ ਕੁਝ ਮਹੱਤਵਪੂਰਨ ਸੇਵਾਵਾਂ ਜਾਰੀ ਰਹਿਣਗੀਆਂ, ਪਰ ਉਨ੍ਹਾਂ ਦੀਆਂ ਤਨਖਾਹਾਂ ਵੀ ਰੋਕੀਆਂ ਜਾ ਸਕਦੀਆਂ ਹਨ। ਇਸ ਨਾਲ ਅਮਰੀਕੀ ਅਰਥਵਿਵਸਥਾ ਅਤੇ ਡਾਟਾ ਸਪਲਾਈ 'ਤੇ ਵੀ ਮਾੜਾ ਅਸਰ ਪਵੇਗਾ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਡੈਮੋਕਰੈਟਸ 'ਤੇ ਨਿਸ਼ਾਨਾ ਸਾਧਦਿਆਂ ਸੋਸ਼ਲ ਮੀਡੀਆ 'ਤੇ ਕਿਹਾ ਕਿ ਵਿਰੋਧੀ ਧਿਰ ਚੋਣਾਂ ਹਾਰਨ ਤੋਂ ਬਾਅਦ ਵੀ ਨਹੀਂ ਸੁਧਰੀ। ਪਰ ਮਾਹਿਰਾਂ ਦਾ ਮੰਨਣਾ ਹੈ ਕਿ ਜੇ ਟਰੰਪ ਸਖਤ ਰੁਖ 'ਤੇ ਅੜੇ ਰਹੇ, ਤਾਂ ਜਨਤਾ ਦਾ ਗੁੱਸਾ ਉਨ੍ਹਾਂ 'ਤੇ ਉਤਰ ਸਕਦਾ ਹੈ। ਸੀਨੇਟ ਡੈਮੋਕਰੈਟਿਕ ਆਗੂ ਚੱਕ ਸ਼ੂਮਰ ਨੇ ਰਿਪਬਲੀਕਨ ਨੂੰ 'ਗੁੰਡਾਗਰਦੀ' ਦਾ ਦੋਸ਼ ਲਾਇਆ ਅਤੇ ਸਿਹਤ ਸੇਵਾਵਾਂ ਅਤੇ ਸਮਾਜਿਕ ਸੁਰੱਖਿਆ ਮੁੱਦਿਆਂ ਨੂੰ ਸ਼ਾਮਲ ਨਾ ਕਰਨ 'ਤੇ ਸਮਰਥਨ ਨਾ ਦੇਣ ਦੀ ਚਿਤਾਵਨੀ ਦਿੱਤੀ।

ਸਿੱਟਾ-ਅਮਰੀਕੀ ਸਰਕਾਰ ਦਾ ਸ਼ਟਡਾਊਨ ਨਾ ਸਿਰਫ ਸਰਕਾਰੀ ਮੁਲਾਜ਼ਮਾਂ, ਸਗੋਂ ਅਰਥਵਿਵਸਥਾ ਅਤੇ ਵਿਕਾਸ ਦੇ ਕੰਮਾਂ 'ਤੇ ਵੀ ਭਾਰੀ ਅਸਰ ਪਾਉਣ ਵਾਲਾ ਹੈ। ਜੇ ਸਮਝੌਤਾ ਨਾ ਹੋਇਆ, ਤਾਂ ਇਹ ਸੰਕਟ ਹੋਰ ਡੂੰਘਾ ਹੋ ਸਕਦਾ ਹੈ।

# ਅਕਾਲੀ ਦਲ ਵਾਰਿਸ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਪੈਰੋਲ ਨਾ ਦੇਣ ਕਾਰਣ ਔਖਾ

## ○ ਕਿਹਾ ਕਿ ਕੇਂਦਰ ਦਾ ਫੈਸਲਾ ਲੋਕਤੰਤਰ ਦੇ ਬੁਨਿਆਦੀ ਅਧਿਕਾਰਾਂ 'ਤੇ ਸਿੱਧਾ ਹਮਲਾ

ਅੰਮ੍ਰਿਤਸਰ-ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਪੈਰੋਲ ਦੇਣ ਸਬੰਧੀ ਦਿੱਤੇ ਗਏ ਮੰਗ ਪੱਤਰ ਨੂੰ ਸਰਕਾਰ ਵੱਲੋਂ ਰੱਦ ਕੀਤੇ ਜਾਣ 'ਤੇ ਜਥੇਬੰਦੀ ਅਕਾਲੀ ਦਲ ਵਾਰਸ ਪੰਜਾਬ ਦੇ ਆਗੂਆਂ ਵੱਲੋਂ ਸਰਕਾਰ ਦੇ ਇਸ ਵਤੀਰੇ 'ਤੇ ਸਖਤ ਇਤਰਾਜ਼ ਜ਼ਾਹਰ ਕੀਤਾ ਗਿਆ ਹੈ। ਇਸ ਦਾ ਖੁਲਾਸਾ ਜਥੇਬੰਦੀ ਵੱਲੋਂ ਕੀਤੇ ਗਏ ਇੱਕ ਪੱਤਰਕਾਰ ਸੰਮੇਲਨ ਦੌਰਾਨ ਕੀਤਾ ਗਿਆ ਜਿਸ ਵਿੱਚ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ, ਪਰਮਜੀਤ ਸਿੰਘ ਜੌਹਲ, ਹਰਭਜਨ ਸਿੰਘ ਤੁੜ, ਸ਼ਮਸ਼ੇਰ ਸਿੰਘ ਪੱਧਰੀ, ਅਮਰਜੀਤ ਸਿੰਘ ਵਨ ਚਿੜੀ, ਸੁਖਦੇਵ ਸਿੰਘ ਕਾਦੀਆਂ, ਅਮਨਦੀਪ ਸਿੰਘ, ਦਇਆ ਸਿੰਘ, ਪਰਗਟ ਸਿੰਘ, ਜਸਵਿੰਦਰ ਸਿੰਘ ਤੇ ਹੋਰ ਪਾਰਟੀ ਆਗੂ ਸ਼ਾਮਲ ਸਨ।

ਬਾਪੂ ਤਰਸੇਮ ਸਿੰਘ ਨੇ ਮੀਡੀਆ ਨੂੰ ਦੱਸਿਆ ਕਿ ਤਿੰਨ ਸਤੰਬਰ ਨੂੰ ਦੇਸ਼ ਦੇ ਗ੍ਰਹਿ ਮੰਤਰੀ ਨੂੰ ਡਿਪਟੀ ਕਮਿਸ਼ਨਰ ਰਾਹੀਂ ਇੱਕ ਪੱਤਰ ਭੇਜਿਆ ਗਿਆ ਸੀ, ਜਿਸ ਵਿੱਚ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਲਈ ਘੱਟੋ ਘੱਟ ਇੱਕ ਮਹੀਨੇ ਦੀ ਪੈਰੋਲ ਦੇਣ ਦੀ ਅਪੀਲ ਕੀਤੀ ਗਈ ਸੀ।



ਉਹਨਾਂ ਕਿਹਾ ਕਿ ਸੰਸਦ ਮੈਂਬਰ ਦੇ ਹਲਕੇ ਵਿੱਚ ਹੜ੍ਹ ਆਇਆ ਸੀ ਅਤੇ ਲੋਕ ਹੜ੍ਹਾਂ ਕਾਰਨ ਪੀੜਤ ਹਨ। ਇਸ ਕਰ ਕੇ ਸੰਸਦ ਮੈਂਬਰ ਨੂੰ ਪੈਰੋਲ ਦੇਣ ਦੀ ਮੰਗ ਕੀਤੀ ਗਈ ਤਾਂ ਜੋ ਉਹ ਆਪਣੇ ਹਲਕੇ ਵਿੱਚ ਆ ਕੇ ਆਪਣੇ ਅਖਤਿਆਰੀ ਫੰਡ ਰਾਹੀਂ ਪੀੜਤ ਲੋਕਾਂ ਦੀ ਮਦਦ ਕਰ ਸਕਣ। ਉਨ੍ਹਾਂ ਦੋਸ਼ ਲਾਇਆ ਕਿ ਇਸ ਮਾਮਲੇ ਵਿੱਚ ਕੇਂਦਰ ਅਤੇ ਪੰਜਾਬ ਸਰਕਾਰ ਨੇ ਆਪਣੀਆਂ ਬੇਤੁਕੀਆਂ ਦਲੀਲਾਂ ਰਾਹੀਂ ਇਸ ਅਪੀਲ ਨੂੰ ਰੱਦ ਕਰ ਦਿੱਤਾ। ਇਹ ਫੈਸਲਾ ਨਾ ਸਿਰਫ ਲੋਕਤੰਤਰ ਦੇ ਬੁਨਿਆਦੀ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ, ਸਗੋਂ ਇਹ ਸਵਾਲ ਵੀ ਖੜ੍ਹਾ ਕਰਦਾ ਹੈ ਕਿ ਜੇਕਰ ਚੁਣੇ ਹੋਏ ਨੁਮਾਇੰਦੇ ਦੇ ਹੱਕਾਂ ਨੂੰ ਦਬਾਇਆ ਜਾ ਸਕਦਾ ਹੈ ਤਾਂ ਆਮ ਇਨਸਾਨਾਂ ਦੇ ਹੱਕਾਂ ਦੀ ਰੱਖਿਆ ਕਿਵੇਂ ਹੋਵੇਗੀ।

### ਬਾਦਲ ਦਲ ਨੂੰ ਲੱਗਾ ਵੱਡਾ ਝਟਕਾ

# ਸਾਬਕਾ ਮੰਤਰੀ ਅਨਿਲ ਜੋਸ਼ੀ ਕਾਂਗਰਸ ਵਿਚ ਹੋਣਗੇ ਸ਼ਾਮਿਲ



ਅੰਮ੍ਰਿਤਸਰ-ਸਾਬਕਾ ਪੰਜਾਬ ਮੰਤਰੀ ਅਨਿਲ ਜੋਸ਼ੀ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਦੀ ਤਿਆਰੀ ਵਿੱਚ ਹਨ। ਉਨ੍ਹਾਂ ਨੇ ਹਾਲ ਹੀ ਵਿੱਚ ਦਿੱਲੀ ਵਿੱਚ ਕਾਂਗਰਸ ਨੇਤਾ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ ਸੀ। ਚੰਡੀਗੜ੍ਹ ਵਿੱਚ ਹੋਣ ਵਾਲੀ ਪੰਜਾਬ ਕਾਂਗਰਸ ਦੀ ਅਹਿਮ ਮੀਟਿੰਗ ਵਿੱਚ ਜੋਸ਼ੀ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਅਨਿਲ ਜੋਸ਼ੀ ਅਕਾਲੀ-ਭਾਜਪਾ ਸਰਕਾਰ ਦੌਰਾਨ ਅੰਮ੍ਰਿਤਸਰ ਉੱਤਰੀ ਹਲਕੇ ਤੋਂ ਵਿਧਾਇਕ ਰਹੇ ਅਤੇ ਕੈਬਿਨਟ ਮੰਤਰੀ ਵਜੋਂ ਸੇਵਾਵਾਂ ਨਿਭਾਈਆਂ।

ਭਾਜਪਾ ਵੱਲੋਂ ਪਾਰਟੀ ਵਿੱਚੋਂ ਕੱਢੇ ਜਾਣ ਤੋਂ ਬਾਅਦ ਉਹ ਅਕਾਲੀ ਦਲ ਵਿੱਚ ਸ਼ਾਮਲ ਹੋਏ, ਪਰ ਅਕਾਲੀ ਦਲ ਦੀ ਸੀਟ ਤੋਂ ਹਾਰਨ ਤੋਂ ਬਾਅਦ ਪਿਛਲੇ ਸਾਲ ਉਨ੍ਹਾਂ ਨੇ ਪਾਰਟੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ। ਹੁਣ ਜੋਸ਼ੀ ਕਾਂਗਰਸ ਵਿੱਚ ਸ਼ਾਮਲ ਹੋ ਕੇ ਆਪਣਾ ਸਿਆਸੀ ਭਵਿੱਖ ਤਲਾਸ਼ਣ ਦੀ ਕੋਸ਼ਿਸ਼ ਕਰ ਰਹੇ ਹਨ।

# ਮੁੱਖ ਮੰਤਰੀ ਮਾਨ ਨੇ ਅਮਿਤ ਸ਼ਾਹ ਨਾਲ ਮੁਲਾਕਾਤ ਕਰਕੇ ਪੰਜਾਬ ਲਈ ਮਦਦ ਮੰਗੀ



ਨਵੀਂ ਦਿੱਲੀ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਦਿੱਲੀ ਵਿਖੇ ਮੁਲਾਕਾਤ ਕੀਤੀ ਤੇ ਹੜ੍ਹ ਪੀੜਤ ਪੰਜਾਬ ਲਈ ਮਾਲੀ ਮਦਦ ਦੀ ਮੰਗ ਕੀਤੀ। ਮਾਨ ਨੇ ਸ਼ਾਹ ਨੂੰ ਸੂਬੇ ਦੇ ਹੜ੍ਹਾਂ ਦੇ ਨੁਕਸਾਨ ਦਾ ਵੇਰਵਾ ਦਿੱਤਾ, ਜਿਸ ਵਿੱਚ 13,800 ਕਰੋੜ ਦਾ ਮੁੱਢਲਾ ਨੁਕਸਾਨ ਅਤੇ 20,000 ਕਰੋੜ ਤੱਕ ਦਾ ਅੰਦਾਜ਼ਾ ਲਗਾਇਆ ਗਿਆ ਸੀ। ਉਨ੍ਹਾਂ ਕਿਹਾ ਕਿ 2300 ਤੋਂ ਵੱਧ ਪਿੰਡ, 20 ਲੱਖ ਲੋਕ ਪ੍ਰਭਾਵਿਤ ਅਤੇ 5 ਲੱਖ ਬੇਘਰ ਹੋਏ। 3200 ਸਕੂਲ ਤੇ 8500 ਕਿਲੋਮੀਟਰ ਸੜਕਾਂ ਤਬਾਹ ਹੋਈਆਂ। ਮਾਨ ਨੇ 1600 ਕਰੋੜ ਦੇ ਕੇਂਦਰੀ ਪੈਕੇਜ ਨੂੰ ਨਾਕਾਫੀ ਦੱਸਦਿਆਂ ਹੋਰ ਰਾਹਤ ਮੰਗੀ। ਮਾਨ ਨੇ ਐਸਡੀਆਰਐਫ ਨੇਮਾਂ ਵਿੱਚ ਸੋਧ, ਕਿਸਾਨਾਂ ਲਈ 50,000 ਰੁਪਏ ਪ੍ਰਤੀ ਏਕੜ ਮੁਆਵਜ਼ਾ, ਗੁਰਦਾਸਪੁਰ, ਅੰਮ੍ਰਿਤਸਰ ਸਮੇਤ ਪ੍ਰਭਾਵਿਤ ਜ਼ਿਲ੍ਹਿਆਂ ਲਈ ਸਾਉਣੀ ਮੰਡੀਕਰਨ ਸੀਜ਼ਨ ਵਿੱਚ ਛੋਟ ਅਤੇ ਆਰਡੀਐਫ ਦੇ 11,297 ਕਰੋੜ ਦੇ ਬਕਾਏ ਦਾ ਮੁੱਦਾ ਚੁੱਕਿਆ। ਸ਼ਾਹ ਨੇ ਹੋਰ ਮਦਦ ਦਾ ਭਰੋਸਾ ਦਿੱਤਾ, ਕਿਹਾ ਕਿ ਮੋਦੀ ਸਰਕਾਰ ਪੰਜਾਬ ਨਾਲ ਖੜ੍ਹੀ ਹੈ।

# ਕੈਨੇਡਾ ਨੇ ਲਾਰੈਂਸ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਐਲਾਨਿਆ

## ✪ ਭਾਰਤੀ ਗੈਂਗ ਬਿਸ਼ਨੋਈ ਗੈਂਗ ਦੀ ਕੈਨੇਡਾ ਵਿਚ ਵੀ ਦਹਿਸ਼ਤ ✪ ਕੰਜ਼ਰਵੇਟਿਵ ਤੇ ਐਨਡੀਪੀ ਨੇਤਾਵਾਂ ਦੀਆਂ ਮੰਗਾਂ ਤੋਂ ਬਾਅਦ ਸਰਕਾਰ ਨੇ ਲਿਆ ਫੈਸਲਾ

ਭਾਰਤ ਅਤੇ ਕੈਨੇਡਾ ਵਿਚਕਾਰ ਸਬੰਧਾਂ ਵਿੱਚ ਸੁਧਾਰ ਦੀਆਂ ਕੋਸ਼ਿਸ਼ਾਂ ਦੇ ਵਿਚਕਾਰ, ਕੈਨੇਡੀਅਨ ਸਰਕਾਰ ਨੇ ਲਾਰੈਂਸ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਵਜੋਂ ਨਾਮਜ਼ਦ ਕਰ ਦਿੱਤਾ ਹੈ। ਇਹ ਫੈਸਲਾ ਕੰਜ਼ਰਵੇਟਿਵ ਅਤੇ ਐਨਡੀਪੀ ਨੇਤਾਵਾਂ ਦੀਆਂ ਮੰਗਾਂ ਤੋਂ ਬਾਅਦ ਲਿਆ ਗਿਆ ਸੀ। ਕੈਨੇਡੀਅਨ ਸਰਕਾਰ ਦੇ ਇਸ ਫੈਸਲੇ ਦਾ ਮੁੱਖ ਕਾਰਨ ਪਿਛਲੇ ਸਾਲ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰਸੀਐਮਪੀ) ਵੱਲੋਂ ਲਾਏ ਗਏ ਦੋਸ਼ ਹਨ। ਆਰਸੀਐਮਪੀ ਨੇ ਦੋਸ਼ ਲਗਾਇਆ ਸੀ ਕਿ ਭਾਰਤ ਸਰਕਾਰ ਕੈਨੇਡਾ ਵਿੱਚ ਵਸਦੇ ਸਿੱਖ ਭਾਈਚਾਰੇ, ਖਾਸ ਕਰਕੇ ਖਾਲਿਸਤਾਨ ਦੀ ਵਕਾਲਤ ਕਰਨ ਵਾਲਿਆਂ ਨੂੰ ਨਿਸ਼ਾਨਾ ਬਣਾਉਣ ਲਈ ਲਾਰੈਂਸ ਬਿਸ਼ਨੋਈ ਗੈਂਗ ਦੀ ਵਰਤੋਂ ਕਰ ਰਹੀ ਹੈ।

ਇਨ੍ਹਾਂ ਦੋਸ਼ਾਂ ਵਿੱਚ ਕਿਹਾ ਗਿਆ ਸੀ ਕਿ ਇਹ ਗਿਰੋਹ ਕਤਲ, ਜਬਰਦਸਤੀ ਅਤੇ ਹੋਰ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹੈ। ਹਾਲਾਂਕਿ, ਉਸ ਵੇਲੇ ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ "ਬੇਬੁਨਿਆਦ" ਕਰਾਰ ਦਿੱਤਾ ਸੀ ਅਤੇ ਕਿਹਾ ਸੀ ਕਿ ਉਹ ਖੁਦ ਇਸ ਗਿਰੋਹ ਦੀਆਂ ਗਤੀਵਿਧੀਆਂ ਨੂੰ ਰੋਕਣ ਦੀ ਕੋਸ਼ਿਸ਼ ਕਰ ਰਿਹਾ ਹੈ।

ਕੈਨੇਡੀਅਨ ਪ੍ਰੈਸ ਦੇ ਅਨੁਸਾਰ, ਸੈਂਟਰ ਫਾਰ ਇੰਟਰਨੈਸ਼ਨਲ ਗਵਰਨੈਂਸ ਇਨੋਵੇਸ਼ਨ ਦੇ ਸੀਨੀਅਰ ਫੈਲੋ ਵੇਸਲੇ ਵਾਰਕ ਨੇ ਪਹਿਲਾਂ ਕਿਹਾ ਸੀ ਕਿ ਲਾਰੈਂਸ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੂਚੀ ਵਿੱਚ ਸ਼ਾਮਲ ਕਰਨ ਨਾਲ ਇਸ ਨੂੰ ਰੋਕਣ ਦੀ ਸੰਭਾਵਨਾ ਘੱਟ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਕੈਨੇਡਾ ਦੀ ਮੁੱਖ ਸਮੱਸਿਆ ਅਪਰਾਧਿਕ ਖੁਫੀਆ ਜਾਣਕਾਰੀ ਇਕੱਠੀ ਕਰਨ ਦੀ ਸਮਰੱਥਾ ਦੀ ਕਮੀ ਹੈ। ਵਾਰਕ ਦਾ ਕਹਿਣਾ ਹੈ ਕਿ ਸਿਰਫ਼ ਸੂਚੀ ਵਿੱਚ ਨਾਮ ਸ਼ਾਮਲ ਕਰਨ ਨਾਲ ਅਪਰਾਧਿਕ ਸੰਗਠਨਾਂ ਦੀਆਂ ਗਤੀਵਿਧੀਆਂ ਨੂੰ ਪੂਰੀ ਤਰ੍ਹਾਂ ਨਹੀਂ ਰੋਕਿਆ ਜਾ ਸਕਦਾ।

ਕੈਨੇਡੀਅਨ ਸਰਕਾਰ ਨੇ ਆਪਣੇ ਫੈਸਲੇ ਵਿੱਚ ਸਪੱਸ਼ਟ ਕੀਤਾ ਹੈ ਕਿ ਬਿਸ਼ਨੋਈ ਗੈਂਗ ਦੀਆਂ ਹਿੰਸਕ ਗਤੀਵਿਧੀਆਂ ਅਤੇ ਜਨਤਕ ਸੁਰੱਖਿਆ ਨੂੰ ਖਤਰੇ ਵਿੱਚ ਪਾਉਣ ਵਾਲੀਆਂ ਕਾਰਵਾਈਆਂ ਕਾਰਨ ਇਸ ਨੂੰ ਅੱਤਵਾਦੀ ਸੰਗਠਨ ਐਲਾਨਿਆ ਗਿਆ ਹੈ। ਜਨਤਕ ਸੁਰੱਖਿਆ ਮੰਤਰੀ ਗੈਰੀ ਆਨੰਦਸੰਗਰੀ ਨੇ ਕਿਹਾ, "ਕੈਨੇਡਾ ਵਿੱਚ ਹਿੰਸਾ ਅਤੇ ਅੱਤਵਾਦ ਦੀ ਕੋਈ ਥਾਂ ਨਹੀਂ ਹੈ, ਖਾਸ ਕਰਕੇ ਜਦੋਂ ਇਹ ਖਾਸ ਭਾਈਚਾਰਿਆਂ ਨੂੰ ਡਰਾਉਣ-ਧਮਕਾਉਣ ਲਈ ਨਿਸ਼ਾਨਾ ਬਣਾਉਂਦੇ ਹਨ।" ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਅਜਿਹੀਆਂ ਗਤੀਵਿਧੀਆਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕ ਰਹੀ ਹੈ।

ਕੈਨੇਡਾ ਦੇ ਕ੍ਰਿਮੀਨਲ ਕੋਡ ਦੇ ਤਹਿਤ, ਲਾਰੈਂਸ ਬਿਸ਼ਨੋਈ ਗੈਂਗ ਨੂੰ ਹੁਣ "ਅੱਤਵਾਦੀ ਸਮੂਹ" ਦੀ ਕਾਨੂੰਨੀ ਪਰਿਭਾਸ਼ਾ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਦਾ ਮਤਲਬ ਹੈ ਕਿ ਕੈਨੇਡਾ ਵਿੱਚ ਇਸ ਸੰਗਠਨ ਨਾਲ ਜੁੜੀ ਕੋਈ ਵੀ ਜਾਇਦਾਦ, ਵਿੱਤੀ ਲੈਣ-ਦੇਣ ਜਾਂ ਗਤੀਵਿਧੀਆਂ 'ਤੇ ਸਖ਼ਤ ਪਾਬੰਦੀਆਂ ਲੱਗ ਜਾਣਗੀਆਂ। ਅਜਿਹੀਆਂ ਗਤੀਵਿਧੀਆਂ ਗਤੀਵਿਧੀਆਂ ਵਿੱਚ ਸ਼ਾਮਲ ਵਿਅਕਤੀਆਂ ਨੂੰ ਸਜ਼ਾਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।



### ਗੈਂਗ ਦੀ ਪਿੱਠਭੂਮੀ ਅਤੇ ਗਤੀਵਿਧੀਆਂ

ਲਾਰੈਂਸ ਬਿਸ਼ਨੋਈ ਗੈਂਗ ਮੁੱਖ ਤੌਰ 'ਤੇ ਭਾਰਤ ਦੇ ਪੰਜਾਬ, ਰਾਜਸਥਾਨ ਅਤੇ ਹਰਿਆਣਾ ਵਿੱਚ ਸਰਗਰਮ ਹੈ। ਇਹ ਗਿਰੋਹ ਜਬਰਦਸਤੀ, ਡਰਾਉਣ-ਧਮਕਾਉਣ ਅਤੇ ਕਤਲ ਵਰਗੀਆਂ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਰਿਹਾ ਹੈ। ਇਸ ਦਾ ਨੇਤਾ, ਲਾਰੈਂਸ ਬਿਸ਼ਨੋਈ, ਜੋ ਵਰਤਮਾਨ ਵਿੱਚ ਜੇਲ੍ਹ ਵਿੱਚ ਹੈ, ਫਿਰ ਵੀ ਗਿਰੋਹ ਦੀਆਂ ਗਤੀਵਿਧੀਆਂ ਨੂੰ ਕੰਟਰੋਲ ਕਰਦਾ ਮੰਨਿਆ ਜਾਂਦਾ ਹੈ। ਇਸ ਗਿਰੋਹ ਨੂੰ ਪੰਜਾਬ ਵਿੱਚ ਸੰਗੀਤਕਾਰ ਸਿੱਧੂ ਮੂਸੇਵਾਲਾ ਦੇ ਕਤਲ ਸਮੇਤ ਕਈ ਹਾਈ-ਪ੍ਰੋਫਾਈਲ ਅਪਰਾਧਾਂ ਨਾਲ ਜੋੜਿਆ ਜਾਂਦਾ ਹੈ। ਭਾਰਤ ਵਿੱਚ, ਜਾਂਚਕਾਰਾਂ ਦਾ ਇਲਜ਼ਾਮ ਹੈ ਕਿ ਬਿਸ਼ਨੋਈ 700 ਮੈਂਬਰੀ ਇੱਕ ਗੈਂਗ ਨੂੰ ਕੰਟ੍ਰੋਲ ਕਰਦਾ ਹੈ ਜੋ ਮਸ਼ਹੂਰ ਹਸਤੀਆਂ ਤੋਂ ਜ਼ਬਰਦਸਤੀ ਵਸੂਲੀ, ਡਰੱਗਸ ਅਤੇ ਹਥਿਆਰਾਂ ਦੀ ਤਸਕਰੀ ਕਰਨ ਤੇ ਨਿਸ਼ਾਨਾ ਬਣਾ ਕੇ ਕਤਲ ਕਰਨ ਵਿੱਚ ਸ਼ਾਮਲ ਹੈ।

ਕੈਨੇਡਾ ਵਿੱਚ, ਇਸ ਗਿਰੋਹ ਦੀਆਂ ਗਤੀਵਿਧੀਆਂ ਸਿੱਖ ਭਾਈਚਾਰੇ ਨਾਲ ਜੁੜੀਆਂ ਹੋਈਆਂ ਮੰਨੀਆਂ ਜਾਂਦੀਆਂ ਹਨ, ਜਿਸ ਨਾਲ ਕੈਨੇਡੀਅਨ ਅਧਿਕਾਰੀਆਂ ਦੀ ਚਿੰਤਾ ਵਧੀ ਹੈ। ਆਰਸੀਐਮਪੀ ਨੇ ਦਾਅਵਾ ਕੀਤਾ ਹੈ ਕਿ ਇਹ ਗਿਰੋਹ ਖਾਲਿਸਤਾਨੀ ਅੰਦੋਲਨ ਨਾਲ ਜੁੜੇ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ ਕੈਨੇਡਾ ਵਿੱਚ ਲਾਰੈਂਸ ਬਿਸ਼ਨੋਈ ਦਾ ਨਾਮ ਉਸ ਵੇਲੇ ਵੱਡੇ ਪੱਧਰ ਉੱਤੇ ਚਰਚਾ ਵਿੱਚ ਆਇਆ ਜਦੋਂ ਬੀਤੇ ਸਾਲ ਅਕਤੂਬਰ 2024 ਵਿੱਚ ਹਰਦੀਪ ਸਿੰਘ ਨਿੱਝਰ ਦੇ ਕਤਲ ਬਾਰੇ ਰੋਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਆਪਣੀ ਪ੍ਰੈੱਸ ਕਾਨਫਰੰਸ ਵਿੱਚ ਬਿਸ਼ਨੋਈ ਗਰੁੱਪ ਦਾ ਜ਼ਿਕਰ ਕੀਤਾ ਸੀ। ਇਸ ਮਾਮਲੇ ਤੋਂ ਇਲਾਵਾ ਵੀ ਕੈਨੇਡਾ ਵਿੱਚ ਬੀਤੇ ਕੁਝ ਮਹੀਨਿਆਂ ਵਿੱਚ ਵਾਪਰੀਆਂ ਕਈ ਅਪਰਾਧਿਕ ਗਤੀਵਿਧੀਆਂ ਨੂੰ ਮੀਡੀਆ ਰਿਪੋਰਟਾਂ ਵਿੱਚ ਬਿਸ਼ਨੋਈ ਗੈਂਗ ਨਾਲ ਜੋੜਿਆ ਜਾ ਚੁੱਕਾ ਹੈ। ਹਾਲ ਹੀ ਵਿੱਚ ਕਾਮੇਡੀਅਨ ਕਪਿਲ ਸ਼ਰਮਾ ਦੇ ਕੈਨੇਡਾ ਵਿਚਲੇ ਕੈਫੇ ਉੱਤੇ ਦੋ ਵਾਰੀ ਹਮਲੇ ਹੋਏ, ਇਨ੍ਹਾਂ ਹਮਲਿਆਂ ਦੇ ਸਬੰਧ ਵੀ ਮੀਡੀਆ ਵਿੱਚ ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਦੱਸੇ ਗਏ ਸਨ।

**ਪ੍ਰਧਾਨ ਮੰਤਰੀ ਮੋਦੀ ਦਾ ਦਾਅਵਾ ਕਿੰਨਾ ਕੁ ਸੱਚਾ**

# '84 ਸਿੱਖ ਕਤਲੇਆਮ ਵਿੱਚ ਭਾਜਪਾ ਵਰਕਰਾਂ ਨੇ ਸਿਖਾਂ ਦੀ ਰੱਖਿਆ ਕੀਤੀ

## ✪ ਨਾਨਾਵਤੀ ਕਮਿਸ਼ਨ ਨੇ ਕਾਂਗਰਸ, ਪਰ ਆਰਐੱਸਐੱਸ ਅਤੇ ਭਾਜਪਾ ਜ਼ਿੰਮੇਵਾਰ ਠਹਿਰਾਇਆ ✪ ਦਿੱਲੀ ਵਿੱਚ 14 ਐੱਫਆਈਆਰਾਂ ਵਿੱਚ 49 ਆਰਐੱਸਐੱਸ-ਭਾਜਪਾ ਨਾਮਾਂ ਨੂੰ ਨਾਮਜ਼ਦ ਕੀਤਾ ਗਿਆ

ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਰੈਲੀ ਵਿੱਚ 1984 ਦੇ ਸਿੱਖ ਕਤਲੇਆਮ ਦਾ ਜ਼ਿਕਰ ਕਰਦਿਆਂ ਕਿਹਾ ਕਿ "ਜਦੋਂ ਦਿੱਲੀ ਦੀ ਆਤਮਾ ਨੂੰ ਵੱਡੀ ਸੱਟ ਲੱਗੀ ਸੀ ਤਾਂ ਭਾਜਪਾ ਵਰਕਰਾਂ ਨੇ ਸਿੱਖਾਂ ਦੀ ਹਰ ਤਰ੍ਹਾਂ ਨਾਲ ਰੱਖਿਆ ਕੀਤੀ।" ਉਨ੍ਹਾਂ ਨੇ ਜਨਸੰਘ (ਭਾਜਪਾ ਦਾ ਪੁਰਾਣਾ ਰੂਪ) ਦੀ 1951 ਵਿੱਚ ਸਥਾਪਨਾ ਅਤੇ ਪਾਰਟੀ ਦੀ ਅੱਜ ਦੀ ਤਾਕਤ ਨੂੰ ਵਰਕਰਾਂ ਦੇ ਤਿਆਗ ਨਾਲ ਜੋੜਿਆ। 1984 ਦਾ ਕਤਲੇਆਮ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ (31 ਅਕਤੂਬਰ) ਸ਼ੁਰੂ ਹੋਇਆ, ਜਿਸ ਵਿੱਚ ਦਿੱਲੀ ਵਿੱਚ 2700 ਤੋਂ ਵੱਧ ਸਿੱਖ ਮਾਰੇ ਗਏ। ਕਾਂਗਰਸ ਨੇਤਾਵਾਂ ਵਰਗੇ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਨੂੰ ਮੁੱਖ ਦੋਸ਼ੀ ਬਣਾਇਆ ਗਿਆ, ਜਿਨ੍ਹਾਂ ਨੂੰ ਬਾਅਦ ਵਿੱਚ ਸਜ਼ਾ ਵੀ ਹੋਈ। ਨਾਨਾਵਤੀ ਕਮਿਸ਼ਨ (2005) ਨੇ ਕਾਂਗਰਸ ਦੀ ਭੂਮਿਕਾ ਨੂੰ ਤਸਦੀਕ ਕੀਤਾ, ਪਰ ਰਾਸ਼ਟਰੀ ਸਵੈਮਸੇਵਕ ਸੰਘ (ਆਰਐੱਸਐੱਸ) ਅਤੇ ਭਾਜਪਾ (ਜਨਸੰਘ ਤੋਂ ਬਣੀ) ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ। ਉਹਨਾਂ ਨੇ ਲਿਖਿਆ ਕਿ ਆਰਐੱਸਐੱਸ ਤੇ ਭਾਜਪਾ ਮੈਂਬਰਾਂ ਨੇ ਵੀ ਹਿੰਸਾ ਵਿੱਚ ਹਿੱਸਾ ਲਿਆ। ਦਿੱਲੀ ਵਿੱਚ 14 ਐੱਫਆਈਆਰਾਂ ਵਿੱਚ 49 ਆਰਐੱਸਐੱਸ-ਭਾਜਪਾ ਨਾਮਾਂ ਨੂੰ ਨਾਮਜ਼ਦ ਕੀਤਾ ਗਿਆ-ਹਿੰਸਾ, ਲੁੱਟ ਅਤੇ ਹੱਤਿਆ ਲਈ।

ਇਹਨਾਂ ਤੋਂ ਇਲਾਵਾ, ਆਰਐੱਸਐੱਸ ਨੇ ਹਿੰਸਾ ਨੂੰ ਜਾਇਜ਼ ਠਹਿਰਾਇਆ ਸੀ। 8 ਨਵੰਬਰ 1984 ਨੂੰ ਜਨਸੰਘ ਨੇਤਾ ਨਾਨਾਜੀ ਦੇਸ਼ਮੁਖ ਨੇ "ਮੋਮੈਂਟ ਆਫ਼ ਸੋਲ ਸਰਚਿੰਗ" ਨਾਂ ਦਾ ਲੇਖ ਲਿਖਿਆ, ਜਿਸ ਵਿੱਚ ਜੂਨ 84 ਘੱਲੂਘਾਰੇ ਦੀ ਤਾਰੀਫ਼ ਕੀਤੀ ਤੇ ਸਿੱਖ ਨੇਤਾਵਾਂ ਨੂੰ ਦੋਸ਼ੀ ਠਹਿਰਾਇਆ। ਯੂਨਾਈਟਿਡ ਨੇਸ਼ਨਜ਼ ਰਿਪੋਰਟਾਂ ਅਤੇ ਹਿਊਮਨ ਰਾਈਟਸ ਵਾਚ ਨੇ ਵੀ ਆਰਐੱਸਐੱਸ ਦੀ ਕਬਰਾਂ ਵਰਗੀ ਚੁਪ ਨੂੰ ਨੋਟ ਕੀਤਾ, ਜੋ ਕਾਂਗਰਸ ਨਾਲ ਮਿਲਕੇ ਕੇ ਹਿੰਦੂ ਵੋਟ ਬੈਂਕ ਨੂੰ ਮਜ਼ਬੂਤ ਕਰ ਰਹੀ ਸੀ। ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ ਨੇ ਲਿਖਿਆ ਕਿ ਆਰਐੱਸਐੱਸ ਨੇ ਹਿੰਸਾ ਵਿਰੋਧ ਨਹੀਂ ਕੀਤਾ ਬਲਕਿ ਕਈ ਜਗ੍ਹਾ ਹਿੱਸਾ ਲਿਆ।

ਪਰ ਇੱਕ ਪਾਸੇ ਤੋਂ ਵਿਰੋਧੀ ਗੱਲ ਵੀ ਹੈ। ਕੁਝ ਰਿਪੋਰਟਾਂ ਵਿੱਚ ਦੱਸਿਆ ਗਿਆ ਕਿ ਕੁਝ ਆਰਐੱਸਐੱਸ-ਭਾਜਪਾ ਵਰਕਰਾਂ ਨੇ ਸਿੱਖਾਂ ਨੂੰ ਲੁਕਾਇਆ। ਲੇਖਕ ਖੁਸ਼ਵੰਤ ਸਿੰਘ (ਆਰਐੱਸਐੱਸ ਦੇ ਆਲੋਚਕ) ਨੇ ਲਿਖਿਆ ਕਿ ਆਰਐੱਸਐੱਸ ਨੇ ਸਿੱਖਾਂ ਨੂੰ ਬਚਾਇਆ, ਜਦਕਿ ਕਾਂਗਰਸ ਨੇ ਹਿੰਸਾ ਭੜਕਾਈ। ਦਿੱਲੀ ਮੰਤਰੀ ਪਰਵੇਸ਼ ਵਰਮਾ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ (ਭਾਜਪਾ ਨੇਤਾ) ਨੇ 22 ਸਿੱਖਾਂ ਨੂੰ ਬਚਾਇਆ। ਪਰ ਇਹ ਵਿਅਕਤੀਗਤ ਉਦਾਹਰਣਾਂ ਹਨ, ਨਾ ਕਿ ਪਾਰਟੀ ਦੀ ਅਧਿਕਾਰਕ ਨੀਤੀ। ਨਾਨਾਵਤੀ ਕਮਿਸ਼ਨ ਨੇ ਆਰਐੱਸਐੱਸ ਨੂੰ ਸੰਗਠਨ ਵਜੋਂ ਜ਼ਿੰਮੇਵਾਰ ਨਹੀਂ ਠਹਿਰਾਇਆ, ਪਰ ਵਿਅਕਤੀਗਤ ਮੈਂਬਰਾਂ ਦੀ ਭੂਮਿਕਾ ਨੂੰ ਨਕਾਰ ਨਹੀਂ ਸਕਦਾ।



ਅਾਜੇ ਵੀ ਇਹ ਵਿਵਾਦ ਜਾਰੀ ਹੈ। ਭਾਜਪਾ ਸਰਕਾਰ ਨੇ ਕੁਝ ਕਾਂਗਰਸ ਨੇਤਾਵਾਂ ਨੂੰ ਸਜ਼ਾ ਦਿੱਤੀ (ਜਿਵੇਂ ਸੱਜਣ ਕੁਮਾਰ ਨੂੰ ਉਮਰ ਕੈਦ), ਪਰ ਆਰਐੱਸਐੱਸ ਨਾਲ ਜੁੜੇ ਨਾਮਾਂ 'ਤੇ ਕੋਈ ਕਾਰਵਾਈ ਨਹੀਂ ਹੋਈ ਹੈ।

ਦਿੱਲੀ ਗੁਰਦੁਆਰਾ ਕਮੇਟੀ. ਪ੍ਰਧਾਨ ਹਰਮਿੰਦਰ ਸਿੰਘ ਕਾਲਕਾ ਨੇ ਮੋਦੀ ਦਾ ਧੰਨਵਾਦ ਕੀਤਾ, ਪਰ ਵਕੀਲ ਐੱਚ.ਐੱਸ. ਫੂਲਕਾ (ਕਤਲੇਆਮ ਪੀੜਤਾਂ ਦੇ ਵਕੀਲ) ਨੇ ਕਿਹਾ ਕਿ ਨਿਆਂ ਅਜੇ ਵੀ ਅਧੂਰਾ ਹੈ-587 ਕੇਸਾਂ ਵਿੱਚੋਂ ਸਿਰਫ਼ 27 ਵਿੱਚ ਸਜ਼ਾਵਾਂ ਹੋਈਆਂ।

ਮੋਦੀ ਦਾ ਬਿਆਨ ਸਿਆਸੀ ਲਾਭ ਲਈ ਲੱਗਦਾ ਹੈ। ਭਾਜਪਾ 1984 ਨੂੰ ਕਾਂਗਰਸ 'ਤੇ ਚਿਹਨ ਲਗਾਉਂਦੀ ਰਹੀ ਹੈ, ਪਰ ਆਪਣੀ ਭੂਮਿਕਾ ਨੂੰ ਧੁੰਦਲਾ ਕਰਦੀ ਹੈ। ਇਹ ਕਤਲੇਆਮ ਨਾ ਸਿਰਫ਼ ਸਿੱਖਾਂ ਲਈ ਜ਼ਖਮ ਹੈ, ਸਗੋਂ ਘੱਟ ਗਿਣਤੀਆਂ ਲਈ ਚੇਤਾਵਨੀ ਵੀ।

# ਮਾਣਕ ਭਰਾਵਾਂ ਨੇ ਮਾਣਕ ਕਬੱਡੀ ਕਲੱਬ ਫਗਵਾੜਾ ਕੀਤਾ ਬੰਦ



ਰਾਜਵੀਰ ਸਿੰਘ ਮਾਣਕ, ਸੁਰਿੰਦਰ ਸਿੰਘ ਮਾਣਕ, ਜਰਨੈਲ ਸਿੰਘ , ਜਸਵਿੰਦਰ ਸਿੰਘ ਘੁੰਮਣ, ਧਿਆਨ ਸਿੰਘ ਗਿੱਲ, ਕੁਲਬੀਰ ਸਿੰਘ ਸੰਘੇੜਾ, ਜਤਿੰਦਰ ਸਿੰਘ ਸੰਘੇੜਾ, ਗੁਰਦੀਪ ਸਿੰਘ ਮਾਣਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਕਈ ਸਾਲਾਂ ਤੋਂ ਇੰਗਲੈਂਡ ਅਤੇ ਪੰਜਾਬ ਵਿੱਚ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਪ੍ਰਫੁੱਲਤ ਕਰਨ ਲਈ ਅਹਿਮ ਯੋਗਦਾਨ ਪਾਉਣ ਵਾਲੇ ਮਾਣਕ ਭਰਾ ਰਾਜਵੀਰ ਸਿੰਘ ਮਾਣਕ ਅਤੇ ਸੁਰਿੰਦਰ ਸਿੰਘ ਮਾਣਕ ਅਤੇ ਉਹਨਾਂ ਦੇ ਸਹਿਯੋਗੀ ਜਰਨੈਲ ਸਿੰਘ (ਜ਼ੈਲਾ), ਜਸਵਿੰਦਰ ਸਿੰਘ ਘੁੰਮਣ, ਧਿਆਨ ਸਿੰਘ ਗਿੱਲ, ਕੁਲਬੀਰ ਸਿੰਘ ਸੰਘੇੜਾ (ਲਾਲਾ), ਜਤਿੰਦਰ ਸਿੰਘ ਸੰਘੇੜਾ (ਬਿਲਗਾ), ਗੁਰਦੀਪ ਸਿੰਘ ਮਾਣਕ ਅਤੇ ਹੋਰ ਸਾਰੇ ਸਾਥੀਆ ਨੇ ਮਾਣਕ ਕਬੱਡੀ ਕਲੱਬ ਫਗਵਾੜਾ ਬੰਦ ਕਰਨ ਦਾ ਐਲਾਨ ਕੀਤਾ ਹੈ।


ਇਸ ਸਬੰਧੀ ਜਾਣਕਾਰੀ ਦਿੰਦਿਆਂ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਅਤੇ ਜਨਰਲ ਸਕੱਤਰ ਸੁਰਿੰਦਰ ਸਿੰਘ ਮਾਣਕ ਨੇ ਕਿਹਾ ਕਿ ਮਾਣਕ ਕਬੱਡੀ ਕਲੱਬ ਫਗਵਾੜਾ ਬਣਾਉਣ ਦਾ ਮੁੱਖ ਮਕਸ ਦ ਇਲਾਕੇ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ, ਚੰਗੀ ਸਿਹਤ ਬਣਾਉਣ ਦੇ ਨਾਲ ਨਾਲ ਅੰਤਰਾਸ਼ਟਰੀ ਕਬੱਡੀ ਖੇਡਾਂ ਵਿੱਚ ਚੰਗੇ ਭਵਿੱਖ ਲਈ ਮੌਕੇ ਪ੍ਰਦਾਨ ਕਰਨਾ ਸੀ। ਪਰ ਲੇਕਨ ਬਹੁਤ ਦੁੱਖ ਵਾਲੀ ਗੱਲ ਹੈ ਕੇ ਬੀਤੇ ਸਾਲਾਂ ਵਿੱਚ ਕੀਤੇ ਅਣਥੱਕ ਯਤਨਾਂ ਨਾਲ ਉਹ ਪ੍ਰਾਪਤੀ ਨਹੀਂ ਹੋ ਸਕੀ ਜਿਸ ਦੀ ਉਮੀਦ ਕੀਤੀ ਗਈ ਸੀ। ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਚੰਗੇ ਪਾਸੇ ਤੋਰਨ ਲਈ ਇਸ ਕਲੱਬ ਦੀ ਸਥਾਪਨਾ ਹੋਣ ਦੇ ਬਾਵਜੂਦ ਇਲਾਕੇ ਦੇ ਨੌਜਵਾਨਾਂ ਵੱਲੋਂ ਕੋਈ ਦਿਲਚਪਸੀ ਨਜ਼ਰ ਨਹੀਂ ਆਈ।

ਇਸ ਕਾਰਨ ਕਲੱਬ ਦੇ ਪ੍ਰਮੋਟਰਾਂ ਨੇ ਕਲੱਬ ਬੰਦ ਕਰਨ ਦਾ ਫੈਸਲਾ ਕੀਤਾ ਹੈ। ਕਲੱਬ ਦੇ ਪ੍ਰਬੰਧਕਾਂ ਨੇ ਬੀਤੇ ਸਾਲਾਂ ਵਿੱਚ ਕੋਚ ਕਾਕਾ ਸੇਖਦੌਲਤ ਵੱਲੋਂ ਨਿਭਾਈਆਂ ਸੇਵਾਵਾਂ ਲਈ ਧੰਨਵਾਦ ਕੀਤਾ ਅਤੇ ਕਲੱਬ ਨਾਲ ਜੁੜੇ ਖਿਡਾਰੀਆਂ ਨੂੰ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਸ: ਸੁਰਿੰਦਰ ਸਿੰਘ ਮਾਣਕ ਨੇ ਕਿਹਾ ਕਿ ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਰਹਿਨੁਮਾਈ ਹੇਠ ਹੋਣ ਵਾਲੇ ਸਾਲਾਨਾ ਕਬੱਡੀ ਟੂਰਨਾਮੈਂਟਾ ਵਿੱਚ ਈਰਥ ਵੂਲਿਚ ਕਬੱਡੀ ਕਲੱਬ ਹਮੇਸ਼ਾਂ ਵੱਧ ਚੜ੍ਹ ਕੇ ਹਿੱਸਾ ਲੈਂਦਾ ਹੈ ਅਤੇ ਈਰਥ ਵੂਲਿਚ ਕਬੱਡੀ ਕਲੱਬ ਲਈ ਮਾਣਕ ਭਰਾਵਾ ਦੀਆਂ ਸੇਵਾਵਾਂ ਪਹਿਲਾਂ ਵਾਂਗ ਹੀ ਨਿਰੰਤਰ ਜਾਰੀ ਰਹਿਣਗੀਆਂ।

# ਭਾਰਤ ਸਰਕਾਰ ਵਲੋਂ ਸਿੱਖ ਜਥਿਆਂ ਤੇ ਪਬੰਦੀ ਖਿਲਾਫ ਸਿੱਖਾਂ ਵਿੱਚ ਭਾਰੀ ਰੋਸ – ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ,ਕੇ

## "ਬੀ.ਐੱਸ. ਐੱਫ ਦੀ ਤਾਇਨਾਤੀ ਇਨਸਾਫ ਪਸੰਦ ਪੰਜਾਬੀਆਂ ਵਿੱਚ ਦਹਿਸ਼ਤ ਪੈਦਾ ਕਰਨ ਦਾ ਕੋਝਾ ਯਤਨ"



ਲੰਡਨ – ਭਾਰਤ ਸਰਕਾਰ ਵਲੋਂ ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਜਾਣ ਵਾਲੇ ਸਿੱਖ ਜਥਿਆਂ ਤੇ ਪਬੰਦੀ ਲਗਾਉਣ ਖਿਲਾਫ ਸਿੱਖਾਂ ਵਿੱਚ ਭਾਰੀ ਰੋਸ ਅਤੇ ਰੋਹ ਹੈ। ਭਾਰਤ ਦੀ ਭਾਜਪਾ ਸਰਕਾਰ ਜੋ ਕਿ ਫਿਰਕਾਪ੍ਰਸਤ ਹਿੰਦੂਤਵੀ ਸੋਚ ਨੂੰ ਬੜਾਵਾ ਦੇ ਰਹੀ ਹੈ, ਉਸਨੇ ਜਾਣਬੁੱਝ ਕੇ ਅਜਿਹਾ ਕੀਤਾ ਤਾਂ ਕਿ ਭਾਰਤ ਨੂੰ ਹਿੰਦੂ ਰਾਸ਼ਟਰ ਵਿੱਚ ਤਬਦੀਲ ਕਰਨ ਦੀ ਮੁਹਿੰਮ ਨੂੰ ਅੱਗੇ ਵਧਾਇਆ ਜਾ ਸਕੇ। ਫਿਰਕਾਪ੍ਰਸਤ ਹਿੰਦੂਤਵ ਦੀ ਇਹ ਸੋਚ ਰਹੀ ਹੈ ਕਿ ਭਾਰਤ ਦੀਆਂ ਵਸਨੀਕ ਘੱਟ ਗਿਣਤੀ ਕੌਮਾਂ ਨੂੰ ਨੇਸਤੋਨਬੂਦ ਕਰਕੇ ਹਿੰਦੂ, ਹਿੰਦੀ, ਹਿੰਦੋਸਤਾਨ ਦੇ ਨਾਹਰੇ ਨੂੰ ਅੰਜਾਮ ਦਿੱਤਾ ਜਾਵੇ । ਇਸ ਫਿਰਕੂ ਵਰਤਾਰੇ ਦੀ ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ,ਕੇ ਵਲੋਂ ਸਖਤ ਨਿਖੇਧੀ ਕੀਤੀ ਗਈ ਹੈ।

ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ,ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਜਾਰੀ ਪ੍ਰੈੱਸ ਬਿਆਨ ਵਿੱਚ ਆਖਿਆ ਹੈ ਕਿ ਭਾਰਤ ਸਰਕਾਰ ਦਾ ਇਹ ਸਿੱਖਾਂ ਤੇ ਮਾਰੂ ਹਮਲਾ ਹੈ । ਜਿਸ ਦਾ ਹਰੇਕ ਇਨਸਾਫ ਅਤੇ ਨਿਆਂ ਪਸੰਦ ਵਿਆਕਤੀ ਨੂੰ ਵਿਰੋਧ ਕਰਨ ਦੀ ਜਰੂਰਤ ਹੈ । ਇਹ ਗੱਲ ਜੱਗ ਜਾਹਿਰ ਹੈ ਕਿ ਭਾਰਤ ਸਰਕਾਰ ਵਲੋਂ ਪਾਕਿਸਤਾਨ ਉਪਰ ਕੀਤੇ ਹਮਲੇ ਵਿੱਚ ਸਿੱਖ ਕੌਮ ਧਿਰ ਨਹੀਂ ਸੀ, ਬਲਕਿ ਸਿੱਖਾਂ ਨੇ ਹਮੇਸ਼ਾਂ ਸ਼ਾਂਤੀ, ਸਦਭਾਵਨਾ ਅਤੇ ਬਰਾਬਰੀ ਦੇ ਸਿਧਾਂਤ ਦੀ ਵਕਾਲਤ ਕੀਤੀ ਹੈ। ਸਿੱਖਾਂ ਦਾ ਪਾਕਿਸਤਾਨ ਸਥਿਤ ਗੁਰਦਵਾਰਿਆਂ, ਗੁਰ ਅਸਥਾਨਾਂ ਨਾਲ ਡੂੰਘਾ ਅਤੇ ਰੂਹਾਨੀ ਰਿਸ਼ਤਾ ਹੈ । ਇਸ ਰਿਸ਼ਤੇ ਨੂੰ ਕੋਈ ਵੀ ਖਤਮ ਨਹੀਂ ਕਰ ਸਕਦਾ। ਸਿੱਖਾਂ ਦੇ ਜਜ਼ਬਾਤਾਂ ਨੂੰ ਰਾਸ਼ਟਰੀ ਸੁਰੱਖਿਆ ਦੇ ਨਾਮ ਹੇਠ ਮਲੀਆਮੇਟ ਕਰਨ ਵਾਲੀ ਭਾਰਤ ਸਰਕਾਰ ਵੱਲੋਂ ਸ੍ਰੀ ਕਰਤਾਰ-ਪੁਰ ਸਾਹਿਬ ਦੇ ਲਾਂਘੇ ਨੂੰ ਬੰਦ ਕਰਨਾ ਪਰ ਆਪ ਮਨੋਰੰਜਨ ਅਤੇ ਵਪਾਰ ਨੂੰ ਮੁੱਖ ਰੱਖ ਕੇ ਪਾਕਿਸਤਾਨ ਨਾਲ ਕ੍ਰਿਕਟ ਖੇਡਣੇ ਸਾਬਤ ਕਰਦਾ ਹੈ ਕਿ ਭਾਜਪਾ ਸਰਕਾਰ ਜਾਣਬੁੱਝ ਕੇ ਸਿੱਖਾਂ ਨੂੰ ਵਾਰ ਵਾਰ ਗੁਲਾਮੀ ਦਾ ਅਹਿਸਾਸ ਕਰਾ ਰਹੀ ਹੈ । ਜਿਕਰਯੋਗ ਹੈ ਕਿ ਦੁਨੀਆ ਭਰ ਤੋਂ ਹਜਾਰਾਂ ਸਿੱਖ ਹਜਾਰਾਂ ਮੀਲ ਦਾ ਸਫਰ ਤਹਿ ਕਰਕੇ ਪਾਕਿਸਤਾਨ ਵਿੱਚ ਸਾਹਿਬ ਸ੍ਰੀ ਗੁਰੂ ਨਾਨਕ ਏਵ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਤੇ ਪੁੱਜ ਰਹੇ ਹਨ ਪਰ ਭਾਰਤ ਸਰਕਾਰ ਦੀਆਂ ਫਿਰਕਾਪ੍ਰਸਤ ਨੀਤੀਆਂ ਕਾਰਨ ਪਾਕਿਸਤਾਨ ਦੇ ਗਵਾਂਢ ਵਸਦੇ ਸਿੱਖ ਸ਼ਮੂਲੀਅਤ ਨਹੀਂ ਕਰ ਸਕਣਗੇ।

ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨ ਯੂ,ਕੇ ਨੇ ਪੰਜਾਬ ਪੁਲਿਸ ਵਲੋਂ ਸਿੱਖ ਪਰਿਵਾਰਾਂ ਨਾਲ ਸਬੰਧਤ ਨੌਜਵਾਨਾਂ ਦੇ ਐਨਕਾਊਂਟਰਾਂ ਦੀ ਸਖਤ ਨਿਖੇਧੀ ਕੀਤੀ ਗਈ ਹੈ। ਇਹ ਵਰਤਾਰਾ ਖਾੜਕੂ ਆਖ ਕੇ ਝੂਠੇ ਪੁਲਿਸ ਮੁਕਾਬਲੇ ਬਣਾਉਣ ਦਾ ਬਦਲਵਾਂ ਰੂਪ ਹੀ ਹੈ ।ਪਰ ਅਜਿਹੇ ਜ਼ੁਲਮ ਖਾਲਿਸਤਾਨ ਦੇ ਚੱਲ ਰਹੇ ਸੰਘਰਸ਼ ਨੂੰ ਖਤਮ ਨਹੀ ਕਰ ਸਕਣਗੇ ।

ਸਿੱਖ ਕੌਮ ਖਾਲਿਸਤਾਨ ਵਾਸਤੇ ਸੰਘਰਸ਼ ਜਾਰੀ ਰੱਖੇਗੀ। ਪੰਜਾਬ ਵਿੱਚ ਬਾਰਡਰ ਸਕਿਉਰਟੀ ਫੋਰਸ ਦੀ ਵੱਡੀ ਪੱਧਰ ਤੇ ਤਾਇਨਾਤੀ ਭਾਰਤ ਸਰਕਾਰ ਦੇ ਮਾੜੇ ਇਰਾਦਿਆਂ ਨੂੰ ਦਰਸਾਉਂਦਾ ਹੈ। ਮਹਿਸੂਸ ਕੀਤਾ ਜਾ ਰਿਹਾ ਹੈ ਕਿ ਅਜਿਹਾ ਪੰਜਾਬ ਦੇ ਹੱਕਾਂ, ਹਿੱਤਾਂ ਦੀ ਅਵਾਜ ਬੁਲੰਦ ਕਰਨ ਵਾਲਿਆਂ ਵਿੱਚ ਦਹਿਸ਼ਤ ਦਾ ਮਾਹੌਲ ਸਿਰਜਣ ਵਾਸਤੇ ਕੀਤਾ ਜਾ ਰਿਹਾ ਹੈ ।


LEASE FOR SALE

ਗਰੀਨਫੋਰਡ ਵਿਖੇ ਐਸ ਐਸ ਧਾਲੀਵਾਲ ਕੇਟਰਿੰਗ, ਦੁਕਾਨ ਵਿਕਾਊ
ਕੀਮਤ (ਲੀਜ਼) = £1,10,000 (1 ਲੱਖ 10 ਹਜ਼ਾਰ)

Lease Price - £1,10,000

EST: 35 YEARS
Gary of GREENFORD
Open 7 Days a week:
Now on Just Eat and Uber Eats
1:00pm to 10:00pm
Collection Only
Buy One Pizza Get One FREE

ਪੀਜ਼ਾ ਅਤੇ ਲਜ਼ੀਜ਼
ਦੇਸੀ/ਪੰਜਾਬੀ ਖਾਣੇ





Weddings - Anniversaries, Birthdays-Engagements,
Receptions - Corporate Events, Exhibitions, Private Parties

ਵਿਆਹ, ਜਨਮ ਦਿਨ, ਵਰ੍ਹੇਗੰਢ, ਮੰਗਣੀ/ ਕੁੜਮਾਈ ਅਤੇ ਹਰ ਤਰ੍ਹਾਂ ਦੀਆਂ ਵੱਡੀਆਂ ਛੋਟੀਆਂ ਪਾਰਟੀਆਂ ਲਈ ਕੇਟਰਿੰਗ ਕਰਦੇ ਹਾਂ:

ਵਧੇਰੇ ਜਾਣਕਾਰੀ ਲਈ ਮਿ: ਧਾਲੀਵਾਲ ਨਾਲ ਸੰਪਰਕ ਕਰੋ:

SS DHALIWAL CATERING

Tel: 0208 575 3600 / Mo: 07910 922 879
65 Marnham Crescent, Greenford, Middx, UB6 9SP


ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** ਵਿਚਾਰ :– ਇਨਸਾਨ ਨੂੰ ਬਾਹਰੋਂ ਹੀ ਨਹੀਂ ਅੰਦਰੋਂ ਵੀ ਸਾਫ ਹੋਣਾ ਚਾਹੀਦਾ ਹੈ ।

# ਬੰਦੀ ਸਿੱਖਾਂ ਦੀ ਰਿਹਾਈ - ਕੇਂਦਰ ਸਰਕਾਰ ਦਾ ਅਧੂਰਾ ਵਾਅਦਾ

28 ਸਤੰਬਰ, 2019 ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ 550ਵੀਂ ਜਨਮ ਸ਼ਤਾਬਦੀ ਮੌਕੇ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਇਕ ਅਹਿਮ ਐਲਾਨ ਕੀਤਾ ਸੀ। ਇਸ ਐਲਾਨ ਅਨੁਸਾਰ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ 8 ਸਿੱਖ ਕੈਦੀਆਂ ਨੂੰ ਰਿਹਾਅ ਕਰਨ ਅਤੇ ਇੱਕ ਕੈਦੀ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦਾ ਫੈਸਲਾ ਕੀਤਾ ਗਿਆ। ਇਹ ਫੈਸਲਾ ਸਿੱਖ ਜਥੇਬੰਦੀਆਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਦੇ ਮੱਦੇਨਜ਼ਰ ਸੀ। ਪਰ ਛੇ ਸਾਲ ਬੀਤ ਜਾਣ ਦੇ ਬਾਵਜੂਦ, ਇਹ ਵਾਅਦਾ ਅਧੂਰਾ ਹੀ ਰਿਹਾ। ਸਵਾਲ ਇਹ ਹੈ ਕਿ ਕੇਂਦਰ ਸਰਕਾਰ ਆਪਣੇ ਵਾਅਦੇ ਨੂੰ ਪੂਰਾ ਕਿਉਂ ਨਹੀਂ ਕਰ ਰਹੀ, ਅਤੇ ਅਦਾਲਤਾਂ ਇਸ ਮਾਮਲੇ ਵਿੱਚ ਦਖਲਅੰਦਾਜ਼ੀ ਕਿਉਂ ਨਹੀਂ ਕਰਦੀਆਂ?

ਗ੍ਰਹਿ ਮੰਤਰਾਲੇ ਦੇ ਉਸ ਐਲਾਨ ਵਿੱਚ ਭਾਈ ਦਵਿੰਦਰਪਾਲ ਸਿੰਘ ਭੁੱਲਰ, ਗੁਰਦੀਪ ਸਿੰਘ ਖੇੜਾ, ਲਾਲ ਸਿੰਘ, ਨੰਦ ਸਿੰਘ, ਸੁਬੇਗ ਸਿੰਘ, ਬਲਵੀਰ ਸਿੰਘ, ਵਰਿਆਮ ਸਿੰਘ ਅਤੇ ਹਰਜਿੰਦਰ ਸਿੰਘ ਕਾਲੀ ਦੇ ਨਾਂ ਸ਼ਾਮਲ ਸਨ। ਇਸ ਤੋਂ ਇਲਾਵਾ, ਭਾਈ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦਾ ਵੀ ਜ਼ਿਕਰ ਸੀ। ਸੂਤਰਾਂ ਅਨੁਸਾਰ, ਭਾਈ ਲਾਲ ਸਿੰਘ, ਨੰਦ ਸਿੰਘ ਅਤੇ ਸੁਬੇਗ ਸਿੰਘ ਨੂੰ ਤੁਰੰਤ ਰਿਹਾਈ ਮਿਲ ਗਈ, ਜਦਕਿ ਭਾਈ ਬਲਵੀਰ ਸਿੰਘ, ਵਰਿਆਮ ਸਿੰਘ ਅਤੇ ਹਰਜਿੰਦਰ ਸਿੰਘ ਨੂੰ ਬਾਅਦ ਵਿੱਚ ਰਿਹਾਅ ਕੀਤੇ ਜਾਣ ਦੀਆਂ ਖਬਰਾਂ ਹਨ, ਪਰ ਇਸ ਦੀ ਪੁਸ਼ਟੀ ਨਹੀਂ ਹੋਈ। ਦੂਜੇ ਪਾਸੇ, ਭਾਈ ਦਵਿੰਦਰਪਾਲ ਸਿੰਘ ਭੁੱਲਰ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਅਜੇ ਵੀ ਲਟਕ ਰਹੇ ਹਨ।

ਖਾਸ ਤੌਰ 'ਤੇ ਭਾਈ ਬਲਵੰਤ ਸਿੰਘ ਰਾਜੋਆਣਾ ਦਾ ਮਾਮਲਾ ਬਹੁਤ ਸੰਵੇਦਨਸ਼ੀਲ ਹੈ। ਸੁਪਰੀਮ ਕੋਰਟ ਦੀ ਇੱਕ ਬੈਂਚ, ਜਿਸ ਵਿੱਚ ਜਸਟਿਸ ਵਿਕਰਮ ਨਾਥ, ਜਸਟਿਸ ਸੰਦੀਪ ਮਹਿਤਾ ਅਤੇ ਜਸਟਿਸ ਐਨ.ਵੀ. ਅੰਜਾਰੀਆ ਸ਼ਾਮਲ ਸਨ, ਨੇ ਕੇਂਦਰ ਸਰਕਾਰ ਦੀ ਦੇਰੀ 'ਤੇ ਸਖਤ ਸਵਾਲ ਉਠਾਏ। ਅਦਾਲਤ ਨੇ ਸਾਫ ਕਿਹਾ ਕਿ ਸਰਕਾਰ ਦੀ ਚੁੱਪੀ ਅਤੇ ਏਨੀ ਲੰਮੀ ਦੇਰੀ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਭਾਈ ਰਾਜੋਆਣਾ ਦੇ ਵਕੀਲ ਮੁਕੁਲ ਰੋਹਤਗੀ ਨੇ ਵੀ ਜ਼ੋਰਦਾਰ ਦਲੀਲਾਂ ਪੇਸ਼ ਕੀਤੀਆਂ। ਅਦਾਲਤ ਨੇ ਇਹ ਵੀ ਮੰਨਿਆ ਕਿ ਲੰਮੇ ਸਮੇਂ ਤੱਕ ਕਿਸੇ ਕੈਦੀ ਨੂੰ ਮੌਤ ਦੀ ਸਜ਼ਾ ਦੇ ਅਧੀਨ ਰੱਖਣਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਇਸ ਸੰਦਰਭ ਵਿੱਚ 2014 ਦਾ ਸ਼ਤਰੂਘਣ ਚੌਹਾਨ ਕੇਸ ਇੱਕ ਮਹੱਤਵਪੂਰਨ ਉਦਾਹਰਣ ਹੈ, ਜਿੱਥੇ ਅਦਾਲਤ ਨੇ ਸਪੱਸ਼ਟ ਕੀਤਾ ਸੀ ਕਿ ਮੌਤ ਦੀ ਸਜ਼ਾ ਵਿੱਚ ਬੇਲੋੜੀ ਦੇਰੀ ਨੂੰ ਟਾਰਚਰ ਮੰਨਿਆ ਜਾ ਸਕਦਾ ਹੈ ਅਤੇ ਇਸ ਨੂੰ ਉਮਰ ਕੈਦ ਵਿੱਚ ਬਦਲਿਆ ਜਾ ਸਕਦਾ ਹੈ। ਇਹ ਗੱਲ ਵੀ ਧਿਆਨਯੋਗ ਹੈ ਕਿ ਭਾਰਤ ਦਾ ਸੰਵਿਧਾਨ ਧਾਰਾ 21 ਅਧੀਨ ਜੀਵਨ ਦੇ ਅਧਿਕਾਰ ਨੂੰ ਸਭ ਤੋਂ ਕੀਮਤੀ ਮੰਨਦਾ ਹੈ। ਇਸ ਨੂੰ ਅਜਿਹੀ ਪ੍ਰਕਿਰਿਆ ਨਾਲ ਖਤਮ ਨਹੀਂ ਕੀਤਾ ਜਾ ਸਕਦਾ ਜੋ ਅਣਮਨੁੱਖੀ ਅਤੇ ਅਨਿਸ਼ਚਿਤ ਹੋਵੇ। ਜਦੋਂ ਸਰਕਾਰ ਨੇ 2019 ਵਿੱਚ ਬਾਕਾਇਦਾ ਐਲਾਨ ਕੀਤਾ ਸੀ ਕਿ ਭਾਈ ਰਾਜੋਆਣਾ ਦੀ ਸਜ਼ਾ ਉਮਰ ਕੈਦ ਵਿੱਚ ਬਦਲੀ ਜਾਵੇਗੀ, ਤਾਂ ਇਸ ਦੀ ਪਾਲਣਾ ਕਿਉਂ ਨਹੀਂ ਹੋਈ? ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਸਤਿਕਾਰ ਦੇਣ ਦੀ ਗੱਲ ਕਰਨ ਵਾਲੀ ਸਰਕਾਰ ਆਪਣੇ ਹੀ ਵਾਅਦੇ ਤੋਂ ਪਿਛੇ ਕਿਉਂ ਹਟ ਰਹੀ ਹੈ? ਅਦਾਲਤਾਂ ਦੀ ਭੂਮਿਕਾ ਵੀ ਇੱਥੇ ਸਵਾਲਾਂ ਦੇ ਘੇਰੇ ਵਿੱਚ ਹੈ। ਜਦੋਂ ਸੁਪਰੀਮ ਕੋਰਟ ਨੇ ਖੁਦ ਸਰਕਾਰ ਦੀ ਦੇਰੀ 'ਤੇ ਸਵਾਲ ਉਠਾਏ ਹਨ, ਤਾਂ ਅਜਿਹੇ ਮਾਮਲਿਆਂ ਵਿੱਚ ਸਰਕਾਰ ਨੂੰ ਜਵਾਬਦੇਹ ਕਿਉਂ ਨਹੀਂ ਕੀਤਾ ਜਾਂਦਾ? ਸਰਕਾਰ ਦੀ ਇਸ ਢਿੱਲ-ਮੱਠ ਨੇ ਸਿੱਖ ਭਾਈਚਾਰੇ ਵਿੱਚ ਨਿਰਾਸ਼ਾ ਅਤੇ ਬੇਭਰੋਸਗੀ ਨੂੰ ਜਨਮ ਦਿੱਤਾ ਹੈ।

ਅਸੀਂ ਮੰਗ ਕਰਦੇ ਹਾਂ ਕਿ ਕੇਂਦਰ ਸਰਕਾਰ 2019 ਦੇ ਆਪਣੇ ਐਲਾਨ ਨੂੰ ਤੁਰੰਤ ਲਾਗੂ ਕਰੇ। ਭਾਈ ਦਵਿੰਦਰਪਾਲ ਸਿੰਘ ਭੁੱਲਰ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਵਰਗੇ ਕੈਦੀਆਂ ਨੂੰ ਇਨਸਾਫ ਦਿੱਤਾ ਜਾਵੇ। ਅਦਾਲਤਾਂ ਨੂੰ ਵੀ ਚਾਹੀਦਾ ਹੈ ਕਿ ਉਹ ਸਰਕਾਰ ਦੀ ਅਣਗਹਿਲੀ ਨੂੰ ਗੰਭੀਰਤਾ ਨਾਲ ਲੈਂਦਿਆਂ ਸਮੇਂ ਸਿਰ ਫੈਸਲੇ ਸੁਣਾਉਣ। ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਇਹ ਜ਼ਰੂਰੀ ਹੈ ਕਿ ਸਰਕਾਰ ਅਤੇ ਅਦਾਲਤਾਂ ਆਪਣੀ ਜ਼ਿੰਮੇਵਾਰੀ ਨਿਭਾਉਣ। ਇਨਸਾਫ ਵਿੱਚ ਦੇਰੀ, ਇਨਸਾਫ ਨੂੰ ਠੇਸ ਪਹੁੰਚਾਉਣ ਦੇ ਬਰਾਬਰ ਹੈ।

## ਪੰਜਾਬ ਵਿੱਚ ਪ੍ਰਜਨਨ ਦਰ ਦੇ ਨਿਘਾਰ ਦੇ ਕਾਰਨ

ਕੇਂਦਰ ਸਰਕਾਰ ਦੀ ਸੈਂਪਲ ਰਜਿਸਟਰੇਸ਼ਨ ਸਟੈਟਿਸਟਿਕਲ ਰਿਪੋਰਟ ਅਨੁਸਾਰ ਪਿਛਲੇ ਦਸ ਸਾਲਾਂ ਵਿੱਚ ਪੰਜਾਬ ਦੀ ਕੁੱਲ ਪ੍ਰਜਨਨ ਦਰ ਵਿੱਚ 11.8 ਫੀਸਦ ਦਾ ਨਿਘਾਰ ਆਇਆ ਹੈ। ਦਿਹਾਤੀ ਖੇਤਰਾਂ ਵਿੱਚ ਇਹ ਨਿਘਾਰ 11.1 ਫੀਸਦ ਅਤੇ ਸ਼ਹਿਰੀ ਖੇਤਰਾਂ ਵਿੱਚ 12.5 ਫੀਸਦ ਦਰਜ ਕੀਤਾ ਗਿਆ ਹੈ। ਸਾਲ 2011-13 ਵਿੱਚ ਪੰਜਾਬ ਦੀ ਪ੍ਰਜਨਨ ਦਰ 1.7 ਸੀ, ਜੋ 2021-23 ਵਿੱਚ ਘਟ ਕੇ 1.5 ਰਹਿ ਗਈ। ਇਸੇ ਤਰ੍ਹਾਂ ਦਿਹਾਤੀ ਖੇਤਰਾਂ ਵਿੱਚ 1.8 ਤੋਂ 1.6 ਅਤੇ ਸ਼ਹਿਰੀ ਖੇਤਰਾਂ ਵਿੱਚ 1.6 ਤੋਂ 1.4 ਦੀ ਗਿਰਾਵਟ ਦੇਖਣ ਨੂੰ ਮਿਲੀ। ਇਹ ਅੰਕੜੇ ਸਾਡੇ ਸਮਾਜ ਦੀ ਬਦਲਦੀ ਤਸਵੀਰ ਨੂੰ ਸਾਫ ਦਰਸਾਉਂਦੇ ਹਨ।

ਸਭ ਤੋਂ ਪਹਿਲਾਂ, ਰਿਪੋਰਟ ਵਿੱਚ ਪ੍ਰਜਨਨ ਦਰ ਦੇ ਘਟਣ ਦਾ ਮੁੱਖ ਕਾਰਨ ਬਦਲਦੀ ਜੀਵਨਸ਼ੈਲੀ ਨੂੰ ਦੱਸਿਆ ਗਿਆ ਹੈ। ਅੱਜ ਦੇ ਦੌਰ ਵਿੱਚ ਪੰਜਾਬ ਦੇ ਲੋਕ, ਖਾਸ ਕਰਕੇ ਸ਼ਹਿਰੀ ਖੇਤਰਾਂ ਵਿੱਚ, ਵਧਦੇ ਸ਼ਹਿਰੀਕਰਨ ਦੇ ਨਾਲ-ਨਾਲ ਆਰਥਿਕ ਅਤੇ ਸਮਾਜਿਕ ਦਬਾਅ ਦਾ ਸਾਹਮਣਾ ਕਰ ਰਹੇ ਹਨ। ਔਰਤਾਂ ਵਿੱਚ ਸਿੱਖਿਆ ਦਾ ਪੱਧਰ ਵਧਣ ਨਾਲ ਉਹਨਾਂ ਦੀ ਕਾਰਜਸ਼ੀਲਤਾ ਵੀ ਵਧੀ ਹੈ। ਬਾਕੀ ਹਿਸਾ ਸਫ਼ਾ 9 ਤੇ ਪੜ੍ਹੋ →

**NEWS & VIEWS**

# CAN US PEACE PLAN FOR GAZA WORK?


Gurmukh Singh OBE

After Gaza peace talks with Israeli, President Trump and Prime Minister Benjamin Netanyahu hailed it as a major development. However, President Trump, while repeatedly praising himself for what he regards as a major breakthrough, sounded much more optimistic than PM Netanyahu who remained reluctant to recognize Palestine as a nation. To the impartial observer, their positions seemed to differ regarding the intended outcome.

PM Netanyahu remained as defiant as ever about withdrawing the Israeli military from Gaza and there was no mention of Israeli illegal settlements in West Bank part of Palestine. There is massive increase in armed violence by Israeli settlers in the West Bank. The UN recorded 1,800 attacks on Palestinian communities since 1 January 2024. The language used by Netanyahu at the press conference and the pre-conditions he has set, are unlikely to be acceptable to Hamas and many Arab states.

The 20-point plan proposes release of all hostages by Hamas, surrender by Hamas, end to Israeli military operations and the immediate delivery of aid to Gaza. The plan includes *a board of peace* led by Trump to implement the plan. Both, Netanyahu and Hamas could have difficulty selling this plan to extremists on their sides.

One positive sign is that the plan is a shift by the Trump administration which has moved closer to the position of the Arab and European countries. The wording is intentionally vague, for example, about Palestinian self-rule, to sell it to Arab nations and Israel. That is a calculated risk regarding its final success because, as yet, Israel is not accepting self-rule for Palestine. That means that while this plan is a basis for negotiations, they are likely to be prolonged. That will not be good news for the people of Gaza facing much suffering.

To remind ourselves of the background: On 7 October, 2023, Hamas terrorists crossed Ghaza-Irael border and killed about 1,200 Israelis and took more than 250 hostages. This provoked the Israeli military invasion of Gaza in which thousands of Gaza people have been killed in the full glare of global media. The suffering of children and women is unbearable to watch on our TV screens. Israel has been mercilessly bombing Gaza for nearly two years.

More recently, Israel forces launched a new offensive and are now in the process of demolishing Gaza City. Only a few days ago Netanyahu saw no end to the war when he addressed the UNGA when many delegates walked out. Israel has never been more isolated in the world than at present. Regrettably, there are global consequences of which the Jewish community is well aware. Like the rest of the world, despite the horrendous Hamas terrorism of October 7, many Jews are against the present genocide going on in Gaza in full glare of the world media. Netanyahu has dismissed the UN commission findings that Israel has committed genocide in Gaza. Most observers agree that there is a widening gap between Israel and the international community. As Yair Golan, Israel Democrats Leader, mentioned, Israel is fast becoming a pariah state.

Israeli military action against Hamas has become wholly disproportionate to the original act of terrorism by Hamas and the ongoing blackmail of holding Israeli hostages. Most recently, UK, France and Canada have condemned the aid blockade by Israel.

The issue before the civilised world is whether the root causes of the Irael-Palestine conflict are being addressed to work out lasting peace solutions. The US peace plan gives some hope.

**Gurmukh Singh OBE**, Ret'd Principal Civil Servant (UK) sewauk2005@yahoo.co.uk

# ਕੀ ਇਜ਼ਰਾਈਲ ਤੇ ਹਮਾਸ ਦਰਮਿਆਨ ਜੰਗ ਰੁਕੇਗੀ

## ✪ ਨੇਤਨਯਾਹੂ ਨੇ ਕੀ ਅਮਰੀਕੀ ਯੋਜਨਾ ਨੂੰ ਹਾਂ ਪੱਖੀ ਹੁੰਗਾਰਾ ਦਿੱਤਾ



ਵਾਸ਼ਿੰਗਟਨ-ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਜ਼ਰਾਈਲੀ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਨਾਲ ਵਾਈਟ ਹਾਊਸ ਵਿੱਚ ਬੀਤੇ ਮੰਗਲਵਾਰ ਨੂੰ ਮੀਟਿੰਗ ਕੀਤੀ ਸੀ, ਜਿੱਥੇ ਉਨ੍ਹਾਂ ਨੇ ਗਾਜ਼ਾ ਵਿੱਚ ਜੰਗ ਖਤਮ ਕਰਨ ਲਈ 20-ਨੁਕਤੀ ਅਮਰੀਕੀ ਯੋਜਨਾ ਨੂੰ ਐਲਾਨਿਆ ਸੀ। ਨੇਤਨਯਾਹੂ ਨੇ ਇਸ ਯੋਜਨਾ ਨੂੰ ਪੂਰੀ ਤਰ੍ਹਾਂ ਸਮਰਥਨ ਦਿੱਤਾ ਹੈ। ਟਰੰਪ ਨੇ ਕਿਹਾ ਕਿ ਉਹ "ਬਹੁਤ ਨੇੜੇ" ਹਨ ਅਤੇ ਜੇਕਰ ਹਮਾਸ ਨੇ ਇਸ ਨੂੰ ਸਵੀਕਾਰ ਕੀਤਾ ਤਾਂ ਜੰਗ ਤੁਰੰਤ ਖਤਮ ਹੋ ਜਾਵੇਗੀ। ਨੇਤਨਯਾਹੂ ਨੇ ਕਿਹਾ, "ਮੈਂ ਤੁਹਾਡੀ ਯੋਜਨਾ ਨੂੰ ਸਮਰਥਨ ਦਿੰਦਾ ਹਾਂ, ਜੋ ਸਾਡੇ ਜੰਗੀ ਟੀਚਿਆਂ ਨੂੰ ਪੂਰਾ ਕਰਦੀ ਹੈ।" ਇਹ ਯੋਜਨਾ ਹਮਾਸ ਨੂੰ ਬੇਅਸਰ ਕਰਨ, ਬੰਧਕਾਂ ਨੂੰ ਰਿਹਾਅ ਕਰਨ ਅਤੇ ਗਾਜ਼ਾ ਵਿੱਚ ਅੰਤਰਰਾਸ਼ਟਰੀ ਸ਼ਾਸਨ ਸਥਾਪਤ ਕਰਨ 'ਤੇ ਜ਼ੋਰ ਦਿੰਦੀ ਹੈ।

### ਯੋਜਨਾ ਦੀਆਂ ਮੁੱਖ ਸ਼ਰਤਾਂ ਕੀ ਹਨ ?

ਟਰੰਪ ਦੀ 20-ਨੁਕਤੀ ਯੋਜਨਾ ਅਨੁਸਾਰ ਇਜ਼ਰਾਈਲੀ ਫੌਜਾਂ ਗਾਜ਼ਾ ਤੋਂ ਚੱਲੀਆਂ ਜਾਣਗੀਆਂ। ਹਮਾਸ ਨੂੰ ਇਜ਼ਰਾਈਲ ਵੱਲੋਂ ਯੋਜਨਾ ਸਵੀਕਾਰ ਕਰਨ ਤੋਂ 72 ਘੰਟਿਆਂ ਅੰਦਰ ਸਾਰੇ ਬੰਧਕਾਂ ਨੂੰ ਰਿਹਾਅ ਕਰਨਾ ਪਵੇਗਾ। ਬਦਲੇ ਵਿੱਚ ਇਜ਼ਰਾਈਲ 2,000 ਤੋਂ ਵੱਧ ਫਿਲਸਤੀਨੀ ਕੈਦੀਆਂ ਨੂੰ ਰਿਹਾਅ ਕਰੇਗਾ। ਹਮਾਸ ਨੂੰ ਗਾਜ਼ਾ ਵਿੱਚ ਸ਼ਾਸਨ ਤੋਂ ਬਾਹਰ ਰਹਿਣਾ ਪਵੇਗਾ। ਗਾਜ਼ਾ ਵਿੱਚ ਇੱਕ ਅਸਥਾਈ ਟੈਕਨੋਕਰੈਟਿਕ ਸਰਕਾਰ ਬਣੇਗੀ, ਜਿਸ ਦੀ ਅਗਵਾਈ ਟਰੰਪ ਕਰਨਗੇ ਅਤੇ ਸਾਬਕਾ ਬਰਤਾਨੀਆਈ ਪੀਐੱਮ ਟੋਨੀ ਬਲੇਅਰ ਵੀ ਸ਼ਾਮਲ ਹੋਣਗੇ। ਯੂਐੱਨ ਅਤੇ ਅਰਬ ਦੇਸ਼ਾਂ ਵੱਲੋਂ ਨਿਗਰਾਨੀ ਹੇਠ ਪੂਰੀ ਆਰਥਿਕ ਸਹਾਇਤਾ ਜਾਵੇਗੀ। ਗਾਜ਼ਾ ਨੂੰ "ਡੀ-ਰੈਡੀਕਲਾਈਜ਼ਡ ਟੈਰਰ-ਫ੍ਰੀ ਜ਼ੋਨ" ਬਣਾਇਆ ਜਾਵੇਗਾ । ਕੋਈ ਵੀ ਵਿਅਕਤੀ ਗਾਜ਼ਾ ਛੱਡਣ ਲਈ ਮਜਬੂਰ ਨਹੀਂ ਕੀਤਾ ਜਾਵੇਗਾ।

### ਕੀ ਹਮਾਸ ਈਰਾਨ ਪ੍ਰਵਾਨ ਕਰੇਗਾ ਇਹ ਸ਼ਰਤਾਂ ?

ਹਮਾਸ ਨੇ ਅਜੇ ਤੱਕ ਯੋਜਨਾ ਨੂੰ ਅਧਿਕਾਰਤ ਤੌਰ 'ਤੇ ਨਹੀਂ ਵੇਖਿਆ ਅਤੇ ਨਾ ਹੀ ਕੋਈ ਜਵਾਬ ਦਿੱਤਾ ਹੈ। ਕਤਰ ਅਤੇ ਮਿਸਰ ਦੇ ਵਿੱਚੋਂ ਵਿੱਚੋਂ ਹਮਾਸ ਨੂੰ ਯੋਜਨਾ ਦੱਸੀ ਗਈ ਹੈ, ਅਤੇ ਉਹ ਇਸ ਨੂੰ "ਚੰਗੀ ਨੀਅਤ ਨਾਲ" ਵੇਖ ਰਹੇ ਹਨ। ਪਰ ਵਿਸ਼ਲੇਸ਼ਕਾਂ ਅਨੁਸਾਰ, ਹਮਾਸ ਲਈ ਇਹ ਯੋਜਨਾ ਕਠਿਨ ਹੈ, ਕਿਉਂਕਿ ਉਹ ਗਾਜ਼ਾ ਤੋਂ ਬਾਹਰ ਹੋਣ ਨੂੰ ਨਹੀਂ ਮੰਨੇਗਾ। ਟਰੰਪ ਨੇ ਚੇਤਾਵਨੀ ਦਿੱਤੀ ਕਿ ਜੇਕਰ ਹਮਾਸ ਨੇ ਨਾ ਕਿਹਾ ਤਾਂ ਇਜ਼ਰਾਈਲ ਨੂੰ "ਪੂਰਾ ਸਮਰਥਨ" ਹੋਵੇਗਾ ਹਮਾਸ ਨੂੰ ਖਤਮ ਕਰਨ ਲਈ। ਈਰਾਨ, ਜੋ ਹਮਾਸ ਦਾ ਸਮਰਥਕ ਹੈ, ਨੇ ਅਜੇ ਚੁੱਪੀ ਅਪਣਾਈ ਹੈ, ਪਰ ਪਹਿਲਾਂ ਵੀ ਅਜਿਹੀਆਂ ਯੋਜਨਾਵਾਂ ਨੂੰ ਰੱਦ ਕੀਤਾ ਹੈ।

### ਵਿਸ਼ਵ ਦੀਆਂ ਅਖਬਾਰਾਂ ਕੀ ਕਹਿ ਰਹੀਆਂ ਹਨ ?

ਵਿਸ਼ਵ ਦੀਆਂ ਵੱਡੀਆਂ ਅਖਬਾਰਾਂ ਨੇ ਟਰੰਪ ਦੀ ਯੋਜਨਾ ਨੂੰ ਵਿਸ਼ੇਸ਼ ਕਵਰੇਜ ਦਿੱਤੀ ਹੈ। ਨਿਊਯਾਰਕ ਟਾਈਮਜ਼ ਨੇ ਲਿਖਿਆ ਕਿ ਇਹ "ਇਤਿਹਾਸਕ ਕਦਮ" ਹੈ ਪਰ ਹਮਾਸ ਨੂੰ ਸਵੀਕਾਰ ਕਰਨਾ ਮੁਸ਼ਕਲ ਹੈ, ਅਤੇ ਇਹ ਫਿਲਸਤੀਨੀ ਰਾਜ ਲਈ ਰਾਹ ਖੋਲ੍ਹ ਸਕਦੀ ਹੈ। ਰਾਇਟਰਜ਼ ਨੇ ਕਿਹਾ ਕਿ ਨੇਤਨਯਾਹੂ ਦੀ ਹਾਂ ਨਾਲ ਯੋਜਨਾ ਅੱਗੇ ਵਧੀ ਪਰ ਹਮਾਸ ਦੀ ਗੈਰਹਾਜ਼ਰੀ ਸਵਾਲ ਉਠਾਉਂਦੀ ਹੈ। ਅਲ ਜਜ਼ੀਰਾ ਨੇ ਨਿੰਦਾ ਕੀਤੀ ਕਿ ਇਹ ਹਮਾਸ ਨੂੰ ਖਤਮ ਕਰਨ ਵਾਲੀ ਯੋਜਨਾ ਹੈ ਅਤੇ ਗਾਜ਼ਾ ਨੂੰ ਕਬਜ਼ੇ ਵਾਲਾ ਬਣਾਏਗੀ। ਬੀਬੀਸੀ ਨੇ ਲਿਖਿਆ ਕਿ ਅਰਬ ਰਾਸ਼ਟਰਾਂ ਨੇ ਸਵਾਗਤ ਕੀਤਾ ਪਰ ਯੂਰਪੀਅਨ ਲੀਡਰਾਂ ਨੇ ਫਿਲਸਤੀਨੀ ਰਾਜ ਲਈ ਦਬਾਅ ਵਧਾਇਆ। ਗਾਰਡੀਅਨ ਨੇ ਕਿਹਾ ਕਿ ਯੋਜਨਾ ਵਿੱਚ ਬੰਧਕ ਰਿਹਾਈ ਚੰਗੀ ਹੈ ਪਰ ਲੰਮੇ ਸਮੇਂ ਵਾਲੇ ਸ਼ਾਸਨ ਬਾਰੇ ਅਸਪਸ਼ਟਤਾ ਹੈ।

## ਭਾਈ ਸੰਦੀਪ ਸਿੰਘ ਸੰਨੀ ਨੂੰ ਅਕਾਲੀ ਦਲ (ਵਾਰਿਸ ਪੰਜਾਬ ਦੇ) ਵਲੋਂ ਤਰਨ ਤਾਰਨ ਉਪ ਚੋਣ ਲਈ ਟਿਕਟ ਦੀ ਪੇਸ਼ਕਸ਼



ਅੰਮ੍ਰਿਤਸਰ-ਅਕਾਲੀ ਦਲ (ਵਾਰਿਸ ਪੰਜਾਬ ਦੇ) ਜਥੇਬੰਦੀ ਵਲੋਂ ਜਲਦ ਹੋਣ ਜਾ ਰਹੀ ਤਰਨ ਤਾਰਨ ਉਪ ਚੋਣ ਲਈ ਸੁਧੀਰ ਸੂਰੀ ਹੱਤਿਆ ਮਮਾਲੇ ਵਿਚ ਜੇਲ੍ਹ ਵਿਚ ਨਜ਼ਰਬੰਦ ਸਿੱਖ ਨੌਜਵਾਨ ਭਾਈ ਸੰਦੀਪ ਸਿੰਘ ਸੰਨੀ ਨੂੰ ਚੋਣ ਲੜਨ ਦੀ ਪੇਸ਼ਕਸ਼ ਕੀਤੀ ਗਈ ਹੈ। ਜਥੇਬੰਦੀ ਦੇ ਮੁਖੀ ਅਤੇ ਹਲਕਾ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਭਾਈ ਅੰਮਿਬਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ ਅਤੇ ਪਾਰਟੀ ਆਗੂ ਪਰਮਜੀਤ ਸਿੰਘ ਜੌਹਲ ਨੇ ਕਿਹਾ ਕਿ ਜੇਕਰ ਬੀਬੀ ਪਰਮਜੀਤ ਕੌਰ ਖਾਲੜਾ ਨੇ ਤਰਨ ਤਾਰਨ ਚੋਣ ਨਾ ਲੜੀ ਤਾਂ ਪਾਰਟੀ ਵਲੋਂ ਇਹ ਸੀਟ ਭਾਈ ਸੰਨ੍ਹੀ ਜਾਂ ਉਨ੍ਹਾਂ ਦੇ ਕਿਸੇ ਪਰਿਵਾਰਕ ਮੈਂਬਰ ਨੂੰ ਦਿੱਤੀ ਜਾ ਸਕਦੀ ਹੈ ਅਤੇ ਉਹ ਇਸ ਸੰਬੰਧੀ ਭਾਈ ਸੰਨੀ ਦੇ ਪਰਿਵਾਰ ਨਾਲ ਮੁਲਾਕਾਤ ਵੀ ਕਰ ਰਹੇ ਹਨ। ਉਨ੍ਹਾਂ ਭਾਈ ਸੰਨ੍ਹੀ 'ਤੇ ਜੇਲ੍ਹ 'ਚ ਤਸ਼ੱਦਦ ਦੀ ਨਿੰਦਾ ਵੀ ਕੀਤੀ।

## ਅਕਾਲੀ ਦਲ ਵਿਚੋਂ ਜਗਦੀਪ ਸਿੰਘ ਚੀਮਾ ਨੂੰ ਕੱਢਿਆ ਬਾਹਰ



ਫਤਿਹਗੜ੍ਹ ਸਾਹਿਬ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਜ਼ਿਲ੍ਹਾ ਸੰਗਠਨ ਅਤੇ ਹੋਰ ਸੀਨੀਅਰ ਆਗੂਆਂ ਵਲੋਂ ਪਾਰਟੀ ਦੇ ਸੀਨੀਅਰ ਆਗੂ ਜਗਦੀਪ ਸਿੰਘ ਚੀਮਾ ਦੀਆਂ ਪਾਰਟੀ ਵਿਰੋਧੀ ਗਤੀਵਿਧੀਆਂ ਬਾਰੇ ਦਿੱਤੀ ਗਈ ਰਿਪੋਰਟ ਦਾ ਗੰਭੀਰ ਨੋਟਿਸ ਲਿਆ ਅਤੇ ਪਾਰਟੀ ਹਾਈਕਮਾਨ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਉਨ੍ਹਾਂ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਕੱਢਣ ਦਾ ਫ਼ੈਸਲਾ ਕੀਤਾ ਹੈ।

## ਦੋ ਵਿਦੇਸ਼ੀ ਪਿਸਤੌਲ ਤੇ ਅੱਧਾ ਕਿੱਲੋ ਅਫੀਮ ਸਣੇ ਤਿੰਨ ਮੁਲਜ਼ਮ ਗ੍ਰਿਫ਼ਤਾਰ

ਅੰਮ੍ਰਿਤਸਰ-ਅੰਮ੍ਰਿਤਸਰ (ਦਿਹਾਤੀ) ਪੁਲਿਸ ਦੇ ਸਪੈਸ਼ਲ ਸੈੱਲ ਨੇ ਬੀਤੇ ਦਿਨੀਂ ਨਸ਼ਾ ਤਸਕਰੀ ਕਰਨ ਵਾਲੇ ਗਿਰੋਹ ਦੇ ਤਿੰਨ ਮੈਂਬਰਾਂ ਪਿੰਡ ਚੀਮਾ ਕਲਾਂ ਦੇ ਰਹਿਣ ਵਾਲੇ ਸਾਹਿਲਪ੍ਰੀਤ ਸਿੰਘ, ਹੁਸਨਦੀਪ ਸਿੰਘ ਅਤੇ ਪਿੰਡ ਸਰਾਏ ਅਮਾਨਤ ਖਾਂ ਦੇ ਰਹਿਣ ਵਾਲੇ ਕਰਨਬੀਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕੋਲੋਂ 532 ਗ੍ਰਾਮ ਅਫੀਮ, ਦੋ ਵਿਦੇਸ਼ੀ ਪਿਸਤੌਲ, ਚਾਰ ਮੋਬਾਈਲ ਫੋਨ ਅਤੇ ਇਕ ਮੋਟਰਸਾਈਕਲ ਬਰਾਮਦ ਕੀਤਾ ਗਿਆ ਹੈ।

## ਪੰਜਾਬ ਵਿੱਚ ਪ੍ਰਜਨਨ ਦਰ ਦੇ ਨਿਘਾਰ

### 8 ਸਫ਼ੇ ਦੀ ਬਾਕੀ

ਇੱਕ ਪਾਸੇ ਇਹ ਸਕਾਰਾਤਮਕ ਬਦਲਾਅ ਹੈ, ਪਰ ਇਸ ਨਾਲ ਪਰਿਵਾਰ ਸੁਰੱਖਿਅਤ ਕਰਨ ਦੀ ਉਮਰ ਵਿੱਚ ਵੀ ਵਾਧਾ ਹੋਇਆ ਹੈ। ਔਰਤਾਂ ਹੁਣ ਪਹਿਲਾਂ ਨਾਲੋਂ ਵੱਧ ਸਮਾਂ ਆਪਣੇ ਕਰੀਅਰ ਅਤੇ ਵਿੱਦਿਅਕ ਟੀਚਿਆਂ ਨੂੰ ਦੇ ਰਹੀਆਂ ਹਨ, ਜਿਸ ਕਾਰਨ ਵਿਆਹ ਅਤੇ ਬੱਚੇ ਪੈਦਾ ਕਰਨ ਦੀ ਉਮਰ ਵਧ ਰਹੀ ਹੈ। ਡਾਕਟਰਾਂ ਅਤੇ ਮਾਹਿਰਾਂ ਦੀ ਰਾਇ ਅਨੁਸਾਰ, ਵਧਦੀ ਉਮਰ ਪ੍ਰਜਨਨ ਸਮਰੱਥਾ 'ਤੇ ਮਾੜਾ ਅਸਰ ਪਾਉਂਦੀ ਹੈ। ਇਸ ਤੋਂ ਇਲਾਵਾ, ਸ਼ਹਿਰੀ ਜੀਵਨ ਦੀ ਭੱਜ-ਦੌੜ, ਮਾਨਸਿਕ ਤਣਾਅ, ਅਤੇ ਅਸਿਹਤਮੰਦ ਖੁਰਾਕ ਵੀ ਪ੍ਰਜਨਨ ਸਿਹਤ ਨੂੰ ਪ੍ਰਭਾਵਿਤ ਕਰ ਰਹੇ ਹਨ। ਡਾਕਟਰ ਇਹ ਵੀ ਕਹਿੰਦੇ ਹਨ ਕਿ ਜਾਗਰੂਕਤਾ ਦੀ ਕਮੀ ਅਤੇ ਸਮੇਂ ਸਿਰ ਇਲਾਜ ਨਾ ਕਰਵਾਉਣਾ ਵੀ ਪ੍ਰਜਨਨ ਸਮੱਸਿਆਵਾਂ ਦਾ ਕਾਰਨ ਬਣ ਰਿਹਾ ਹੈ। ਦਿਹਾਤੀ ਖੇਤਰਾਂ ਵਿੱਚ, ਹਾਲਾਂਕਿ ਸਿੱਖਿਆ ਅਤੇ ਸਿਹਤ ਸਹੂਲਤਾਂ ਵਿੱਚ ਸੁਧਾਰ ਹੋਇਆ ਹੈ, ਪਰ ਆਰਥਿਕ ਮਜਬੂਰੀਆਂ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਕਾਰਨ ਵੀ ਬਹੁਤ ਸਾਰੇ ਜੋੜੇ ਛੋਟੇ ਪਰਿਵਾਰ ਨੂੰ ਤਰਜੀਹ ਦੇ ਰਹੇ ਹਨ। ਇਸ ਤੋਂ ਇਲਾਵਾ, ਸਮਾਜਿਕ ਤਬਦੀਲੀਆਂ ਵੀ ਇੱਕ ਵੱਡਾ ਕਾਰਨ ਹਨ। ਅੱਜ ਦੀ ਪੀੜ੍ਹੀ ਵਿੱਚ ਬੱਚਿਆਂ ਦੀ ਪਰਵਰਿਸ਼ ਦੀ ਵਧਦੀ ਲਾਗਤ ਅਤੇ ਜੀਵਨ ਦੇ ਵਧ ਰਹੇ ਖਰਚੇ ਲੋਕਾਂ ਨੂੰ ਵੱਡੇ ਪਰਿਵਾਰ ਤੋਂ ਰੋਕ ਰਹੇ ਹਨ। ਡਾਕਟਰਾਂ ਦਾ ਮੰਨਣਾ ਹੈ ਕਿ ਸਰਕਾਰ ਨੂੰ ਪ੍ਰਜਨਨ ਸਿਹਤ ਬਾਰੇ ਜਾਗਰੂਕਤਾ ਅਤੇ ਸਹੂਲਤਾਂ ਵਧਾਉਣ 'ਤੇ ਜ਼ੋਰ ਦੇਣਾ ਚਾਹੀਦਾ। ਸਿੱਖਿਆ ਅਤੇ ਕਰੀਅਰ ਦੇ ਨਾਲ-ਨਾਲ ਪਰਿਵਾਰਕ ਜੀਵਨ ਨੂੰ ਸੰਤੁਲਿਤ ਕਰਨ ਲਈ ਵੀ ਨੀਤੀਆਂ ਬਣਾਉਣ ਦੀ ਲੋੜ ਹੈ।

ਇਹ ਨਿਘਾਰ ਸਿਰਫ ਅੰਕੜਿਆਂ ਦੀ ਗੱਲ ਨਹੀਂ, ਸਗੋਂ ਸਮਾਜ ਦੀ ਭਵਿੱਖੀ ਬਣਤਰ ਨਾਲ ਜੁੜਿਆ ਮਸਲਾ ਹੈ। ਜੇਕਰ ਸਮੇਂ ਸਿਰ ਧਿਆਨ ਨਾ ਦਿੱਤਾ ਗਿਆ, ਤਾਂ ਅਬਾਦੀ ਦੀ ਘਟਦੀ ਦਰ ਅਤੇ ਵਧਦੀ ਬੁਢਾਪੇ ਦੀ ਅਬਾਦੀ ਪੰਜਾਬ ਦੀ ਆਰਥਿਕ ਅਤੇ ਸਮਾਜਿਕ ਸਥਿਤੀ ਨੂੰ ਹੋਰ ਗੰਭੀਰ ਕਰ ਸਕਦੀ ਹੈ। ਸਰਕਾਰ, ਸਮਾਜ ਅਤੇ ਵਿਅਕਤੀਗਤ ਪੱਧਰ 'ਤੇ ਸਾਂਝੇ ਯਤਨਾਂ ਨਾਲ ਹੀ ਇਸ ਸਮੱਸਿਆ ਦਾ ਹੱਲ ਕੱਢਿਆ ਜਾ ਸਕਦਾ ਹੈ।

-ਰਜਿੰਦਰ ਸਿੰਘ ਪੁਰੇਵਾਲ

# ਸ਼ੇਰ ਗਰੁੱਪ ਦੇ ਹਮਾਇਤੀਆਂ ਤੇ ਸਹਿਯੋਗੀਆਂ ਵੱਲੋਂ ਸੈਂਟਰ ਵਿਖੇ ਵੱਡਾ ਇਕੱਠ ਕਰਕੇ ਸਾਊਥਾਲ ਦੀਆਂ ਸੰਗਤਾਂ ਨੂੰ ਵੋਟਾਂ ਪਾਉਣ ਦੀ ਅਪੀਲ



ਸ਼ੇਰ ਗਰੁੱਪ ਦੇ ਮੈਂਬਰ ਅਤੇ ਸਮਰਥਕ ਪੋਸਟਰ ਜਾਰੀ ਕਰਦੇ ਹੋਏ

ਸਾਊਥਾਲ - (ਮਨਪ੍ਰੀਤ ਸਿੰਘ ਬੱਧਨੀ ਕਲਾਂ) - ਯੂ ਕੇ ਵਿੱਚ ਸਿੱਖ ਸਿਆਸਤ ਦਾ ਧੁਰਾ ਮੰਨੇ ਜਾਂਦੇ ਵੱਡੇ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ, ਗੁਰੂ ਨਾਨਕ ਰੋਡ, ਸਾਊਥਾਲ ਦੀ ਨਵੀਂ ਕਮੇਟੀ ਚੁਣਨ ਲਈ ਜਿਵੇਂ-ਜਿਵੇਂ ਚੋਣਾਂ ਦਾ ਦਿਨ 5 ਅਕਤੂਬਰ 2025 ਨੇੜੇ ਆ ਰਿਹਾ ਹੈ ਮੈਦਾਨ ਵਿੱਚ ਡਟੇ ਹੋਏ ਦੋਵੇਂ ਗਰੁੱਪਾਂ ਦੀਆਂ ਗਤੀਵਿਧੀਆਂ ਤੇਜ਼ ਹੋਈ ਜਾ ਰਹੀਆਂ ਹਨ ।

ਬੀਤੇ ਦਿਨੀਂ ਸ਼ੇਰ ਗਰੁੱਪ ਦੇ ਹਮਾਇਤੀਆਂ, ਸਮਰਥਕਾਂ ਅਤੇ ਮੈਂਬਰਾਂ ਵੱਲੋਂ 'ਦਾ ਸੈਂਟਰ' ਸਾਊਥਾਲ ਵਿਖੇ ਇੱਕ ਵੱਡਾ ਇਕੱਠ ਕੀਤਾ ਗਿਆ । ਇਸ ਵਿੱਚ ਗਰੁੱਪ ਦੇ ਆਗੂ ਸ: ਗੁਰਮੇਲ ਸਿੰਘ ਮੱਲੀ ਨੇ ਆਪਣੇ ਹਮਾਇਤੀਆਂ ਅਤੇ ਸ਼ੁੱਭ ਚਿੰਤਕਾਂ ਨੂੰ ਸ਼ੇਰ ਗਰੁੱਪ ਦੀਆਂ ਬੀਤੇ ਸਮੇਂ ਦੀਆਂ ਪ੍ਰਾਪਤੀਆਂ ਅਤੇ ਅਹਿਮ ਕੰਮਾਂ ਬਾਰੇ ਜਾਣਕਾਰੀ ਦਿੱਤੀ । ਇਸੇ ਤਰ੍ਹਾਂ ਸ਼ੇਰ ਗਰੁੱਪ ਦੇ ਚੇਅਰਮੈਨ ਸ: ਦੀਦਾਰ ਸਿੰਘ ਰੰਧਾਵਾ ਨੇ ਵੀ ਸਾਊਥਾਲ ਦੀਆਂ ਸੰਗਤਾਂ ਨੂੰ ਸ਼ੇਰ ਗਰੁੱਪ ਦੇ ਕੰਮਾਂ ਬਾਰੇ ਜਾਣੂ ਕਰਵਾਇਆ ।

ਸੰਗਤਾਂ ਨੂੰ ਦੱਸਿਆ ਗਿਆ ਕਿ ਕਿਵੇਂ ਖਾਲਸਾ ਪ੍ਰਾਇਮਰੀ ਸਕੂਲ ਦੀ ਸਥਾਪਨਾ ਤੋਂ ਸ਼ੁਰੂ ਹੋ ਕੇ ਪਾਰਕ ਐਵੇਨਿਊ ਵਿਖੇ ਵੱਡੀਆਂ ਥਾਂਵਾਂ ਖਰੀਦੀਆਂ ਗਈਆਂ । ਸ਼ੇਰ ਗਰੁੱਪ ਦੇ ਬੀਤੇ ਸਮੇਂ ਦੇ ਸੇਵਾ ਕਾਲ ਦੌਰਾਨ ਹੋਰ ਵੀ ਜੋ ਬਹੁਤ ਸਾਰੀਆਂ ਸੇਵਾਵਾਂ ਕੀਤੀਆਂ ਗਈਆਂ ਅਤੇ ਅਹਿਮ ਪ੍ਰਾਪਤੀਆਂ ਬਾਰੇ ਦੱਸਿਆ ਅਤੇ ਸਿੰਘ ਸਭਾ ਦੇ ਭਵਿੱਖ ਸਬੰਧੀ ਨਵੀਂਆਂ ਯੋਜਨਾਵਾਂ ਬਾਰੇ ਵੀ ਜਾਣੂ ਕਰਵਾਇਆ ਗਿਆ ।

ਇਸ ਮੌਕੇ ਸ਼ੇਰ ਗਰੁੱਪ ਦੇ ਆਗੂਆਂ ਸ: ਦੀਦਾਰ ਸਿੰਘ ਰੰਧਾਵਾ ਅਤੇ ਗੁਰਮੇਲ ਸਿੰਘ ਮੱਲੀ ਨੇ ਸਾਊਥਾਲ ਦੀਆਂ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਹੇਠਾਂ ਦਿੱਤੇ ਸਾਰੇ ਸੇਵਾਦਾਰਾਂ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਗੁਰੂ ਘਰ ਦੀ ਸੇਵਾ ਸੌਂਪਣ ਦੀ ਅਪੀਲ ਕੀਤੀ ਹੈ। ਸ਼ੇਰ ਗਰੁੱਪ ਵੱਲੋਂ ਗੁਰਮੇਲ ਸਿੰਘ ਮੱਲੀ, ਹਰਜੀਤ ਸਿੰਘ, ਸੁਰਿੰਦਰ ਸਿੰਘ ਢੱਟ, ਗੁਰਬਚਨ ਸਿੰਘ ਅਠਵਾਲ, ਬਲਜਿੰਦਰ ਸਿੰਘ ਹੰਸਰਾ, ਸੁਰਜੀਤ ਕੌਰ ਬਾਸੀ, ਕਮਲਪ੍ਰੀਤ ਕੌਰ, ਕਿਰਨਜੀਤ ਕੌਰ, ਸ਼ਰਨਬੀਰ ਸਿੰਘ ਮੁਨ ਸੰਘਾ, ਜੈ ਸਿਮਰਨ ਸਿੰਘ, ਮਨਜੀਤ ਸਿੰਘ, ਸਤਨਾਮ ਸਿੰਘ ਚੌਹਾਨ, ਜਸਵੰਤ ਸਿੰਘ ਮੰਡ, ਕੇਵਲ ਸਿੰਘ ਰਣਦੇਵਾ, ਗੁਰਦੀਪ ਸਿੰਘ, ਜੋਗਿੰਦਰ ਸਿੰਘ, ਇਸ਼ਟਮੀਤ ਸਿੰਘ ਫੁੱਲ, ਅਜਮੇਰ ਸਿੰਘ ਵਿਰਦੀ, ਪਰਮਜੀਤ ਸਿੰਘ ਧਾਲੀਵਾਲ, ਅਮਰੀਕ ਸਿੰਘ, ਗੁਲਜ਼ਾਰ ਸਿੰਘ ਚਤਰੱਥ ਉਮੀਦਵਾਰ ਹਨ ਜਿਹਨਾਂ ਦਾ ਚੋਣ ਨਿਸ਼ਾਨ ਸ਼ੇਰ ਹੈ।

# ਸੱਤ ਸਾਲ ਪੁਰਾਣੇ ਕੇਸ ਵਿਚ ਖਾਲਿਸਤਾਨੀ ਆਗੂ ਬਲਜੀਤ ਸਿੰਘ ਭਾਊ ਬਰੀ



ਅੰਬਾਲਾ-ਇਥੋਂ ਦੀ ਇੱਕ ਅਦਾਲਤ ਨੇ ਪਿੰਡ ਕੁਰਲੀ ਜ਼ਿਲ੍ਹਾ ਮੁਹਾਲੀ ਨਿਵਾਸੀ ਬਲਜੀਤ ਸਿੰਘ ਉਰਫ਼ ਭਾਊ ਨੂੰ 7 ਸਾਲ ਪੁਰਾਣੇ ਕੇਸ ਵਿੱਚ ਬਰੀ ਕਰ ਦਿੱਤਾ ਹੈ।ਇਸ ਸਬੰਧੀ ਮਾਮਲਾ ਅੰਬਾਲਾ ਸ਼ਹਿਰ ਵਿੱਚ ਦਰਜ ਹੋਇਆ ਸੀ। ਧਾਰਾ 279, 337, 338 ਅਧੀਨ ਦਰਜ ਇਸ ਕੇਸ ਵਿੱਚ ਇਕ ਸੜਕ ਹਾਦਸੇ ਦਾ ਜ਼ਿਕਰ ਸੀ। ਇਹ ਕੇਸ ਲਗਾਤਾਰ 7 ਸਾਲ ਤੱਕ ਚੱਲਦਾ ਰਿਹਾ। ਕਰੋਨਾ ਮਹਾਮਾਰੀ ਦੌਰਾਨ ਲਗਪਗ ਡੇਢ ਸਾਲ ਤੱਕ ਕੋਈ ਸੁਣਵਾਈ ਨਹੀਂ ਹੋ ਸਕੀ।

ਇਸ ਤੋਂ ਬਾਅਦ ਵੀ 6-6 ਮਹੀਨੇ ਦੀਆਂ ਤਰੀਕਾਂ ਪੈਂਦੀਆਂ ਰਹੀਆਂ। ਆਖ਼ਰਕਾਰ 19 ਸਤੰਬਰ 2025 ਨੂੰ ਸਾਰੇ ਗਵਾਹਾਂ ਦੇ ਬਿਆਨ ਦਰਜ ਹੋਣ ਮਗਰੋਂ ਫਾਈਲ ਬੰਦ ਹੋ ਗਈ। 26 ਸਤੰਬਰ 2025 ਨੂੰ ਸਰਕਾਰੀ ਵਕੀਲ ਅਤੇ ਬਲਜੀਤ ਸਿੰਘ ਦੇ ਵਕੀਲ ਐਡਵੋਕੇਟ ਰਜਿੰਦਰ ਸਿੰਘ ਦੀਆਂ ਦਲੀਲਾਂ ਸੁਣਨ ਮਗਰੋਂ ਅਦਾਲਤ ਨੇ ਭਾਊ ਦੇ ਹੱਕ ਵਿੱਚ ਫੈਸਲਾ ਸੁਣਾਉਂਦੇ ਹੋਏ ਉਸ ਨੂੰ ਬਾ-ਇੱਜ਼ਤ ਬਰੀ ਕਰ ਦਿੱਤਾ। ਬਲਜੀਤ ਸਿੰਘ ਭਾਊ ਇੱਕ ਖਾਲਿਸਤਾਨੀ ਆਗੂ ਹੈ , ਉਹ ਸਿੱਖ ਸੰਘਰਸ਼ ਦੌਰਾਨ ਲਗਪਗ 12-13 ਸਾਲ ਜੇਲ੍ਹਾਂ ਵਿੱਚ ਕੱਟ ਚੁੱਕਿਆ ਹੈ ਅਤੇ 2015 ਵਿੱਚ ਤਿਹਾੜ ਜੇਲ੍ਹ ਵਿੱਚੋਂ ਸਾਰੇ ਕੇਸਾਂ 'ਚੋਂ ਬਰੀ ਹੋ ਕੇ ਆਪਣੇ ਪਿੰਡ ਵਾਪਸ ਆ ਗਿਆ ਸੀ। ਉਸ ਤੋਂ ਬਾਅਦ ਉਹ ਪੂਰੀ ਤਰ੍ਹਾਂ ਸਮਾਜ ਸੇਵਾ ਵਿੱਚ ਜੁਟ ਗਿਆ। ਕਿਸਾਨ ਅੰਦੋਲਨ ਦੌਰਾਨ ਭਾਊ ਨੇ ਕਿਸਾਨ ਯੂਨੀਅਨ ਲੱਖੋਵਾਲ ਨਾਲ ਮਿਲ ਕੇ ਲੰਬਾ ਸਮਾਂ ਸੇਵਾ ਨਿਭਾਈ। ਇਸ ਵੇਲੇ ਭਾਊ ਪਿਛਲੇ ਤਿੰਨ ਸਾਲ ਤੋਂ ਚੰਡੀਗੜ੍ਹ-ਮੁਹਾਲੀ ਬਾਰਡਰ 'ਤੇ ਕੌਮੀ ਇਨਸਾਫ ਮੋਰਚੇ ਵਿੱਚ ਲਗਾਤਾਰ ਸੇਵਾ ਨਿਭਾ ਰਿਹਾ ਹੈ।

# ਪਿੰਡ ਭੱਗੂਪੁਰ ਵਿਚ ਡਰਗ ਸਮਗਲਰ ਦਾ ਘਰ ਢਾਹਿਆ

## ✪ ਸਮਗਲਰ ਮਲੂਕ ਸਿੰਘ ਤੇ ਉਸ ਦੇ ਪੁੱਤਰਾਂ ਖਿਲਾਫ਼ 24 ਮਾਮਲੇ ਦਰਜ



ਅਜਨਾਲਾ-ਜ਼ਿਲ੍ਹਾ ਪ੍ਰਸ਼ਾਸਨ ਤੇ ਅੰਮ੍ਰਿਤਸਰ ਦਿਹਾਤੀ ਪੁਲਿਸ ਵੱਲੋਂ ਹਲਕਾ ਰਾਜਾਸਾਂਸੀ ਦੇ ਪਿੰਡ ਭੱਗੂਪੁਰ ਵਿਖੇ ਨਸ਼ਾ ਤਸਕਰ ਮਲੂਕ ਸਿੰਘ ਪੁੱਤਰ ਜੋਗਿੰਦਰ ਸਿੰਘ ਦਾ ਘਰ ਢਾਹ ਦਿੱਤਾ ਗਿਆ। ਜ਼ਿਲ੍ਹਾ ਪੁਲਿਸ ਮੁਖੀ ਮਨਿੰਦਰ ਸਿੰਘ ਨੇ ਦੱਸਿਆ ਕਿ ਮਲੂਕ ਸਿੰਘ ਅਤੇ ਉਸ ਦੇ ਪੁੱਤਰ ਸਤਬੀਰ ਸਿੰਘ ਉਰਫ਼ ਸੋਨੂ ਤੇ ਰਣਜੀਤ ਸਿੰਘ ਪਿਛਲੇ ਲੰਮੇ ਸਮੇਂ ਤੋਂ ਨਸ਼ਿਆਂ ਦਾ ਕਾਰੋਬਾਰ ਕਰ ਰਹੇ ਹਨ। ਇਨ੍ਹਾਂ ਖਿਲਾਫ਼ ਹੁਣ ਤੱਕ 24 ਮਾਮਲੇ ਐਨ ਡੀ ਪੀ ਐਸ ਐਕਟ ਤਹਿਤ ਦਰਜ ਹਨ।

ਐੱਸਪੀ ਨੇ ਕਿਹਾ ਕਿ ਇਹ ਪਰਿਵਾਰ ਪਿੰਡ ਦੀ ਛੱਪੜ ਦੀ ਜ਼ਮੀਨ 'ਤੇ ਗੈਰ-ਕਾਨੂੰਨੀ ਤੌਰ 'ਤੇ ਮਕਾਨ ਬਣਾ ਕੇ ਰਹਿ ਰਿਹਾ ਸੀ। ਪਿੰਡ ਵਾਸੀਆਂ ਨੇ ਬੀਡੀਪੀਓ ਦਫ਼ਤਰ ਨੂੰ ਲਿਖਤੀ ਸ਼ਿਕਾਇਤ ਕੀਤੀ, ਜਿਸ ਉਪਰੰਤ ਬੀਡੀਪੀਓ ਨੇ ਰਿਪੋਰਟ ਤਿਆਰ ਕਰ ਕੇ ਪੁਲਿਸ ਪ੍ਰਸ਼ਾਸਨ ਨੂੰ ਭੇਜੀ ਤੇ ਇਹ ਉਸਾਰੀ ਢਾਹੁਣ ਦੀ ਮੰਗ ਕੀਤੀ। ਬੀਡੀਪੀਓ ਦਫਤਰ ਨੇ ਪੁਲਿਸ ਟੀਮ ਨਾਲ ਉਸਾਰੀ ਨੂੰ ਢਾਹ ਕੇ ਜ਼ਮੀਨ ਦਾ ਕਬਜ਼ਾ ਪੰਚਾਇਤ ਦੇ ਹਵਾਲੇ ਕਰ ਦਿੱਤਾ। ਐੱਸਪੀ ਅਦਿੱਤਿਆ ਵਾਰੀਅਰ ਨੇ ਕਿਹਾ ਕਿ ਮਲੂਕ ਸਿੰਘ ਅਤੇ ਉਸ ਦੇ ਪੁੱਤਰ ਇਸ ਸਮੇਂ ਫਰਾਰ ਹਨ, ਪਰ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਛਾਪੇ ਮਾਰੀ ਜਾਰੀ ਹੈ। ਉਨ੍ਹਾਂ ਨੇ ਕਿਹਾ ਕਿ ਪਿਛਲੇ 7-8 ਸਾਲਾਂ ਤੋਂ ਇਹ ਪਰਿਵਾਰ ਨਸ਼ਿਆਂ ਦੇ ਕਾਰੋਬਾਰ ਨਾਲ ਜੁੜਿਆ ਹੋਇਆ ਸੀ।

# ਬਟਾਲਾ ਪੁਲਿਸ ਵਲੋਂ ਅਬੂ ਧਾਬੀ ਤੋਂ ਬੱਬਰ ਖਾਲਸਾ ਦਾ ਪਿੰਦੀ ਗ੍ਰਿਫਤਾਰ

## ✪ ਪੰਜਾਬ ਪੁਲਿਸ ਤੋਂ ਹੋ ਚੁੱਕਾ ਸਸਪੈਂਡ



ਬਟਾਲਾ-ਬਟਾਲਾ ਪੁਲਿਸ ਨੇ ਵੱਡੀ ਕਾਰਵਾਈ ਕਰਦਿਆਂ ਕੇਂਦਰੀ ਏਜੰਸੀਆਂ ਦੇ ਨਜ਼ਦੀਕੀ ਤਾਲਮੇਲ ਅਤੇ ਸਹਾਇਤਾ ਨਾਲ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਪਰਮਿੰਦਰ ਸਿੰਘ ਪਿੰਡੀ ਨੂੰ ਅਬੂ ਧਾਬੀ ਤੋਂ ਭਾਰਤ ਲਿਆਂਦਾ ਗਿਆ ਹੈ। ਪਿੰਡੀ ਵਿਦੇਸ਼ੀ-ਅਧਾਰਤ ਗੈਂਗਸਟਰ ਹਰਵਿੰਦਰ ਸਿੰਘ ਰਿੰਦਾ ਅਤੇ ਹੈਪੀ ਪਸ਼ੀਆ ਦਾ ਨਜ਼ਦੀਕੀ ਸਹਿਯੋਗੀ ਹੈ ਅਤੇ ਬਟਾਲਾ-ਗੁਰਦਾਸਪੁਰ ਖੇਤਰ ਵਿੱਚ ਪੈਟਰੋਲ ਬੰਬ ਹਮਲੇ, ਹਿੰਸਕ ਹਮਲੇ ਅਤੇ ਜਬਰੀ ਵਸੂਲੀ ਸਮੇਤ ਕਈ ਘਿਨਾਉਣੇ ਅਪਰਾਧਾਂ ਵਿੱਚ ਸ਼ਾਮਲ ਹੈ। ਐੱਸਐਸਪੀ ਬਟਾਲਾ ਨੇ ਦੱਸਿਆ ਕਿ ਪਰਮਿੰਦਰ ਸਿੰਘ ਪਿੰਦੀ ਪਹਿਲਾਂ ਪੰਜਾਬ ਪੁਲਿਸ ਵਿਚ ਨੌਕਰੀ ਕਰਦਾ ਸੀ ਅਤੇ ਫਿਰ ਸਮਾਜ ਵਿਰੋਧੀ ਕਾਰਵਾਈਆਂ ਵਿਚ ਭਾਗ ਲੈਣ ਲੈਣ ਪਿਆ ਜਿਸ ਕਾਰਨ ਉਸ ਨੂੰ ਨੌਕਰੀ ਤੋਂ ਡਿਸਮਿਸ ਕਰ ਦਿੱਤਾ ਗਿਆ ਸੀ। ਉਹਨਾਂ ਦੱਸਿਆ ਕਿ ਪਿੰਦੀ ਦੀ ਪਤਨੀ ਵੀ ਪੰਜਾਬ ਪੁਲਿਸ ਵਿਚ ਨੌਕਰੀ ਕਰਦੀ ਹੈ।

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ ਚੋਣਾਂ 5 ਅਕਤੂਬਰ ਨੂੰ
## ਸ਼ੋਸ਼ਲ ਮੀਡੀਆ ਤੇ ਇੱਕ ਦੂਜੇ ਵਿਰੁੱਧ ਦੂਸ਼ਣਬਾਜ਼ੀਆਂ ਤੋਂ ਸੰਗਤਾਂ ਪ੍ਰੇਸ਼ਾਨ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਪ੍ਰਬੰਧਕ ਕਮੇਟੀ ਲਈ ਚੋਣਾਂ 5 ਅਕਤੂਬਰ ਨੂੰ ਹੋ ਰਹੀਆਂ ਹਨ। ਜਿਸ ਲਈ ਦੋ ਗਰੁੱਪਾਂ ਸ਼ੇਰ ਗਰੁੱਪ ਅਤੇ ਪੰਥਕ ਗਰੁੱਪ ਦੇ 42 ਉਮੀਦਵਾਰ ਮੈਦਾਨ ਵਿੱਚ ਹਨ। ਜਿਹਨਾਂ ਵਿੱਚੋਂ ਸ਼ੇਰ ਗਰੁੱਪ ਦੀ ਅਗਵਾਈ ਸ: ਗੁਰਮੇਲ ਸਿੰਘ ਮੱਲੀ ਕਰ ਰਹੇ ਹਨ ਅਤੇ ਪੰਥਕ ਗਰੁੱਪ ਦੀ ਅਗਵਾਈ ਸ: ਹਿੰਮਤ ਸਿੰਘ ਸੋਹੀ ਕਰ ਰਹੇ ਹਨ। ਇਸ ਮੌਕੇ ਚੋਣਾਂ ਤੋਂ ਪਹਿਲਾਂ ਦੋਵੇਂ ਪਾਰਟੀਆਂ ਵੱਲੋਂ ਇੱਕ ਦੂਜੇ ਤੇ ਦੂਸ਼ਣਬਾਜ਼ੀਆਂ ਲਗਾਈਆਂ ਜਾ ਰਹੀਆਂ ਹਨ। ਇਥੋਂ ਤੱਕ ਕੇ ਸ਼ੋਸ਼ਲ ਮੀਡੀਆ ਤੇ ਨਕਲੀ ਨਾਵਾਂ ਤੇ ਬਣੇ ਗਰੁੱਪਾਂ ਰਾਹੀਂ ਉਮੀਦਵਾਰਾਂ ਦੀ ਕਿਰਦਾਰਕੁਸ਼ੀ ਕੀਤੀ ਜਾ ਰਹੀ ਹੈ, ਜਿਸ ਨੂੰ ਲੈ ਕੇ ਸੰਗਤਾਂ 'ਚ ਭਾਰੀ ਨਿਰਾਸ਼ਾ ਪਾਈ ਜਾ ਰਹੀ ਹੈ।**

ਸ਼ੇਰ ਗਰੁੱਪ ਵੱਲੋਂ 2022 ਦੀ ਚੋਣ ਮੌਕੇ ਸਭਾ ਦੇ ਅਕਾਉਂਟ ਵਿੱਚ 22 ਲੱਖ ਪੌਂਡ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਸੀ ਜਦ ਕਿ ਪੰਥਕ ਗਰੁੱਪ ਵੱਲੋਂ ਅਕਾਉਂਟ ਵਿੱਚ ਸਿਰਫ 9 ਲੱਖ ਪੌਂਡ ਦੇ ਕਰੀਬ ਹੋਣ ਦੀ ਗੱਲ ਕਹੀ ਜਾ ਰਹੀ ਹੈ। ਇਸ ਤੋਂ ਇਲਾਵਾ ਦੋਵੇਂ ਧਿਰਾਂ ਪੈਸੇ ਦੇ ਹਿਸਾਬ ਕਿਤਾਬ ਨੂੰ ਲੈ ਕੇ ਵੀ ਜਿੱਥੇ ਇੱਕ ਦੂਜੇ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਰਹੀਆਂ ਹਨ। ਬੀਤੇ ਕੱਲ ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਅਤੇ ਪੰਥਕ ਗਰੁੱਪ ਦੇ ਹਮਾਇਤੀ ਹਰਮੀਤ ਸਿੰਘ ਗਿੱਲ ਨੇ ਕਿਹਾ ਹੈ ਕਿ ਉਹਨਾਂ ਨੂੰ ਫੋਨ ਰਾਹੀਂ ਧਮਕੀਆਂ ਮਿਲੀਆਂ ਹਨ, ਜਿਸ ਦੀ ਪੁਲਿਸ ਕੋਲ ਸ਼ਿਕਾਇਤ ਕੀਤੀ ਗਈ ਹੈ। ਸ਼ੇਰ ਗਰੁੱਪ ਦੇ ਆਗੂ ਸ: ਗੁਰਮੇਲ ਸਿੰਘ ਮੱਲੀ ਨੇ ਵੀ ਇਸ ਧਮਕੀ ਦੀ ਸਖ਼ਤ ਨਿੰਦਾ ਕੀਤੀ ਹੈ। ਜਿਕਰਯੋਗ ਹੈ ਕਿ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਖਾਲਸਾ ਪ੍ਰਾਇਮਰੀ ਸਕੂਲ ਵਿਖੇ ਸਵੇਰੇ 8 ਵਜੇ ਤੋਂ ਸ਼ਾਮੀ 8 ਵਜੇ ਤੱਕ ਪੈਣਗੀਆਂ।



ਗੁਰਮੇਲ ਸਿੰਘ ਮੱਲੀ ਅਤੇ ਹਿੰਮਤ ਸਿੰਘ ਸੋਹੀ

ਸ਼ੇਰ ਗਰੁੱਪ ਵੱਲੋਂ ਗੁਰਮੇਲ ਸਿੰਘ ਮੱਲੀ, ਹਰਜੀਤ ਸਿੰਘ, ਸੁਰਿੰਦਰ ਸਿੰਘ ਢੱਟ, ਗੁਰਬਚਨ ਸਿੰਘ ਅਠਵਾਲ, ਬਲਜਿੰਦਰ ਸਿੰਘ ਹੰਸਰਾ, ਸੁਰਜੀਤ ਕੌਰ ਬਾਸੀ, ਕਮਲਪ੍ਰੀਤ ਕੌਰ, ਕਿਰਨਜੀਤ ਕੌਰ, ਸ਼ਰਨਬੀਰ ਸਿੰਘ ਮੂਨ ਸੰਘਾ, ਜੈ ਸਿਮਰਨ ਸਿੰਘ, ਮਨਜੀਤ ਸਿੰਘ, ਸਤਨਾਮ ਸਿੰਘ ਚੋਹਾਨ, ਜਸਵੰਤ ਸਿੰਘ ਮੰਡ, ਕੇਵਲ ਸਿੰਘ ਰਣਦੇਵਾ, ਗੁਰਦੀਪ ਸਿੰਘ, ਜੋਗਿੰਦਰ ਸਿੰਘ, ਇਸ਼ਟਮੀਤ ਸਿੰਘ ਫੁੱਲ, ਅਜਮੇਰ ਸਿੰਘ ਵਿਰਦੀ, ਪਰਮਜੀਤ ਸਿੰਘ ਧਾਲੀਵਾਲ, ਅਮਰੀਕ ਸਿੰਘ, ਗੁਲਜ਼ਾਰ ਸਿੰਘ ਚਤਰੱਥ ਅਤੇ ਪੰਥਕ ਗਰੁੱਪ ਵੱਲੋਂ ਹਿੰਮਤ ਸਿੰਘ ਸੋਹੀ, ਕੁਲਵੰਤ ਸਿੰਘ ਭਿੰਡਰ, ਗੁਰਸਿਮਰਨ ਸਿੰਘ ਬਾਜਵਾ, ਨਵਰਾਜ ਸਿੰਘ ਚੀਮਾ, ਬਲਜਿੰਦਰ ਸਿੰਘ ਢਿਲੋਂ, ਸੁਰਜੀਤ ਸਿੰਘ ਦੁਸਾਂਝ, ਪ੍ਰਵਿੰਦਰ ਸਿੰਘ ਗਰਚਾ, ਸੁਖਦੀਪ ਸਿੰਘ ਗਿੱਲ, ਹਰਜੋਤ ਕੌਰ ਗਿੱਲ, ਤੇਜ ਕੌਰ ਗਰੇਵਾਲ, ਮਨਜੀਤ ਸਿੰਘ ਜੌਹਲ, ਮਨਸੁੱਖਬੀਰ ਸਿੰਘ ਜੌਹਲ, ਹਰਬੰਸ ਸਿੰਘ ਕਲਸੀ, ਹਰਕਿਰਨ ਕੌਰ ਕੇਲਾ, ਦਵਿੰਦਰਪਾਲ ਸਿੰਘ ਕੂਨਰ, ਜਗਦੀਸ਼ ਕੌਰ ਲਾਲ, ਹਰਜੀਤ ਸਿੰਘ ਪੋਨੈਚ, ਕਰਨਵੀਰ ਸਿੰਘ ਰਾਏ, ਬਰਿੰਦਰਜੀਤ ਕੌਰ ਸੰਧੂ, ਦਵਿੰਦਰ ਸਿੰਘ ਅਤੇ ਜਤਿੰਦਰਪਾਲ ਸਿੰਘ ਵਿਰਕ ਉਮੀਦਵਾਰ ਹਨ।

# ਸਿੱਖ ਫੈਡਰੇਸ਼ਨ ਯੂ ਕੇ ਦੀ 41 ਸਾਲਾਨਾ ਕਨਵੈਨਸ਼ਨ ਵਿੱਚ ਸੰਗਤਾਂ ਦਾ ਵੱਡਾ ਇਕੱਠ
## ਸਿੱਖ ਫੈਡਰੇਸ਼ਨ ਯੂ ਕੇ ਜੇ ਸਿੱਖ ਪਹਿਚਾਣ ਦੀ ਲੜਾਈ ਯੂ ਕੇ ਵਿੱਚ ਅਤੇ ਸਿੱਖਾਂ ਦੀ ਅਜ਼ਾਦੀ ਦੀ ਲੜਾਈ ਲੜ ਰਹੀ ਹੈ-ਬੁਲਾਰੇ





ਸਿੱਖ ਕਨਵੈਨਸ਼ਨ ਵਿੱਚ ਭਾਈ ਪ੍ਰਮਜੀਤ ਸਿੰਘ ਮੰਡ, ਭਾਈ ਮਨਿੰਦਰ ਸਿੰਘ ਅਤੇ ਭਾਈ ਪ੍ਰਭਜੋਤ ਸਿੰਘ ਦਾ ਸਨਮਾਨ ਕਰਦੇ ਹੋਏ ਸਿੱਖ ਆਗੂ ਅਤੇ ਸੰਗਤਾਂ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਫੈਡਰੇਸ਼ਨ ਯੂ ਕੇ ਦੀ 41 ਸਾਲਾਨਾ ਅੰਤਰਰਾਸ਼ਟਰੀ ਸਿੱਖ ਕਨਵੈਨਸ਼ਨ ਗੁਰੂ ਨਾਨਕ ਗੁਰਦੁਆਰਾ ਸੈਜ਼ਲੀ ਸਟਰੀਟ ਵੁਲਵਰਹੈਂਪਟਨ ਵਿਖੇ ਹੋਈ ਜਿਸ ਵਿੱਚ ਜਿੱਥੇ ਦੇਸ਼ ਵਿਦੇਸ਼ ਤੋਂ ਸਿੱਖ ਆਗੂਆਂ ਨੇ ਸ਼ਿਰਕਤ ਕੀਤੀ ਉੱਥੇ ਹੀ ਯੂ ਕੇ ਅਤੇ ਯੂਰਪ ਤੋਂ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਹਾਜ਼ਰੀ ਭਰੀ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਭਾਈ ਜਸਪਾਲ ਸਿੰਘ ਨਿੱਝਰ ਨੇ ਜੀ ਆਇਆਂ ਕਿਹਾ। ਕਨਵੈਨਸ਼ਨ ਦੀ ਸ਼ੁਰੂਆਤ ਮੌਕੇ ਪੰਚ ਪ੍ਰਧਾਨੀ ਦੇ ਪ੍ਰਧਾਨ ਜਤਿੰਦਰ ਸਿੰਘ ਬਾਸੀ ਨੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਮੌਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ।***

ਭਾਈ ਕੁਲਦੀਪ ਸਿੰਘ ਦਿਓਲ ਨੇ ਕਿਹਾ ਕਿ 1984 ਘੱਲੂਘਾਰੇ ਵਿੱਚ ਬਰਤਾਨੀਆ ਦੀ ਭੂਮਿਕਾ ਦੀ ਨਿਰਪੱਖ ਜਾਂਚ ਦੀ ਮੰਗ ਨੂੰ ਲੈ ਕੇ ਸੰਸਦ ਮੈਂਬਰਾਂ, ਯੂ ਕੇ ਦੇ ਗੁਰਦੁਆਰਿਆਂ, ਸੰਸਥਾਵਾਂ, ਸਿੱਖ ਫੈਡਰੇਸ਼ਨ ਯੂ ਕੇ ਵੱਲੋਂ ਲਗਾਤਾਰ ਸਰਕਾਰ ਦਬਾਅ ਪਾਇਆ ਜਾ ਰਿਹਾ ਹੈ। ਪੰਜਾਬ ਤੋਂ ਆਏ ਦਲ ਖਾਲਸਾ ਦੇ ਆਗੂ ਭਾਈ ਪਰਮਜੀਤ ਸਿੰਘ ਮੰਡ ਨੇ ਪੰਜਾਬ ਦੀ ਅਜੋਕੀ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਸਥਿਤੀ ਬਾਬਤ ਜਾਣਕਾਰੀ ਦਿੰਦਿਆਂ ਕਿਹਾ ਕਿ ਜੋ ਮਰਜ਼ੀ ਕਰ ਲਵੋ ਪਰ ਆਪਣੇ ਮੁਲਕ ਤੋਂ ਬਿਨਾਂ ਗੁਜ਼ਾਰਾ ਨਹੀਂ। ਪੰਜਾਬ ਵਿੱਚ ਵੀ ਅਜ਼ਾਦੀ ਦੀ ਲੜਾਈ ਲੜੀ ਜਾ ਰਹੀ ਹੈ। ਪਰ ਆਪਸ ਵਿੱਚ ਸਬੰਧ ਰੱਖੀਏ। ਉਨ੍ਹਾਂ ਕਿਹਾ ਕਿ ਹਰ ਪ੍ਰੀਵਾਰ ਵਿੱਚ ਘੱਟੋ-ਘੱਟ ਤਿੰਨ ਬੱਚੇ ਜਰੂਰ ਹੋਣ।

ਜਸਪਾਲ ਸਿੰਘ ਕੰਗ ਨੇ ਜੱਗੀ ਦੀ ਰਿਹਾਈ ਅਤੇ ਵਾਪਸੀ, ਸੁਖਵਿੰਦਰ ਸਿੰਘ ਨੇ ਯੂ ਕੇ ਵਿੱਚ ਅੰਤਰ-ਰਾਸ਼ਟਰੀ ਦਮਨ, ਭਾਈ ਅਵਤਾਰ ਸਿੰਘ ਖੰਡਾ ਦੀ ਸ਼ਹੀਦੀ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਬਾਰੇ ਚਾਨਣਾ ਪਾਇਆ। ਜਸਵਿੰਦਰ ਸਿੰਘ ਨੇ ਕਿਹਾ ਕਿ ਸਿੱਖਾਂ ਵਿਰੁੱਧ ਵੱਧ ਰਹੇ ਨਸਲੀ ਹਿੰਸਾ, ਸਿੱਖ ਬੀਬੀ ਨਾਲ ਕੀਤੀ ਬਦਸਲੂਕੀ ਅਤੇ ਬਜ਼ੁਰਗਾਂ ਤੇ ਹਮਲਿਆਂ ਸਬੰਧੀ ਪੁਲਿਸ ਨਾਕਾਮੀ ਬਿਆਨ ਕੀਤੀ। ਭਾਈ ਦਬਿੰਦਰਜੀਤ ਸਿੰਘ ਨੇ ਫੈਡਰੇਸ਼ਨ ਦੀਆਂ ਪ੍ਰਾਪਤੀਆਂ ਦਾ ਵੇਰਵਾ ਦਿੱਤਾ ਅਤੇ ਸਿੱਖ ਰਾਜ ਦੀਆਂ ਨਿਸ਼ਾਨੀਆਂ ਨੂੰ ਸਿੱਖਾਂ ਨੂੰ ਹੀ ਸੌਂਪਿਆ ਜਾਵੇ ਦੀ ਮੰਗ ਨੂੰ ਮੁੜ ਦੁਹਰਾਇਆ। ਰਣਨੀਤੀ ਬੋਰਡ ਦੇ ਚੇਅਰਮੈਨ ਭਾਈ ਅਮਰੀਕ ਸਿੰਘ ਗਿੱਲ ਨੇ ਸਿੱਖਾਂ ਨਾਲ ਹੋ ਰਹੀਆਂ ਵਧੀਕੀਆਂ ਵਿਰੁੱਧ ਨੌਜਵਾਨਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ।

ਇਸ ਤੋਂ ਇਲਾਵਾ ਭਾਈ ਮਨਿੰਦਰ ਸਿੰਘ, ਭਾਈ ਪ੍ਰਭਜੋਤ ਸਿੰਘ, ਜਰਨੈਲ ਸਿੰਘ (ਜਰਮਨੀ), ਬਲਬੀਰ ਕੌਰ, ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਕੁਲਵੰਤ ਸਿੰਘ ਮੁਠੱਡਾ, ਸੁਲੱਖਣ ਸਿੰਘ ਨੇ ਸੰਬੋਧਨ ਕੀਤਾ ਅਤੇ ਜਰਨੈਲ ਸਿੰਘ ਨੇ ਨਵੇਂ ਢਾਂਚੇ ਦਾ ਐਲਾਨ ਕੀਤਾ। ਅਖੀਰ ਵਿੱਚ ਭਾਈ ਹਰਦੀਸ਼ ਸਿੰਘ ਨੇ ਸਭਨਾਂ ਦਾ ਧੰਨਵਾਦ ਕੀਤਾ।

# ਪ੍ਰਸਿੱਧ ਸ਼ਾਇਰ ਵਿਸ਼ਾਲ ਦਾ ਯੂ ਕੇ ਵਿੱਚ ਸਨਮਾਨ



ਲੰਡਨ : (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬ ਤੋਂ ਇੰਗਲੈਂਡ ਦੇ ਸਾਹਿਤਕ ਦੌਰੇ 'ਤੇ ਆਏ ਜਾਣੇ-ਪਛਾਣੇ ਲੇਖਕ ਵਿਸ਼ਾਲ ਦਾ ਭਰਵਾਂ ਸੁਆਗਤ ਕੀਤਾ ਗਿਆ । ਸ਼ਾਇਰ ਅਜ਼ੀਮ ਸ਼ੇਖਰ ਦੇ ਗ੍ਰਹਿ ਵਿਖੇ ਇੱਕ ਵਿਸ਼ੇਸ਼ ਬੈਠਕ ਦੌਰਾਨ ਵਿਸ਼ਾਲ ਨਾਲ ਵਰਤਮਾਨ ਦੌਰ ਵਿੱਚ ਪੰਜਾਬੀ ਸਾਹਿਤ ਦੇ ਸਰੋਕਾਰਾਂ ਸੰਬੰਧੀ ਭਰਵੀਂ ਚਰਚਾ ਹੋਈ । ਛਪ ਰਹੇ ਪੰਜਾਬੀ ਰਸਾਲਿਆਂ ਅਤੇ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਬਾਰੇ ਗੱਲਬਾਤ ਹੋਈ । ਨਾਵਲਕਾਰ ਹਰਜੀਤ ਅਟਵਾਲ, ਮਹਿੰਦਰ ਪਾਲ ਧਾਲੀਵਾਲ, ਕੁਲਵੰਤ ਕੌਰ ਢਿੱਲੋਂ, ਮਨਜੀਤ ਕੌਰ ਪੱਡਾ, ਪਰਮਜੀਤ ਸੰਧਾਵਾਲੀਆ, ਗੁਰਪ੍ਰੀਤ, ਰਘਬੀਰ ਸੰਧਾਵਾਲੀਆ, ਰਾਜਦੀਪ, ਅਜ਼ੀਮ ਸ਼ੇਖਰ ਅਤੇ ਹੋਰ ਦੋਸਤ ਵਿਚਾਰ - ਚਰਚਾ ਵਿੱਚ ਹਾਜ਼ਰ ਹੋਏ । ਰਸਾਲਾ 'ਮੰਤਵ' ਲੋਕ ਅਰਪਣ ਕੀਤਾ ਗਿਆ । ਸਮੂਹ ਲੇਖਕਾਂ ਵੱਲੋਂ ਵਿਸ਼ਾਲ ਨੂੰ ਇੱਕ ਯਾਦਗਾਰੀ ਚਿੰਨ੍ਹ ਵੀ ਭੇਂਟ ਕੀਤਾ ਗਿਆ ।

# ਜਥੇਦਾਰ ਗੜਗੱਜ ਨੇ ਭਾਈ ਹਵਾਰਾ ਦੀ ਮਾਤਾ ਦਾ ਜਾਣਿਆ ਹਾਲ

## ✪ ਕੇਂਦਰ ਸਰਕਾਰ ਨੂੰ ਭਾਈ ਹਵਾਰਾ ਦੀ ਜਮਾਨਤ ਦੀ ਕੀਤੀ ਅਪੀਲ



ਸ੍ਰੀ ਫ਼ਤਹਿਗੜ੍ਹ ਸਾਹਿਬ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬੰਦੀ ਸਿੰਘ ਜਗਤਾਰ ਸਿੰਘ ਹਵਾਰਾ ਜੋ ਕਿ ਤਿਹਾੜ ਜੇਲ੍ਹ ਵਿੱਚ ਨਜ਼ਰਬੰਦ ਹਨ, ਉਨ੍ਹਾਂ ਦੇ ਬਜ਼ੁਰਗ ਮਾਤਾ ਬੀਬੀ ਨਰਿੰਦਰ ਕੌਰ ਜੀ ਨਾਲ ਉਨ੍ਹਾਂ ਦੇ ਗ੍ਰਹਿ ਪਿੰਡ ਹਵਾਰਾ ਪੁੱਜ ਕੇ ਵਿਸ਼ੇਸ਼ ਮੁਲਾਕਾਤ ਕੀਤੀ ਤੇ ਉਨ੍ਹਾਂ ਦੀ ਸਿਹਤ ਦਾ ਹਾਲ ਜਾਣਿਆ। ਇਸ ਮੌਕੇ ਜਥੇਦਾਰ ਗੜਗੱਜ ਨੇ ਭਾਰਤ ਸਰਕਾਰ ਨੂੰ ਆਖਿਆ ਕਿ ਮਨੁੱਖੀ ਅਧਿਕਾਰਾਂ ਤੇ ਕਦਰਾਂ ਕੀਮਤਾਂ ਨੂੰ ਧਿਆਨ ਵਿੱਚ ਰੱਖਦਿਆਂ ਜਗਤਾਰ ਸਿੰਘ ਹਵਾਰਾ ਦੀ ਉਨ੍ਹਾਂ ਦੇ ਬਜ਼ੁਰਗ ਮਾਤਾ ਬੀਬੀ ਨਰਿੰਦਰ ਕੌਰ ਜੀ ਨਾਲ ਮੁਲਾਕਾਤ ਕਰਵਾਉਣ ਲਈ ਉਨ੍ਹਾਂ ਨੂੰ ਵਕਤੀ ਜ਼ਮਾਨਤ ਦੇਵੇ।

ਉਨ੍ਹਾਂ ਕਿਹਾ ਕਿ ਜਗਤਾਰ ਸਿੰਘ ਹਵਾਰਾ ਪਿਛਲੇ ਲੰਮੇ ਸਮੇਂ ਤੋਂ ਜੇਲ੍ਹ ਵਿੱਚ ਨਜ਼ਰਬੰਦ ਹਨ ਅਤੇ ਉਨ੍ਹਾਂ ਦੇ ਮਾਤਾ ਬੀਬੀ ਨਰਿੰਦਰ ਕੌਰ ਜੀ ਦੀ ਸਿਹਤ ਕਾਫ਼ੀ ਢਿੱਲੀ ਹੈ। ਉਨ੍ਹਾਂ ਕਿਹਾ ਕਿ ਪਰਿਵਾਰ ਅਨੁਸਾਰ, ਮਾਤਾ ਜੀ ਦੀ ਯਾਦ ਸ਼ਕਤੀ ਕਾਫ਼ੀ ਕਮਜ਼ੋਰ ਪੈ ਚੁੱਕੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਵੇਲੇ ਇਹ ਅਤਿ ਜ਼ਰੂਰੀ ਹੈ ਕਿ ਸਰਕਾਰ ਨਿਆਂਪੂਰਨ ਪਹੁੰਚ ਅਪਣਾ ਕੇ ਲੰਮੇ ਸਮੇਂ ਤੋਂ ਇੱਕ ਦੂਜੇ ਨਾਲ ਮੁਲਾਕਾਤ ਲੋਚਦੇ ਬੀਬੀ ਨਰਿੰਦਰ ਕੌਰ ਤੇ ਉਨ੍ਹਾਂ ਦੇ ਪੁੱਤਰ ਜਗਤਾਰ ਸਿੰਘ ਹਵਾਰਾ ਦੀ ਮੁਲਾਕਾਤ ਕਰਵਾਏ।

ਜਥੇਦਾਰ ਗੜਗੱਜ ਨੇ ਕਿਹਾ ਕਿ ਹਵਾਰਾ ਦੇ ਪਰਿਵਾਰ ਵੱਲੋਂ ਭਾਰਤ ਸਰਕਾਰ ਪਾਸ ਉਨ੍ਹਾਂ ਦੇ ਵਕਤੀ ਜ਼ਮਾਨਤ ਲਈ ਜੋ ਵੀ ਅਰਜ਼ੀਆਂ ਦਿੱਤੀਆਂ ਗਈਆਂ ਹਨ, ਉਨ੍ਹਾਂ ਨੂੰ ਤੁਰੰਤ ਪ੍ਰਵਾਨ ਕਰਨਾ ਚਾਹੀਦਾ ਹੈ ਕਿਉਂਕਿ ਇਹ ਮਨੁੱਖੀ ਅਧਿਕਾਰਾਂ ਦਾ ਮਾਮਲਾ ਹੈ। ਉਨ੍ਹਾਂ ਕਿਹਾ ਕਿ ਅੱਜ ਜਦੋਂ ਸਾਰਾ ਦੇਸ਼ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ, ਜਿਨ੍ਹਾਂ ਨੇ ਮਨੁੱਖੀ ਅਧਿਕਾਰਾਂ ਤੇ ਧਾਰਮਿਕ ਅਜ਼ਾਦੀ ਲਈ ਸ਼ਹਾਦਤ ਦਿੱਤੀ, ਉਨ੍ਹਾਂ ਦੇ 350 ਸਾਲਾ ਸ਼ਹੀਦੀ ਸਾਕੇ ਨੂੰ ਮਨਾ ਰਿਹਾ ਹੈ ਤਾਂ ਅਜਿਹੇ ਸਮੇਂ ਉਨ੍ਹਾਂ ਦੇ ਸਿੱਖਾਂ ਦੇ ਹੱਕ ਹਕੂਕ ਸੁਰੱਖਿਅਤ ਰਹਿਣੇ ਚਾਹੀਦੇ ਹਨ।

# ਕੈਨੇਡਾ ਨੇ ਆਪਣੇ ਨਾਗਰਿਕਾਂ ਨੂੰ ਭਾਰਤ ਦੀ ਯਾਤਰਾ ਤੋਂ ਕੀਤਾ ਸਾਵਧਾਨ

## ✪ ਕੁਝ ਭਾਰਤੀ ਇਲਾਕਿਆਂ ਵਿਚ ਯਾਤਰਾ ਨਾ ਕਰਨ ਦੀ ਦਿੱਤੀ ਸਲਾਹ, ਪੰਜਾਬ ਵੀ ਸ਼ਾਮਲ

ਵਿਨੀਪੈਗ-ਕੈਨੇਡੀਅਨ ਸਰਕਾਰ ਨੇ ਆਪਣੇ ਨਾਗਰਿਕਾਂ ਲਈ ਇੱਕ ਨਵੀਂ ਐਡਵਾਇਜ਼ਰੀ ਜਾਰੀ ਕੀਤੀ ਹੈ। ਕੈਨੇਡਾ ਨੇ ਸਪੱਸ਼ਟ ਕੀਤਾ ਕਿ ਭਾਰਤ ਦੇ ਕੁਝ ਹਿੱਸਿਆਂ ਵਿੱਚ ਸੁਰੱਖਿਆ ਖ਼ਤਰੇ ਬਹੁਤ ਜ਼ਿਆਦਾ ਹਨ ਅਤੇ ਉੱਥੇ ਯਾਤਰਾ ਕਰਦੇ ਸਮੇਂ ਸਾਵਧਾਨੀ ਵਰਤਣੀ ਜ਼ਰੂਰੀ ਹੈ।

ਐਡਵਾਇਜ਼ਰੀ ਮੁਤਾਬਕ ਜੰਮੂ ਕਸ਼ਮੀਰ ਦੀ ਯਾਤਰਾ ਦੀ ਸਿਫ਼ਾਰਸ਼ ਨਹੀਂ ਕੀਤੀ ਜਾਂਦੀ, ਉੱਥੇ ਅਤਿਵਾਦ, ਬਗ਼ਾਵਤ ਅਤੇ ਸਿਵਲ ਅਸ਼ਾਂਤੀ ਦੇ ਖ਼ਤਰੇ ਹਨ। ਗਣਤੰਤਰ ਦਿਵਸ (26 ਜਨਵਰੀ), ਈਦ ਤੇ ਦੀਵਾਲੀ ਮੌਕੇ ਵਿਸ਼ੇਸ਼ ਤੌਰ 'ਤੇ ਚੌਕਸ ਰਹਿਣ ਲਈ ਕਿਹਾ ਗਿਆ ਹੈ।

ਉੱਤਰ-ਪੂਰਬੀ ਰਾਜਾਂ ਵਿੱਚੋਂ ਅਸਾਮ ਅਤੇ ਮਨੀਪੁਰ ਨੂੰ ਜੋਖ਼ਮ ਭਰੇ ਇਲਾਕੇ ਵਜੋਂ ਪਛਾਣਿਆ ਗਿਆ ਹੈ। ਅਤਿਵਾਦ ਅਤੇ ਬਗ਼ਾਵਤ ਕਾਰਨ ਇਨ੍ਹਾਂ ਖੇਤਰਾਂ ਵਿੱਚ ਗੈਰ-ਜ਼ਰੂਰੀ ਯਾਤਰਾ ਤੋਂ ਬਚਣ ਦੀ ਸਲਾਹ ਦਿੱਤੀ ਗਈ ਹੈ। ਭਾਰਤ-ਪਾਕਿਸਤਾਨ ਸਰਹੱਦ ਨੇੜਲੇ ਖੇਤਰ ਜਿਵੇਂ ਗੁਜਰਾਤ, ਪੰਜਾਬ ਅਤੇ ਰਾਜਸਥਾਨ ਨੂੰ ਵੀ ਖ਼ਤਰਨਾਕ ਮੰਨਿਆ ਜਾਂਦਾ ਹੈ।

ਦਿੱਲੀ ਅਤੇ ਗੋਆ ਵਿੱਚ ਖ਼ਾਸ ਕਰਕੇ ਔਰਤਾਂ ਨੂੰ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਭੀੜ ਤੋਂ ਦੂਰ ਰਹਿਣ ਅਤੇ ਚੌਕਸ ਰਹਿਣ। ਸਰਹੱਦ ਦੇ 10 ਕਿਲੋਮੀਟਰ ਦੇ ਅੰਦਰ ਯਾਤਰਾ ਕਰਨ ਖ਼ਿਲਾਫ਼ ਸਖ਼ਤ ਸਲਾਹ ਦਿੱਤੀ ਹੈ।

ਐਡਵਾਇਜ਼ਰੀ ਮੁਤਾਬਕ ਲੱਦਾਖ਼, ਕੇਰਲ ਅਤੇ ਅੰਡੇਮਾਨ ਵਰਗੇ ਖੇਤਰਾਂ ਨੂੰ ਸੁਰੱਖਿਅਤ ਮੰਨਿਆ ਗਿਆ ਹੈ।

ਮਾਮਲਾ ਗੁਰਦਾਸਪੁਰ ਵਿਚ ਘਰੇਲੂ ਪਤੀ ਪਤਨੀ ਦੇ ਝਗੜੇ ਦਾ

# ਪਤੀ ਨੇ ਪਤਨੀ ਦੇ ਘਰ ਜਾ ਕੇ ਬੱਚਿਆਂ ਨੂੰ ਕੀਤਾ ਅਗਵਾ

## ✪ ਪੁਲਿਸ ਨੇ ਫੁਟੇਜ ਦੇ ਆਧਾਰ 'ਤੇ ਕਾਰਵਾਈ ਸ਼ੁਰੂ ਕੀਤੀ



ਗੁਰਦਾਸਪੁਰ-ਬੀਤੇ ਦਿਨੀਂ ਸਵੇਰੇ ਤਰਨਤਾਰਨ ਦੇ ਕੁਝ ਲੋਕ ਸਾਧੂਚੱਕ ਪਿੰਡ ਦੇ ਇੱਕ ਘਰ ਵਿੱਚ ਦਾਖਲ ਹੋਏ ਅਤੇ ਦੋ ਬੱਚਿਆਂ ਨੂੰ ਜ਼ਬਰਦਸਤੀ ਅਗਵਾ ਕਰ ਲਿਆ। ਜਾਣਕਾਰੀ ਅਨੁਸਾਰ, ਔਰਤ ਦਿਲਪ੍ਰੀਤ ਕੌਰ ਦਾ ਵਿਆਹ ਤਰਨਤਾਰਨ ਦੇ ਰਹਿਣ ਵਾਲੇ ਮਨਦੀਪ ਸਿੰਘ ਔਲਖ ਨਾਲ ਹੋਇਆ ਸੀ। ਇਹ ਜੋੜਾ ਘਰੇਲੂ ਝਗੜੇ ਵਿੱਚ ਸ਼ਾਮਲ ਸੀ। ਉਸਦਾ ਪਤੀ ਆਪਣੇ ਦੋਸਤਾਂ ਨਾਲ ਮਿਲ ਕੇ ਉਸਦੇ ਸਹੁਰੇ ਘਰ ਵਿੱਚ ਦਾਖਲ ਹੋਇਆ ਅਤੇ ਬੱਚਿਆਂ ਨੂੰ ਅਗਵਾ ਕਰ ਲਿਆ। ਪਤਨੀ ਦਾ ਦਾਅਵਾ ਹੈ ਕਿ ਅਦਾਲਤ ਨੇ ਉਸਨੂੰ ਬੱਚਿਆਂ ਦੀ ਕਸਟਡੀ ਦੇ ਦਿੱਤੀ ਹੈ, ਪਰ ਉਸਦੇ ਪਤੀ ਨੇ ਉਨ੍ਹਾਂ ਨੂੰ ਜ਼ਬਰਦਸਤੀ ਅਗਵਾ ਕਰ ਲਿਆ। ਦਿਲਪ੍ਰੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦਾ ਦੋ ਸਾਲਾਂ ਤੋਂ ਘਰੇਲੂ ਝਗੜਾ ਚੱਲ ਰਿਹਾ ਹੈ। ਮਾਮਲਾ ਅਦਾਲਤ ਵਿੱਚ ਵਿਚਾਰ ਅਧੀਨ ਹੈ, ਅਤੇ ਅਦਾਲਤ ਨੇ ਉਸਨੂੰ ਬੱਚਿਆਂ ਦੀ ਕਸਟਡੀ ਦੇ ਦਿੱਤੀ ਹੈ। ਹਾਲਾਂਕਿ, ਉਸਦਾ ਪਤੀ ਅਤੇ ਉਸਦੇ ਸਾਥੀਆਂ ਨੇ ਉਸਦੇ ਘਰ ਵਿੱਚ ਦਾਖਲ ਹੋ ਕੇ ਭੰਨਤੋੜ ਕੀਤੀ। ਘਟਨਾ ਦੌਰਾਨ, ਦੋਸ਼ੀ ਉਸਦੇ ਦੋਵੇਂ ਬੱਚਿਆਂ ਨੂੰ ਜ਼ਬਰਦਸਤੀ ਚੁੱਕ ਕੇ ਲੈ ਗਏ। ਉਨ੍ਹਾਂ ਨੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਦੋਸ਼ੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਦਿਲਪ੍ਰੀਤ ਕੌਰ ਦੀ ਮਾਂ ਨੇ ਦੱਸਿਆ ਕਿ ਉਹ ਪੰਜਾਬ ਪੁਲਿਸ ਵਿੱਚ ਇੱਕ ਸੇਵਾਮੁਕਤ ਕਾਂਸਟੇਬਲ ਹੈ। ਉਸਦੀ ਧੀ ਦਾ ਵਿਆਹ ਤਰਨਤਾਰਨ ਵਿੱਚ ਹੋਇਆ ਸੀ। ਉਸਦਾ ਪਤੀ ਉਸਨੂੰ ਕੁੱਟਦਾ ਸੀ, ਜਿਸ ਕਾਰਨ ਉਸਦੀ ਧੀ ਹੁਣ ਉਨ੍ਹਾਂ ਨਾਲ ਰਹਿ ਰਹੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਸੀਸੀਟੀਵੀ ਫੁਟੇਜ ਜ਼ਬਤ ਕਰਕੇ ਜਾਂਚ ਕੀਤੀ ਜਾ ਰਹੀ ਹੈ।

# ਆਪਸੀ ਦੁਸ਼ਮਣੀ ਕਾਰਨ ਬਠਿੰਡਾ ਕੇਂਦਰੀ ਜੇਲ੍ਹ ਵਿਚ ਹੋਈ ਖ਼ੂਨੀ ਝੜਪ, ਚਾਰ ਕੈਦੀ ਜ਼ਖਮੀ



ਬਠਿੰਡਾ-ਕੇਂਦਰੀ ਜੇਲ੍ਹ ਬਠਿੰਡਾ ਵਿੱਚ ਕੈਦੀਆਂ ਦੇ ਦੋ ਗੁੱਟਾਂ ਵਿੱਚ ਆਪਸੀ ਦੁਸ਼ਮਣੀ ਕਾਰਨ ਲੜਾਈ ਹੋ ਗਈ। ਇਸ ਵਿੱਚ ਚਾਰ ਵਿਅਕਤੀ ਗੰਭੀਰ ਜ਼ਖਮੀ ਹੋ ਗਏ। ਜਾਣਕਾਰੀ ਅਨੁਸਾਰ, ਇੱਕ ਅਪਰਾਧਿਕ ਮਾਮਲੇ ਵਿੱਚ ਕੇਂਦਰੀ ਜੇਲ੍ਹ ਬਠਿੰਡਾ ਵਿੱਚ ਬੰਦ ਚਾਰ ਕੈਦੀ, ਗੁਰਪ੍ਰੀਤ ਸਿੰਘ, ਅਨੂਪ, ਗੁਰਪ੍ਰੀਤ ਅਤੇ ਸਾਜਨ, ਪੁਰਾਣੇ ਝਗੜੇ ਨੂੰ ਲੈ ਕੇ ਲੜ ਰਹੇ ਸਨ। ਇਸ ਕਾਰਨ ਬੀਤੇ ਦਿਨੀਂ ਚਾਰਾਂ ਵਿੱਚ ਦੁਬਾਰਾ ਪੁਰਾਣੇ ਝਗੜੇ ਨੂੰ ਲੈ ਕੇ ਲੜਾਈ ਹੋ ਗਈ। ਇਸ ਤੋਂ ਬਾਅਦ ਹੋਰ ਬੈਰਕਾਂ ਦੇ ਕੈਦੀ ਵੀ ਉੱਥੇ ਇਕੱਠੇ ਹੋ ਗਏ। ਉਨ੍ਹਾਂ ਨੇ ਉੱਥੇ ਰੱਖੇ ਸਮਾਨ ਨਾਲ ਇੱਕ ਦੂਜੇ 'ਤੇ ਹਮਲਾ ਕਰ ਦਿੱਤਾ ਅਤੇ ਇੱਕ ਦੂਜੇ ਨੂੰ ਜ਼ਖਮੀ ਕਰ ਦਿੱਤਾ। ਜਦੋਂ ਜੇਲ੍ਹ ਗਾਰਡਾਂ ਨੂੰ ਘਟਨਾ ਦਾ ਪਤਾ ਲੱਗਾ ਤਾਂ ਉਹ ਮੌਕੇ 'ਤੇ ਪਹੁੰਚੇ, ਕੈਦੀਆਂ ਨੂੰ ਛੁਡਾਇਆ ਅਤੇ ਸਿਵਲ ਹਸਪਤਾਲ ਬਠਿੰਡਾ ਲੈ ਗਏ।

# ਵਿਦੇਸ਼ ਭੱਜਣ ਦੀ ਕੋਸ਼ਿਸ਼ ਵਿਚ ਅੰਮ੍ਰਿਤਸਰ ਹਵਾਈ ਅੱਡੇ ਤੋਂ ਗੈਂਗਸਟਰ ਰੂਬਲ ਸਰਦਾਰ ਗ੍ਰਿਫ਼ਤਾਰ



ਅੰਮ੍ਰਿਤਸਰ-ਗੈਂਗਸਟਰ ਰੂਬਲ ਸਰਦਾਰ ਨੂੰ ਅੰਮ੍ਰਿਤਸਰ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਹ ਵਿਦੇਸ਼ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ। ਹਾਲਾਂਕਿ, ਉਸਨੂੰ ਉਡਾਣ ਭਰਨ ਤੋਂ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਦੇ ਅਨੁਸਾਰ, ਰੂਬਲ ਸਰਦਾਰ ਵਿਰੁੱਧ ਇੱਕ ਲੁੱਕ ਆਊਟ ਸਰਕੂਲਰ ਜਾਰੀ ਕੀਤਾ ਗਿਆ ਸੀ। ਉਹ ਬਦਨਾਮ ਹਾਸ਼ਿਮ ਗੈਂਗ ਨਾਲ ਜੁੜਿਆ ਹੋਇਆ ਹੈ। ਉਸਨੂੰ ਦਿੱਲੀ ਪੁਲਿਸ ਦੇ ਕਹਿਣ 'ਤੇ ਇਮੀਗ੍ਰੇਸ਼ਨ ਜਾਂਚ ਦੌਰਾਨ ਹਿਰਾਸਤ ਵਿੱਚ ਲਿਆ ਗਿਆ ਸੀ। ਦਿੱਲੀ ਪੁਲਿਸ ਦੀ ਇੱਕ ਟੀਮ ਪਹੁੰਚੀ ਅਤੇ ਉਸਨੂੰ ਵਾਪਸ ਦਿੱਲੀ ਲਿਜਾਣ ਲਈ ਹੁਣ ਕਾਗਜ਼ੀ ਕਾਰਵਾਈ ਜਾਰੀ ਹੈ।


# ਪੁਲੀਸ ਮੁਕਾਬਲੇ ਵਿਚ ਗੈਂਗਸਟਰ ਵਰਿੰਦਰ ਸਿੰਘ ਮਾਰਿਆ ਗਿਆ

ਨਵਾਂਸ਼ਹਿਰ-ਨਵਾਂਸ਼ਹਿਰ ਪੁਲਿਸ ਨੇ ਸ਼ਨੀਵਾਰ ਨੂੰ ਐਸਬੀਐਸ ਨਗਰ ਦੇ ਬਲਾਚੌਰ ਨੇੜੇ ਇੱਕ ਮੁਕਾਬਲੇ ਵਿੱਚ ਇੱਕ ਗੈਂਗਸਟਰ ਨੂੰ ਮਾਰ ਦਿੱਤਾ। ਤਰਨਤਾਰਨ ਜ਼ਿਲ੍ਹੇ ਦੇ ਪੰਡੋਰੀ ਪਿੰਡ ਦਾ ਰਹਿਣ ਵਾਲਾ ਵਰਿੰਦਰ ਸਿੰਘ, ਜ਼ੈਡਲਾ ਗ੍ਰਨੇਡ ਹਮਲਾ ਅਤੇ ਚੀਮਾ ਖੁਰਦ ਪਿੰਡ ਦੇ ਸਰਪੰਚ ਯੁਵਰਾਜ ਸਿੰਘ ਦੇ ਕਤਲ ਸਮੇਤ ਕਈ ਮਾਮਲਿਆਂ ਵਿੱਚ ਲੋੜੀਂਦਾ ਸੀ। ਪੁਲੀਸ ਅਧਿਕਾਰੀਆਂ ਅਨੁਸਾਰ ਸਿੰਘ ਦੇ ਮਨੂ ਅਤੇ ਗੋਪੀ ਦੀ ਅਗਵਾਈ ਵਾਲੇ ਗੈਂਗਸਟਰ ਨੈੱਟਵਰਕ ਨਾਲ ਸਬੰਧ ਸਨ। ਉਨ੍ਹਾਂ ਦੱਸਿਆ ਕਿ ਬਲਾਚੌਰ ਖੇਤਰ ਵਿੱਚ ਉਸ ਦੀ ਗਤੀਵਿਧੀ ਦਾ ਸੰਕੇਤ ਮਿਲਿਆ ਸੀ, ਜਿਸ ਕਾਰਨ ਪੁਲੀਸ ਨੇ ਨਾਕੇਬੰਦੀ ਕੀਤੀ। ਜਦੋਂ ਹੀ ਉਸ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ ਤਾਂ ਸਿੰਘ ਨੇ ਕਥਿਤ ਤੌਰ 'ਤੇ ਭੱਜਣ ਦੀ ਕੋਸ਼ਿਸ਼ ਵਿੱਚ ਪੁਲੀਸ ਪਾਰਟੀ 'ਤੇ ਗੋਲੀਬਾਰੀ ਕੀਤੀ। ਮੁਕਾਬਲੇ ਦੌਰਾਨ ਸਿੰਘ ਨੂੰ ਗੋਲੀ ਲੱਗਣ ਕਾਰਨ ਗੰਭੀਰ ਸੱਟਾਂ ਲੱਗੀਆਂ ਅਤੇ ਉਸਨੂੰ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੇ ਉਹ ਜ਼ਖ਼ਮਾਂ ਦੀ ਤਾਬ ਨਾ ਝੱਲਦਾ ਹੋਇਆ ਦਮ ਤੋੜ ਗਿਆ। ਡੀਆਈਜੀ ਸਤਿੰਦਰ ਸਿੰਘ ਅਤੇ ਐਸਐਸਪੀ ਨਵਾਂਸ਼ਹਿਰ ਮਹਿਤਾਬ ਸਿੰਘ ਵਿਰਕ ਸਮੇਤ ਸੀਨੀਅਰ ਅਧਿਕਾਰੀ ਸਥਿਤੀ ਦੀ ਨਿਗਰਾਨੀ ਕਰਨ ਲਈ ਮੌਕੇ 'ਤੇ ਪਹੁੰਚੇ। ਪੁਲੀਸ ਨੇ ਮੌਕੇ ਤੋਂ ਇੱਕ ਮੋਟਰਸਾਈਕਲ, ਇੱਕ ਪਿਸਤੌਲ ਅਤੇ ਕਈ ਖਾਲੀ ਕਾਰਤੂਸ ਜ਼ਬਤ ਕੀਤੇ ਹਨ।

# ਡੇਰਾ ਬਿਆਸ ਮੁਖੀ ਦੀ ਮਜੀਠੀਆ ਨਾਲ ਜੇਲ੍ਹ ਮੁਲਾਕਾਤ ਪਿਛੇ ਸਿਆਸੀ ਸੰਦੇਸ਼ ਕੀ ਹੈ ?

**✪ ਸੁਖਬੀਰ ਦੀ ਮਜੀਠੀਆ ਨਾਲ ਮੁਲਾਕਾਤ: ਅਕਾਲੀ ਦਲ ਦੀ ਸਿਆਸਤ ਵਿਚ ਨਵਾਂ ਮੋੜ ✪ ਮਜੀਠੀਆ ਨੂੰ ਮਿਲਿਆ ਵੱਡਾ ਸਿਆਸੀ ਸਹਾਰਾ ? ✪ ਪੰਥਕ ਲੀਡਰਸ਼ਿਪ 'ਤੇ ਸਵਾਲ: ਅਕਾਲੀਆਂ ਦੀ ਡੇਰਾ ਮੁਖੀ ਨਾਲ ਨਜ਼ਦੀਕੀ ਕਿੰਨੀ ਜਾਇਜ਼ ?**

ਕਵਰ ਸਟੋਰੀ






ਬੀਤੇ ਦਿਨੀਂ ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਢਿੱਲੋਂ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਬਿਕਰਮ ਸਿੰਘ ਮਜੀਠੀਆ ਨਾਲ ਨਾਭਾ ਜੇਲ੍ਹ ਵਿਚ ਮੁਲਾਕਾਤ,ਨੇ ਪੰਜਾਬ ਦੀ ਸਿਆਸਤ ਵਿਚ ਹਲਚਲ ਮਚਾਈ ਹੋਈ ਹੈ। ਇਥੇ ਜਿਕਰਯੋਗ ਹੈ ਕਿ 25 ਜੂਨ ਨੂੰ ਪੰਜਾਬ ਵਿਜੀਲੈਂਸ ਬਿਊਰੋ ਨੇ ਮਜੀਠੀਆ ਨੂੰ ਅੰਮ੍ਰਿਤਸਰ ਸਥਿਤ ਉਨ੍ਹਾਂ ਦੇ ਘਰੋਂ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਸੀ। ਸਰਕਾਰ ਮੁਤਾਬਕ, ਮਜੀਠੀਆ 'ਤੇ 540 ਕਰੋੜ ਰੁਪਏ ਦੀ ਬੇਹਿਸਾਬ ਜਾਇਦਾਦ ਦਾ ਦੋਸ਼ ਹੈ। ਮਜੀਠੀਆ ਦਾ ਕਹਿਣਾ ਹੈ ਕਿ ਇਹ ਮਾਮਲਾ ਪੂਰੀ ਤਰ੍ਹਾਂ ਮਨਘੜਤ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਉਨ੍ਹਾਂ ਨਾਲ ਸਿਆਸੀ ਦੁਸ਼ਮਣੀ ਕੱਢ ਰਹੀ ਹੈ।ਹੁਣ ਮਜੀਠੀਆ ਨੇ ਪੰਜਾਬ-ਹਰਿਆਣਾ ਹਾਈਕੋਰਟ ਵਿੱਚ ਜ਼ਮਾਨਤ ਅਰਜ਼ੀ ਦਾਖਲ ਕੀਤੀ ਹੈ, ਜਿਸ ਦੀ ਸੁਣਵਾਈ 14 ਅਕਤੂਬਰ ਨੂੰ ਹੋਵੇਗੀ।

ਸੁਖਬੀਰ ਸਿੰਘ ਬਾਦਲ ਨੇ ਬੀਤੇ ਸ਼ੁੱਕਰਵਾਰ ਨੂੰ ਜੇਲ੍ਹ ਵਿੱਚ ਮਜੀਠੀਆ ਨਾਲ ਮੁਲਾਕਾਤ ਕੀਤੀ ਸੀ, ਪਰ ਸਭ ਤੋਂ ਵੱਧ ਚਰਚਾ ਬੀਤੇ ਮੰਗਲਵਾਰ ਨੂੰ ਡੇਰਾ ਬਿਆਸ ਦੇ ਮੁਖੀ ਦੀ ਮੁਲਾਕਾਤ ਨੇ ਪੈਦਾ ਕੀਤੀ। ਇਹ ਮੁਲਾਕਾਤ ਨਾ ਸਿਰਫ਼ ਸਿਆਸੀ ਹਲਕਿਆਂ ਵਿੱਚ, ਸਗੋਂ ਆਮ ਲੋਕਾਂ ਵਿੱਚ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਦੀ ਮਜੀਠੀਆ ਨਾਲ ਮੁਲਾਕਾਤ ਨੂੰ ਸਿਰਫ਼ ਇੱਕ ਪਰਿਵਾਰਕ ਮੁਲਾਕਾਤ ਦੱਸਿਆ ਜਾ ਰਿਹਾ ਹੈ, ਕਿਉਂਕਿ ਉਹ ਮਜੀਠੀਆ ਦੀ ਪਤਨੀ ਅਤੇ ਮੌਜੂਦਾ ਮਜੀਠਾ ਤੋਂ ਵਿਧਾਇਕ ਗਨੀਵ ਕੌਰ ਦੇ ਰਿਸ਼ਤੇਦਾਰ ਹਨ। ਪਰ ਇਸ ਮੁਲਾਕਾਤ ਦੇ ਪਿੱਛੇ ਲੁਕਿਆ ਸਿਆਸੀ ਸੰਦੇਸ਼ ਸਾਫ਼ ਨਜ਼ਰ ਆਉਂਦਾ ਹੈ। ਡੇਰਾ ਬਿਆਸ, ਜਿਸ ਦੇ ਲੱਖਾਂ ਅਨੁਯਾਈ ਹਨ, ਹਮੇਸ਼ਾ ਤੋਂ ਸਿਆਸਤ ਤੋਂ ਦੂਰ ਰਿਹਾ ਹੈ। ਪਰ ਹੁਣ ਉਹ ਪੰਜਾਬ ਦੀ ਸਿਆਸਤ ਵਿਚ ਸਰਗਰਮ ਹੈ।ਇਸ ਡੇਰਾ ਮੁਖੀ ਦਾ ਜੇਲ੍ਹ ਜਾ ਕੇ ਮਜੀਠੀਆ ਨਾਲ ਮੁਲਾਕਾਤ ਕਰਨਾ ਅਜਿਹਾ ਅਨੋਖਾ ਕਦਮ ਹੈ, ਜਿਸ ਨੂੰ ਸਿਆਸੀ ਹਲਕੇ ਇੱਕ ਵੱਡੇ ਸੰਕੇਤ ਵਜੋਂ ਦੇਖ ਰਹੇ ਹਨ।

ਸੂਤਰਾਂ ਮੁਤਾਬਕ, ਡੇਰਾ ਮੁਖੀ ਅਤੇ ਮਜੀਠੀਆ ਦੀ ਇਹ ਮੁਲਾਕਾਤ ਅੱਧੇ ਘੰਟੇ ਤੋਂ ਵੱਧ ਸਮੇਂ ਤੱਕ ਚੱਲੀ। ਜਦੋਂ ਤੱਕ ਬਾਬਾ ਗੁਰਿੰਦਰ ਸਿੰਘ ਜੇਲ੍ਹ ਤੋਂ ਬਾਹਰ ਨਿਕਲੇ, ਉਦੋਂ ਤੱਕ ਉਨ੍ਹਾਂ ਦੀ ਮੌਜੂਦਗੀ ਦੀ ਖ਼ਬਰ ਫੈਲ ਚੁੱਕੀ ਸੀ। ਉਨ੍ਹਾਂ ਦੇ ਅਨੁਯਾਈ ਜੇਲ੍ਹ ਦੇ ਬਾਹਰ ਇਕੱਠੇ ਹੋ ਗਏ, ਜੋ ਉਨ੍ਹਾਂ ਦੀ ਇੱਕ ਝਲਕ ਪਾਉਣ ਲਈ ਬੇਤਾਬ ਸਨ।

ਇਹ ਮੁਲਾਕਾਤ ਇਸ ਲਈ ਵੀ ਖਾਸ ਮੰਨੀ ਜਾ ਰਹੀ ਹੈ ਕਿਉਂਕਿ ਪਿਛਲੇ ਦੋ ਮਹੀਨਿਆਂ ਵਿੱਚ ਅਕਾਲੀ ਦਲ ਦੇ ਕਈ ਵੱਡੇ ਆਗੂਆਂ ਨੂੰ ਮਜੀਠੀਆ ਨਾਲ ਮੁਲਾਕਾਤ ਦੀ ਇਜਾਜ਼ਤ ਨਹੀਂ ਦਿੱਤੀ ਗਈ। ਮਜੀਠੀਆ 'ਤੇ ਕਥਿਤ ਤੌਰ 'ਤੇ ਗੈਰ-ਕਾਨੂੰਨੀ ਜਾਇਦਾਦ ਰੱਖਣ ਦਾ ਦੋਸ਼ ਹੈ। ਸੁਖਬੀਰ ਬਾਦਲ ਦੀ ਪਤਨੀ ਅਤੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ, ਜੋ ਮਜੀਠੀਆ ਦੀ ਭੈਣ ਹਨ, ਨੂੰ ਰੱਖੜੀ ਦੇ ਦਿਨ ਕਈ ਅਰਜ਼ੀਆਂ ਤੋਂ ਬਾਅਦ ਮੁਲਾਕਾਤ ਦੀ ਇਜਾਜ਼ਤ ਮਿਲੀ ਸੀ। ਗਨੀਵ ਕੌਰ ਅਤੇ ਹਰਸਿਮਰਤ ਤੋਂ ਇਲਾਵਾ ਕਿਸੇ ਹੋਰ ਅਕਾਲੀ ਆਗੂ ਨੂੰ ਮਜੀਠੀਆ ਨਾਲ ਮੁਲਾਕਾਤ ਦੀ ਮਨਜ਼ੂਰੀ ਨਹੀਂ ਦਿੱਤੀ ਗਈ।

ਬੀਤੇ ਸ਼ੁੱਕਰਵਾਰ ਨੂੰ ਪਹਿਲੀ ਵਾਰ ਸੁਖਬੀਰ ਸਿੰਘ ਬਾਦਲ ਨੇ ਖੁਦ ਜੇਲ੍ਹ ਜਾ ਕੇ ਮਜੀਠੀਆ ਨਾਲ ਮੁਲਾਕਾਤ ਕੀਤੀ ਸੀ। ਉਨ੍ਹਾਂ ਨਾਲ ਉਨ੍ਹਾਂ ਦੀ ਪਤਨੀ ਹਰਸਿਮਰਤ ਅਤੇ ਭਰਜਾਈ ਗਨੀਵ ਕੌਰ ਵੀ ਸਨ। ਜੇਲ੍ਹ ਦੇ ਬਾਹਰ ਮੀਡੀਆ ਨਾਲ ਗੱਲਬਾਤ ਕਰਦਿਆਂ ਸੁਖਬੀਰ ਨੇ ਕਿਹਾ, "ਪੰਜਾਬ ਸਰਕਾਰ ਨੇ ਸਾਡੀਆਂ ਕਈ ਅਰਜ਼ੀਆਂ ਰੱਦ ਕਰ ਦਿੱਤੀਆਂ ਸਨ। ਹਰਸਿਮਰਤ ਨੂੰ ਜਦੋਂ ਮੁਲਾਕਾਤ ਦੀ ਇਜਾਜ਼ਤ ਮਿਲੀ, ਤਾਂ ਸਿਰਫ਼ ਚੰਦ ਮਿੰਟਾਂ ਲਈ। ਮੈਂ ਪਟਿਆਲਾ ਦੇ ਐਸਐਸਪੀ ਵਰੁਣ ਸ਼ਰਮਾ ਨੂੰ ਚੇਤਾਵਨੀ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਰਵੱਈਆ ਇੱਕ ਅਫਸਰ ਦੇ ਲਾਇਕ ਨਹੀਂ।" ਸੀਨੀਅਰ ਅਕਾਲੀ ਆਗੂ ਜਿਵੇਂ ਦਲਜੀਤ ਸਿੰਘ ਚੀਮਾ, ਸਿਕੰਦਰ ਸਿੰਘ ਮਲੂਕਾ, ਮਹੇਸ਼ ਇੰਦਰ ਗਰੇਵਾਲ ਅਤੇ ਵਿਰਸਾ ਸਿੰਘ ਵਲਟੋਹਾ ਨੂੰ ਸਰਕਾਰ ਨੇ ਇਸ ਆਧਾਰ 'ਤੇ ਮੁਲਾਕਾਤ ਦੀ ਮਨਜ਼ੂਰੀ ਨਹੀਂ ਦਿੱਤੀ ਕਿ ਸਿਰਫ਼ ਨਜ਼ਦੀਕੀ ਪਰਿਵਾਰਕ ਮੈਂਬਰ ਹੀ ਮਜੀਠੀਆ ਨਾਲ ਜੇਲ੍ਹ ਵਿੱਚ ਮਿਲ ਸਕਦੇ ਹਨ।

ਇੱਕ ਸੀਨੀਅਰ ਜੇਲ੍ਹ ਅਧਿਕਾਰੀ ਮੁਤਾਬਕ, ਗੁਰਿੰਦਰ ਸਿੰਘ ਢਿੱਲੋਂ ਨੂੰ ਮਜੀਠੀਆ ਪਰਿਵਾਰ ਵੱਲੋਂ ਪਰਿਵਾਰਕ ਮੈਂਬਰਾਂ ਦੀ ਸੂਚੀ ਵਿੱਚ ਦਰਜ ਕੀਤਾ ਗਿਆ ਸੀ, ਜਿਸ ਦੇ ਆਧਾਰ 'ਤੇ ਉਨ੍ਹਾਂ ਨੂੰ ਮੁਲਾਕਾਤ ਦੀ ਇਜਾਜ਼ਤ ਮਿਲੀ। ਪਰ ਜਾਣਕਾਰਾਂ ਦਾ ਕਹਿਣਾ ਹੈ ਕਿ ਜੇਕਰ ਪੰਜਾਬ ਸਰਕਾਰ ਡੇਰਾ ਮੁਖੀ ਨੂੰ ਮੁਲਾਕਾਤ ਤੋਂ ਰੋਕਦੀ, ਤਾਂ ਇਹ ਸਿਆਸੀ ਤੌਰ 'ਤੇ ਆਤਮਘਾਤੀ ਸਾਬਤ ਹੁੰਦਾ। ਪੰਜਾਬ ਵਿੱਚ ਡੇਰਾ ਬਿਆਸ ਦਾ ਪ੍ਰਭਾਵ ਦੂਜੇ ਸਾਰੇ ਡੇਰਿਆਂ ਨਾਲੋਂ ਕਿਤੇ ਜ਼ਿਆਦਾ ਹੈ। ਉਨ੍ਹਾਂ ਦੀ ਕਿਸੇ ਵੀ ਅਰਜ਼ ਨੂੰ ਨਜ਼ਰਅੰਦਾਜ਼ ਕਰਨਾ ਸਿੱਧਾ ਉਨ੍ਹਾਂ ਦੇ ਅਨੁਯਾਈਆਂ ਨੂੰ ਨਾਰਾਜ਼ ਕਰਨਾ ਹੁੰਦਾ।

ਡੇਰਾ ਬਿਆਸ ਦੀ ਅਹਿਮੀਅਤ-ਰਾਧਾ ਸਵਾਮੀ ਸਤਸੰਗ ਡੇਰਾ ਬਿਆਸ ਲਗਭਗ 3,000 ਏਕੜ ਵਿੱਚ ਫੈਲਿਆ ਹੋਇਆ ਹੈ ਅਤੇ ਇਸ ਦੇ ਭਾਰਤ ਵਿੱਚ 5,000 ਤੋਂ ਵੱਧ ਅਤੇ ਵਿਦੇਸ਼ਾਂ ਵਿੱਚ 90 ਤੋਂ ਜ਼ਿਆਦਾ ਕੇਂਦਰ ਹਨ। ਬਿਆਸ ਸਥਿਤ ਮੁੱਖ ਦਫਤਰ ਆਪਣੇ ਆਪ ਵਿੱਚ ਇੱਕ ਮਿੰਨੀ ਟਾਊਨਸ਼ਿਪ ਹੈ, ਜਿੱਥੇ ਵਿਸ਼ਾਲ ਸਤਸੰਗ ਪਰਿਸਰ, ਰਿਹਾਇਸ਼ੀ ਇਲਾਕਾ, ਸਕੂਲ ਅਤੇ ਹਸਪਤਾਲ ਮੌਜੂਦ ਹਨ।

ਭਾਵੇਂ ਡੇਰਾ ਆਪਣੇ ਆਪ ਨੂੰ ਪੂਰੀ ਤਰ੍ਹਾਂ ਗੈਰ-ਸਿਆਸੀ ਦੱਸਦਾ ਹੈ, ਪਰ ਚੋਣਾਂ ਦੇ ਸਮੇਂ ਸਿਆਸੀ ਆਗੂ ਇੱਥੇ ਪਹੁੰਚਦੇ ਰਹਿੰਦੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਨਵੰਬਰ 2022 ਵਿੱਚ ਹਿਮਾਚਲ ਚੋਣਾਂ ਤੋਂ ਪਹਿਲਾਂ ਡੇਨਰਿੰਦਰਰੇ ਦਾ ਦੌਰਾ ਕੀਤਾ ਸੀ। ਢਿੱਲੋਂ ਨੇ ਫਰਵਰੀ 2022 ਵਿੱਚ ਦਿੱਲੀ ਵਿੱਚ ਪੀਐਮ ਮੋਦੀ ਨਾਲ ਮੁਲਾਕਾਤ ਕੀਤੀ ਸੀ। ਉਸੇ ਸਾਲ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਡੇਰੇ ਗਏ ਸਨ।

ਨਵੰਬਰ 2024 ਵਿੱਚ ਡੇਰਾ ਮੁਖੀ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕੀਤੀ। ਉਹ ਪੰਜਾਬ ਦੇ ਰਾਜਪਾਲ ਗੁਲਾਬਚੰਦ ਕਟਾਰੀਆ ਨਾਲ ਵੀ ਮਿਲ ਚੁੱਕੇ ਹਨ। 2024 ਵਿੱਚ ਉਨ੍ਹਾਂ ਨੇ ਸੂਫੀ ਗਾਇਕ ਮਹਾਤਮਾ ਬੀਰੇਂਦਰ ਸਿੰਘ ਨੂੰ ਹਿਸਾਰ ਸਥਿਤ ਡੇਰਾ ਜਗਮਾਲਵਾਲੀ ਦਾ ਮੁਖੀ ਮੰਨਦਿਆਂ ਉਸ ਨੂੰ ਪੱਗ ਬੰਨ੍ਹੀ।

ਬਾਕੀ ਹਿਸਾ ਸਫਾ 14 ਤੇ ਪੜ੍ਹੋ

## ਪੰਥਕ ਲੀਡਰਸ਼ਿਪ 'ਤੇ ਸਵਾਲ ਖੜੇ ਹੋਏ

ਡੇਰਾ ਬਿਆਸ ਮੁਖੀ ਦੀ ਮੁਲਾਕਾਤ ਨੇ ਪੰਥਕ ਸਿਆਸਤ 'ਤੇ ਵੀ ਸਵਾਲ ਖੜ੍ਹੇ ਕੀਤੇ ਹਨ। ਡੇਰਾ ਰਾਧਾ ਸਵਾਮੀ ਸਤਸੰਗ ਗੁਰਮਤਿ ਦੇ ਸਿਧਾਂਤਾਂ ਦੇ ਉਲਟ ਪ੍ਰਚਾਰ ਕਰਦਾ ਹੈ। ਇਹ ਡੇਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਤਿਗੁਰੂ ਮੰਨਣ ਦੀ ਬਜਾਏ ਆਪਣੇ ਮੁਖੀ ਨੂੰ ਸਤਿਗੁਰੂ ਮੰਨਦਾ ਹੈ। ਡੇਰਾ ਬਿਆਸ, ਜੋ ਰਾਧਾ ਸਵਾਮੀ ਸਤਸੰਗ ਵਜੋਂ ਜਾਣਿਆ ਜਾਂਦਾ ਹੈ, ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਰਣਨ ਕੀਤੇ ਗੁਰਮਤਿ ਸਿਧਾਂਤਾਂ ਅਨੁਸਾਰ, ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦੀ ਪਰੰਪਰਾ ਵਿੱਚ ਗੁਰੂ ਨੂੰ ਅੰਤਿਮ ਅਧਿਕਾਰੀ ਮੰਨਿਆ ਗਿਆ ਹੈ, ਅਤੇ ਉਹਨਾਂ ਨੇ ਆਪਣੇ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਗੁਰੂਗੱਦੀ ਦਿਤੀ ਸੀ। ਪਰ ਡੇਰਾ ਬਿਆਸ ਵਰਗੇ ਸੰਸਥਾਨ ਇਸ ਸਿਧਾਂਤ ਦੇ ਉਲਟ ਭੁਗਤਦੇ, ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਗੁਰੂ ਸਿਧਾਂਤ ਉਲਟ ਵਿਆਖਿਆ ਕਰਦੇ ਹਨ, ਜਿਸ ਨਾਲ ਸਿੱਖ ਪੰਥ ਵਿੱਚ ਇਸ ਡੇਰੇ ਨੂੰ ਅਹਿਮੀਅਤ ਨਹੀਂ ਦਿੱਤੀ ਗਈ ਸੀ। ਅਜਿਹੇ ਵਿੱਚ ਪੰਥਕ ਆਗੂਆਂ ਦਾ ਡੇਰਾ ਮੁਖੀ ਨਾਲ ਮੁਲਾਕਾਤ ਕਰਨਾ ਅਤੇ ਉਸ ਨੂੰ ਮਾਨਤਾ ਦੇਣਾ ਸਿੱਖ ਸਿਧਾਂਤਾਂ ਦੇ ਉਲਟ ਮੰਨਿਆ ਜਾ ਰਿਹਾ ਹੈ। ਆਮ ਸਿਖਾਂ ਦਾ ਸ਼ੋਸ਼ਲ ਮੀਡੀਆ ਉਪਰ ਮੰਨਣਾ ਹੈ ਕਿ ਅਜਿਹੇ ਡੇਰਾ ਮੁਖੀਆਂ ਨੂੰ ਮਾਨਤਾ ਦੇਣ ਵਾਲੇ ਆਗੂ ਖਾਲਸਾ ਪੰਥ ਦੇ ਵਿਸ਼ਵਾਸਘਾਤੀ ਹਨ। ਇਹ ਨਾ ਸਿਰਫ਼ ਗੁਰਮਤਿ ਦਾ ਉਲੰਘਣ ਹੈ, ਸਗੋਂ ਪੰਥ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਵੀ ਹੈ।"ਡੇਰਾ ਮੁਖੀ ਪਹਿਲਾਂ ਵੀ ਖਾਲਿਸਤਾਨੀ ਆਗੂ ਸਿਮਰਨਜੀਤ ਸਿੰਘ ਮਾਨ, ਨਿਹੰਗ ਮੁਖੀ ਬਲਬੀਰ ਸਿੰਘ ਅਤੇ ਹੋਰ ਪੰਥਕ ਆਗੂਆਂ ਨਾਲ ਮੁਲਾਕਾਤਾਂ ਕਰ ਚੁੱਕੇ ਹਨ। ਕੀ ਅਕਾਲ ਤਖ਼ਤ ਇਸ ਤੇ ਕੋਈ ਸਖ਼ਤ ਕਦਮ ਚੁੱਕੇਗਾ ?

ਡੇਰਾ ਬਿਆਸ ਮੁਖੀ ਦੀ ਮੁਲਾਕਾਤ ਨੇ ਪੰਜਾਬ ਦੀ ਸਿਆਸਤ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ। ਇਹ ਮੁਲਾਕਾਤ ਸਿਰਫ਼ ਇੱਕ ਪਰਿਵਾਰਕ ਮਿਲਣੀ ਨਹੀਂ, ਸਗੋਂ ਇੱਕ ਵੱਡਾ ਸਿਆਸੀ ਸੰਦੇਸ਼ ਹੈ। ਇਹ ਮੁਲਾਕਾਤ ਅਕਾਲੀ ਦਲ, ਭਾਜਪਾ ਅਤੇ ਆਪ ਸਰਕਾਰ ਦਰਮਿਆਨ ਚੱਲ ਰਹੀ ਸਿਆਸੀ ਜੰਗ ਦਾ ਨਵਾਂ ਮੋੜ ਵੀ ਦਰਸਾਉਂਦੀ ਹੈ। ਜਿਵੇਂ-ਜਿਵੇਂ 2027 ਦੀਆਂ ਵਿਧਾਨ ਸਭਾ ਚੋਣਾਂ ਨਜ਼ਦੀਕ ਆਉਣਗੀਆਂ, ਇਸ ਮੁਲਾਕਾਤ ਦੇ ਅਸਰ ਅਤੇ ਸਿਆਸੀ ਮੰਤਵ ਸਾਫ ਹੋਣਗੇ।

ਪਰ ਸਵਾਲ ਇਹ ਵੀ ਹੈ ਕਿ ਪੰਥਕ ਸਿਆਸਤ ਅਤੇ ਸਿੱਖ ਸਿਧਾਂਤਾਂ ਦੇ ਮੱਦੇਨਜ਼ਰ ਅਕਾਲੀ ਆਗੂਆਂ ਦਾ ਡੇਰਾ ਮੁਖੀ ਨਾਲ ਮੁਲਾਕਾਤ ਕਰਨਾ ਕਿੰਨਾ ਜਾਇਜ਼ ਹੈ ? ਕੀ ਇਹ ਸਿੱਖ ਪੰਥ ਨਾਲ ਧੋਖਾ ਨਹੀਂ ? ਇਹ ਸਵਾਲ ਪੰਜਾਬ ਦੀ ਸਿਆਸਤ ਅਤੇ ਸਮਾਜ ਵਿੱਚ ਚਰਚਾ ਦਾ ਵਿਸ਼ਾ ਬਣੇ ਰਹਿਣਗੇ।

# ਦਿੱਲੀ ਵਿੱਚ ਕੇਰਲਾ-ਬੰਗਾਲੀ ਲੋਕਾਂ ’ਤੇ ਜ਼ੁਲਮ : ਦਿੱਲੀ ਪੁਲਿਸ ਅਣਮਨੁੱਖੀ ਕਰਤੂਤਾਂ ਉਪਰ ਉਤਰੀ

## ✪ ਕੇਰਲਾ ਦੇ ਨੌਜਵਾਨਾਂ ਨੂੰ ਲੁੰਗੀ ਪਹਿਨਣ ਤੇ ਹਿੰਦੀ ਨਾ ਬੋਲਣ ’ਤੇ ਕੁਟਿਆ ✪ ਮਮਤਾ ਬੈਨਰਜੀ ਨੇ ਮੋਦੀ ਸਰਕਾਰ ਉਪਰ ਲਗਾਏ ਦੋਸ਼

ਭਾਰਤੀ ਰਾਜਧਾਨੀ ਦਿੱਲੀ ਵਿੱਚ ਬੰਗਾਲੀ ਭਾਸ਼ਾਈ ਲੋਕਾਂ ਨੂੰ ਬੰਗਲਾਦੇਸ਼ੀ ਘੁਸਪੈਠੀਏ ਕਹਿ ਕੇ ਤੰਗ ਕਰਨ ਅਤੇ ਬੰਗਲਾਦੇਸ਼ ਭੇਜਣ ਦੀਆਂ ਖਬਰਾਂ ਤਾਂ ਪਹਿਲਾਂ ਹੀ ਚਰਚਾ ਵਿੱਚ ਸਨ, ਪਰ ਹੁਣ ਇਹੀ ਜ਼ੁਲਮ ਕੇਰਲਾ ਦੇ ਨੌਜਵਾਨਾਂ ਤੱਕ ਪਹੁੰਚ ਗਿਆ ਹੈ। ਸੀ.ਪੀ.ਐਮ. ਦੇ ਸੰਸਦ ਮੈਂਬਰ ਜੌਨ ਬ੍ਰਿਟਾਸ ਨੇ ਦਿੱਲੀ ਪੁਲਿਸ ਕਮਿਸ਼ਨਰ ਸਤੀਸ਼ ਗੋਲਚਾ ਨੂੰ ਪੱਤਰ ਲਿਖ ਕੇ ਗੰਭੀਰ ਸ਼ਿਕਾਇਤ ਕੀਤੀ ਹੈ। ਉਨ੍ਹਾਂ ਨੇ ਦੱਸਿਆ ਕਿ ਦਿੱਲੀ ਪੁਲਿਸ ਨੇ ਕੇਰਲ ਦੇ ਦੋ ਵਿਦਿਆਰਥੀਆਂ ਨੂੰ ਬੇਲੋੜੀ ਚੋਰੀ ਦੇ ਇਲਜ਼ਾਮ ਲਗਾ ਕੇ ਨਾ ਸਿਰਫ਼ ਕੁਟਿਆ, ਸਗੋਂ ਉਨ੍ਹਾਂ ਨੂੰ ਹਿੰਦੀ ਬੋਲਣ ਲਈ ਮਜਬੂਰ ਵੀ ਕੀਤਾ ਅਤੇ ਰਵਾਇਤੀ ਲੁੰਗੀ ਪਹਿਨਣ ਤੇ ਵੀ ਨਿਸ਼ਾਨਾ ਬਣਾਇਆ। ਇਹ ਘਟਨਾ ਲਾਲ ਕਿਲ੍ਹੇ ਦੇ ਨੇੜੇ 24 ਸਤੰਬਰ ਨੂੰ ਵਾਪਰੀ ਸੀ, ਜਿਸ ਨਾਲ ਕੇਰਲ ਵਿੱਚ ਭਾਜਪਾ ਵਿਰੋਧੀ ਮੁਹਿੰਮ ਤੇਜ਼ ਹੋ ਗਈ ਹੈ।

ਇਹ ਮਾਮਲਾ ਇੱਕੋ ਨਹੀਂ, ਸਗੋਂ ਇੱਕ ਵੱਡੇ ਭਗਵੇਂਵਾਦੀ ਸਿਆਸਤ ਦਾ ਪੈਟਰਨ ਲੱਗਦਾ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਈ ਵਾਰ ਭਾਜਪਾ ਸਰਕਾਰਾਂ ਵਿਰੁੱਧ ਦੋਸ਼ ਲਾਏ ਹਨ ਕਿ ਦਿੱਲੀ ਅਤੇ ਐੱਨ.ਸੀ.ਆਰ. ਵਿੱਚ ਬੰਗਾਲੀ ਲੋਕਾਂ ਨੂੰ ਬੰਗਲਾਦੇਸ਼ੀ ਘੁਸਪੈਠੀਏ ਕਹਿ ਕੇ ਤੰਗ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਬੇਘਰ ਕੀਤਾ ਜਾ ਰਿਹਾ ਹੈ। ਜੁਲਾਈ ਵਿੱਚ ਉਨ੍ਹਾਂ ਨੇ ਵਸੰਤ ਕੁੰਜ ਦੇ ਜੈ ਹਿੰਦ ਕਲੋਨੀ ਵਿੱਚ ਬੰਗਾਲੀ ਵਸੇਬਿਆਂ ਨੂੰ ਨਿਸ਼ਾਨਾ ਬਣਾਉਣ ਦੇ ਦੋਸ਼ ਲਗਾਏ ਸਨ, ਜਿੱਥੇ ਪਾਣੀ ਬੰਦ ਕਰਕੇ ਕੇ ਉਨ੍ਹਾਂ ਨੂੰ ਖਾਲੀ ਕਰਵਾਇਆ ਗਿਆ ਸੀ। ਮਮਤਾ ਨੇ ਐੱਕਸ ਤੇ



ਲਿਖਿਆ ਸੀ, “ਬੰਗਾਲੀ ਬੋਲਣ ਨਾਲ ਕੋਈ ਬੰਗਲਾਦੇਸ਼ੀ ਨਹੀਂ ਬਣ ਜਾਂਦਾ। ਇਹ ਲੋਕ ਭਾਰਤ ਦੇ ਨਾਗਰਿਕ ਹਨ।” ਉਨ੍ਹਾਂ ਨੇ ਗੁਜਰਾਤ, ਮਹਾਰਾਸ਼ਟਰ, ਓਡੀਸ਼ਾ ਅਤੇ ਮੱਧ ਪ੍ਰਦੇਸ਼ ਵਿੱਚ ਵੀ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਕੀਤਾ। ਹਾਲਾਂਕਿ ਭਾਜਪਾ ਨੇ ਇਨ੍ਹਾਂ ਦੋਸ਼ਾਂ ਨੂੰ ਰਾਜਨੀਤਕ ਰੰਗ ਦਿੱਤਾ ਕਹਿ ਕੇ ਖਾਰਜ ਕੀਤਾ ਹੈ, ਪਰ ਹਿਊਮਨ ਰਾਈਟਸ ਵਾਚ ਨੇ ਵੀ ਰਿਪੋਰਟ ਵਿੱਚ ਕਿਹਾ ਕਿ ਬੀ.ਜੇ.ਪੀ. ਸਰਕਾਰਾਂ ਵੱਲੋਂ ਬੰਗਾਲੀਆਂ ਉਪਰ ਜ਼ੁਲਮ ਕੀਤਾ ਜਾ ਰਿਹਾ ਹੈ।

ਅਗਲੇ ਸਾਲ ਕੇਰਲ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਅਤੇ ਸੱਤਾਧਾਰੀ ਖੱਬੇ ਪੱਖੀ ਗੱਠਜੋੜ ਇਸ ਮੁੱਦੇ ਨੂੰ ਜ਼ਰੂਰ ਉਠਾਏਗਾ। ਐੱਸ.ਐਫ.ਆਈ. (ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ) ਨੇ ਵੀ ਵਿਦਿਆਰਥੀਆਂ ਲਈ ਨਿਆਂ ਦੀ ਮੰਗ ਕੀਤੀ ਹੈ ਅਤੇ ਇਸ ਨੂੰ ਨਸਲੀ ਵਿਤਕਰੇ ਨਾਲ ਜੋੜਿਆ ਹੈ। ਕੇਰਲ ਵਿੱਚ ਇਹ ਮਾਮਲਾ ਮਲਿਆਲਮ ਭਾਸ਼ਾ ਅਤੇ ਸੱਭਿਆਚਾਰ ਨਾਲ ਜੁੜਿਆ ਹੋਇਆ ਹੈ, ਜੋ ਭਾਜਪਾ ਲਈ ਵੱਡੀ ਚੁਣੌਤੀ ਬਣ ਸਕਦਾ ਹੈ। ਭਾਜਪਾ ਨੇ ਅਜੇ ਤੱਕ ਇਸ ਤੇ ਕੋਈ ਬਿਆਨ ਨਹੀਂ ਦਿੱਤਾ, ਪਰ ਪਹਿਲਾਂ ਵਾਲੇ ਮਾਮਲਿਆਂ ਵਿੱਚ ਉਹ ਇਨ੍ਹਾਂ ਨੂੰ ਰਾਜਨੀਤਕ ਸਾਜ਼ਿਸ਼ ਕਹਿ ਕੇ ਟਾਲਦੇ ਰਹੇ ਹਨ।

ਇਸ ਤੋਂ ਪਹਿਲਾਂ ਬਿਹਾਰ, ਉੱਤਰਾਖੰਡ ਅਤੇ ਐੱਨ.ਸੀ.ਆਰ. ਵਿੱਚ ਬੰਗਲਾ ਭਾਸ਼ਾਈ ਲੋਕਾਂ ਨੂੰ ਬੰਗਲਾਦੇਸ਼ੀ ਕਹਿ ਕੇ ਤੰਗ ਕੀਤੇ ਜਾਣ ਦੀਆਂ ਖਬਰਾਂ ਆਈਆਂ ਸਨ। ਕੁਝ ਮਾਮਲਿਆਂ ਵਿੱਚ ਹਾਈ ਕੋਰਟ ਨੇ ਦਖ਼ਲ ਦਿੱਤਾ ਅਤੇ ਰਿਹਾਈ ਦੇ ਹੁਕਮ ਦਿੱਤੇ। ਮਮਤਾ ਬੈਨਰਜੀ ਨੇ ਇਨ੍ਹਾਂ ਨੂੰ ਭਾਜਪਾ ਦੀ ’ਐਂਟੀ-ਬੰਗਲਾ’ ਨੀਤੀ ਕਿਹਾ ਹੈ ਅਤੇ ਕਿਹਾ ਕਿ ਬੰਗਾਲ ਵਿੱਚ 1.5 ਕਰੋੜ ਮਾਈਗ੍ਰੇਂਟ ਵਰਕਰਾਂ ਨੂੰ ਪਿੰਡਾਂ ਵਿਚ ਰਹਿਣ ਦਿੱਤਾ ਜਾਂਦਾ ਹੈ, ਪਰ ਬੀ.ਜੇ.ਪੀ. ਵਾਲੇ ਰਾਜਾਂ ਵਿੱਚ ਉਹ ਘੁਸਪੈਠੀਏ ਬਣ ਜਾਂਦੇ ਹਨ। ਅਗਸਤ ਵਿੱਚ ਦਿੱਲੀ ਪੁਲਿਸ ਨੇ ਬੰਗਲਾ ਨੂੰ ‘ਬੰਗਲਾਦੇਸ਼ੀ ਭਾਸ਼ਾ’ ਕਹਿ ਕੇ ਇੱਕ ਪੱਤਰ ਲਿਖਿਆ, ਜਿਸ ਨੂੰ ਮਮਤਾ ਨੇ ਅਸੰਵਿਧਾਨਕ ਅਤੇ ਅਪਮਾਨਜਨਕ ਕਿਹਾ। ਬੀ.ਜੇ.ਪੀ. ਨੇ ਜਵਾਬ ਵਿੱਚ ਕਿਹਾ ਕਿ ਇਹ ਗੈਰ-ਕਾਨੂੰਨੀ ਘੁਸਪੈਠੀਏ ਨੂੰ ਲੈ ਕੇ ਹੈ, ਨਾ ਕਿ ਭਾਰਤੀ ਨਾਗਰਿਕਾਂ ਨੂੰ।

ਇਹ ਸਾਰੀਆਂ ਘਟਨਾਵਾਂ ਇੱਕੋ ਜਿਹਾ ਪੈਟਰਨ ਦਰਸਾਉਂਦੀਆਂ ਹਨ - ਭਾਸ਼ਾ, ਪਹਿਰਾਵਾ ਅਤੇ ਖੇਤਰੀ ਪਛਾਣ ਨੂੰ ਨਿਸ਼ਾਨਾ ਬਣਾ ਕੇ ਗੈਰ ਹਿੰਦੀ ਲੋਕਾਂ ਨੂੰ ਤੰਗ ਕੀਤਾ ਜਾ ਰਿਹਾ ਹੈ। ਕੇਰਲ ਵਿੱਚ ਇਹ ਮੁੱਦਾ ਚੋਣਾਂ ਨੇੜੇ ਆ ਕੇ ਭਾਜਪਾ ਲਈ ਪੁੱਠਾ ਪੈ ਸਕਦਾ ਹੈ, ਕਿਉਂਕਿ ਖੱਬੇ ਪੱਖ ਨੇ ਇਸ ਨੂੰ ਭਾਸ਼ਾਈ ਅਤੇ ਸੱਭਿਆਚਾਰਕ ਅਧਿਕਾਰਾਂ ਨਾਲ ਜੋੜ ਦਿੱਤਾ ਹੈ। ਬ੍ਰਿਟਾਸ ਨੇ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਨੂੰ ਵੀ ਸ਼ਿਕਾਇਤ ਕੀਤੀ ਹੈ ਅਤੇ ਕਿਹਾ ਕਿ ਪੁਲਿਸ ਨੂੰ ਸੱਭਿਆਚਾਰਕ ਸੰਵੇਦਨਸ਼ੀਲਤਾ ਦੀ ਟ੍ਰੇਨਿੰਗ ਦਿੱਤੀ ਜਾਵੇ। ਦਿੱਲੀ ਪੁਲਿਸ ਨੇ ਅਜੇ ਤੱਕ ਇਸ ਤੇ ਕੋਈ ਜਵਾਬ ਨਹੀਂ ਦਿੱਤਾ।

ਕੇਰਲ ਅਤੇ ਬੰਗਾਲ ਵਰਗੇ ਰਾਜ ਇਸ ਵਿਰੁੱਧ ਇੱਕਜੁੱਟ ਹੋ ਰਹੇ ਹਨ ਅਤੇ ਚੋਣਾਂ ਵਿੱਚ ਇਹ ਮੁੱਦਾ ਵੱਡਾ ਬਣ ਸਕਦਾ ਹੈ।

13 ਸਫ਼ੇ ਦੀ ਬਾਕੀ

ਪਿਛਲੇ ਸਾਲ ਦਸੰਬਰ ਵਿੱਚ ਢਿੱਲੋਂ ਨੇ ਅਕਾਲੀ ਦਲ ਦੇ ਬਾਗੀ ਧੜੇ ਦੇ ਆਗੂ ਸੁਰਜੀਤ ਸਿੰਘ ਰੱਖੜਾ ਅਤੇ ਦਮਦਮਾ ਸਾਹਿਬ ਦੇ ਉਸ ਵੇਲੇ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ ਸੀ। ਇਸ ਨੂੰ ਅਕਾਲੀ ਦਲ ਅਤੇ ਬਾਗੀ ਧੜੇ ਵਿਚਕਾਰ ਸਮਝੌਤੇ ਦੀ ਕੋਸ਼ਿਸ਼ ਮੰਨਿਆ ਗਿਆ ਸੀ। ਇਸ ਸਾਲ ਫਰਵਰੀ ਵਿੱਚ ਉਹ ਆਮ ਆਦਮੀ ਪਾਰਟੀ ਦੇ ਪੰਜਾਬ ਮੁਖੀ ਅਮਨ ਅਰੋੜਾ ਨਾਲ ਉਨ੍ਹਾਂ ਦੀ ਚੰਡੀਗੜ੍ਹ ਸਥਿਤ ਰਿਹਾਇਸ਼ ’ਤੇ ਮਿਲੇ ਸਨ।

ਡੇਰਾ ਮੁਖੀ ਦੀ ਮੁਲਾਕਾਤ ਦੇ ਸਿਆਸੀ ਮਾਇਨੇ-ਡੇਰਾ ਮੁਖੀ ਦੀ ਕੇਂਦਰ ਸਰਕਾਰ ਨਾਲ ਨਜ਼ਦੀਕੀਆਂ ਨੂੰ ਦੇਖਦਿਆਂ ਇਸ ਮੁਲਾਕਾਤ ਨੂੰ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਸੰਭਾਵੀ ਗਠਜੋੜ ਦੀਆਂ ਅਟਕਲਾਂ ਨਾਲ ਵੀ ਜੋੜਿਆ ਜਾ ਰਿਹਾ ਹੈ। ਇਹ ਮੁਲਾਕਾਤ ਅਜਿਹੇ ਸਮੇਂ ਹੋਈ ਹੈ, ਜਦੋਂ ਸੁਖਬੀਰ ਬਾਦਲ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਮਦਦ ਪਹੁੰਚਾ ਕੇ ਅਕਾਲੀ ਦਲ ਨੂੰ ਮੁੜ ਸਰਗਰਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਪਾਰਟੀ ਦਾ ਬਾਗੀ ਧੜਾ ਭਾਵੇਂ ਉਨ੍ਹਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਡੇਰਾ ਮੁਖੀ ਦਾ ਆਸ਼ੀਰਵਾਦ ਅਤੇ ਸੁਖਬੀਰ ਦੀ ਵਧਦੀ ਸਰਗਰਮੀ ਨੇ ਅਕਾਲੀ ਦਲ ਨੂੰ ਸਿਆਸੀ ਚਰਚਾ ਵਿੱਚ ਲਿਆ ਦਿੱਤਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਭਾਜਪਾ ਅਤੇ ਮਜੀਠੀਆ ਵਿਚਕਾਰ ਕਿਸੇ ਸਮਝੌਤੇ ਦਾ ਸੰਕੇਤ ਵੀ ਹੋ ਸਕਦਾ ਹੈ। ਇਹ ਆਪ ਸਰਕਾਰ ਲਈ ਵੀ ਇਸ਼ਾਰਾ ਹੈ ਕਿ ਡੇਰੇ ਦੀ ਹਮਦਰਦੀ ਕਿਸ ਵੱਲ ਹੈ।

ਮਜੀਠੀਆ ਨੇ ਆਪਣੇ ਐਕਸ ਅਕਾਊਂਟ ’ਤੇ ਡੇਰਾ ਮੁਖੀ ਦੀ ਮੁਲਾਕਾਤ ਦੀ ਅਹਿਮੀਅਤ ਨੂੰ ਸਵੀਕਾਰਦਿਆਂ ਲਿਖਿਆ, “ਮੇਰੇ ਕੋਲ ਨਾ ਤਾਂ ਉਹ ਦਰਜਾ ਹੈ, ਨਾ ਹੀ ਸਮਰੱਥਾ। ਮੈਂ ਤਾਂ ਇੱਕ ਸਾਧਾਰਨ ਇਨਸਾਨ ਹਾਂ। ਅੱਜ ਨਾਭਾ ਜੇਲ੍ਹ ਵਿੱਚ ਬਿਆਸ ਡੇਰੇ ਦੇ ਪੂਜਨੀਕ ਬਾਬਾ ਜੀ ਖੁਦ ਮੈਨੂੰ ਹੌਂਸਲਾ ਦੇਣ ਆਏ, ਇਹ ਮੇਰੇ ਲਈ ਭਾਵੁਕ ਪਲ ਹੈ। ਜ਼ਿੰਦਗੀ ਦੇ ਸਭ ਤੋਂ ਮੁਸ਼ਕਿਲ ਸਮੇਂ ਵਿੱਚ ਬਾਬਾ ਜੀ ਨੇ ਹਮੇਸ਼ਾ ਮੇਰਾ ਹੱਥ ਫੜਿਆ ਹੈ। ਮੈਂ ਉਨ੍ਹਾਂ ਦਾ ਅਤੇ ਸੰਗਤ ਦਾ ਦਿਲੋਂ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਦੀਆਂ ਦੁਆਵਾਂ ਮੈਨੂੰ ਹਮੇਸ਼ਾ ਮਜ਼ਬੂਤ ਕਰਦੀਆਂ ਹਨ।” ਇਹ ਮੁਲਾਕਾਤ ਅਕਾਲੀ ਦਲ ਦੇ ਅੰਦਰ ਮਜੀਠੀਆ ਦੀ ਅਹਿਮੀਅਤ ਨੂੰ ਵੀ ਉਜਾਗਰ ਕਰਦੀ ਹੈ। ਭਾਵੇਂ ਪਾਰਟੀ ਦਾ ਬਾਗੀ ਧੜਾ ਸੁਖਬੀਰ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਮਜੀਠੀਆ ਦੀ ਸਿਆਸੀ ਤਾਕਤ ਅਤੇ ਡੇਰੇ ਦੀ ਹਮਾਇਤ ਨੇ ਅਕਾਲੀ ਦਲ ਨੂੰ ਮੁੜ ਸੁਰਖੀਆਂ ਵਿੱਚ ਲੈ ਆਉਂਦਾ ਹੈ।

# ਰਾਜੋਆਣਾ ਨੂੰ ਫਾਂਸੀ ਵਿੱਚ ਦੇਰੀ: ਸੁਪਰੀਮ ਕੋਰਟ ਨੇ ਕੇਂਦਰ ਨੂੰ ਸਖ਼ਤ ਸਵਾਲ ਕੀਤੇ



ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਹੁਣ ਤੱਕ ਫਾਂਸੀ ਨਾ ਦੇਣ ਬਾਰੇ ਕੇਂਦਰ ਨੂੰ ਤਿੱਖੇ ਸਵਾਲ ਕੀਤੇ ਹਨ। 1995 ਵਿੱਚ ਬੇਅੰਤ ਸਿੰਘ ਹੱਤਿਆਕਾਂਡ ਵਿੱਚ ਦੋਸ਼ੀ ਰਾਜੋਆਣਾ ਨੂੰ 2007 ਵਿੱਚ ਫਾਂਸੀ ਦੀ ਸਜ਼ਾ ਹੋਈ, ਪਰ 15 ਸਾਲ ਬੀਤ ਜਾਣ ਬਾਵਜੂਦ ਫੈਸਲਾ ਨਹੀਂ ਹੋਇਆ। ਜਸਟਿਸ ਵਿਕਰਮ ਨਾਥ ਦੀ ਬੈਂਚ ਨੇ ਵਧੀਕ ਸੋਲੀਸਿਟਰ ਨਟਰਾਜ ਨੂੰ ਪੁੱਛਿਆ, “ਤੁਸੀਂ ਫਾਂਸੀ ਕਿਉਂ ਨਹੀਂ ਦਿੱਤੀ ? ਕੌਣ ਜ਼ਿੰਮੇਵਾਰ ਹੈ ?” ਰਾਜੋਆਣਾ 29 ਸਾਲਾਂ ਤੋਂ ਜੇਲ੍ਹ ਵਿੱਚ ਹੈ। ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਰਹਿਮ ਪਟੀਸ਼ਨ ਗੁਰਦੁਆਰਾ ਕਮੇਟੀ ਨੇ ਦਾਇਰ ਕੀਤੀ ਸੀ ਅਤੇ ਫੈਸਲੇ ਵਿੱਚ ਦੇਰੀ ਨਾਲ ਮੌਤ ਸਜ਼ਾ ਉਮਰ ਕੈਦ ਵਿੱਚ ਬਦਲੀ ਜਾਵੇ। ਕੇਂਦਰ ਨੇ ਅਪਰਾਧ ਦੀ ਗੰਭੀਰਤਾ ਦਾ ਹਵਾਲਾ ਦਿੱਤਾ। ਸੁਣਵਾਈ 15 ਅਕਤੂਬਰ ਤੱਕ ਮੁਲਤਵੀ ਕਰ ਦਿਤੀ ਹੈ। ਇਹ ਮਾਮਲਾ ਪੰਜਾਬ ਵਿੱਚ ਸੰਵੇਦਨਸ਼ੀਲ ਬਣ ਰਿਹਾ ਹੈ।

# ਭਾਖੜਾ ਬੋਰਡ ਵਿੱਚ ਪੰਜਾਬ ਦੀ ਕੋਈ ਨੁਮਾਇੰਦਗੀ ਨਹੀਂ

## ✪ ਕੇਂਦਰ ਨੇ ਮੁੜ ਖੇਲਿਆ ਸਾਜਿਸ਼ੀ ਪੱਤਾ

ਚੰਡੀਗੜ੍ਹ-ਕੇਂਦਰੀ ਬਿਜਲੀ ਮੰਤਰਾਲੇ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐੱਮਬੀ) ਵਿੱਚ ਪੰਜਾਬ ਨੂੰ ਸਥਾਈ ਨੁਮਾਇੰਦਗੀ ਦੇਣ ਤੋਂ ਮੁੜ ਪਿੱਛੇ ਹਟ ਗਏ ਹਨ। 2022 ਵਿੱਚ ਜਾਰੀ ਡਰਾਫਟ ਨੋਟੀਫਿਕੇਸ਼ਨ ਨਾਲ ਪੰਜਾਬ ਅਤੇ ਹਰਿਆਣਾ ਦੀ ਸਥਾਈ ਪ੍ਰਤੀਨਿਧਤਾ ਖੋਹ ਲਈ ਗਈ ਸੀ, ਜਿਸ ਨੂੰ ਪੰਜਾਬ ਸਰਕਾਰ ਨੇ ਤਿੱਖੇ ਵਿਰੋਧ ਨਾਲ ਰੋਕਿਆ। ਹੁਣ ‘ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਸੋਧ) ਰੂਲਜ਼-2025’ ਲਈ ਨਵਾਂ ਸੋਧਿਆ ਡਰਾਫਟ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਪੰਜਾਬ ਨੂੰ ਮੈਂਬਰ (ਬਿਜਲੀ) ਅਤੇ ਮੈਂਬਰ (ਸਿੰਜਾਈ) ਲਈ ਸਿਰਫ਼ ‘ਤਰਜੀਹ’ ਦਿੱਤੀ ਗਈ ਹੈ, ਨਾ ਕਿ ਗਾਰੰਟੀ। ਇਸ ਡਰਾਫਟ ਵਿੱਚ ਯੋਗਤਾਵਾਂ ਵਿੱਚ ਕੁਝ ਢਿੱਲ ਦਿੱਤੀ ਗਈ ਹੈ, ਪਰ ਮੂਲ ਢਾਂਚਾ ਵਹਿਮ ਵਾਂਗ ਹੀ ਹੈ। ਚੋਣ ਕਮੇਟੀ ਵਿੱਚ ਵੀ ਪੰਜਾਬ ਦੀ ਕੋਈ ਨੁਮਾਇੰਦਗੀ ਨਹੀਂ, ਜੋ ਪੰਜਾਬੀਆਂ ਨੂੰ ਚਿੰਤਤ ਕਰ ਰਿਹਾ ਹੈ। ਕੇਂਦਰ ਨੇ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਹਿਮਾਚਲ ਤੋਂ ਸੁਝਾਅ ਮੰਗੇ ਹਨ। ਇਹ ਬੋਰਡ ਭਾਖੜਾ-ਨੰਗਲ ਅਤੇ ਬਿਆਸ ਪ੍ਰੋਜੈਕਟਾਂ ਰਾਹੀਂ ਪੰਜਾਬ ਨੂੰ ਸਿੰਜਾਈ ਅਤੇ ਬਿਜਲੀ ਪ੍ਰਦਾਨ ਕਰਦਾ ਹੈ, ਜੋ ਰਿਪੇਰੀਅਨ ਅਧਿਕਾਰਾਂ ਨਾਲ ਜੁੜਿਆ ਹੈ। ਪੰਜਾਬ ਵਿੱਚ ਇਸ ਨੂੰ ਕੇਂਦਰ ਵੱਲੋਂ ਸੂਬੇ ਦੇ ਹੱਕਾਂ ਉੱਤੇ ਹਮਲੇ ਵਜੋਂ ਵੇਖਿਆ ਜਾ ਰਿਹਾ ਹੈ। ਵਿਰੋਧੀ ਧਿਰ ਨੇ ਕਿਹਾ ਕਿ ਇਹ ਫੈਡਰਲਿਜ਼ਮ ਨੂੰ ਚੁਣੌਤੀ ਹੈ ਅਤੇ ਪੰਜਾਬ ਨੂੰ ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਪਵੇਗਾ।

# ਯੂ ਕੇ ਦੀ ਆਬਾਦੀ ਵਿੱਚ ਅੰਤਰਰਾਸ਼ਟਰੀ ਪ੍ਰਵਾਸ ਕਾਰਨ 75 ਸਾਲਾਂ 'ਚ ਦੂਜੀ ਵਾਰ ਤਿੰਨ-ਚੌਥਾਈ ਤੋਂ ਵੱਧ ਦਾ ਵਾਧਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੇ ਅੰਕੜਾ ਵਿਭਾਗ ਅਨੁਸਾਰ ਯੂ ਕੇ ਦੀ ਆਬਾਦੀ ਵਿੱਚ ਅੰਤਰਰਾਸ਼ਟਰੀ ਪ੍ਰਵਾਸ ਕਾਰਨ 75 ਸਾਲਾਂ 'ਚ ਦੂਜੀ ਵਾਰ ਤਿੰਨ-ਚੌਥਾਈ ਤੋਂ ਵੱਧ ਦਾ ਵਾਧਾ ਹੋਇਆ ਹੈ। ਅੰਕੜਿਆਂ ਅਨੁਸਾਰ ਇਸ ਵਾਧੇ ਦਾ ਮੁੱਖ ਕਾਰਨ ਅੰਤਰਰਾਸ਼ਟਰੀ ਪ੍ਰਵਾਸ ਹੈ, ਜਦ ਕਿ ਕੁਦਰਤੀ ਤਬਦੀਲੀ, ਜਨਮ ਅਤੇ ਮੌਤ ਅਨੁਪਾਤ ਬਹੁਤ ਥੋੜਾ ਹੈ।**

ਆਫਿਸ ਫਾਰ ਨੈਸ਼ਨਲ ਸਟੈਟਿਸਟਿਕਸ ਦੇ ਅਨੁਸਾਰ 2024 ਦੇ ਮੱਧ ਵਿੱਚ ਯੂ ਕੇ ਦੀ ਅਬਾਦੀ 69.3 ਮਿਲੀਅਨ ਹੋਣ ਦਾ ਅਨੁਮਾਨ ਸੀ। ਜੂਨ 2024 ਤੱਕ ਦੇ 12 ਮਹੀਨਿਆਂ ਵਿੱਚ ਲਗਭਗ 1,235,254 ਲੋਕਾਂ ਦੇ ਯੂ ਕੇ ਵਿੱਚ ਪ੍ਰਵਾਸ ਕਰਨ ਦਾ ਅਨੁਮਾਨ ਸੀ, ਜਦੋਂ ਕਿ 496,536 ਦੇ ਪ੍ਰਵਾਸ ਕਰਨ ਦੀ ਸੰਭਾਵਨਾ ਸੀ, ਭਾਵ ਸ਼ੁੱਧ ਪ੍ਰਵਾਸ 738,718 ਸੀ।

ਲੇਕਨ 755,254 ਦਾ ਕੁੱਲ ਵਾਧਾ 1949 ਤੋਂ ਬਾਅਦ ਦੂਜਾ ਸਭ ਤੋਂ ਵੱਡਾ ਵਾਧਾ ਹੈ। ਇਹ ਯੂ ਕੇ ਦੇ ਕਈ ਸ਼ਹਿਰਾਂ ਦੀ ਅਬਾਦੀ ਨਾਲੋਂ ਵੀ ਜ਼ਿਆਦਾ ਹੈ। ਓ ਐਨ ਐਸ ਦਾ ਅੰਦਾਜ਼ਾ ਹੈ ਕਿ ਜੂਨ 2024 ਤੱਕ ਇੰਗਲੈਂਡ ਦੀ ਅਬਾਦੀ ਵਿੱਚ ਤੇਜੀ ਨਾਲ ਵਾਧਾ ਹੋਇਆ ਜੋ 1.2 ਫੀਸਦੀ ਹੈ, ਜਦ ਕਿ ਸਕਾਟਲੈਂਡ 0.7%, ਵੇਲਜ਼ 0.6% ਅਤੇ ਉੱਤਰੀ ਆਇਰਲੈਂਡ 0.4% ਵਿੱਚ ਵਾਧਾ ਹੋਇਆ ਹੈ।

ਓ ਐਨ ਐਸ ਦੇ ਨਾਈਜੇਲ ਹੈਨਰੇਟੀ ਨੇ ਕਿਹਾ ਕਿ ਯੂ ਕੇ ਦੀ ਆਬਾਦੀ 1982 ਦੇ ਅੱਧ ਤੋਂ ਹਰ ਸਾਲ ਵਧੀ ਹੈ। ਹਾਲ ਹੀ ਦੇ ਸਾਲਾਂ ਵਿੱਚ ਆਬਾਦੀ ਵਾਧੇ ਦੀ ਦਰ ਵੱਧ ਰਹੀ ਹੈ ਅਤੇ ਸਾਲ ਵਿੱਚ 2024 ਦੇ ਅੱਧ ਤੱਕ ਦੇਖਿਆ ਗਿਆ ਵਾਧਾ 75 ਸਾਲਾਂ ਤੋਂ ਵੱਧ ਸਮੇਂ ਵਿੱਚ ਸੰਖਿਆਤਮਕ ਰੂਪ ਵਿੱਚ ਦੂਜਾ ਸਭ ਤੋਂ ਵੱਡਾ ਸਾਲਾਨਾ ਵਾਧਾ ਹੈ।

2024 ਦੇ ਅੱਧ ਤੱਕ ਸਾਲ ਵਿੱਚ ਯੂ ਕੇ ਵਿੱਚ 662,148 ਬੱਚਿਆਂ ਦਾ ਜਨਮ ਹੋਇਆ, ਜੋ ਪਿਛਲੇ 42 ਸਾਲਾਂ ਵਿੱਚ ਸਭ ਤੋਂ ਘੱਟ ਹੈ। ਅੰਕੜਿਆਂ ਮੁਤਾਬਿਕ 645,909 ਮੌਤਾਂ ਹੋਈਆਂ। ਜੋ 2019 ਦੇ ਅੱਧ ਤੱਕ, ਕੋਵਿਡ ਤੋਂ ਮਹਾਂਮਾਰੀ ਤੋਂ ਪਹਿਲਾਂ ਦੇ ਅੰਕੜਿਆਂ ਤੋਂ ਘੱਟ ਹਨ। ਵੇਲਜ਼ ਅਤੇ ਸਕਾਟਲੈਂਡ ਵਿੱਚ ਇੱਕ ਨਕਾਰਾਤਮਕ ਕੁਦਰਤੀ ਤਬਦੀਲੀ ਆਈ, ਜਿੱਥੇ ਜਨਮਾਂ ਨਾਲੋਂ ਵੱਧ ਮੌਤਾਂ ਹੋਈਆਂ ਹਨ।

ਜੂਨ ਵਿੱਚ ਪ੍ਰਕਾਸ਼ਿਤ ਇੱਕ ਸਰਵੇਖਣ ਵਿੱਚ 50 ਸਾਲ ਤੋਂ ਵੱਧ ਉਮਰ ਦੇ ਪੰਜ ਵਿੱਚੋਂ ਦੋ ਲੋਕਾਂ ਨੇ ਕਿਹਾ ਕਿ ਉਨ੍ਹਾਂ ਦੇ ਓਨੇ ਬੱਚੇ ਨਹੀਂ ਹਨ ਜਿੰਨੇ ਉਹ ਚਾਹੁੰਦੇ ਸਨ, ਜਿਸ ਦਾ ਕਾਰਨ ਆਰਥਿਕ ਹਾਲਾਤ, ਸਿਹਤ ਚਿੰਤਾਵਾਂ ਅਤੇ ਦੁਨੀਆ ਦੀ ਬਦਲ ਰਹੇ ਹਾਲਾਤ ਦੱਸੇ ਹਨ। ਅੱਧੇ ਤੋਂ ਵੱਧ ਲੋਕਾਂ ਨੇ ਕਿਹਾ ਕਿ ਘਰਾਂ, ਬੱਚਿਆਂ ਦੀ ਦੇਖਭਾਲ ਅਤੇ ਨੌਕਰੀ ਦੀ ਸੁਰੱਖਿਆ ਵਰਗੇ ਵਿੱਤੀ ਕਾਰਨਾਂ ਨੇ ਪਰਿਵਾਰ ਵਧਾਉਣ ਤੋਂ ਸੰਕੋਚ ਕੀਤਾ ਹੈ॥

# ਯੂ ਕੇ ਵਿੱਚ ਕੰਮ ਕਰਨ ਲਈ ਡਿਜੀਟਲ ਆਈ ਡੀ ਲਾਜ਼ਮੀ ਹੋਵੇਗੀ - ਪ੍ਰਧਾਨ ਮੰਤਰੀ ਕੀਰ ਸਟਾਰਮਰ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਨੇ ਕਿਹਾ ਹੈ ਕਿ ਜੋ ਵੀ ਯੂ ਕੇ ਵਿੱਚ ਕੰਮ ਕਰਨਾ ਚਾਹੁੰਦਾ ਹੈ, ਉਸ ਕੋਲ ਸੰਸਦ ਦੇ ਅੰਤ ਤੱਕ ਇੱਕ ਡਿਜੀਟਲ ਆਈ ਡੀ ਹੋਣੀ ਚਾਹੀਦੀ ਹੈ। ਸਰਕਾਰ ਨੂੰ ਉਮੀਦ ਹੈ ਕਿ ਪ੍ਰਸਤਾਵਿਤ ਪਹਿਚਾਣ ਕਾਰਡ ਨਾਲ ਗੈਰ-ਕਾਨੂੰਨੀ ਤੌਰ 'ਤੇ ਸਿਰਫ ਪੈਸੇ ਕਮਾਉਣ ਲਈ ਯੂ ਕੇ ਆਉਣ ਵਾਲੇ ਲੋਕਾਂ ਤੇ ਰੋਕ ਲੱਗੇਗੀ।***

ਪਰ ਇਸ ਯੋਜਨਾ ਨੂੰ ਲੈ ਕੇ ਵਿਰੋਧੀ ਪਾਰਟੀਆਂ ਵੱਲੋਂ ਆਲੋਚਨਾਵਾਂ ਕੀਤੀਆਂ ਜਾ ਰਹੀਆਂ ਹਨ ਕਿ ਅਜੇਹਾ ਨਿਯਮ ਛੋਟੀਆਂ ਕਿਸ਼ਤੀਆਂ ਰਾਹੀਂ ਯੂ ਕੇ ਵਿੱਚ ਦਾਖਲੇ ਨੂੰ ਨਹੀਂ ਰੋਕ ਸਕੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਮੀਗ੍ਰੇਸ਼ਨ ਪ੍ਰਣਾਲੀ ਨੂੰ "ਨਿਰਪੱਖ" ਹੋਣ ਦੀ ਲੋੜ ਹੈ ਨਹੀਂ ਤਾਂ ਇਹ ਲੋਕਾਂ ਦੇ ਵਿਸ਼ਵਾਸ ਨੂੰ ਕਮਜ਼ੋਰ ਕਰ ਦੇਵੇਗਾ। ਉਹਨਾਂ ਕਿਹਾ ਕਿ ਇਹ ਸਰਕਾਰ ਇਸ ਸੰਸਦ ਦੇ ਅੰਤ ਤੱਕ ਕੰਮ ਕਰਨ ਦੇ ਅਧਿਕਾਰ ਲਈ ਇੱਕ ਨਵੀਂ, ਮੁਫ਼ਤ, ਡਿਜੀਟਲ ਆਈ ਡੀ ਲਾਜ਼ਮੀ ਬਣਾ ਦੇਵੇਗੀ। ਜਿਸ ਅਨੁਸਾਰ ਜੇ ਕਿਸੇ ਵਿਅਕਤੀ ਕੋਲ ਡਿਜੀਟਲ ਆਈ ਡੀ ਨਹੀਂ ਹੈ



ਤਾਂ ਉਹ ਯੂ ਕੇ ਵਿੱਚ ਕੰਮ ਨਹੀਂ ਕਰ ਸਕਣਗੇ।

ਸਰਕਾਰ ਦੀ ਇਸ ਨਵੀਂ ਯੋਜਨਾਂ ਤਹਿਤ ਆਈ ਡੀ ਕਾਰਡਾਂ ਨੂੰ ਮੋਬਾਇਲ ਫੋਨਾਂ ਜਾਂ ਹੋਰ ਡਿਵਾਈਸਾਂ 'ਤੇ ਉਸੇ ਤਰ੍ਹਾਂ ਰੱਖਿਆ ਜਾ ਸਕੇਗਾ ਜਿਸ ਤਰ੍ਹਾਂ ਭੁਗਤਾਨ ਕਾਰਡ ਜਾਂ ਰਾਸ਼ਟਰੀ ਸਿਹਤ ਸੇਵਾ ਐਪ ਰੱਖੀ ਜਾਂਦੀ ਹੈ। ਕੈਬਨਿਟ ਮੰਤਰੀ ਲੀਜ਼ਾ ਨੰਦੀ ਨੇ ਕਿਹਾ ਕਿ ਡਿਜੀਟਲ ਦਸਤਾਵੇਜ਼ ਦੀ ਲੋੜ ਸਿਰਫ਼ ਕੰਮ ਕਰਨ ਦੇ ਅਧਿਕਾਰ ਦੇ ਸਬੂਤ ਵਜੋਂ ਹੋਵੇਗੀ।

# ਅਮਰੀਕਾ ਨੇ ਨੌਂ ਮਹੀਨਿਆਂ 'ਚ 2,417 ਭਾਰਤੀ ਕੱਢੇ

**ਵਿਦੇਸ਼ ਮੰਤਰਾਲੇ ਨੇ ਸ਼ੁਕਰਵਾਰ ਨੂੰ ਕਿਹਾ ਕਿ ਜਨਵਰੀ ਤੋਂ ਹੁਣ ਤਕ 2,400 ਤੋਂ ਵੱਧ ਭਾਰਤੀਆਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਭਾਰਤ ਗੈਰ-ਕਾਨੂੰਨੀ ਪ੍ਰਵਾਸ ਦੇ ਵਿਰੁਧ ਖੜਾ ਹੈ ਅਤੇ ਉਹ ਲੋਕਾਂ ਵਲੋਂ ਕਾਨੂੰਨੀ ਪ੍ਰਵਾਸ ਦੇ ਰਾਹਾਂ ਨੂੰ ਉਤਸ਼ਾਹਤ ਕਰਨਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਜਨਵਰੀ ਤੋਂ ਲੈ ਕੇ ਹੁਣ ਤਕ 2417 ਭਾਰਤੀਆਂ ਨੂੰ ਅਮਰੀਕਾ ਤੋਂ ਵਾਪਸ ਭੇਜਿਆ ਗਿਆ ਹੈ। ਇਕ ਸਵਾਲ ਦਾ ਜਵਾਬ ਦਿੰਦਿਆਂ ਜੈਸਵਾਲ ਨੇ ਕਿਹਾ, ਫ਼ਲਸਤੋਂਫ਼ਲਸਤੋਂਅਸੀਂ ਪ੍ਰਵਾਸ ਲਈ ਕਾਨੂੰਨੀ ਮਾਰਗਾਂ ਨੂੰ ਉਤਸ਼ਾਹਤ ਕਰਨਾ ਚਾਹੁੰਦੇ ਹਾਂ। ਇਸ ਦੇ ਨਾਲ ਹੀ ਭਾਰਤ ਗੈਰ-ਕਾਨੂੰਨੀ ਪ੍ਰਵਾਸ ਦੇ ਵਿਰੁਧ ਖੜਾ ਹੈ।**

# ਹਿਮਾਚਲ ਪ੍ਰਦੇਸ਼ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦਾ ਲੰਡਨ ਵਿੱਚ ਸਵਾਗਤ



ਹਿਮਾਚਲ ਪ੍ਰਦੇਸ਼ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦਾ ਸਵਾਗਤ ਕਰਦੇ ਹੋਏ ਕਾਂਗਰਸੀ ਆਗੂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਹਿਮਾਚਲ ਪ੍ਰਦੇਸ਼ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਅਤੇ ਉਨ੍ਹਾਂ ਦੀ ਪਤਨੀ ਕਮਲੇਸ਼ ਠਾਕੁਰ ਇੰਗਲੈਂਡ ਦੌਰੇ ਤੇ ਹਨ। ਲੰਡਨ ਪਹੁੰਚਣ ਤੇ ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਦੇ ਪ੍ਰਧਾਨ ਕਮਲਪ੍ਰੀਤ ਸਿੰਘ ਕਮਲ ਧਾਲੀਵਾਲ ਅਤੇ ਮੀਤ ਪ੍ਰਧਾਨ ਗੁਰਮਿੰਦਰ ਕੌਰ ਰੰਧਾਵਾ ਨੇ ਜੀ ਆਇਆਂ ਆਖਦਿਆਂ ਨਿੱਘਾ ਸਵਾਗਤ ਕੀਤਾ।

ਗੁਰਮਿੰਦਰ ਕੌਰ ਰੰਧਾਵਾ ਨੇ ਗੱਲ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸੁੱਖੂ ਹਿਮਾਚਲ ਪ੍ਰਦੇਸ਼ ਵਿੱਚ ਵਿਕਾਸ ਕਾਰਜਾਂ ਨੂੰ ਲੈ ਕੇ ਉਤਸ਼ਾਹਿਤ ਹਨ, ਉਹਨਾਂ ਕਾਂਗਰਸੀ ਕਾਰਕੁਨਾਂ ਨਾਲ ਗੱਲਬਾਤ ਕਰਦਿਆਂ ਸੂਬੇ ਵਿੱਚ ਸਿਹਤ ਸੰਭਾਲ, ਸੈਰ-ਸਪਾਟਾ, ਪ੍ਰਾਹੁਣਚਾਰੀ ਅਤੇ ਵਾਤਾਵਰਣ ਸੁਰੱਖਿਆ ਵਰਗੇ ਮੁੱਖ ਖੇਤਰਾਂ ਵਿੱਚ ਨਿਵੇਸ਼ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ। ਬੀਤੇ ਦਿਨੀ ਹੜ੍ਹਾਂ ਕਾਰਨ ਹੋਏ ਨੁਕਸਾਨ ਅਤੇ ਸਰਕਾਰ ਵੱਲੋਂ ਕੀਤੇ ਗਏ ਰਾਹਤ ਕਾਰਜਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਵਿਕਰਮ ਦੁਹਾਨ, ਜਨਰਲ ਸਕੱਤਰ, ਆਈ.ਓ.ਸੀ. ਯੂ.ਕੇ, ਸੰਦੀਪ ਸੋਨੀ, ਮੁਹੰਮਦ ਖਲੀਉੱਲਾ, ਯਸ਼ ਸੋਲੰਕੀ, ਰੁਪਿੰਦਰ ਕੌਰ ਗਿੱਲ, ਪੰਮੀ ਚੀਮਾ ਆਦਿ ਹਾਜ਼ਰ ਸਨ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

**Contact Mr. Randhawa via email below:**
**Email: jsrcontractslimited@gmail.com**

# ਸਾਊਥਾਲ ਵਿੱਚ ਵੱਖ ਵੱਖ ਭਾਈਚਾਰੇ ਦੀਆਂ ਔਰਤਾਂ ਨੇ ਨਸਲੀ ਹਿੰਸਾ ਦੇ ਖਾਤਮੇ ਲਈ ਕੀਤੀ ਅਵਾਜ਼ ਬੁਲੰਦ



ਸਾਊਥਾਲ ਟਾਊਨ ਹਾਲ ਵਿੱਚ ਇਕੱਤਰ ਵੱਖ ਵੱਖ ਭਾਈਚਾਰਿਆਂ ਦੀਆਂ ਆਗੂ ਬੀਬੀਆਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) **ਪੱਛਮੀ ਲੰਡਨ ਦੇ ਵੱਖ ਵੱਖ ਭਾਈਚਾਰਿਆਂ ਦੀਆਂ ਔਰਤਾਂ ਦੇ ਇੱਕ ਸਮੂਹ ਨੇ ਸਾਊਥਾਲ ਟਾਊਨ ਹਾਲ ਵਿਖੇ ਬੀਤੇ ਦਿਨੀ ਵੈਸਟ ਮਿਡਲੈਂਡ ਵਿੱਚ ਇੱਕ ਬਰਤਾਨਵੀ ਸਿੱਖ ਔਰਤ ਤੇ ਹੋਏ ਨਸਲੀ ਅਤੇ ਜਿਸਮਾਨੀ ਹਮਲੇ ਦੇ ਰੋਸ ਵਜੋਂ ਇਕੱਤਰ ਹੋ ਕੇ ਅਜੇਹੇ ਹਮਲਿਆਂ ਵਿਰੁੱਧ ਅਵਾਜ਼ ਬੁਲੰਦ ਕੀਤੀ।**

ਇਸ ਏਕਤਾ ਸਭਾ ਵਿੱਚ ਇਕੱਤਰ ਮਹਿਲਾਵਾਂ ਨੇ ਔਰਤਾਂ ਨੂੰ ਨਿਆਂ ਅਤੇ ਸਨਮਾਨ ਦਿੱਤੇ ਜਾਣ ਦੀ ਮੰਗ ਕਰਦਿਆਂ ਅਤੇ ਔਰਤਾਂ ਅਤੇ ਕੁੜੀਆਂ ਵਿਰੁੱਧ ਨਸਲਵਾਦ ਅਤੇ ਹਿੰਸਾ ਦੇ ਖਾਤਮੇ ਦੀ ਮੰਗ ਕੀਤੀ। ਇਸ ਸਮਾਗਮ ਵਿੱਚ ਈਲਿੰਗ ਕੌਂਸਲ ਦੀ ਅਪਰਾਧ ਅਤੇ ਸਮਾਜ-ਵਿਰੋਧੀ ਵਿਭਾਗ ਦੀ ਕੈਬਨੈਂਟ ਮੈਂਬਰ ਜਸਬੀਰ ਕੌਰ ਆਨੰਦ, ਆਇਸ਼ਾ ਰਜ਼ਾ, ਫਾਦੁਮਾ ਮੁਹੰਮਦ, ਅਤੇ ਡੀ ਮਾਰਟਿਨ, ਨਾਲ ਹੀ ਭਾਈਚਾਰਕ ਆਗੂ ਅਤੇ ਹਿਲਿੰਗਡਨ ਦੀ ਕੌਂਸਲਰ ਕਮਲਪ੍ਰੀਤ ਕੌਰ, ਵੋਇਸ ਆਫ਼ ਵੁਮੈਨ ਗਰੁੱਪ ਦੇ ਮੈਂਬਰ ਅਤੇ ਸ਼ਿਵਦੀਪ ਕੌਰ ਢੇਸੀ ਨੇ ਹਿੱਸਾ ਲਿਆ।

ਕੌਂਸਲਰ ਆਨੰਦ ਨੇ ਕਿਹਾ ਕਿ ਓਲਡਬਰੀ ਵਿੱਚ ਜੋ ਕੁਝ ਹੋਇਆ ਉਹ ਸੱਚਮੁੱਚ ਹੈਰਾਨ ਕਰਨ ਵਾਲਾ ਅਤੇ ਦਿਲ ਤੋੜਨ ਵਾਲਾ ਹੈ। ਸਿੱਖ ਔਰਤ ਉੱਤੇ ਸਭ ਤੋਂ ਭਿਆਨਕ ਤਰੀਕੇ ਨਾਲ ਹਮਲਾ ਕੀਤਾ ਗਿਆ, ਅਤੇ ਅਸੀਂ ਸਭ ਉਸਦਾ ਦਰਦ ਮਹਿਸੂਸ ਕਰਦੇ ਹਾਂ। ਇਸ ਘਟਨਾਂ ਨੇ ਸਾਨੂੰ ਸਭਨਾਂ ਨੂੰ ਮਾਵਾਂ, ਧੀਆਂ ਅਤੇ ਭੈਣਾਂ ਦੇ ਰੂਪ ਵਿੱਚ ਪ੍ਰਭਾਵਿਤ ਕੀਤਾ ਹੈ। ਔਰਤਾਂ ਅਤੇ ਕੁੜੀਆਂ ਵਿਰੁੱਧ ਮਰਦਾਂ ਦੀ ਹਿੰਸਾ ਕਦੇ ਵੀ ਸਵੀਕਾਰਯੋਗ ਨਹੀਂ ਹੈ। ਕੌਂਸਲਰ ਰਜ਼ਾ ਨੇ ਕਿਹਾ ਕਿਸੇ ਵੀ ਔਰਤ ਨੂੰ ਆਪਣੀ ਪਛਾਣ ਦੇ ਕਾਰਨ ਡਰ ਵਿੱਚ ਨਹੀਂ ਰਹਿਣਾ ਚਾਹੀਦਾ। ਕੌਂਸਲਰ ਕਮਲਪ੍ਰੀਤ ਕੌਰ ਨੇ ਕਿਹਾ ਅਸੀਂ ਇਥੇ ਇਸ ਭਆਨਕ ਘਟਨਾ ਦੀ ਨਿੰਦਾ ਕਰਨ ਦੇ ਨਾਲ ਨਾਲ ਔਰਤਾਂ ਦੇ ਨਾਲ ਹੋਣ ਵਾਲੇ ਬਦਸਲੂਕੀ ਅਤੇ ਨਸਲਵਾਦ ਦੇ ਵਿਆਪਕ ਸੱਭਿਆਚਾਰ ਨੂੰ ਚੁਣੌਤੀ ਦੇਣ ਲਈ ਇਕੱਠੀਆ ਹੋਈਆਂ ਹਾਂ। ਜਦੋਂ ਤੱਕ ਹਰ ਔਰਤ ਅਤੇ ਲਕੜੀ ਲਈ ਸਨਮਾਨ, ਬਰਾਬਰੀ ਅਤੇ ਨਿਆਂ ਦੀ ਗਾਰੰਟੀ ਨਹੀਂ ਮਿਲਦੀ, ਉਦੋਂ ਤੱਕ ਲੜਾਈ ਜਾਰੀ ਰੱਖਾਂਗੇ।


ਸਿੱਖ ਸੇਵਕ ਸੁਸਾਇਟੀ ਵਿਚ ਯੋਗਦਾਨ ਦੀ
ਅਪੀਲ





ਸਤਿਗੁਰੂ ਜੀ ਦੀ ਕਿਰਪਾ ਨਾਲ ਸੰਗਤੀ ਜਥਾ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਪਿਛਲੇ ਕਈ ਸਾਲਾਂ ਤੋਂ ਪੰਜਾਬ ਦੇ ਹੜ ਪੀੜਤ ਖੇਤਰਾਂ ਵਿਚ ਸੇਵਾ ਦਾ ਕਾਰਜ ਕਰ ਰਹੀ ਹੈ। ਇਹ ਸੰਸਥਾ ਸਿਖ ਫ਼ਲਸਫ਼ੇ ਦੀ ਪ੍ਰੇਰਨਾ ਨਾਲ, ਸੇਵਾ ਅਤੇ ਸਮਾਜਿਕ ਭਲਾਈ ਦੇ ਸਿਧਾਂਤਾਂ 'ਤੇ ਅਡਿੱਗ ਹੋ ਕੇ ਕੰਮ ਕਰਦੀ ਹੈ। ਪੰਜਾਬ ਦੇ ਜਲੰਧਰ, ਕਪੂਰਥਲਾ ਅਤੇ ਹੋਰ ਖੇਤਰਾਂ ਵਿਚ, ਜਿੱਥੇ ਸਤਲੁਜ ਦਰਿਆ ਦੇ ਹੜ੍ਹ ਨੇ ਤਬਾਹੀ ਮਚਾਈ ਹੈ, ਸਿਖ ਸੇਵਕ ਸੁਸਾਇਟੀ ਨੇ ਲੋੜਵੰਦਾਂ ਦੀ ਬਾਂਹ ਫੜੀ ਹੈ। ਪਿੰਡ ਬਾਊਪੁਰ, ਅਲੀਪੁਰ, ਖਿਜਤਪੁਰ ਅਤੇ ਸੁਲਤਾਨਪੁਰ ਲੋਧੀ, ਮੰਡਾਲਾ ਛੰਨਾ ਲੋਹੀਆਂ ਧੁਸੀ ਬੰਨ, ਮੁੰਡੀ ਕਾਲੂ ਵਰਗੇ ਆਦਿ ਇਲਾਕਿਆਂ ਵਿਚ, ਜਿੱਥੇ ਹੜ੍ਹ ਦੇ ਪਾਣੀ ਨੇ ਘਰਾਂ, ਫਸਲਾਂ ਅਤੇ ਪਸ਼ੂਆਂ ਨੂੰ ਬਰਬਾਦ ਕਰ ਦਿੱਤਾ, ਇਹ ਸੰਸਥਾ ਰਾਹਤ ਸਮੱਗਰੀ, ਲੰਗਰ, ਪਸ਼ੂਆਂ ਦੇ ਚਾਰੇ ਅਤੇ ਸਿਹਤ ਸੰਭਾਲ ਸੇਵਾਵਾਂ ਮੈਡੀਕਲ, ਫੋਗਿੰਗ ਪ੍ਰਦਾਨ ਕਰ ਰਹੀ ਹੈ। ਇਸ ਔਖੇ ਸਮੇਂ, ਪੰਜਾਬੀ ਭਾਈਚਾਰਾ ਲਈ ਇਸ ਮਹਾਨ ਸੇਵਾ ਨੂੰ ਜਾਰੀ ਰੱਖਣ ਲਈ ਸੰਗਤ ਦੇ ਸਹਿਯੋਗ ਦੀ ਲੋੜ ਹੈ। ਸਾਡੀ ਅਪੀਲ ਹੈ ਕਿ ਸਾਡੇ ਸਮਰੱਥ ਅਤੇ ਸੇਵਾ-ਭਾਵਨਾ ਨਾਲ ਭਰਪੂਰ ਸੰਗਤ ਇਸ ਸੰਸਥਾ ਵਿਚ ਯੋਗਦਾਨ ਪਾਉਣ ਲਈ ਅੱਗੇ ਆਉਣ। ਤੁਸੀਂ ਰਾਸ਼ਨ, ਕੱਪੜੇ, ਦਵਾਈਆਂ ਜਾਂ ਪਸ਼ੂਆਂ ਦੇ ਚਾਰੇ ਦੇ ਰੂਪ ਵਿਚ ਯੋਗਦਾਨ ਪਾ ਸਕਦੇ ਹੋ।

ਰਜਿੰਦਰ ਸਿੰਘ ਪੁਰੇਵਾਲ ਯੂਕੇ
ਚੇਅਰਮੈਨ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ
+44 7966 974505

ਪਰਮਿੰਦਰ ਪਾਲ ਸਿੰਘ ਖਾਲਸਾ
ਮੁਖ ਜਥੇਦਾਰ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ
+91-9814646416

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ

# ਟਰੰਪ ਨੇ ਸੱਤ ਅੰਤਹੀਨ ਯੁੱਧ ਖਤਮ ਕਰਨ ਦਾ ਕੀਤਾ ਦਾਅਵਾ, ਆਪਣੀ ਪਿੱਠ ਥਪਥਪਾਈ

## ✪ ਭਾਰਤ-ਪਾਕ ਯੁਧ ਖਤਮ ਕਰਾਉਣ ਬਾਰੇ ਟਰੰਪ ਨੇ ਮਾਰੀ ਡੀਂਗ: ਭਾਰਤ ਨੇ ਫਿਰ ਖਾਰਜ ਕੀਤਾ ✪ ਟਰੰਪ ਨੇ ਭਾਰਤ-ਚੀਨ ’ਤੇ ਜ਼ਹਿਰ ਸੁਟਿਆ ਕਿ ਯੂਕਰੇਨ ਤੇ ਰੂਸ ਯੁੱਧ ਨੂੰ ਵਧਾਉਣ ਦੇ ਲਗਾਏ ਦੋਸ਼ ✪ ਯੂਐੱਨ ’ਤੇ ਟਰੰਪ ਦਾ ਨਿਸ਼ਾਨਾ ਕਿ ਉਹ ਸਿਰਫ ਪੱਤਰ ਲਿਖਣ ਜੋਗਾ, ਵਿਸ਼ਵ ਸ਼ਾਂਤੀ ਵਿਚ ਕੋਈ ਭੂਮਿਕਾ ਨਹੀਂ



ਨਿਊਯਾਰਕ-ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਬੀਤੇ ਦਿਨੀਂ ਸੰਯੁਕਤ ਰਾਸ਼ਟਰ ਮਹਾਸਭਾ (ਯੂਐੱਨਜੀਏ) ਦੇ 80ਵੇਂ ਸੱਤਰ ਵਿੱਚ ਇੱਕ ਘੰਟੇ ਤੋਂ ਵੱਧ ਲੰਮਾ ਭਾਸ਼ਣ ਦਿੱਤਾ। ਇਸ ਵਿੱਚ ਉਨ੍ਹਾਂ ਨੇ ਦਾਅਵਾ ਕੀਤਾ ਕਿ ਉਹਨਾਂ ਨੇ ਸਿਰਫ਼ ਸੱਤ ਮਹੀਨਿਆਂ ਵਿੱਚ ਸੱਤ ਅਜਿਹੇ ਯੁੱਧ ਖਤਮ ਕਰ ਦਿੱਤੇ ਜਿਨ੍ਹਾਂ ਨੂੰ ਹੋਰ ਲੋਕ ਅਸੰਭਵ ਸਮਝਦੇ ਸਨ। ਟਰੰਪ ਨੇ ਕਿਹਾ, ਕਿ ਸਿਰਫ਼ ਸੱਤ ਮਹੀਨਿਆਂ ਵਿੱਚ ਮੈਂ ਸੱਤ ਅੰਤਹੀਨ ਯੁੱਧ ਖਤਮ ਕਰ ਦਿੱਤੇ। ਕੁਝ ਯੁੱਧ 31 ਸਾਲਾਂ ਤੋਂ ਚੱਲ ਰਹੇ ਸਨ, ਇੱਕ 36 ਸਾਲ ਤੋਂ। ਸਭ ਖਤਮ ਹੋ ਗਏ ਹਨ।” ਉਹਨਾਂ ਨੇ ਵਿਸ਼ਵ ਨੇਤਾਵਾਂ ਨੂੰ ਕਿਹਾ ਕਿ ਇਹ ਯੁੱਧ ਭਿਆਨਕ ਸਨ, ਜਿੱਥੇ ਹਜ਼ਾਰਾਂ ਲੋਕ ਮਰ ਰਹੇ ਸਨ।

ਟਰੰਪ ਦੇ ਅਨੁਸਾਰ, ਇਹਨਾਂ ਯੁੱਧਾਂ ਵਿੱਚ ਕੰਬੋਡੀਆ ਅਤੇ ਥਾਈਲੈਂਡ ਵਿਚਕਾਰ ਲੜਾਈ, ਸਰਬੀਆ ਅਤੇ ਕੋਸੋਵੋ ਵਿਚਕਾਰ ਵਿਵਾਦ, ਕਾਂਗੋ ਅਤੇ ਰਵਾਂਡਾ ਵਿਚਕਾਰ ਲੰਮੇ ਸਮੇਂ ਤੋਂ ਟਕਰਾਅ, ਪਾਕਿਸਤਾਨ ਅਤੇ ਭਾਰਤ ਵਿਚਕਾਰ ਮਈ 2025 ਵਿੱਚ ਹੋਈ ਲੜਾਈ, ਇਜ਼ਰਾਈਲ ਅਤੇ ਈਰਾਨ ਵਿਚਕਾਰ ਤਣਾਅ, ਮਿਸਰ ਅਤੇ ਇਥੋਪੀਆ ਵਿਚਕਾਰ ਨੀਲ ਨਦੀ ’ਤੇ ਵਿਵਾਦ ਅਤੇ ਅਰਮੀਨੀਆ ਅਤੇ ਅਜ਼ਰਬੈਜਾਨ ਵਿਚਕਾਰ ਨਾਗੋਰਨੋ-ਕਾਰਾਬਾਖ ਖੇਤਰ ਨਾਲ ਜੁੜੀ ਲੜਾਈ ਸ਼ਾਮਲ ਹੈ। ਟਰੰਪ ਨੇ ਇਹ ਵੀ ਕਿਹਾ ਕਿ ਉਹਨਾਂ ਨੇ ਹਰ ਯੁੱਧ ਵਿੱਚ ਦੋਵਾਂ ਦੇਸ਼ਾਂ ਦੇ ਨੇਤਾਵਾਂ ਨਾਲ ਗੱਲਾਂ ਕੀਤੀਆਂ ਅਤੇ ਵਪਾਰਕ ਸਹੂਲਤਾਂ ਦੇ ਬਦਲੇ ਯੁਧਬੰਦੀ ਕਰਵਾਇਆ। ਉਹਨਾਂ ਨੇ ਭਾਰਤ-ਪਾਕਿਸਤਾਨ ਯੁੱਧ ਨੂੰ ਇੱਕੋ-ਇੱਕ ਵਾਰ ਨਹੀਂ ਬਲਕਿ ਦੋ ਵਾਰ ਜ਼ਿਕਰ ਕੀਤਾ, ਕਿਹਾ ਕਿ ਉਹਨਾਂ ਨੇ ਇਸ ਨੂੰ ਵਪਾਰ ਨਾਲ ਜੋੜ ਕੇ ਰੁਕਵਾਇਆ।

ਇਹ ਦਾਅਵਾ ਟਰੰਪ ਨੇ ਪਹਿਲਾਂ ਵੀ ਕੀਤਾ ਸੀ, ਪਰ ਯੂਐੱਨ ਵਰਗੇ ਵਿਸ਼ਵ ਮੰਚ ਤੇ ਇਹ ਪਹਿਲੀ ਵਾਰ ਦਾਅਵਾ ਕੀਤਾ ਹੈ। ਉਹਨਾਂ ਨੇ ਇਸ ਨਾਲ ਇਹ ਵੀ ਕਿਹਾ ਕਿ ਉਹ ਨੋਬਲ ਸ਼ਾਂਤੀ ਪੁਰਸਕਾਰ ਲੈਣ ਦੇ ਅਧਿਕਾਰੀ ਹਨ। ਟਰੰਪ ਨੇ ਕਿਹਾ, “ਸਭ ਕਹਿੰਦੇ ਹਨ ਕਿ ਮੈਨੂੰ ਹਰ ਯੁੱਧ ਲਈ ਨੋਬਲ ਪ੍ਰਾਈਜ਼ ਮਿਲਣਾ ਚਾਹੀਦਾ।” ਉਹਨਾਂ ਨੇ ਇਹ ਵੀ ਜ਼ਿਕਰ ਕੀਤਾ ਕਿ ਜੇ ਉਹ ਰੂਸ-ਯੂਕਰੇਨ ਯੁਧ ਵੀ ਰੋਕ ਦਿੰਦੇ ਹਨ ਤਾਂ ਹੋਰ ਵੀ ਇੱਕ ਪੁਰਸਕਾਰ ਮਿਲੇਗਾ। ਟਰੰਪ ਦਾ ਭਾਸ਼ਣ ਨਾ ਸਿਰਫ਼ ਆਪਣੀ ਪਿੱਠ ਥਪਥਪਾਉਣ ਵਾਲਾ ਸੀ ਬਲਕਿ ਯੂਐੱਨ ’ਤੇ ਵੀ ਨਿਸ਼ਾਨਾ ਸਾਧਣ ਵਾਲਾ। ਉਹਨਾਂ ਨੇ ਕਿਹਾ, “ਯੂਐੱਨ ਨੇ ਕੋਈ ਮਦਦ ਨਹੀਂ ਕੀਤੀ। ਉਹ ਸਿਰਫ਼ ਖ਼ਤ ਲਿਖਦੇ ਹਨ ਅਤੇ ਕੁਝ ਨਹੀਂ ਕਰਦੇ।”

ਇਸ ਭਾਸ਼ਣ ਨਾਲ ਵਿਸ਼ਵ ਨੇਤਾਵਾਂ ਵਿੱਚ ਹਲਚਲ ਮਚ ਗਈ। ਫਰਾਂਸੀਸੀ ਰਾਸ਼ਟਰਪਤੀ ਐਮੈਨੂਅਲ ਮੈਕਰਾਂ ਨੇ ਕਿਹਾ ਕਿ ਜੇ ਟਰੰਪ ਨੂੰ ਨੋਬਲ ਚਾਹੀਦਾ ਹੈ ਤਾਂ ਉਹਨਾਂ ਨੂੰ ਗਾਜ਼ਾ ਵਿੱਚ ਯੁਧ ਰੋਕਣਾ ਚਾਹੀਦਾ।

ਟਰੰਪ ਨੇ ਇਹ ਦਾਅਵਾ ਕੀਤਾ ਸੀ ਕਿ ਉਹਨਾਂ ਨੇ ਵਪਾਰਕ ਰਾਹਤ ਦੇ ਬਦਲੇ ਭਾਰਤ ਤੇ ਪਾਕਿ ਯੁਧ ਰੁਕਵਾਇਆ। ਪਰ ਭਾਰਤ ਨੇ ਇਸ ਨੂੰ ਸਾਫ਼ ਤੌਰ ਤੇ ਨਕਾਰ ਦਿੱਤਾ। ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਯੁਧਬੰਦੀ ਦੋਹਾਂ ਫੌਜਾਂ ਵਿਚਕਾਰ ਹੋਈ ਅਤੇ ਅਮਰੀਕਾ ਦੀ ਕੋਈ ਭੂਮਿਕਾ ਨਹੀਂ ਸੀ। ਪੀਐੱਮ ਮੋਦੀ ਨੇ ਟਰੰਪ ਨੂੰ ਫ਼ੋਨ ਕਰਕੇ ਕਿਹਾ ਕਿ ਭਾਰਤ ਕਿਸੇ ਤੀਜੀ ਪਾਰਟੀ ਨੂੰ ਕਸ਼ਮੀਰ ’ਤੇ ਵਿਚੋਲਗੀ ਨੂੰ ਨਹੀਂ ਮੰਨਦਾ। ਪਾਕਿਸਤਾਨ ਨੇ ਟਰੰਪ ਦੇ ਰੋਲ ਨੂੰ ਮੰਨਿਆ, ਪਰ ਭਾਰਤ ਨੇ ਇਸ ਨੂੰ ’ਨਕਾਰ ਦਿੱਤਾ।

ਯੂਐੱਨ ’ਤੇ ਨਿਸ਼ਾਨਾ ਸਾਧਦੇ ਹੋਏ ਟਰੰਪ ਨੇ ਕਿਹਾ ਕਿ “ਮੈਂ ਸੱਤ ਯੁਧ ਖਤਮ ਕੀਤੇ, ਹਰ ਦੇਸ਼ ਦੇ ਨੇਤਾ ਨਾਲ ਗੱਲ ਕੀਤੀ, ਪਰ ਯੂਐੱਨ ਤੋਂ ਇੱਕ ਫ਼ੋਨ ਵੀ ਨਹੀਂ ਆਇਆ।”

ਟਰੰਪ ਨੇ ਯੂਰਪੀਅਨ ਦੇਸ਼ਾਂ ਨੂੰ ਵੀ ਨਿਸ਼ਾਨਾ ਬਣਾਇਆ ਅਤੇ ਕਿਹਾ ਕਿ ਉਹ ਰੂਸੀ ਤੇਲ ਖਰੀਦ ਕੇ ਪੁਤਿਨ ਦੀ ਯੁਧ ਮਸ਼ੀਨ ਨੂੰ ਈਂਧਨ ਦੇ ਰਹੇ ਹਨ। ਉਹਨਾਂ ਨੇ ਭਾਰੀ ਟੈਰਿਫ਼ਾਂ ਦੀ ਧਮਕੀ ਵੀ ਦਿੱਤੀ ਅਤੇ ਕਿਹਾ ਕਿ ਇਹ ਖੂਨਖਰਾਬਾ ਜਲਦੀ ਰੋਕ ਦੇਣਗੀਆਂ। ਇਹ ਬਿਆਨ ਅਗਸਤ 2025 ਵਿੱਚ ਭਾਰਤੀ ਆਯਾਤ ’ਤੇ 25% ਵਾਧੂ ਟੈਰਿਫ਼ ਲਗਾਉਣ ਤੋਂ ਬਾਅਦ ਆਇਆ, ਜਿਸ ਨਾਲ ਕੁੱਲ ਟੈਰਿਫ਼ 50% ਹੋ ਗਈ। ਭਾਰਤ ਨੇ ਕਿਹਾ ਕਿ ਉਹ ਸਸਤੇ ਤੇਲ ਲਈ ਖਰੀਦ ਜਾਰੀ ਰੱਖੇਗਾ ।

ਟਰੰਪ ਦਾ ਭਾਰਤ ਅਤੇ ਚੀਨ ਨੂੰ ਯੂਕਰੇਨ ਯੁਧ ਦੇ ਜ਼ਿੰਮੇਵਾਰ ਕਹਿਣ ਵਾਲਾ ਬਿਆਨ ਨਵੀਂ ਦਿੱਲੀ ਲਈ ਚੁਭਣ ਵਾਲਾ ਸੀ। ਉਹਨਾਂ ਨੇ ਕਿਹਾ, ”ਚੀਨ ਅਤੇ ਭਾਰਤ ਰੂਸੀ ਤੇਲ ਖਰੀਦ ਕੇ ਯੁਧ ਨੂੰ ਭੜਕਾ ਰਹੇ ਹਨ। ਇਹ ਪੁਤਿਨ ਦੀ ਯੁਧ ਮਸ਼ੀਨ ਨੂੰ ਈਂਧਨ ਦੇਣ ਵਾਲਾ ਇੰਜਣ ਹੈ।” ਟਰੰਪ ਨੇ ਨਾਟੋ ਦੇਸ਼ਾਂ ਨੂੰ ਵੀ ਨਿਸ਼ਾਨਾ ਬਣਾਇਆ ਅਤੇ ਕਿਹਾ ਕਿ ਉਹ ਵੀ ਰੂਸੀ ਊਰਜਾ ਖਰੀਦ ਰਹੇ ਹਨ। ਇਹ ਬਿਆਨ ਅਜਿਹੇ ਸਮੇਂ ਆਇਆ ਜਦੋਂ ਭਾਰਤ ਅਮਰੀਕਾ ਨਾਲ ਵਪਾਰਕ ਗੱਲਾਂ ਕਰ ਰਿਹਾ ਹੈ। ਅਗਸਤ ਵਿੱਚ ਅਮਰੀਕਾ ਨੇ ਭਾਰਤ ਨੂੰ ਰੂਸੀ ਤੇਲ ਖਰੀਦਣ ਲਈ ਸਜ਼ਾ ਵਜੋਂ ਟੈਰਿਫ਼ ਵਧਾਏ ਸਨ। ਭਾਰਤ ਨੇ ਜਵਾਬ ਵਿੱਚ ਕਿਹਾ ਕਿ ਉਹ ਆਪਣੀ ਆਰਥਿਕ ਸੁਰੱਖਿਆ ਲਈ ਇਹ ਕਰ ਰਿਹਾ ਹੈ ਅਤੇ ਪੱਛਮੀ ਦੇਸ਼ ਵੀ ਰੂਸੀ ਵਸਤਾਂ ਖਰੀਦ ਰਹੇ ਹਨ। ਯੂਕਰੇਨੀ ਰਾਸ਼ਟਰਪਤੀ ਵੋਲੋਡੀਮੀਰ ਜ਼ੇਲੇਂਸਕੀ ਨੇ ਕਿਹਾ ਕਿ ਭਾਰਤ ਜ਼ਿਆਦਾਤਰ ਉਹਨਾਂ ਨਾਲ ਹੈ ਅਤੇ ਊਰਜਾ ਚੁਣੌਤੀਆਂ ਨੂੰ ਹੱਲ ਕੀਤਾ ਜਾਣਾ ਚਾਹੀਦਾ।

ਨਿਊਯਾਰਕ ਟਾਈਮਜ਼ ਨੇ ਲਿਖਿਆ ਕਿ ਟਰੰਪ ਦੇ ਯੁਧ ਖਤਮ ਕਰਨ ਦੇ ਦਾਅਵੇ ਗਲਤ ਹਨ, ਕਿਉਂਕਿ ਕਈਆਂ ਵਿੱਚ ਅਮਰੀਕੀ ਰੋਲ ਸੀ ਪਰ ਯੁਧ ਪੂਰੀ ਤਰ੍ਹਾਂ ਖਤਮ ਨਹੀਂ ਹੋਏ। ਉਦਾਹਰਨ ਵਜੋਂ, ਕਾਂਗੋ-ਰਵਾਂਡਾ ਵਿੱਚ ਅਗਸਤ 2025 ਵਿੱਚ ਯੂਐੱਨ ਦੀ ਰਿਪੋਰਟ ਅਨੁਸਾਰ ਲੜਾਈ ਜਾਰੀ ਹੈ ਅਤੇ ਹਜ਼ਾਰਾਂ ਲੋਕ ਉਜੜੇ ਹਨ। ਸੀਐੱਨਐੱਨ ਨੇ ਕਿਹਾ ਕਿ ਟਰੰਪ ਨੇ ਚਾਰ ਯੁਧਾਂ ਵਿੱਚ ਮਦਦ ਕੀਤੀ ਪਰ ਬਾਕੀ ਯੁਧ ਨਹੀਂ ਬਲਕਿ ਤਣਾਅ ਸਨ।

ਗਾਰਡੀਅਨ ਯੂਕੇ ਨੇ ਲਿਖਿਆ ਕਿ ਟਰੰਪ ਦਾ ਯੂਐੱਨ ਨੂੰ ਅਣਉਪਯੋਗੀ ਕਹਿਣਾ ਗਲਤ ਹੈ ਕਿਉਂਕਿ ਯੂਐੱਨ ਨੇ ਬਹੁਤੇ ਯੁੱਧ ਰੋਕੇ ਹਨ ਜਿਵੇਂ ਈਰਾਨ-ਇਰਾਕ।

ਫੈਕਟਚੈੱਕ.ਆਰਗ ਨੇ ਕਿਹਾ ਕਿ ਟਰੰਪ ਨੇ ਕੁਝ ਵਿੱਚ ਮਹੱਤਵਪੂਰਨ ਰੋਲ ਨਿਭਾਇਆ ਪਰ ਬਹੁਤੇ ਵਿੱਚ ਯੁਧ ਪੂਰੀ ਤਰ੍ਹਾਂ ਖਤਮ ਨਹੀਂ ਹੋਏ ਅਤੇ ਕੁਝ ਨਵੇਂ ਤਣਾਅ ਵਧੇ ਹਨ।

# ਜਿਸਮ ਫਰੋਸ਼ੀ ਦੇ ਅੱਡੇ ਉਪਰ ਪੁਲਿਸ ਦਾ ਛਾਪਾ, 4 ਔਰਤਾ ਤੇ 1 ਵਿਅਕਤੀ ਕਾਬੂ



ਫਤਹਿਗੜ੍ਹ ਸਾਹਿਬ-ਲੋਹਾ ਨਗਰੀ ਮੰਡੀ ਗੋਬਿੰਦਗੜ ਦੀ ਪੁਲਸ ਨੇ ਰੇਲਵੇ ਸਟੇਸ਼ਨ ਨੇੜੇ ਚੱਲ ਰਹੇ ਜਿਸਮ ਫਿਰੋਸ਼ੀ ਦੇ ਅੱਡੇ ਦਾ ਪਰਦਾਫਾਸ਼ ਕਰਕੇ 4 ਔਰਤਾਂ ਅਤੇ 1 ਵਿਅਕਤੀ ਨੂੰ ਕਾਬੂ ਕੀਤਾ ਹੈ। ਦੱਸ ਦਈਏ ਕਿ ਚਾਰੋਂ ਔਰਤਾਂ ਪੰਜਾਬ ਤੋਂ ਬਾਹਰੀ ਰਾਜਾ ਨਾਲ ਸੰਬੰਧਿਤ ਹਨ ਤੇ ਇਹ ਆਪਸ ਵਿਚ ਮਿਲ ਕੇ ਬਦਕਾਰੀ ਦਾ ਧੰਦਾ ਚਲਾਉਂਦੀਆਂ ਸਨ।

ਸਬ-ਇੰਸਪੈਕਟਰ ਹਰਮਨਪਰੀਤ ਕੋਰ ਨੇ ਦਸਿਆ ਕਿ ਥਾਣਾ ਮੁੱਖੀ ਇੰਸਪੈਕਟਰ ਸੰਦੀਪ ਸਿੰਘ ਪਾਸ ਮੁਖਬਰ ਖਾਸ ਨੇ ਆ ਕੇ ਇਤਲਾਹ ਦਿੱਤੀ ਕਿ ਜੋ ਕਿ ਇਹ ਆਪਸ ਵਿਚ ਮਿਲ ਕੇ ਮੰਡੀ ਗੋਬਿੰਦਗੜ੍ਹ ਨੇੜੇ ਰੇਲਵੇ ਸਟੇਸ਼ਨ ਮੰਡੀ ਗੋਬਿੰਦਗੜ ਪਾਸ ਬਦਕਾਰੀ ਦਾ ਧੰਦਾ ਚਲਾ ਰਹੀਆਂ ਹਨ, ਜਿੱਥੇ ਕਿ ਇਹ ਉੱਥੋਂ ਲੰਘਦੇ ਮਰਦਾਂ ਨੂੰ ਇਸ਼ਾਰਿਆਂ ਨਾਲ ਬੁਲਾਉਂਦੀਆਂ ਹਨ ਅਤੇ ਮੋਟੀ ਕਮਾਈ ਕਰਦੀਆਂ ਹਨ, ਜਿਸ ਨਾਲ ਸਮਾਜ ਉੱਤੇ ਬੁਰਾ ਪ੍ਰਭਾਵ ਪੈ ਰਿਹਾ ਹੈ। ਪੁਲਸ ਵੱਲੋਂ ਰੇਡ ਕਰਨ ਤੇ ਚਾਰ ਔਰਤਾਂ ਅਤੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ, ਜਿਨ੍ਹਾਂ ਖਿਲਾਫ ਮਾਮਲਾ ਦਰਜ ਕਰ ਕੇ ਅਗਲੀ ਪੜਤਾਲ ਕੀਤੀ ਜਾ ਰਹੀ ਹੈ।

# ਝੂਠੇ ਪੁਲਿਸ ਮੁਕਾਬਲਿਆਂ ਦਾ ਦੋਸ਼ੀ ਥਾਣੇਦਾਰ ਸੂਬਾ ਸਰਹੰਦ ਦੇ ਭੋਗ 'ਤੇ ਵਿਰੋਧ ਕਰਦੇ ਰਣਜੀਤ ਸਿੰਘ ਤੇ ਭੁਪਿੰਦਰ ਸਿੰਘ ਗ੍ਰਿਫ਼ਤਾਰ

## ਪੁਲਿਸ ਨਾਲ ਤਕਰਾਰ ਅਤੇ ਜ਼ਬਰਦਸਤ ਨਾਅਰੇਬਾਜ਼ੀ ਵੀ ਹੋਈ





ਅੰਮ੍ਰਿਤਸਰ-ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾਉਣ ਵਿੱਚ ਅਦਾਲਤ ਵੱਲੋਂ ਦੋਸ਼ੀ ਠਹਿਰਾਇਆ ਗਿਆ ਸਾਬਕਾ ਥਾਣੇਦਾਰ ਸੂਬਾ ਸਿੰਘ ਜੋ ਪਟਿਆਲਾ ਜੇਲ੍ਹ ਵਿੱਚ ਨਜ਼ਰਬੰਦ ਸੀ। ਹਿੰਦੂ ਆਗੂ ਸੁਧੀਰ ਸੂਰੀ ਨੂੰ ਮਾਰਨ ਵਾਲੇ ਸੰਦੀਪ ਸਿੰਘ ਸੰਨੀ ਨੇ ਪਿਛਲੇ ਦਿਨੀਂ ਪਟਿਆਲਾ ਜੇਲ੍ਹ ਵਿੱਚ ਇੱਕ ਟਕਰਾਅ ਦੌਰਾਨ ਸਜ਼ਾਯਾਫਤਾ ਥਾਣੇਦਾਰ ਸੂਬਾ ਸਿੰਘ ਨੂੰ ਜ਼ਖਮੀ ਕਰ ਦਿੱਤਾ ਸੀ ਜਿਸ ਤੋਂ ਬਾਅਦ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਥਾਣੇਦਾਰ ਸੂਬਾ ਸਿੰਘ ਦੇ ਪਰਿਵਾਰ ਵੱਲੋਂ ਅੰਮ੍ਰਿਤਸਰ ਦੇ ਪਿੰਡ ਵੱਲਾ ਵਿਖੇ ਸੰਧੂ ਫਾਰਮ 'ਚ ਬੜੇ ਹੀ ਲੁਕਵੇਂ ਢੰਗ ਨਾਲ ਜਦੋਂ ਉਸਦੇ ਨਮਿੱਤ ਅਰਦਾਸ ਸਮਾਗਮ ਕਰਵਾਇਆ ਜਾ ਰਿਹਾ ਸੀ ਤਾਂ ਮੌਕੇ 'ਤੇ ਵਿਰੋਧ ਕਰਨ ਪਹੁੰਚੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਤੇ ਤਿੰਨ ਹੋਰ ਨੌਜਵਾਨਾਂ ਨੇ ਓਥੇ ਜਬਰਦਸਤ ਨਾਅਰੇਬਾਜੀ ਅਤੇ ਪੁਲਿਸ ਨਾਲ ਤਕਰਾਰ ਕੀਤੀ ਤੇ ਉਹ ਬੈਰੀਕੇਡਿੰਗ ਤੋੜ ਕੇ ਅੱਗੇ ਲੰਘ ਗਏ ਜਿਸ ਕਾਰਨ ਪੰਜਾਂ ਸਿੰਘਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਤੇ ਦੇਰ ਸ਼ਾਮ ਨੂੰ ਮਕਬੂਲਪੁਰੇ ਥਾਣੇ 'ਚੋਂ ਰਣਜੀਤ ਸਿੰਘ, ਭੁਪਿੰਦਰ ਸਿੰਘ, ਪਰਮਜੀਤ ਸਿੰਘ ਅਕਾਲੀ, ਰਾਜਬੀਰ ਸਿੰਘ ਤੇ ਹਰਜੋਤ ਸਿੰਘ ਨੂੰ ਰਿਹਾਅ ਕਰ ਦਿੱਤਾ ਗਿਆ। ਜਿਸ ਤੋਂ ਬਾਅਦ ਪੰਥਕ ਜਥੇਬੰਦੀਆਂ ਦੇ ਆਗੂਆਂ ਅਤੇ ਫੈਡਰੇਸ਼ਨ ਭਿੰਡਰਾਂਵਾਲਾ ਦੇ ਸਾਬਕਾ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ ਨੇ ਭਾਈ ਰਣਜੀਤ ਸਿੰਘ ਤੇ ਭਾਈ ਭੁਪਿੰਦਰ ਸਿੰਘ ਦਾ ਸਨਮਾਨ ਵੀ ਕੀਤਾ ਤੇ ਉਹਨਾਂ ਕਿਹਾ ਕਿ ਇਸ ਤੋਂ ਪਹਿਲਾਂ ਅਸੀਂ ਇਸੇ ਤਰ੍ਹਾਂ ਹੀ ਐਸ ਐਸ ਪੀ ਸਵਰਨ ਘੋਟਣੇ ਦਾ ਭੋਗ ਵੀ ਰੋਕਿਆ ਸੀ। ਹਿਰਾਸਤ ਵਿੱਚ ਰਿਹਾਅ ਹੋਏ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਅਸੀਂ ਥਾਣੇਦਾਰ ਸੂਬਾ ਸਰਹੰਦ ਦਾ ਸਿੱਖ ਮਰਯਾਦਾ ਅਨੁਸਾਰ ਭੋਗ ਨਹੀਂ ਪੈਣ ਦੇਵਾਂਗੇ ਤੇ ਇੱਥੇ ਅਰਦਾਸ ਸਾਡੇ ਸ਼ਹੀਦਾਂ ਦੀ ਯਾਦ ਵਿੱਚ ਹੋਵੇਗੀ। ਥਾਣੇਦਾਰ ਸੂਬਾ ਸਿੰਘ ਜੋ ਆਪਣੇ ਆਪ ਨੂੰ ਮੁਗਲ ਹਾਕਮ ਸੂਬਾ ਸਰਹੰਦ ਅਖਵਾਉਂਦਾ ਸੀ, ਉਸਨੇ ਬਾਬਾ ਚਰਨ ਸਿੰਘ ਕਾਰ ਸੇਵਾ ਵਾਲਿਆਂ ਨੂੰ ਵੀ ਦੋ ਜੀਪਾਂ ਪਿੱਛੇ ਬੰਨ੍ਹ ਕੇ ਦੋਫਾੜ ਕਰਕੇ ਸ਼ਹੀਦ ਕੀਤਾ ਸੀ। ਬੁੱਚੜ ਥਾਣੇਦਾਰ ਸੂਬਾ ਸਰਹੰਦ ਜੋ ਸਾਡੇ ਜੁਝਾਰੂ ਸਿੰਘਾਂ ਨੂੰ ਕੋਹ-ਕੋਹ ਕੇ ਸ਼ਹੀਦ ਕਰਦਾ ਸੀ, ਸਾਡੀਆਂ ਭੈਣਾਂ ਦੀ ਥਾਣਿਆਂ 'ਚ ਪੱਤ ਰੋਲਦਾ ਸੀ, ਸ਼ਹੀਦਾਂ ਦੇ ਭੋਗ ਨਹੀਂ ਸੀ ਪੈਣ ਦਿੰਦਾ, ਭੋਗਾਂ 'ਤੇ ਪਹੁੰਚ ਕੇ ਖੱਲਲ ਪਾਉਂਦਾ ਸੀ, ਸ੍ਰੀ ਅਖੰਡ ਪਾਠ ਸਾਹਿਬ ਖੰਡਤ ਕਰਦਾ ਸੀ, ਸੰਗਤਾਂ ਉੱਤੇ ਜ਼ੁਲਮ ਢਾਹੁੰਦਾ ਸੀ, ਲੰਗਰ ਵੀ ਡੋਲ੍ਹ ਦਿੰਦਾ ਸੀ ਤੇ ਹੁਣ ਅਸੀਂ ਇਸ ਦੁਸ਼ਟ ਦੇ ਭੋਗ ਸਮਾਗਮ ਉੱਤੇ ਪਹੁੰਚ ਕੇ ਖ਼ਾਲਸਾ ਪੰਥ ਵੱਲੋਂ ਡੱਟ ਕੇ ਵਿਰੋਧ ਕੀਤਾ ਹੈ। ਸਾਡੇ ਸ਼ਹੀਦਾਂ ਦੀ ਤਾਂ ਜੈ-ਜੈਕਾਰ ਹੁੰਦੀ ਰਹੇਗੀ ਤੇ ਸੂਬੇ ਸਰਹੰਦ ਨੂੰ ਲਾਹਣਤਾਂ ਪੈਂਦੀਆਂ ਰਹਿਣਗੀਆਂ।

# ਇੰਡੀਅਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.) ਗ੍ਰੀਨਵਿਚ ਅਤੇ ਬੈਕਸਲੇ ਬ੍ਰਾਂਚ ਵੱਲੋਂ ਸਾਲਾਨਾ ਸਮਾਗਮ ਕੀਤਾ ਗਿਆ




ਇੰਡੀਅਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.) ਗ੍ਰੀਨਵਿਚ ਅਤੇ ਬੈਕਸਲੇ ਬ੍ਰਾਂਚ ਨੇ 27 ਸਤੰਬਰ 2025 ਨੂੰ ਕ੍ਰਾਈਸਟ ਚਰਚ ਈਥ ਕੈਂਟ ਵਿਖੇ ਇੱਕ ਸਫਲ ਸਾਲਾਨਾ ਸਮਾਗਮ ਕੀਤਾ। ਪੂਰੇ ਹਾਲ ਦੇ ਸਾਹਮਣੇ ਇੱਕ ਪ੍ਰਸਿੱਧ ਪੰਜਾਬੀ ਫਿਲਮ ਅਤੇ ਲੜੀਵਾਰ ਅਦਾਕਾਰਾ ਅਨੀਤਾ ਸ਼ੁਭਦੇਸ਼ ਦੁਆਰਾ "ਗਦਰੀ ਗੁਲਾਬ ਕੌਰ" ਸਿਰਲੇਖ ਵਾਲਾ ਇੱਕ ਸੋਲੋ ਨਾਟਕ ਖੇਡਿਆ ਗਿਆ। ਇਸ ਸੋਲੋ ਨਾਟਕ ਵਿੱਚ ਭਾਰਤ ਦੇ ਆਜ਼ਾਦੀ ਸੰਗਰਾਮ ਦੀ ਸ਼ਹੀਦ ਗਦਰੀ ਗੁਲਾਬ ਕੌਰ ਦੀ ਹਿੰਮਤ ਦਾ ਵਰਣਨ ਕੀਤਾ ਗਿਆ ਹੈ। ਦਰਸ਼ਕਾਂ ਨੇ ਨਾਟਕ ਦੀ ਬਹੁਤ ਪ੍ਰਸ਼ੰਸਾ ਕੀਤੀ।

ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਬਲਬੀਰ ਜੌਹਲ ਨੇ ਦਰਸ਼ਕਾਂ ਦਾ ਸਵਾਗਤ ਕੀਤਾ ਅਤੇ ਸਾਰੇ ਵਿਛੜੇ ਸਾਥੀਆਂ ਅਤੇ ਕਮਿਊਨਿਸਟ ਪਾਰਟੀ ਆਫ਼ ਬ੍ਰਿਟੇਨ (ਐਮ. ਐਲ.) ਦੇ ਸਾਬਕਾ ਪ੍ਰਧਾਨ ਕਾਮਰੇਡ ਹਰਪਾਲ ਬਰਾੜ ਨੂੰ ਉਨ੍ਹਾਂ ਦੇ ਹਾਲ ਹੀ ਵਿੱਚ ਦੇਹਾਂਤ 'ਤੇ ਸ਼ਰਧਾਂਜਲੀ ਦਿੱਤੀ।

ਆਈ. ਡਬਲਯੂ. ਏ. (ਜੀ. ਬੀ.) ਬ੍ਰਾਂਚ ਦੇ ਸਕੱਤਰ ਮਨਦੀਪ ਢਿੱਲੋਂ ਨੇ ਦਰਸ਼ਕਾਂ ਨੂੰ ਸੰਬੋਧਨ ਕੀਤਾ ਅਤੇ ਪ੍ਰਵਾਸੀਆਂ ਵਿਰੁੱਧ ਹਾਲ ਹੀ ਵਿੱਚ ਹੋਏ ਸੱਜੇ-ਪੱਖੀ ਪ੍ਰਦਰਸ਼ਨਾਂ ਬਾਰੇ ਭਾਈਚਾਰੇ ਨੂੰ ਇੱਕਜੁੱਟ ਹੋਣ ਲਈ ਸੂਚਿਤ ਕੀਤਾ। ਉਸਨੇ ਭਾਈਚਾਰੇ ਦੇ ਆਗੂਆਂ ਨੂੰ ਚੇਤਾਵਨੀ ਦਿੱਤੀ ਕਿ ਉਹ ਨਵੇਂ ਅਤੇ ਉੱਭਰ ਰਹੇ ਸੱਜੇ-ਪੱਖੀਆਂ ਦਾ ਸਾਹਮਣਾ ਕਰਨ ਲਈ ਇੱਕਜੁੱਟ ਹੋਣ ਤਾਂ ਜੋ ਸਾਨੂੰ ਅਤੇ ਸਾਡੇ ਬੱਚਿਆਂ ਨੂੰ ਇਸ ਨਵੇਂ ਉੱਭਰ ਰਹੇ ਨਾਜ਼ੀਆਂ ਤੋਂ ਬਚਾਇਆ ਜਾ ਸਕੇ, ਕਿਉਂਕਿ ਇਸ ਦੇਸ਼ ਵਿੱਚ ਵਿੱਤੀ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ, ਇਸਦਾ ਦੋਸ਼ ਪ੍ਰਵਾਸੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ 'ਤੇ ਜਾਵੇਗਾ।

IWA(GB) ਸਾਊਥਾਲ ਬ੍ਰਾਂਚ ਦੇ ਕਾਮ-ਰੇਡ ਹਰਸੇਵ ਬੈਂਸ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ ਅਤੇ ਦਰਸ਼ਕਾਂ ਨੂੰ ਅਪੀਲ ਕੀਤੀ ਕਿ ਉਹ 1960 ਦੇ ਦਹਾਕੇ ਵਾਂਗ ਇੱਕਜੁੱਟ ਹੋਣ ਤਾਂ ਜੋ ਸਾਡੇ ਪਰਿਵਾਰਾਂ ਅਤੇ ਬੱਚਿਆਂ ਦੀ ਹੋਂਦ ਲਈ ਆਉਣ ਵਾਲੇ ਖ਼ਤਰੇ ਦਾ ਸਾਹਮਣਾ ਕੀਤਾ ਜਾ ਸਕੇ। ਉਨ੍ਹਾਂ ਮੀਟਿੰਗ ਨੂੰ ਅੱਗੇ ਦੱਸਿਆ ਕਿ ਤੁਸੀਂ ਦੇਸ਼ ਭਰ ਵਿੱਚ ਸਾਰੇ ਖੰਭਿਆਂ 'ਤੇ ਅੰਗਰੇਜ਼ੀ ਅਤੇ ਯੂਨਾਈਟਿਡ ਕਿੰਗਡਮ ਦੇ ਝੰਡੇ ਲਹਿਰਾਉਂਦੇ ਦੇਖ ਸਕਦੇ ਹੋ। ਉਸ ਸਮੇਂ ਸੱਜੇ ਪੱਖੀ ਨੇ ਸਾਡੇ ਵਿਰੁੱਧ ਨਫ਼ਰਤ ਭੜਕਾਉਣ ਲਈ ਰਾਸ਼ਟਰੀ ਝੰਡੇ ਵਿੱਚ ਲਪੇਟੇ ਨਵੇਂ ਤਾਣੇ ਵਰਤੇ ਸਨ। ਯੂਕੇ ਅਤੇ ਅੰਗਰੇਜ਼ੀ ਝੰਡੇ ਵੀ ਸਾਡੇ ਝੰਡੇ ਹਨ। ਅਸੀਂ ਇਸ ਦੇਸ਼ ਦੇ ਹੋਰ ਲੋਕਾਂ ਵਾਂਗ ਅੰਗਰੇਜ਼ੀ ਅਤੇ ਯੂਕੇ ਦੇ ਝੰਡੇ ਦਾ ਸਤਿਕਾਰ ਕਰਦੇ ਹਾਂ। ਇਸ ਵਾਰ ਸੱਜੇ-ਪੱਖੀ ਕੱਟੜਪੰਥੀਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਅਤੇ ਐਲੋਨ ਮਸਕ ਵਰਗੇ ਮੇਰੇ ਕਰੋੜਪਤੀ ਫੰਡ ਦਿੱਤੇ ਜਾਂਦੇ ਹਨ ਜੋ ਯੂਕੇ ਆਏ ਅਤੇ ਸੱਜੇ-ਪੱਖੀ ਪ੍ਰਦਰਸ਼ਨਾਂ ਨੂੰ ਸੰਬੋਧਨ ਕੀਤਾ। ਹਰਸੇਵ ਨੇ ਭਾਈਚਾਰੇ ਦੇ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਦੂਜਿਆਂ ਨਾਲ ਆਪਣੇ ਮਤਭੇਦਾਂ ਨੂੰ ਤਿਆਗ ਦੇਣ ਅਤੇ ਇਸ ਨਵੇਂ ਖ਼ਤਰੇ ਦਾ ਵਿਰੋਧ ਕਰਨ ਲਈ ਇੰਡੀਅਨ ਵਰਕਰਜ਼ ਐਸੋਸੀਏਸ਼ਨ (GB) ਦਾ ਸਮਰਥਨ ਕਰਨ।

# ਅਮਰੀਕਾ ਵਿਚ ਕੱਚੇ ਨਹੀਂ ਚਲਾ ਸਕਣਗੇ ਟਰੱਕ



ਵਾਸ਼ਿੰਗਟਨ : ਅਮਰੀਕਾ ਵਿਚ ਕੱਚੇ ਪੰਜਾਬੀਆਂ ਨੂੰ ਟ੍ਰਕਿੰਗ ਸੈਕਟਰ ਵਿਚੋਂ ਬਾਹਰ ਕੱਢਣ ਲਈ ਟਰੰਪ ਸਰਕਾਰ 29 ਸਤੰਬਰ ਤੋਂ ਨਵਾਂ ਨਿਯਮ ਲਾਗੂ ਕਰ ਰਹੀ ਹੈ। ਜੀ ਹਾਂ, ਹੁਣ ਸਿਰਫ਼ ਵਰਕ ਪਰਮਿਟ ਦੇ ਆਧਾਰ ਤੇ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਨਹੀਂ ਮਿਲਣਗੇ ਅਤੇ ਗਰੀਨ ਕਾਰਡ ਹੋਲਡਰ ਅਤੇ ਯੂ.ਐਸ. ਸਿਟੀਜ਼ਨ ਹੋਣਾ ਲਾਜ਼ਮੀ ਕੀਤਾ ਜਾ ਰਿਹਾ ਹੈ। ਨਵੇਂ ਨਿਯਮ ਤਹਿਤ ਘੱਟੋ ਘੱਟ 2 ਲੱਖ ਮੌਜੂਦਾ ਡਰਾਈਵਰਾਂ ਦਾ ਰੁਜ਼ਗਾਰ ਖੁੱਸ ਜਾਵੇਗਾ ਅਤੇ ਸਿਖਲਾਈ ਲੈ ਰਹੇ 20 ਹਜ਼ਾਰ ਡਰਾਈਵਰ ਕਦੇ ਟਰੱਕ ਨਹੀਂ ਚਲਾ ਸਕਣਗੇ। ਅਮਰੀਕਾ ਵਿਚ ਅਸਾਇਲਮ ਮੰਗਣ ਵਾਲੇ ਜਾਂ ਅਸਾਇਲਮ ਹਾਸਲ ਕਰ ਚੁੱਕੇ ਲੋਕਾਂ ਨੂੰ ਡਰਾਈਵਿੰਗ ਲਾਇਸੰਸ ਦੇ ਯੋਗ ਪ੍ਰਵਾਸੀਆਂ ਦੀ ਸੂਚੀ ਵਿਚੋਂ ਬਾਹਰ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਡਾਕਾ ਅਧੀਨ ਵਰਕ ਪਰਮਿਟ ਹਾਸਲ ਕਰਨ ਵਾਲੇ ਟਰੱਕ ਡਰਾਈਵਰ ਨਹੀਂ ਬਣ ਸਕਣਗੇ। ਫੈਡਰਲ ਮੋਟਰ ਕੈਰੀਅਰ ਸੇਫ਼ਟੀ ਐਡਮਨਿਸਟ੍ਰੇਸ਼ਨ ਦਾ ਕਹਿਣਾ ਹੈ ਕਿ ਕੱਚੇ ਪ੍ਰਵਾਸੀਆਂ ਨੂੰ ਜਾਰੀ ਸੀ. ਡੀ. ਐਲਜ਼ ਵਿਚੋਂ 25 ਫੀ ਸਦੀ ਗੈਰਵਾਜਬ ਤਰੀਕੇ ਨਾਲ ਦਿਤੇ ਗਏ ਪਰ ਹੁਣ ਅਜਿਹਾ ਨਹੀਂ ਹੋ ਸਕੇਗਾ।

# ਦਿੱਲੀ ਏਅਰਪੋਰਟ 'ਤੇ ਤਾਮਿਲ ਸਿੱਖ ਜੀਵਨ ਸਿੰਘ ਦੇ ਸਿੱਖੀ ਸਰੂਪ ਦਾ ਅਪਮਾਨ

**ਖਾਸ ਖ਼ਬਰ** ✪ ਏਅਰ ਇੰਡੀਆ ਸਟਾਫ਼ ਨੇ ਨਸਲਵਾਦੀ ਕੀਤਾ ਵਿਹਾਰ, ਪੰਥਕ ਆਗੂਆਂ ਵਲੋਂ ਨਿੰਦਾ ✪ ਤਾਮਿਲ ਸਿੱਖ ਆਗੂ ਨੂੰ ਧਰਮ-ਜਾਤ 'ਤੇ ਸਵਾਲ ਪੁਛਣੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ✪ ਭਾਈ ਜੀਵਨ ਸਿੰਘ ਲੜਨਗੇ ਨਿਆਂ ਦੀ ਲੜਾਈ

ਬੀਤੇ ਦਿਨੀਂ ਹੀ ਚੌਂਕਾਉਣ ਵਾਲੀ ਨਸਲਵਾਦੀ ਘਟਨਾ ਦਿੱਲੀ ਇੰਟਰਨੈਸ਼ਨਲ ਏਅਰਪੋਰਟ 'ਤੇ ਵਾਪਰੀ ਹੈ, ਜਿੱਥੇ ਤਾਮਿਲਨਾਡੂ ਮੂਲ ਦੇ ਸਿੱਖ ਆਗੂ ਅਤੇ ਸੁਪਰੀਮ ਕੋਰਟ ਦੇ ਵਕੀਲ ਸਰਦਾਰ ਜੀਵਨ ਸਿੰਘ ਨੂੰ ਏਅਰ ਇੰਡੀਆ ਦੇ ਗਰਾਊਂਡ ਸਟਾਫ਼ ਨੇ ਨਾ ਸਿਰਫ਼ ਅਪਮਾਨਜਨਕ ਸਵਾਲਾਂ ਨਾਲ ਪੁੱਛਗਿੱਛ ਕੀਤੀ, ਸਗੋਂ ਉਹਨਾਂ ਨੂੰ ਧਰਮ, ਜਾਤ-ਪਾਤ ਅਤੇ ਰੰਗ ਭੇਦਭਾਵ ਵਾਲੇ ਤਰੀਕੇ ਨਾਲ ਤੰਗ ਕੀਤਾ। ਇਹ ਘਟਨਾ ਉਦੋਂ ਵਾਪਰੀ, ਜਦੋਂ ਸਰਦਾਰ ਜੀਵਨ ਸਿੰਘ ਸਿੰਗਾਪੁਰ ਜਾਣ ਵਾਲੀ ਫਲਾਈਟ ਲਈ ਚੈੱਕ-ਇਨ ਕਰ ਰਹੇ ਸਨ।

ਦਿੱਲੀ ਏਅਰਪੋਰਟ ਦੇ ਇੰਟਰਨੈਸ਼ਨਲ ਟਰਮੀਨਲ ਵਿੱਚ ਏਅਰ ਇੰਡੀਆ ਦੇ ਕਾਊਂਟਰ ਨੰਬਰ 5 'ਤੇ ਇਹ ਸਭ ਕੁਝ ਵਾਪਰਿਆ। ਪਾਸਪੋਰਟ ਗਰਾਊਂਡ ਸਟਾਫ਼ ਮੈਂਬਰ ਮੈਡਮ ਸਤੂਤੀ ਨੇ ਸਰਦਾਰ ਜੀਵਨ ਸਿੰਘ ਪਾਸਪੋਰਟ ਵੇਖਦਿਆਂ ਅਪਮਾਨਜਨਕ ਟਿੱਪਣੀ ਕਰਦਿਆਂ ਪੁੱਛਿਆ ਕਿ ਕੀ ਪਾਸਪੋਰਟ ਵਿੱਚ ਤਸਵੀਰ ਤੁਹਾਡੀ ਹੀ ਹੈ? ਇਸ ਤੋਂ ਵੀ ਅੱਗੇ ਵਧ ਕੇ ਉਹਨਾਂ ਨੇ ਕਿਹਾ, "ਤੁਹਾਡਾ ਪਤ ਤਾਮਿਲਨਾਡੂ ਦਾ ਹੈ, ਪਰ ਤੁਸੀਂ ਸਿੱਖ ਪੱਗ ਕਿਉਂ ਬੰਨ੍ਹੀ ਹੋਈ ਹੈ?" ਇਹ ਸਵਾਲ ਨਾ ਸਿਰਫ਼ ਨਿੱਜੀ ਪਛਾਣ ਨੂੰ ਚੁਣੌਤੀ ਦਿੰਦੇ ਸਨ, ਸਗੋਂ ਸਿੱਖ ਪਛਾਣ ਦਾ ਅਪਮਾਨ ਕਰ ਰਹੇ ਸਨ।

ਸਰਦਾਰ ਜੀਵਨ ਨੇ ਤੁਰੰਤ ਆਪਣਾ ਚੋਣਕਾਰੀ ਆਈਡੀ ਕਾਰਡ ਵਿਖਾਇਆ, ਜਿਸ ਵਿੱਚ ਉਹਨਾਂ ਦੀ ਪੱਗ ਅਤੇ ਦਾੜ੍ਹੀ ਵਾਲੀ ਤਸਵੀਰ ਸੀ, ਪਰ ਇਸ ਨਾਲ ਮਾਮਲਾ ਹੱਲ ਨਹੀਂ ਹੋਇਆ। ਬਲਕਿ ਇਹ ਵਧ ਗਿਆ। ਤੁਰੰਤ ਹੀ ਇਨ-ਚਾਰਜ ਅਫ਼ਸਰ ਮਿਸਟਰ ਮੁਕੇਸ਼ ਪਹੁੰਚ ਗਏ ਅਤੇ ਸਾਰੇ ਯਾਤਰੂਆਂ ਦੇ ਸਾਹਮਣੇ ਇੱਕ ਦੋਸ਼ੀ ਵਾਂਗ ਪੁੱਛਗਿੱਛ ਕਰਨੀ ਸ਼ੁਰੂ ਕਰ ਦਿੱਤੀ। ਉਹਨਾਂ ਨੇ ਪੁੱਛਿਆ, "ਤੁਸੀਂ ਸਿੰਗਾਪੁਰ ਕਿਉਂ ਜਾ ਰਹੇ ਹੋ? ਤੁਹਾਡੇ ਕੋਲ ਹੱਥ ਵਿੱਚ ਕਿੰਨੇ ਪੈਸੇ ਹਨ? ਬੈਂਕ ਖਾਤੇ ਦਾ ਵੇਰਵਾ ਵਿਖਾਓ। ਤੁਸੀਂ ਪੱਗ ਕਿਉਂ ਬੰਨ੍ਹੀ ਹੋਈ ਹੈ? ਤੁਸੀਂ ਕਾਲੇ ਕਿਉਂ ਹੋ? ਕਿਸ ਜਾਤ ਤੋਂ ਸਿੱਖ ਬਣੇ ਹੋ?" ਇਹ ਸਵਾਲ ਅਪਮਾਨਜਨਕ,ਨਸਲੀ ਵਿਰਕੂ ਅਤੇ ਜਾਤੀਗਤ ਭੇਦਭਾਵ ਵਾਲੇ ਸਨ। ਸਰਦਾਰ ਜੀਵਨ ਨੇ ਧੀਰਜ ਨਾਲ ਹਰੇਕ ਸਵਾਲ ਦਾ ਜਵਾਬ ਦਿੱਤਾ, ਪਰ ਸਟਾਫ਼ ਨੇ ਅੜ ਕੇ ਬੋਰਡਿੰਗ ਪਾਸ ਨਾ ਦੇਣ ਦੀ ਧਮਕੀ ਦਿੱਤੀ।

ਅੰਤ ਵਿੱਚ, ਸਰਦਾਰ ਜੀਵਨ ਨੂੰ ਆਪਣੇ ਅਧਿਕਾਰ ਯਾਦ ਦਿਵਾਉਣੇ ਪਏ। ਉਹਨਾਂ ਨੇ ਕਿਹਾ, "ਮੈਂ ਸੁਪਰੀਮ ਕੋਰਟ ਵਿੱਚ ਵਕੀਲ ਹਾਂ ਅਤੇ ਮੈਨੂੰ ਪਤਾ ਹੈ ਕਿ ਕੋਈ ਵੀ ਏਅਰਲਾਈਨ ਸਟਾਫ਼ ਨੂੰ ਮੇਰੇ ਧਰਮ, ਜਾਤ, ਪਛਾਣ ਜਾਂ ਵਿੱਤੀ ਹਾਲਾਤ ਬਾਰੇ ਪੁੱਛਣ ਦਾ ਅਧਿਕਾਰ ਨਹੀਂ। ਇਹ ਸੰਵਿਧਾਨ ਦੇ ਆਰਟੀਕਲ 14, 15, 19 ਅਤੇ 21 ਦੀ ਉਲੰਘਣਾ ਹੈ।" ਇਸ ਤੋਂ ਬਾਅਦ ਹੀ ਬੋਰਡਿੰਗ ਪਾਸ ਮਿਲਿਆ। ਇਹ ਪੂਰੀ ਘਟਨਾ ਏਅਰਪੋਰਟ ਦੇ ਸੀਸੀਟੀਵੀ ਵਿੱਚ ਰਿਕਾਰਡ ਹੋ ਚੁੱਕੀ ਹੈ ਅਤੇ ਸਰਦਾਰ ਜੀਵਨ ਨੇ ਫੇਸਬੁੱਕ ਤੇ



ਆਪਣਾ ਲੰਮਾ ਸਟੇਟਮੈਂਟ ਸਾਂਝਾ ਕੀਤਾ ਹੈ, ਜਿਸ ਨੂੰ ਮੀਡੀਆ ਨੇ ਵੀ ਛਾਪਿਆ ਹੈ।


ਇਹ ਸਵਾਲ ਨਾ ਸਿਰਫ਼ ਨਿੱਜੀ ਹਨ, ਸਗੋਂ ਉਹਨਾਂ ਵਿੱਚ ਉਹ ਪੁਰਾਣੀ ਮਨੂਵਾਦੀ ਮਾਨਸਿਕਤਾ ਨਜ਼ਰ ਆ ਰਹੀ ਹੈ ਜੋ ਧਰਮ ਬਦਲਣ ਵਾਲਿਆਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੀ ਹੈ। ਤਾਮਿਲਨਾਡੂ ਵਰਗੇ ਰਾਜ ਵਿੱਚ ਜਿੱਥੇ ਸਿੱਖੀ ਦਾ ਪ੍ਰਚਾਰ ਨਵਾਂ ਹੈ, ਉੱਥੇ ਅਜਿਹਾ ਨਸਲੀ ਵਿਹਾਰ ਸਿੱਖੀ ਉਪਰ ਪਾਬੰਦੀ ਲਗਾਉਣ ਵਾਲਾ ਹੈ।

ਸਰਦਾਰ ਜੀਵਨ ਨੇ ਕਿਹਾ ਕਿ ਇਹ ਉਹਨਾਂ ਨੂੰ ਇਹ ਨਸਲੀ ਵਿਹਾਰ ਬਹੁਤ ਨਿਰਾਸ਼ ਕਰ ਗਿਆ ਅਤੇ ਉਹ ਭਾਰਤ ਵਾਪਸ ਆ ਕੇ ਕਾਨੂੰਨੀ ਲੜਾਈ ਲੜਨਗੇ।

## ਕੌਣ ਹਨ ਸਰਦਾਰ ਜੀਵਨ ਸਿੰਘ

ਸਰਦਾਰ ਜੀਵਨ ਸਿੰਘ, ਜਿਨ੍ਹਾਂ ਨੂੰ ਪਹਿਲਾਂ ਜੀਵਨ ਕੁਮਾਰ ਇਲਾਇਪੇਰੂਮਲ ਵਜੋਂ ਜਾਣਿਆ ਜਾਂਦਾ ਸੀ, ਜਨਵਰੀ 2023 ਵਿੱਚ ਸਿੱਖ ਧਰਮ ਅਪਣਾਉਣ ਤੋਂ ਬਾਅਦ ਸਰਦਾਰ ਜੀਵਨ ਸਿੰਘ ਬਣ ਗਏ ਹਨ। ਉਹ ਬਹੁਜਨ ਦ੍ਰਾਵਿਡ ਪਾਰਟੀ ਦੇ ਨੈਸ਼ਨਲ ਪ੍ਰੈਜ਼ੀਡੈਂਟ ਹਨ ਅਤੇ ਤਾਮਿਲਨਾਡੂ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਵਾਲੇ ਪ੍ਰਮੁਖ ਨੇਤਾ ਹਨ। ਉਹਨਾਂ ਨੇ ਨਾ ਸਿਰਫ਼ ਆਪਣੇ ਆਪ ਨੂੰ ਬਦਲਿਆ, ਸਗੋਂ ਤਾਮਿਲਨਾਡੂ ਵਿੱਚ ਹਜ਼ਾਰਾਂ ਪੀੜਤ ਪਰਿਵਾਰਾਂ ਨੂੰ ਸਿੱਖੀ ਵੱਲ ਲਿਆਉਣ ਵਿੱਚ ਮਦਦ ਕੀਤੀ। ਉਹਨਾਂ ਨੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਤਾਮਿਲਨਾਡੂ ਵਿੱਚ ਸੱਤ ਤਾਮਿਲ ਮੂਲ ਦੇ ਸਿੱਖਾਂ ਨੂੰ ਟਿਕਟਾਂ ਦਿੱਤੀਆਂ ਸਨ ਅਤੇ ਖੁਦ ਪੰਜਾਬ ਦੀ ਹੁਸ਼ਿਆਰਪੁਰ ਸੀਟ ਤੋਂ ਲੜੇ ਸਨ। ਉਹਨਾਂ ਦੀ ਪਾਸਪੋਰਟ ਵਿੱਚ ਕਲੀਨ-ਸ਼ੇਵਨ ਤਸਵੀਰ ਹੈ, ਜਦਕਿ ਹੁਣ ਉਹ ਪੱਗ ਅਤੇ ਪੂਰੀ ਦਾੜ੍ਹੀ ਰੱਖਦੇ ਹਨ, ਜੋ ਸਿੱਖੀ ਦੇ ਪੂਰਨ ਰੂਪ ਨੂੰ ਦਰਸਾਉਂਦੀ ਹੈ। ਇਹ ਘਟਨਾ ਉਹਨਾਂ ਨੂੰ ਬਹੁਤ ਜ਼ਿਆਦਾ ਝੰਜੋੜ ਗਈ ਅਤੇ ਉਹਨਾਂ ਨੇ ਕਿਹਾ ਕਿ ਇਹ ਅਪਮਾਨ ਨਾ ਸਿਰਫ਼ ਵਿਅਕਤੀਗਤ ਹੈ, ਸਗੋਂ ਸਮਾਜਿਕ ਅਨਿਆਂ ਵੀ ਹੈ।

ਉਹਨਾਂ ਨੇ ਐਕਸ ਤੇ ਲਿਖਿਆ ਕਿ ਇਹ ਅਪਮਾਨ ਨਾ ਸਿਰਫ਼ ਉਹਨਾਂ ਨਾਲ, ਸਗੋਂ ਪੂਰੀ ਸਿੱਖੀ ਨਾਲ ਹੈ। ਉਹਨਾਂ ਦੀ ਪਾਰਟੀ ਬਹੁਜਨ ਵਰਗੇ ਲੋਕਾਂ ਨੂੰ ਅਧਿਕਾਰ ਦਿਵਾਉਣ ਲਈ



ਬਣੀ ਹੈ ਅਤੇ ਇਹ ਘਟਨਾ ਉਹਨਾਂ ਨੂੰ ਹੋਰ ਮਜ਼ਬੂਤ ਕਰ ਰਹੀ ਹੈ।

ਸਿੱਖ ਭਾਈਚਾਰੇ ਵਿੱਚ ਉਹਨਾਂ ਨੂੰ ਇੱਕ ਸਹਿਜ ਅਤੇ ਇੱਜ਼ਤਦਾਰ ਵਿਅਕਤੀ ਵਜੋਂ ਜਾਣਿਆ ਜਾਂਦਾ ਹੈ। ਉਹਨਾਂ ਨੇ ਤਾਮਿਲਨਾਡੂ ਦੇ ਪੀੜਤਾਂ ਲਈ ਨਾ ਸਿਰਫ਼ ਧਾਰਮਿਕ ਮਾਰਗਦਰਸ਼ਨ ਦਿੱਤਾ, ਸਗੋਂ ਉਹਨਾਂ ਦੇ ਹੱਕਾਂ ਲਈ ਰਾਜਨੀਤਿਕ ਲੜਾਈ ਵੀ ਲੜੀ। ਇਹ ਘਟਨਾ ਉਹਨਾਂ ਨੂੰ ਰੋਕ ਨਹੀਂ ਸਕਦੀ, ਬਲਕਿ ਉਹਨਾਂ ਨੂੰ ਹੋਰ ਜੋਸ਼ ਨਾਲ ਭਰ ਦੇਵੇਗੀ। ਉਹਨਾਂ ਨੇ ਕਿਹਾ ਕਿ ਇਹ ਲੜਾਈ ਬਰਾਬਰੀ ਅਤੇ ਨਿਆਂ ਲਈ ਹੈ, ਨਾ ਕਿ ਵਿਅਕਤੀਗਤ ਬਦਲੇ ਲਈ। ਇਸ ਤਰ੍ਹਾਂ ਦੇ ਆਗੂ ਹੀ ਸਮਾਜ ਨੂੰ ਅੱਗੇ ਵਧਾਉਂਦੇ ਹਨ ਅਤੇ ਇਹ ਘਟਨਾ ਉਹਨਾਂ ਦੇ ਸੰਘਰਸ਼ ਨੂੰ ਹੋਰ ਰੌਸ਼ਨੀ ਪਾ ਰਹੀ ਹੈ।

## ਸਿੱਖ ਭਾਈਚਾਰੇ ਵਿਚ ਗੁਸੇ ਦੀ ਲਹਿਰ

ਇਸ ਘਟਨਾ ਨੇ ਸਿੱਖ ਭਾਈਚਾਰੇ ਵਿੱਚ ਗੁੱਸੇ ਦੀ ਲਹਿਰ ਪੈਦਾ ਕਰ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਮਾਜ਼ੀ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਇਸ ਨੂੰ "ਫਿਰਕੂ" ਕਾਰਵਾਈ ਕਰਾਰ ਦਿੰਦਿਆਂ ਉੱਚ ਪੱਧਰੀ ਜਾਂਚ ਅਤੇ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਉਹਨਾਂ ਨੇ ਕਿਹਾ ਕਿ ਇਹ ਨਾ ਸਿਰਫ਼ ਜੀਵਨ ਸਿੰਘ ਦਾ ਨਹੀਂ, ਸਗੋਂ ਪੂਰੀ ਸਿੱਖ ਕੌਮ ਦਾ ਅਪਮਾਨ ਹੈ। ਹਵਾਈ ਅੱਡਿਆਂ ਵਿੱਚ ਸਟਾਫ਼ ਨੂੰ ਸੰਵੇਦਨਸ਼ੀਲ ਤਾਲੀਮ ਦੀ ਲੋੜ ਹੈ। ਉਹਨਾਂ ਨੇ ਕਿਹਾ, ਕਿ ਤਾਮਿਲਨਾਡੂ ਦੇ ਗੁਰਸਿੱਖ ਭਾਈ ਜੀਵਨ ਸਿੰਘ, ਜੋ ਸੁਪਰੀਮ ਕੋਰਟ ਦੇ ਵਕੀਲ ਅਤੇ ਬਹੁਜਨ ਦ੍ਰਾਵਿਡ ਪਾਰਟੀ ਦੇ ਪ੍ਰਧਾਨ ਹਨ, ਨਾਲ ਦਿੱਲੀ ਏਅਰਪੋਰਟ 'ਤੇ ਅਧਿਕਾਰੀਆਂ ਨੇ ਅਪਮਾਨਜਨਕ ਅਤੇ ਗੈਰ-ਕਾਨੂੰਨੀ ਪੁੱਛਗਿੱਛ ਕੀਤੀ। ਉਹ ਸਿੰਗਾਪੁਰ ਜਾ ਰਹੇ ਸਨ ਅਤੇ ਉਹਨਾਂ ਨੇ ਸਾਰੇ ਦਸਤਾਵੇਜ਼ ਵਿਖਾਏ, ਪਰ ਮੈਡਮ ਸਤੂਤੀ ਅਤੇ ਸ੍ਰੀ ਮੁਕੇਸ਼ ਨੇ ਬੇਹੂਦੀ ਅਤੇ ਗੈਰ-ਸਮਾਜਿਕ ਸ਼ਬਦਾਂ ਨਾਲ ਉਹਨਾਂ ਨੂੰ ਤੰਗ ਕੀਤਾ। ਇਹ ਅਪਮਾਨ ਨਾ ਸਿਰਫ਼ ਜੀਵਨ ਸਿੰਘ ਦਾ ਹੈ, ਸਗੋਂ ਸਿੱਖੀ ਅਤੇ ਸਿੱਖ ਧਰਮ ਦਾ ਹੈ। ਸਿੱਖ ਕੌਮ ਇਹ ਸਹਿਣ ਨਹੀਂ ਕਰੇਗੀ।"

ਮਾਨ ਨੇ ਮੰਗ ਕੀਤੀ ਕਿ ਇਸ ਘਟਨਾ ਦੀ ਉੱਚ ਪੱਧਰੀ ਜਾਂਚ ਹੋਵੇ ਅਤੇ ਦੋਸ਼ੀ ਅਧਿਕਾਰੀਆਂ ਵਿਰੁੱਧ ਤੁਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਹਨਾਂ ਨੇ ਕਿਹਾ ਕਿ ਹਵਾਈ ਅੱਡੇ ਦੇ ਨਿਯਮਾਂ ਵਿੱਚ ਕਿਸੇ ਵੀ ਵਿਅਕਤੀ ਨੂੰ ਅਪਮਾਨ ਕਰਨ ਦੀ ਇਜਾਜ਼ਤ ਨਹੀਂ। ਜੇਕਰ ਅਜਿਹੇ ਅਧਿਕਾਰੀਆਂ ਨੂੰ ਨੱਥ ਨਾ ਪਾਈ ਗਈ ਤਾਂ ਫਿਰਕੂ ਨਫ਼ਰਤ ਨੂੰ ਹੋਰ ਉਤਸ਼ਾਹ ਮਿਲੇਗਾ।

ਇਸ ਤੋਂ ਇਲਾਵਾ ਨਵੇਂ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਨਿੰਦਾ ਕੀਤੀ ਅਤੇ ਕਿਹਾ ਕਿ ਅਜਿਹੀਆਂ ਘਟਨਾਵਾਂ ਵਾਰ-ਵਾਰ ਵਾਪਰ ਰਹੀਆਂ ਹਨ ਅਤੇ ਕੇਂਦਰ ਸਰਕਾਰ ਨੂੰ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਏਅਰ ਇੰਡੀਆ ਨੂੰ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਭਵਿੱਖ ਵਿੱਚ ਅਜਿਹਾ ਨਾ ਵਾਪਰੇ।

ਇਸ ਘਟਨਾ ਨੇ ਵੱਡੇ ਪੱਧਰ ਤੇ ਚਰਚਾ ਛੇੜ ਦਿੱਤੀ ਹੈ। ਮਨੁੱਖੀ ਅਧਿਕਾਰ ਸੰਸਥਾਵਾਂ ਨੇ ਵੀ ਨਿੰਦਾ ਕੀਤੀ ਹੈ ਅਤੇ ਕਿਹਾ ਹੈ ਕਿ ਇਹ ਨਿੱਜੀ ਆਜ਼ਾਦੀ ਅਤੇ ਧਾਰਮਿਕ ਆਜ਼ਾਦੀ ਦੀ ਉਲੰਘਣਾ ਹੈ। ਐਕਸ ਤੇ ਬਹੁਤੇ ਯੂਜ਼ਰਾਂ ਨੇ ਸੋਲੀਡੈਰਿਟੀ ਜ਼ਾਹਰ ਕੀਤੀ ਅਤੇ ਪੁੱਛਿਆ ਕਿ ਪੁਲਿਸ ਕੀ ਕਾਰਵਾਈ ਕਰ ਰਹੀ ਹੈ? ਜੇਕਰ ਅਜਿਹੀ ਜਾਂਚ ਨਾ ਹੋਈ ਤਾਂ ਅਜਿਹੀਆਂ ਘਟਨਾਵਾਂ ਵਧਣਗੀਆਂ ਤੇ ਘੱਟਗਿਣਤੀਆਂ ਦਾ ਵਿਸ਼ਵਾਸ ਟੁੱਟੇਗਾ।

# ਭਈਏ ਵੱਲੋਂ ਆਪਣੇ ਸਾਥੀ ਦਾ ਕਤਲ, ਇਕ ਜ਼ਖ਼ਮੀ

ਘਰਿੰਡਾ-ਪਿੰਡ ਚੀਚਾ ਵਿਖੇ ਪਰਵਾਸੀ ਭੈਰੋਂ ਪ੍ਰਸ਼ਾਦ ਲੱਮੂ ਨੂੰ ਰਾਤ ਦੌਰਾਨ ਸੁੱਤੇ ਪਏ ਨੂੰ



ਰਾਕੇਸ਼ ਨੇ ਕਹੀ ਨਾਲ ਸਿਰ ਤੇ ਬਾਂਹ 'ਤੇ ਵਾਰ ਕਰ ਕੇ ਕਤਲ ਕਰ ਦਿੱਤਾ ਗਿਆ ਅਤੇ ਉਸ ਦੇ ਪੁੱਤਰ ਰਾਜੂ ਨੂੰ ਜ਼ਖ਼ਮੀ ਕਰ ਕੇ ਫ਼ਰਾਰ ਹੋ ਗਿਆ। ਇਸ ਸਬੰਧੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਯੂਪੀ ਤੋਂ ਆ ਕੇ ਲੱਮੂ ਸਾਡੇ ਨਾਲ 30 ਸਾਲ ਤੋਂ ਖੇਤੀਬਾੜੀ ਤੇ ਮਾਲ ਡੰਗਰ ਦੀ ਆਪਣੇ ਪਰਿਵਾਰ ਨਾਲ ਸੰਭਾਲ ਕਰ ਰਿਹਾ ਸੀ। ਰਾਕੇਸ਼ ਵੀ ਯੂਪੀ ਦਾ ਵਾਸੀ ਹੈ ਤੇ 8 ਸਾਲ ਤੋਂ ਸਾਡੇ ਖੇਤਾਂ ਵਿਚ ਕੰਮ ਰਿਹਾ ਹੈ। ਇਹ ਦੋਹੇ ਆਪਣੇ ਪਰਿਵਾਰ ਨਾਲ ਖੇਤਾਂ 'ਚ ਬਣੇ ਮਕਾਨ 'ਚ ਰਹਿ ਰਹੇ ਸਨ ਤੇ ਸਾਨੂੰ ਸਵੇਰੇ ਕਤਲ ਸਬੰਧੀ ਪਤਾ ਲੱਗਾ ਤੇ ਅਸੀਂ ਆ ਕੇ ਲੱਮੂ ਦੇ ਕਤਲ ਤੇ ਰਾਜੂ ਜ਼ਖ਼ਮੀ ਹੋਣ ਦੀ ਇਤਲਾਹ ਘਰਿੰਡਾ ਨੂੰ ਦਿੱਤੀ ਗਈ। ਪੁਲਿਸ ਪਾਰਟੀ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਆਪਣੇ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਥਾਣਾ ਘਰਿੰਡਾ ਮੁਖੀ ਅਮਨਦੀਪ ਸਿੰਘ ਨੇ ਕਿਹਾ ਕਿ ਮੁਲਜ਼ਮ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

ਕਰਾਈਮ ਨਿਊਜ਼

## ਚਾਰ ਕਿੱਲੋ ਹੈਰੋਇਨ ਤੇ ਦੋ ਪਿਸਤੌਲਾਂ ਸਣੇ ਛੇ ਸਮਗਲਰ ਫੜੇ

### ✪ ਪਾਕਿਸਤਾਨੀ ਹੈਂਡਲਰ ਸ਼ਾਹ ਦੇ ਨਾਲ ਸਬੰਧ ਸਨ ਮੁਲਜ਼ਮਾਂ ਦੇ

ਅੰਮ੍ਰਿਤਸਰ-ਖੁਫੀਆ ਜਾਣਕਾਰੀ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਤਸਕਰੀ ਦੇ ਨੈੱਟਵਰਕ ਦਾ ਪਰਦਾਫਾਸ਼ ਕਰਦਿਆ 6 ਕਾਰਕੁਨਾਂ ਨੂੰ ਗ੍ਰਿ.ਫਤਾਰ ਕੀਤਾ ਹੈ। ਮੁਲਜ਼ਮਾਂ ਤੋਂ 4.03 ਕਿੱਲੋ ਹੈਰੋਇਨ ਅਤੇ ਦੋ ਆਧੁਨਿਕ ਪਿਸਤੌਲ ਬਰਾਮਦ ਕੀਤੇ ਗਏ ਹਨ। ਗ੍ਰਿ.ਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਫਿਰੋਜ਼ਪੁਰ ਦੇ ਮੁੱਲਾ ਰਹੀਮਾ ਉੱਤਰ ਪਿੰਡ ਦੇ ਜਗੀਰ ਸਿੰਘ ਸੁੱਚਾ, ਫਿਰੋਜ਼ਪੁਰ ਦੇ ਪਿੰਡ ਚਾਹ ਬੋਹਰੀਆ ਦੇ ਅੰਗਰੇਜ਼ ਸਿੰਘ, ਤਰਨਤਾਰਨ ਮਸਤਗੜ੍ਹ ਦੇ ਗੁਰਪ੍ਰੀਤ ਸਿੰਘ ਤੇ ਪਲਵਿੰਦਰ ਸਿੰਘ, ਫਿਰੋਜ਼ਪੁਰ ਦੇ ਘਿੰਨੀਵਾਲਾ ਨਹਿਰ ਕਾਲੋਨੀ ਦੇ ਲਖਵਿੰਦਰ ਸਿੰਘ ਲੱਕੀ ਅਤੇ ਫਿਰੋਜ਼ਪੁਰ ਦੇ ਨੌਰੰਗ ਸਿਆਲ ਨਹਿਰ ਕਾਲੋਨੀ ਦੇ ਬਲਜਿੰਦਰ ਸਿੰਘ ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਪਿਸਤੌਲਾਂ ਵਿੱਚ ਇੱਕ 9 ਐੱਮਐੱਮ ਗਲੌਕ ਅਤੇ ਇੱਕ 30 ਬੋਰ ਦਾ ਪਿਸਤੌਲ ਸ਼ਾਮਲ ਹੈ।

ਪੁਲਿਸ ਕਮਿਸ਼ਨਰ ਗੁਰਪ੍ਰੀਤ ਭੁੱਲਰ ਨੇ ਉਪਰੋਕਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿ.ਫਤਾਰ ਕੀਤੇ ਗਏ ਮੁਲਜ਼ਮ ਵ੍ਹਟਸਐਪ ਰਾਹੀਂ ਪਾਕਿਸਤਾਨ ਸਥਿਤ ਹੈਂਡਲਰ ਸ਼ਾਹ ਦੇ ਸੰਪਰਕ ਵਿੱਚ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਖੇਮਕਰਨ ਅਤੇ ਫਿਰੋਜ਼ਪੁਰ ਸੈਕਟਰਾਂ ਵਿੱਚ ਹੈਰੋਇਨ ਅਤੇ ਹਥਿਆਰਾਂ ਦੀਆਂ ਖੇਪਾਂ ਮਿਲ ਰਹੀਆਂ ਸਨ, ਜਿਨ੍ਹਾਂ ਨੂੰ ਪਾਕਿਸਤਾਨੀ ਤਸਕਰ ਸਪਲਾਈ ਲਈ ਡ੍ਰੋਨ ਰਾਹੀਂ ਅੰਮ੍ਰਿਤਸਰ ਖੇਤਰ ਵਿੱਚ ਭੇਜ ਰਹੇ ਸਨ।

ਇਸ ਮਾਮਲੇ ਵਿੱਚ ਪੂਰੇ ਗੱਠਜੋੜ ਦਾ ਪਰਦਾਫਾਸ਼ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਕ ਗੁਪਤ ਕਾਰਵਾਈ ਵਿਚ ਸ਼ੱਕੀ ਜਾਗੀਰ ਅਤੇ ਅੰਗਰੇਜ਼ ਚਚੇਰੇ ਭਰਾ ਜੋ ਫਿਰੋਜ਼ਪੁਰ ਵਿਚ ਢਾਬਾ ਚਲਾਉਂਦੇ ਹਨ, ਨੂੰ ਸ਼ੁਰੂ ਵਿਚ 220 ਗ੍ਰਾਮ ਹੈਰੋਇਨ ਅਤੇ ਇਕ ਗਲੌਕ ਪਿਸਤੌਲ ਨਾਲ ਗ੍ਰਿ.ਫਤਾਰ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਗ੍ਰਿ.ਫਤਾਰ ਕੀਤੇ ਗਏ ਦੋ ਵਿਅਕਤੀਆਂ ਤੋਂ ਹੋਰ ਜਾਂਚ ਅਤੇ ਖੁਲਾਸੇ ਤੋਂ ਬਾਅਦ ਮੁਲਜ਼ਮ ਗੁਰਪ੍ਰੀਤ, ਪਲਵਿੰਦਰ, ਲਖਵਿੰਦਰ ਅਤੇ ਬਲਜਿੰਦਰ ਦਾ ਨਾਂ ਲਿਆ ਗਿਆ ਅਤੇ ਇਨ੍ਹਾਂ ਨੂੰ ਗ੍ਰਿ.ਫਤਾਰ ਕੀਤਾ ਗਿਆ।

ਸੀਪੀ ਭੁੱਲਰ ਨੇ ਕਿਹਾ ਕਿ ਜਗੀਰ, ਪਲਵਿੰਦਰ ਅਤੇ ਗੁਰਪ੍ਰੀਤ ਤੋਂ ਹੋਏ ਖੁਲਾਸਿਆਂ ਦੇ ਆਧਾਰ 'ਤੇ 2.813 ਕਿੱਲੋਗ੍ਰਾਮ ਹੈਰੋਇਨ ਦੀ ਇੱਕ ਖੇਪ ਅਤੇ ਇੱਕ .30 ਬੋਰ ਦੀ ਪਿਸਤੌਲ ਬਰਾਮਦ ਕੀਤਾ। ਗ੍ਰਿ.ਫਤਾਰ ਕੀਤੇ ਗਏ ਮੁਲਜ਼ਮ ਲਖਵਿੰਦਰ ਅਤੇ ਬਲਜਿੰਦਰ ਤੋਂ ਹੋਰ ਪੁੱਛਗਿੱਛ ਕਰਨ 'ਤੇ 1 ਕਿੱਲੋਗ੍ਰਾਮ ਹੈਰੋਇਨ ਦੀ ਇੱਕ ਹੋਰ ਖੇਪ ਬਰਾਮਦ ਹੋਈ, ਜਿਸ ਨਾਲ ਕੁੱਲ ਖੇਪ 4.03 ਕਿੱਲੋਗ੍ਰਾਮ ਹੋ ਗਈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਹੋਰ ਗ੍ਰਿ.ਫਤਾਰੀਆਂ ਅਤੇ ਜ਼ਬਤੀਆਂ ਦੀ ਉਮੀਦ ਹੈ।

# ਅਖੌਤੀ ਧਰਮਗੁਰੂ 'ਤੇ ਜਿਨਸੀ ਪ੍ਰੇਸ਼ਾਨੀ ਦਾ ਸਨਸਨੀਖੇਜ਼ ਦੋਸ਼


### ✪ ਵਿਦਿਆਰਥਣਾਂ ਦੀ ਸ਼ਿਕਾਇਤ 'ਤੇ ਦਿੱਲੀ ਪੁਲੀਸ ਨੇ ਕੀਤੀ ਕਾਰਵਾਈ ✪ ਜਾਅਲੀ ਨੰਬਰ ਪਲੇਟ ਵਾਲੀ ਕਾਰ ਜ਼ਬਤ, ਮੁਲਜ਼ਮ ਫਰਾਰ

ਨਵੀਂ ਦਿੱਲੀ-ਦਿੱਲੀ ਪੁਲੀਸ ਨੇ ਸ੍ਰੀ ਸ਼ਾਰਦਾ ਇੰਸਟੀਚਿਊਟ ਆਫ ਇੰਡੀਅਨ ਮੈਨੇਜਮੈਂਟ ਦੀਆਂ ਵਿਦਿਆਰਥਣਾਂ ਨੂੰ ਜਿਨਸੀ ਤੌਰ 'ਤੇ ਪ੍ਰੇਸ਼ਾਨ ਕਰਨ ਦੇ ਦੋਸ਼ ਵਿੱਚ ਅਖੌਤੀ ਧਰਮਗੁਰੂ ਸਵਾਮੀ ਚੇਤਨਯਨੰਦ ਸਰਸਵਤੀ ਉਰ.ਫ ਪਾਰਥ ਸਾਰਥੀ ਖਿਲਾਫ ਕੇਸ ਦਰਜ ਕੀਤਾ ਹੈ। ਵਸੰਤ ਕੁੰਜ ਉੱਤਰੀ ਪੁਲੀਸ ਸਟੇਸ਼ਨ ਵਿੱਚ 4 ਅਗਸਤ ਨੂੰ ਦਰਜ ਸ਼ਿਕਾਇਤ ਦੇ ਆਧਾਰ 'ਤੇ ਇਹ ਕਾਰਵਾਈ ਕੀਤੀ ਗਈ। ਮੁਲਜ਼ਮ, ਜੋ ਸੰਸਥਾ ਦੀ ਪ੍ਰਬੰਧਨ ਕਮੇਟੀ ਦਾ ਮੈਂਬਰ ਵੀ ਹੈ, ਫਿਲਹਾਲ ਫਰਾਰ ਹੈ ਅਤੇ ਪੁਲੀਸ ਉਸ ਦੀ ਭਾਲ ਵਿੱਚ ਛਾਪੇਮਾਰੀ ਕਰ ਰਹੀ ਹੈ।

ਜਾਂਚ ਦੌਰਾਨ ਪੁਲੀਸ ਨੇ 32 ਵਿਦਿਆਰਥਣਾਂ ਦੇ ਬਿਆਨ ਦਰਜ ਕੀਤੇ, ਜਿਨ੍ਹਾਂ ਵਿੱਚੋਂ 17 ਨੇ ਸਵਾਮੀ ਸਰਸਵਤੀ 'ਤੇ ਜਿਨਸੀ ਪ੍ਰੇਸ਼ਾਨੀ ਦੇ ਦੋਸ਼ ਲਾਏ। ਵਿਦਿਆਰਥਣਾਂ ਨੇ ਦੱਸਿਆ ਕਿ ਮੁਲਜ਼ਮ ਅਪਮਾਨਜਨਕ ਭਾਸ਼ਾ ਦੀ ਵਰਤੋਂ ਕਰਦਾ ਸੀ, ਅਸ਼ਲੀਲ ਸੁਨੇਹੇ ਭੇਜਦਾ ਸੀ ਅਤੇ ਜ਼ਬਰਦਸਤੀ ਸਰੀਰਕ ਨੇੜਤਾ ਵਧਾਉਣ ਦੀਆਂ ਕੋਸ਼ਿਸ਼ਾਂ ਕਰਦਾ ਸੀ। ਇਸ ਤੋਂ ਇਲਾਵਾ, ਸੰਸਥਾ ਦੇ ਕੁਝ ਫੈਕਲਟੀ ਮੈਂਬਰਾਂ ਅਤੇ ਪ੍ਰਸ਼ਾਸਕਾਂ 'ਤੇ ਵੀ ਵਿਦਿਆਰਥਣਾਂ 'ਤੇ ਮੁਲਜ਼ਮ ਦੀਆਂ ਮੰਗਾਂ ਮੰਨਣ ਲਈ ਦਬਾਅ ਪਾਉਣ ਦਾ ਦੋਸ਼ ਹੈ। ਪੁਲੀਸ ਨੇ ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) ਦੀਆਂ ਸਬੰਧਤ ਧਾਰਾਵਾਂ ਅਧੀਨ ਕੇਸ ਦਰਜ ਕਰਕੇ 16 ਪੀੜਤ ਵਿਦਿਆਰਥਣਾਂ ਦੇ ਬਿਆਨ ਮੈਜਿਸਟ੍ਰੇਟ ਸਾਹਮਣੇ ਦਰਜ ਕਰਵਾਏ ਹਨ।

### ਸਾਧ ਦੀ ਜਾਅਲੀ ਨੰਬਰ ਪਲੇਟ ਵਾਲੀ ਵੋਲਵੋ ਕਾਰ ਜ਼ਬਤ

ਜਾਂਚ ਦੌਰਾਨ ਪੁਲੀਸ ਨੂੰ ਸੰਸਥਾ ਦੀ ਬੇਸਮੈਂਟ ਵਿੱਚੋਂ ਇੱਕ ਵੋਲਵੋ ਕਾਰ ਮਿਲੀ, ਜਿਸ 'ਤੇ ਜਾਅਲੀ ਨੰਬਰ ਪਲੇਟ ਲੱਗੀ ਹੋਈ ਸੀ। ਪੁਲੀਸ ਸੂਤਰਾਂ ਮੁਤਾਬਕ, ਇਹ ਕਾਰ ਸਵਾਮੀ ਸਰਸਵਤੀ ਵੱਲੋਂ ਵਰਤੀ ਜਾਂਦੀ ਸੀ। 25 ਅਗਸਤ ਨੂੰ ਇਸ ਮਾਮਲੇ ਵਿੱਚ ਵੱਖਰੀ ਐਫਆਈਆਰ ਦਰਜ ਕਰਕੇ ਪੁਲੀਸ ਨੇ ਕਾਰ ਨੂੰ ਜ਼ਬਤ ਕਰ ਲਿਆ। ਇਹ ਖੁਲਾਸਾ ਜਾਂਚ ਨੂੰ



ਹੋਰ ਗੰਭੀਰ ਮੋੜ ਦਿੰਦਾ ਹੈ, ਕਿਉਂਕਿ ਜਾਅਲੀ ਨੰਬਰ ਪਲੇਟ ਦੀ ਵਰਤੋਂ ਮੁਲਜ਼ਮ ਦੀਆਂ ਸ਼ੱਕੀ ਗਤੀਵਿਧੀਆਂ ਨੂੰ ਦਰਸਾਉਂਦੀ ਹੈ।

## ਪਖੰਡੀ ਸਾਧ ਚੈਤਨਿਆਨੰਦ ਆਗਰਾ ਤੋਂ ਗ੍ਰਿ.ਫਤਾਰ



ਨਵੀਂ ਦਿੱਲੀ-ਦਿੱਲੀ ਦੀ ਇਕ ਨਿੱਜੀ ਸੰਸਥਾ 'ਚ 17 ਵਿਦਿਆਰਥਣਾਂ ਨਾਲ ਜਿਨਸੀ ਸ਼ੋਸ਼ਣ ਕਰਨ ਦੇ ਮਾਮਲੇ 'ਚ ਕੁਝ ਦਿਨਾਂ ਤੋਂ ਫਰਾਰ ਚੱਲ ਰਿਹਾ ਦੋਸ਼ੀ ਚੈਤਨਿਆਨੰਦ ਸਰਸਵਤੀ ਨੂੰ ਦਿੱਲੀ ਪੁਲਿਸ ਦੀ ਕ੍ਰਾਈਮ ਬ੍ਰਾਂਚ ਟੀਮ ਨੇ ਆਗਰਾ ਦੇ ਇਕ ਹੋਟਲ ਤੋਂ ਗ੍ਰਿ.ਫਤਾਰ ਕੀਤਾ ਹੈ। ਦਿੱਲੀ ਹਾਈ ਕੋਰਟ ਨੇ ਚੈਤੰਨਿਆਨੰਦ ਸਰਸਵਤੀ ਨੂੰ 5 ਦਿਨਾਂ ਲਈ ਪੁਲਿਸ ਹਿਰਾਸਤ 'ਚ ਭੇਜ ਦਿੱਤਾ ਹੈ ਤਾਂ ਕਿ ਉਸ ਕੋਲੋਂ ਮਾਮਲੇ ਸੰਬੰਧੀ ਪੁੱਛਗਿੱਛ ਕੀਤੀ ਜਾ ਸਕੇ। ਇਹ ਆਦੇਸ਼ ਡਿਊਟੀ ਮੈਜਿਸਟ੍ਰੇਟ ਰਵੀ ਵਲੋਂ ਦਿੱਤਾ ਗਿਆ। ਸ੍ਰੀ ਸ਼ਾਰਦਾ ਇੰਸਟੀਚਿਊਟ ਆ.ਫ ਇੰਡੀਅਨ ਮੈਨੇਜਮੈਂਟ ਦੇ ਚੈਤਨਿਆਨੰਦ ਸਰਸਵਤੀ 'ਤੇ ਵਿਦਿਆਰਥਣਾਂ ਨਾਲ .ਗਲਤ ਸ਼ਬਦਾਂ ਦੀ ਵਰਤੋਂ ਕਰਨ, ਅਸ਼ਲੀਲ ਸੰਦੇਸ਼ ਭੇਜਣ ਅਤੇ ਸਰੀਰਕ ਸੰਪਰਕ ਲਈ ਦਬਾਅ ਪਾਉਣ ਦਾ ਇਲਜ਼ਾਮ ਹੈ। ਅਧਿਕਾਰੀਆਂ ਮੁਤਾਬਿਕ ਸਰਸਵਤੀ ਨੇ ਕਥਿਤ ਤੌਰ 'ਤੇ ਵਿਦਿਆਰਥਣਾਂ ਨੂੰ ਆਪਣੀਆਂ ਮੰਗਾਂ ਨਾ ਮੰਨਣ 'ਤੇ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ ਸੀ। ਪੁਲਿਸ ਨੇ ਕਿਹਾ ਹੈ ਕਿ ਚੈਤਨਿਆਨੰਦ ਨੇ ਲੜਕੀਆਂ ਦੇ ਬਾਥਰੂਮ 'ਚ ਕੈਮਰਾ ਲਗਾਇਆ ਸੀ। ਦਿੱਲੀ ਪੁਲਿਸ ਨੇ ਅਦਾਲਤ 'ਚ ਸੁਣਵਾਲੀ ਦੌਰਾਨ ਦੱਸਿਆ ਕਿ ਐਤਵਾਰ ਸਵੇਰੇ ਤੜਕੇ ਕਰੀਬ 3.30 ਵਜੇ ਕ੍ਰਾਈਮ ਬ੍ਰਾਂਚ ਦੀ ਟੀਮ ਨੇ ਚੈਤਨਿਆਨੰਦ ਨੂੰ ਆਗਰਾ ਦੇ ਇਕ ਹੋਟਲ ਵਿਚੋਂ ਗ੍ਰਿ.ਫਤਾਰ ਕੀਤਾ। ਹੋਟਲ ਸਟਾਫ ਨੇ ਦੱਸਿਆ ਕਿ ਉਹ ਕਿਸੇ ਨਾਲ ਇਥੇ ਆਇਆ ਸੀ ਅਤੇ ਆਪਣੀ ਆਈ.ਡੀ.ਵੀ. ਜਮ੍ਹਾਂ ਕਰਵਾਈ ਸੀ। ਪੁਲਿਸ ਤੜਕੇ ਤਕਰੀਬਨ 3 ਵਜੇ ਹੋਟਲ ਪਹੁੰਚੀ ਸੀ, ਜਿਥੇ ਉਸ ਨੂੰ ਗ੍ਰਿ.ਫਤਾਰ ਕੀਤਾ। ਪੁਲਿਸ ਨੇ ਕਿਹਾ ਕਿ ਇਹ ਛੇੜਛਾੜ ਦਾ ਮਾਮਲਾ ਹੈ ਅਤੇ 16 ਲੜਕੀਆਂ ਨੇ ਇਸ ਮਾਮਲੇ ਵਿਚ ਸ਼ਿਕਾਇਤ ਕੀਤੀ ਹੈ। ਪੁਲਿਸ ਨੇ ਉਸ ਦੇ ਰਿਮਾਂਡ ਦੀ ਮੰਗ ਕਰਦਿਆਂ ਕਿਹਾ ਕਿ ਚੈਤਨਿਆਨੰਦ ਦੇ ਸਿਸਟਮ ਦਾ ਆਈ.ਪੀ. ਐਡਰੈਸ ਵੇਖਣਾ ਹੈ। ਲੜਕੀਆਂ ਨੂੰ ਅਲਮੋੜਾ, ਗੁੜਗਾਓਂ ਅਤੇ ਫਰੀਦਾਬਾਦ ਤੋਂ ਲਿਆਂਦਾ ਜਾਂਦਾ ਸੀ। ਚੈਤਨਿਆਨੰਦ ਸਰਸਵਤੀ ਦੇ ਖ਼ਿਲਾ.ਫ ਪਹਿਲਾਂ ਵੀ ਜਿਨਸੀ ਸ਼ੋਸਣ ਦੇ ਮਾਮਲੇ ਦਰਜ ਹਨ। ਦਿੱਲੀ ਪੁਲਿਸ ਮੁਤਾਬਿਕ ਦੋਸ਼ੀ ਦੇ ਖ਼ਿਲਾ.ਫ ਸਾਲ 2009 ਅਤੇ 2016 'ਚ ਵੀ ਜਿਨਸੀ ਸ਼ੋਸ਼ਣ ਦੇ ਮਾਮਲੇ ਦਰਜ ਹਨ।

ਪੰਜਾਬ ਟਾਈਮਜ ਅਨੁਸਾਰ ਇਹ ਮਾਮਲਾ ਸਿਰ.ਫ ਵਿਦਿਆਰਥਣਾਂ ਦੀ ਸੁਰੱਖਿਆ ਦਾ ਸਵਾਲ ਹੀ ਨਹੀਂ, ਸਗੋਂ ਸਿੱਖਿਅਕ ਸੰਸਥਾਵਾਂ ਵਿੱਚ ਅਜਿਹੇ ਅਖੌਤੀ ਧਰਮਗੁਰੂਆਂ ਦੀ ਮੌਜੂਦਗੀ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਵੀ ਸਵਾਲ ਖੜ੍ਹੇ ਕਰਦਾ ਹੈ। ਪੁਲੀਸ ਅਤੇ ਪ੍ਰਸ਼ਾਸਨ ਤੋਂ ਇਸ ਮਾਮਲੇ ਵਿੱਚ ਸਖ਼ਤ ਕਾਰਵਾਈ ਦੀ ਉਮੀਦ ਕੀਤੀ ਜਾ ਰਹੀ ਹੈ, ਤਾਂ ਜੋ ਪੀੜਤ ਵਿਦਿਆਰਥਣਾਂ ਨੂੰ ਨਿਆਂ ਮਿਲ ਸਕੇ।

# ਭਾਰਤੀ ਔਰਤ ਦੀ ਹੱਤਿਆ ਦੇ ਮਾਮਲੇ ਵਿੱਚ ਦੋਸ਼ੀ ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਦੱਖਣੀ ਕੈਰੋਲੀਨਾ ਵਿੱਚ 16 ਸਤੰਬਰ ਨੂੰ ਇਕ ਗੈਸ ਸਟੇਸ਼ਨ ਤੇ ਵਾਪਰੀ ਲੁੱਟਮਾਰ ਦੀ ਘਟਨਾ ਵਿੱਚ ਮਾਰੀ ਗਈ ਭਾਰਤੀ ਮੂਲ ਦੀ 49 ਸਾਲਾ ਔਰਤ ਕਿਰਨ ਪਟੇਲ ਦੇ ਮਾਮਲੇ ਵਿੱਚ ਪੁਲਿਸ ਨੇ ਇੱਕ 21 ਸਾਲਾ ਨੌਜਵਾਨ ਜ਼ੀਦਾਨ ਮੈਕ ਹਿੱਲ ਨੂੰ ਗ੍ਰਿਫਤਾਰ ਕਰਕੇ ਉਸ ਵਿਰੁੱਧ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਹਿੱਲ ਨੂੰ ਕੁਝ ਘੰਟਿਆਂ ਦੇ ਟਕਰਾਅ ਉਪਰੰਤ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਤੇ ਉਸ ਨੂੰ ਦੋ ਵੱਖ ਵੱਖ ਥਾਂਵਾਂ ਤੇ ਹੋਈ ਗੋਲੀਬਾਰੀ ਨਾਲ ਸਬੰਧਿਤ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਪਟੇਲ ਨੂੰ ਡੀ ਡੀ ਦੇ ਫੂਡ ਮਾਰਟ ਵਿਖੇ ਗੋਲੀ ਮਾਰ ਦਿੱਤੀ ਗਈ ਸੀ ਜਿਥੇ ਉਹ ਸਟੋਰ ਚਲਾਉਂਦੀ ਸੀ। ਪੁਲਿਸ ਅਨੁਸਾਰ ਨਕਦੀ ਹਵਾਲੇ ਕਰਨ ਤੋਂ ਪਹਿਲਾਂ ਹੀ ਹਿੱਲ ਨੇ ਪਟੇਲ ਨੂੰ ਗੋਲੀ ਮਾਰ ਦਿੱਤੀ ਸੀ। ਪਰਿਵਾਰ ਅਨਸਾਰ ਪਟੇਲ ਨੇ ਲੁਟੇਰੇ ਉਪਰ ਬੋਤਲ ਸੁੱਟੀ ਤੇ ਆਪਣੇ ਆਪ ਨੂੰ ਬਚਾਉਣ ਲਈ ਦੌੜੀ ਪਰੰਤੂ ਉਹ ਗੋਲੀ ਵੱਜਣ ਉਪਰੰਤ ਜਮੀਨ ਉਪਰ ਡਿੱਗ ਗਈ ਤੇ ਦਮ ਤੋੜ ਦਿੱਤਾ। ਪੁਲਿਸ ਹਿੱਲ ਨੂੰ ਗ੍ਰਿਫਤਾਰ ਕਰਨ ਲਈ ਉਸ ਦੀ ਰਿਹਾਇਸ਼ ਉਪਰ ਗਈ ਤਾਂ ਉਸ ਨੇ ਆਤਮ ਸਮਰਪਣ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਲੰਬਾ ਸਮਾਂ ਚੱਲੇ ਟਕਰਾਅ ਉਪਰੰਤ ਪੁਲਿਸ ਉਸ ਨੂੰ ਘਰ ਤੋਂ ਬਾਹਰ ਲਿਆਉਣ ਵਿੱਚ ਸਫਲ ਰਹੀ। ਉਸ ਨੂੰ ਯੂਨੀਅਨ ਕਾਊਂਟੀ ਜੇਲ ਵਿੱਚ ਰਖਿਆ ਗਿਆ ਹੈ।



# ਸੁਪਰੀਮ ਕੋਰਟ ਦਾ ਨਿਆਂਕਾਰੀ ਫੈਸਲਾ: ਮੋਗਾ ਬੇਅਦਬੀ ਕੇਸ ਚੰਡੀਗੜ੍ਹ ਤਬਦੀਲੀ 'ਤੇ ਲਗਾਈ ਰੋਕ

## ✪ ਪੰਥਕ ਆਗੂਆਂ ਵਲੋਂ ਸਰਕਾਰ ਉਪਰ ਦੋਸ਼: ਸਰਕਾਰ ਤੇ ਦੋਸ਼ੀਆਂ ਵਿਚਾਲੇ ਮਿਲੀ ਭੁਗਤ ✪ ਕੀ ਡੇਰਾ ਪ੍ਰੇਮੀਆਂ ਤੇ ਸਰਕਾਰ ਵਿਚਾਲੇ ਹੋਇਆ ਏ ਗੁਪਤ ਸਮਝੌਤਾ

ਸਿੱਖ ਕੌਮ ਲਈ ਬਹੁਤ ਅਹਿਮ ਸਾਬਿਤ ਹੋਣ ਵਾਲੇ ਮੋਗਾ ਬੇਅਦਬੀ ਕੇਸ ਵਿੱਚ ਵੱਡਾ ਟਵਿਸਟ ਆ ਗਿਆ ਹੈ। ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ 17 ਮਾਰਚ 2025 ਨੂੰ ਦਿੱਤੇ ਗਏ ਉਸ ਆਦੇਸ਼ ਤੇ ਰੋਕ ਲਾ ਦਿੱਤੀ ਹੈ ਜਿਸ ਵਿੱਚ ਮੋਗਾ ਸਮੇਤ ਛੇ ਬੇਅਦਬੀ ਮਾਮਲਿਆਂ ਨੂੰ ਚੰਡੀਗੜ੍ਹ ਕੋਰਟ ਵਿੱਚ ਤਬਦੀਲ ਕਰਨ ਦਾ ਹੁਕਮ ਸੀ। ਸਰਬਉੱਚ ਅਦਾਲਤ ਨੇ ਆਦੇਸ਼ ਦਿੱਤਾ ਹੈ ਕਿ ਫਿਲਹਾਲ ਸਥਿਤੀ ਜਿਵੇਂ ਦੀ ਤਿਉਂ ਰੱਖੀ ਜਾਵੇ ਅਤੇ ਅਗਲੀ ਸੁਣਵਾਈ 13 ਅਕਤੂਬਰ ਨੂੰ ਹੋਵੇਗੀ। ਇਹ ਫੈਸਲਾ ਮੋਗਾ ਦੇ ਰਹਿਣ ਵਾਲੇ ਗੁਰਸੇਵਕ ਸਿੰਘ ਵੱਲੋਂ ਦਾਖਲ ਅਰਜ਼ੀ ਤੇ ਆਇਆ ਹੈ, ਜਿਸ ਨੇ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ, ਜੋ 2015 ਵਿੱਚ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਵਾਪਰੇ ਸਨ, ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਜੁੜੇ ਹੋਏ ਹਨ। ਇਨ੍ਹਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਚੋਰੀ ਅਤੇ ਇਤਰਾਜ਼ਯੋਗ ਭੜਕਾਊ ਪੋਸਟਰ ਲਗਾਉਣ ਵਰਗੀਆਂ ਘਟਨਾਵਾਂ ਸ਼ਾਮਲ ਹਨ। ਮੋਗਾ ਕੇਸ ਵਿਸ਼ੇਸ਼ ਤੌਰ ਤੇ ਅਹਿਮ ਹੈ ,ਕਿਉਂਕਿ ਇਸ ਵਿੱਚ ਡੇਰਾ ਸੌਦਾ ਨਾਲ ਜੁੜੇ ਨਾਮਜ਼ਦ ਦੋਸ਼ੀ ਸ਼ਾਮਲ ਸਨ। ਯਾਦ ਰਹੇ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 17 ਮਾਰਚ 2025 ਨੂੰ ਇਹ ਆਦੇਸ਼ ਜਾਰੀ ਕੀਤਾ ਸੀ ਕਿ ਇਹ ਛੇ ਕੇਸ ਚੰਡੀਗੜ੍ਹ ਵਿੱਚ ਤਬਦੀਲ ਕੀਤੇ ਜਾਣ। ਹਾਈ ਕੋਰਟ ਦਾ ਮੁੱਖ ਤਰਕ ਸੀ ਕਿ ਪੰਜਾਬ ਵਿੱਚ ਮਾਹੌਲ ਅਨੁਕੂਲ ਨਹੀਂ ਹੈ। ਉਨ੍ਹਾਂ ਨੇ ਕਿਹਾ ਸੀ ਕਿ ਦੋਸ਼ੀਆਂ ਨੂੰ ਧਮਕੀਆਂ ਮਿਲ ਰਹੀਆਂ ਹਨ ਅਤੇ ਇੱਕ ਦੋਸ਼ੀ ਪਰਦੀਪ ਸਿੰਘ ਕਟਾਰੀਆ ਨੂੰ ਗੋਲੀ ਮਾਰ ਦਿੱਤੀ ਗਈ ਸੀ। ਹਾਈ ਕੋਰਟ ਨੇ ਇਹ ਵੀ ਨੋਟ ਕੀਤਾ ਕਿ ਪਿਛਲੇ ਫੈਸਲਿਆਂ ਵਿੱਚ ਵੀ ਡੇਰਾ ਫੋਲੋਅਰਾਂ ਨੂੰ ਸੁਰੱਖਿਆ ਲਈ ਤਬਦੀਲੀ ਦੀ ਲੋੜ ਹੈ। ਇਸ ਤਰ੍ਹਾਂ, ਹਾਈ ਕੋਰਟ ਨੇ ਚੰਡੀਗੜ੍ਹ ਨੂੰ ਵਧੀਆ ਬਦਲ ਮੰਨਿਆ ਸੀ।



ਸੁਪਰੀਮ ਕੋਰਟ ਨੇ ਇਸ ਨੂੰ ਰੱਦ ਕਰਦਿਆਂ ਕਿਹਾ ਕਿ ਅਜਿਹੇ ਅਹਿਮ ਮਾਮਲਿਆਂ ਵਿੱਚ ਨਿਆਂ ਨੂੰ ਜਗ੍ਹਾ ਤਬਦੀਲ ਕਰਕੇ ਰੋਕਿਆ ਨਹੀਂ ਜਾ ਸਕਦਾ। ਜਸਟਿਸ ਬੀ.ਆਰ. ਗਵਾਈ ਅਤੇ ਕੇ.ਵੀ. ਵਿਸ਼ਵਨਾਥਨ ਦੀ ਬੈਂਚ ਨੇ ਆਦੇਸ਼ ਦਿੱਤਾ ਕਿ ਦੋਸ਼ੀਆਂ ਨੂੰ ਪੰਜਾਬ ਪੁਲਿਸ ਪੂਰੀ ਸੁਰੱਖਿਆ ਦੇਵੇ ਅਤੇ ਕੇਸ ਨੂੰ ਤੇਜ਼ੀ ਨਾਲ ਚਲਾਇਆ ਜਾਵੇ। ਇਹ ਫੈਸਲਾ ਪਿਛਲੇ ਕਈ ਫੈਸਲਿਆਂ ਨਾਲ ਜੁੜਿਆ ਹੈ, ਜਿਵੇਂ ਕਿ 2023 ਵਿੱਚ ਬਰਗਾੜੀ ਕੇਸ ਨੂੰ ਫ਼ਰੀਦਕੋਟ ਤੋਂ ਚੰਡੀਗੜ੍ਹ ਤਬਦੀਲ ਕੀਤਾ ਗਿਆ ਸੀ ਪਰ ਹੁਣ ਇਸ ਨੂੰ ਵਾਪਸ ਪੰਜਾਬ ਲਿਆਂਦਾ ਗਿਆ ਹੈ।ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਰਾਜ ਨੂੰ ਅਜਿਹੇ ਮਾਮਲਿਆਂ ਵਿੱਚ ਰਾਜਨੀਤੀ ਨਹੀਂ ਕਰਨੀ ਚਾਹੀਦੀ। ਇਸ ਨਾਲ ਨਿਆਂ ਵਿਭਾਗ ਨੂੰ ਮਜ਼ਬੂਤੀ ਮਿਲੀ ਹੈ ਅਤੇ ਦੋਸ਼ੀਆਂ ਨੂੰ ਵੀ ਨਵਾਂ ਸੁਨੇਹਾ ਮਿਲਿਆ ਹੈ ਕਿ ਉਹ ਕਾਨੂੰਨ ਦੇ ਕੱਟੜੇ ਤੋਂ ਬਚ ਨਹੀਂ ਸਕਦੇ।

ਗੁਰਸੇਵਕ ਸਿੰਘ, ਜੋ ਮੋਗਾ ਦੇ ਇੱਕ ਸਾਧਾਰਨ ਨਾਗਰਿਕ ਹਨ, ਨੇ ਸੁਪਰੀਮ ਕੋਰਟ ਨੂੰ ਦਿੱਤੀ ਆਪਣੀ ਅਰਜ਼ੀ ਵਿੱਚ ਕਿਹਾ ਸੀ ਕਿ ਬੇਅਦਬੀ ਦੇ ਦੋਸ਼ੀ ਪੰਜਾਬ ਵਿੱਚ ਖੁੱਲ੍ਹੇ ਘੁੰਮਦੇ ਹਨ ਅਤੇ ਆਪਣੇ ਸਮਾਗਮ ਵੀ ਕਰਦੇ ਹਨ, ਪਰ ਜਿਵੇਂ ਹੀ ਕੇਸ ਦੀ ਸੁਣਵਾਈ ਹੁੰਦੀ ਹੈ ਤਾਂ ਉਹ ਮਾਹੌਲ ਵਿਗਾੜਨ ਦੀਆਂ ਸਾਜਿਸ਼ਾਂ ਬਣਾਉਂਦੇ ਹਨ ਤੇ ਗਵਾਹਾਂ ਨੂੰ ਧਮਕਾਉਂਦੇ ਹਨ। ਇਸ ਕਾਰਨ ਸ਼ਿਕਾਇਤਕਰਤਾ ਨੂੰ ਚੰਡੀਗੜ੍ਹ ਆਉਣਾ ਪੈਂਦਾ ਹੈ, ਜੋ ਨਾ ਸਿਰਫ਼ ਅਸੁਵਿਧਾਜਨਕ ਹੈ ਬਲਕਿ ਨਿਆਂ ਪ੍ਰਕਿਰਿਆ ਨੂੰ ਵੀ ਪ੍ਰਭਾਵਿਤ ਕਰਦਾ ਹੈ। ਉਨ੍ਹਾਂ ਵੱਲੋਂ ਪੈਰਵੀ ਕਰ ਰਹੇ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਕਿ ਇਹ ਫੈਸਲਾ ਸਿੱਖ ਕੌਮ ਦੀ ਜਿੱਤ ਹੈ ਅਤੇ ਹੁਣ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਵਿੱਚ ਸਰਗਰਮ ਭੂਮਿਕਾ ਨਿਭਾਏ। ਫੂਲਕਾ ਨੇ ਐਲਾਨ ਕੀਤਾ ਕਿ ਉਹ ਪੰਜਾਬ ਸਰਕਾਰ ਨੂੰ ਚਿੱਠੀ ਲਿਖਣਗੇ ਕਿ ਸਰਕਾਰ ਖੁਦ ਸੁਪਰੀਮ ਕੋਰਟ ਵਿੱਚ ਪਹੁੰਚੇ ਅਤੇ ਸਪੱਸ਼ਟ ਕਰੇ ਕਿ ਪੰਜਾਬ ਦਾ ਮਾਹੌਲ ਵਿਗੜਿਆ ਨਹੀਂ ਹੈ। ਉਨ੍ਹਾਂ ਨੇ ਸਿੱਖਾਂ ਨੂੰ ਵੀ ਅਪੀਲ ਕੀਤੀ ਕਿ ਉਹ ਨਿਆਂ ਲਈ ਸਰਕਾਰ ਤੇ ਦਬਾਅ ਬਣਾਉਣ ।

ਸਿੱਖ ਪੰਥ ਦੇ ਆਗੂਆਂ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ ਅਤੇ ਇਸ ਨੂੰ ਸਿੱਖ ਕੌਮ ਨਾਲ ਹੋ ਰਹੇ ਭਾਵਨਾਤਮਕ ਧੋਖੇ ਵਿਰੁੱਧ ਇੱਕ ਜਿੱਤ ਕਰਾਰ ਦਿੱਤਾ ਹੈ। ਨਵੇਂ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਤਿੱਖੇ ਬਿਆਨਾਂ ਵਿੱਚ ਪੰਜਾਬ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਬੇਅਦਬੀ ਮਾਮਲਿਆਂ ਵਿੱਚ ਸਰਕਾਰ ਨਾਮਜ਼ਦ ਦੋਸ਼ੀਆਂ ਨਾਲ ਸਾਜ਼ਿਸ਼ ਵਾਲੀ ਮਿਲੀ ਭੁਗਤ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਹਾਈ ਕੋਰਟ ਨੇ ਬਠਿੰਡਾ, ਫ਼ਰੀਦਕੋਟ ਅਤੇ ਮੋਗਾ ਦੇ ਕੇਸ ਚੰਡੀਗੜ੍ਹ ਤਬਦੀਲ ਕੀਤੇ ਪਰ ਪੰਜਾਬ ਸਰਕਾਰ ਨੇ ਇਸ ਫੈਸਲੇ ਵਿਰੁੱਧ ਸੁਪਰੀਮ ਕੋਰਟ ਵਿੱਚ ਅਪੀਲ ਵੀ ਨਹੀਂ ਕੀਤੀ। ਇਹ ਸਪੱਸ਼ਟ ਦਰਸਾਉਂਦਾ ਹੈ ਕਿ ਸਰਕਾਰ ਡੇਰਾ ਮੁਖੀ ਅਤੇ ਬਾਕੀ ਦੋਸ਼ੀਆਂ ਦੀ ਖੁੱਲ੍ਹੀ ਮਦਦ ਕਰ ਰਹੀ ਹੈ। ਗਿਆਨੀ ਜੀ ਨੇ ਕਿਹਾ ਕਿ ਇਹ ਸਿੱਖ ਕੌਮ ਨਾਲ ਭਾਵਨਾਤਮਕ ਧੋਖਾ ਹੈ ਅਤੇ ਅਜਿਹੀਆਂ ਕਾਰਵਾਈਆਂ ਨਾਲ ਪੰਥਕ ਮਾਮਲੇ ਤੇ ਨਿਆਂ ਖਤਰੇ ਵਿੱਚ ਪੈ ਜਾਂਦੇ ਹਨ।

ਗਿਆਨੀ ਹਰਪ੍ਰੀਤ ਸਿੰਘ ਨੇ ਹੋਰ ਕਿਹਾ ਕਿ ਬੇਅਦਬੀ ਕੇਸ ਚੰਡੀਗੜ੍ਹ ਤਬਦੀਲ ਕਰਨ ਵੇਲੇ ਤਰਕ ਦਿੱਤਾ ਗਿਆ ਸੀ ਕਿ ਪੰਜਾਬ ਵਿੱਚ ਮਾਹੌਲ ਅਨੁਕੂਲ ਨਹੀਂ, ਪਰ ਡੇਰਾ ਪ੍ਰੇਮੀ ਖੁੱਲ੍ਹੇ ਪ੍ਰੋਗਰਾਮ ਕਰ ਰਹੇ ਹਨ। ਉਨ੍ਹਾਂ ਨੇ ਸਵਾਲ ਉਠਾਇਆ ਕਿ ਜੇ ਮਾਹੌਲ ਖਰਾਬ ਹੈ ਤਾਂ ਡੇਰਾ ਪ੍ਰੇਮੀ ਪੰਜਾਬ ਵਿਚ ਸਰਗਰਮੀਆਂ ਕਰਨ ਤੋਂ ਕਿਉਂ ਨਹੀਂ ਰੁਕਦੇ ? ਗਿਆਨੀ ਜੀ ਨੇ ਅਪੀਲ ਕੀਤੀ ਕਿ ਪੰਥਕ ਸੰਸਥਾਵਾਂ ਨੂੰ ਇਕਜੁੱਟ ਹੋਣਾ ਚਾਹੀਦਾ ਹੈ ਅਤੇ ਸਰਕਾਰ ਨੂੰ ਜਵਾਬਦੇਹ ਬਣਾਉਣਾ ਚਾਹੀਦਾ ਹੈ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਬੇਅਦਬੀ ਕੇਸਾਂ ਨੂੰ ਚੰਡੀਗੜ੍ਹ ਤਬਦੀਲ ਕਰਨ ਵੇਲੇ ਪੰਜਾਬ ਸਰਕਾਰ ਨੇ ਚੁੱਪ ਰਹਿ ਕੇ ਡੇਰਾ ਪ੍ਰੇਮੀਆਂ ਦੀ ਗੱਲ ਨਾਲ ਪੂਰੀ ਸਹਿਮਤੀ ਜਤਾਈ ਹੈ। ਇਹ ਸਵਾਲ ਪੰਜਾਬ ਦੀ ਰਾਜਨੀਤੀ ਵਿੱਚ ਗਰਮ ਹਨ। ਆਪ ਸਰਕਾਰ ਤੇ ਪੰਥਕ ਹਲਕਿਆਂ ਦੀ ਸ਼ੰਕਾ ਹੈ ਕਿ ਕੀ ਇਹ ਚੋਣਾਂ ਲਈ ਵੋਟ ਬੈਂਕ ਦਾ ਸੌਦਾ ਹੈ ਜਿਵੇਂ ਕਿ ਬਾਦਲ ਦਲ ਤੇ ਕਾਂਗਰਸ ਨੇ ਕੀਤਾ ਸੀ ?

ਸੁਪਰੀਮ ਕੋਰਟ ਦੇ ਵਕੀਲ ਐਚ ਐਸ ਫੂਲਕਾ ਨੇ ਵੀ ਮੰਗ ਕੀਤੀ ਕਿ ਪੰਜਾਬ ਸਰਕਾਰ ਸੁਪਰੀਮ ਕੋਰਟ ਵਿੱਚ ਪਹੁੰਚੇ ਅਤੇ ਇਸ ਕੇਸ ਬਾਰੇ ਸਪਸ਼ਟ ਕਰੇ। ਉਹਨਾਂ ਦਾ ਕਹਿਣਾ ਹੈ ਕਿ ਸਿੱਖ ਭਾਈਚਾਰੇ ਵਿੱਚ ਗੁੱਸਾ ਵਧ ਰਿਹਾ ਹੈ ਅਤੇ ਉਹ ਸਮਝਦੇ ਹਨ ਕਿ ਆਪ ਨਾਲ ਸਮਝੌਤਾ ਕਰਕੇ ਨਿਆਂ ਨੂੰ ਰੋਕਿਆ ਜਾ ਰਿਹਾ ਹੈ। ਇਹ ਵਿਵਾਦ ਹੁਣ ਚੋਣਾਂ ਤੱਕ ਪਹੁੰਚ ਸਕਦਾ ਹੈ।

# ਵਿਦੇਸ਼ ਤੋਂ ਪੰਜਾਬ ਪਰਤੇ ਪਤੀ ਨੇ ਇਕ ਫਲੈਟ ਵਿਚ ਰੰਗੇ ਹੱਥੀਂ ਠਾਣੇਦਾਰ ਨਾਲ ਫੜ ਲਈ ਪਤਨੀ !

## ✪ ਪਤਨੀ ਦਾ ਪੁਰਾਣਾ ਆਸ਼ਕ ਨਿਕਲਿਆ ਠਾਣੇਦਾਰ

ਲੁਧਿਆਣਾ-ਪੱਖੋਵਾਲ ਰੋਡ 'ਤੇ ਰਾਤ ਦੌਰਾਨ ਇਕ ਫਲੈਟ ਵਿਚ ਆਪਣੀ ਪਤਨੀ ਨੂੰ ਐੱਸ.ਐੱਚ.ਓ. ਦੇ ਨਾਲ ਰੰਗ ਰਲੀਆਂ ਮਨਾਉਂਦੇ ਦੇਖ ਕੇ ਦੁਬਈ ਤੋਂ ਆਏ ਪਤੀ ਦੇ ਹੋਸ਼ ਉੱਡ ਗਏ। ਮਦਦ ਲਈ ਉਸ ਨੇ ਚੌਕੀ ਲਲਤੋਂ ਦੀ ਪੁਲਸ ਨੂੰ ਵੀ ਮੌਕੇ 'ਤੇ ਬੁਲਾਇਆ। ਜਿਨ੍ਹਾਂ ਨੇ ਲਿਖਤੀ ਸ਼ਿਕਾਇਤ ਲਈ। ਪਰ ਪਤਨੀ ਅਤੇ ਦੋਸਤ ਦੀ ਹਰਕਤ ਦੇਖ ਕੇ ਨੌਜਵਾਨ ਸਦਮੇ ਵਿਚ ਨਜ਼ਰ ਆਇਆ।

ਜਾਣਕਾਰੀ ਅਨੁਸਾਰ ਦੁਗਰੀ ਦੇ ਰਹਿਣ ਵਾਲੇ ਇਕ 24 ਸਾਲ ਦੇ ਨੌਜਵਾਨ ਨੇ ਇਕ ਮਹਿਲਾ ਨਾਲ ਦਸੰਬਰ 2024 ਵਿਚ ਵਿਆਹ ਕਰਵਾਇਆ ਸੀ। ਉਹ ਉਸ ਤੋਂ ਉਮਰ ਵਿਚ 7 ਸਾਲ ਵੱਡੀ ਅਤੇ ਤਲਾਕਸ਼ੁਦਾ ਸੀ, ਜਿਸ ਦੀ ਇਕ ਧੀ ਵੀ ਹੈ। ਉਸ ਨੇ ਦੱਸਿਆ ਮਹਿਲਾ ਨਾਲ ਉਸ ਦੀ ਮੁਲਾਕਾਤ ਦੁਬਈ ਵਿਚ ਹੀ ਹੋਈ ਸੀ। ਮਾਰਚ ਮਹੀਨੇ ਵਿਚ ਉਹ ਭਾਰਤ ਵਾਪਸ ਆ ਗਿਆ ਸੀ। ਬੁੱਧਵਾਰ ਨੂੰ ਪਤਨੀ ਉਸ ਨੂੰ ਆਪਣੀ ਸਹੇਲੀ ਦੇ ਘਰ ਜਾਣ ਦਾ ਕਹਿ ਕੇ ਚਲੀ ਗਈ। ਜਿਸ ਤੋਂ ਬਾਅਦ ਰਾਤ ਨੂੰ ਉਹ ਵੀ ਆਪਣੇ ਦੋਸਤਾਂ ਨਾਲ ਪੱਖੋਵਾਲ ਰੋਡ 'ਤੇ ਇਕ ਰੈਸਟੋਰੈਂਟ ਵਿਚ ਖਾਣਾ ਖਾਣ ਆ ਗਿਆ। ਇਸ ਦੌਰਾਨ ਉਸ ਨੂੰ ਕੁਝ ਦੂਰੀ 'ਤੇ ਐੱਸ.ਐੱਚ.ਓ. ਦੀ ਕਾਰ ਦਿਖਾਈ ਦਿੱਤੀ। ਜਿਸ ਨਾਲ ਪਤਨੀ ਨੇ ਹੀ ਉਸ ਨੂੰ ਮਿਲਵਾਇਆ ਸੀ ਅਤੇ ਆਪਸ ਵਿਚ ਜਾਣ-ਪਛਾਣ ਸੀ। ਜਦੋਂ ਉਹ ਉਸ ਨੂੰ ਮਿਲਣ ਕਾਰ ਦੇ ਕੋਲ ਜਾਣ ਲੱਗਾ ਤਾਂ ਆਪਣੀ ਪਤਨੀ ਨੂੰ ਉਸ ਦੇ ਨਾਲ ਬੈਠੇ ਦੇਖ ਕੇ ਹੋਸ਼ ਉੱਡ ਗਏ। ਜਦੋਂ ਉਸ ਨੇ ਆਪਣੀ ਸਕੂਟਰੀ 'ਤੇ ਉਨ੍ਹਾਂ ਦਾ ਪਿੱਛਾ ਕੀਤਾ ਤਾਂ ਦੋਵੇਂ ਫਲੈਟ ਦੇ ਇਕ ਕਮਰੇ ਵਿਚ ਚਲੇ ਗਏ। ਨੌਜਵਾਨ ਨੇ ਤੁਰੰਤ ਆਪਣੀ ਪਤਨੀ ਨੂੰ ਫੋਨ ਲਗਾਇਆ ਤਾਂ ਪਹਿਲਾਂ ਉਸ ਨੇ ਫੋਨ ਚੁੱਕਿਆ ਨਹੀਂ ਅਤੇ ਬਾਅਦ ਵਿਚ ਸਹੇਲੀ ਦੇ ਨਾਲ ਹੋਣ ਦੀ ਗੱਲ ਕਹਿ ਕੇ ਫੋਨ ਕੱਟ ਦਿੱਤਾ। ਜਿਸ ਤੋਂ ਬਾਅਦ ਚੌਕੀ ਲਲਤੋਂ ਦੀ ਪੁਲਸ ਨੂੰ ਮੌਕੇ 'ਤੇ ਬੁਲਾਇਆ। ਫਿਲਹਾਲ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਨੌਜਵਾਨ ਨੇ ਦੱਸਿਆ ਕਿ ਉਹ ਪਹਿਲਾਂ ਵੀ ਐਸ.ਐਚ.ਓ. ਨੂੰ ਮਿਲਿਆ ਹੈ, ਪਰ ਕਦੇ ਵਰਦੀ ਵਿਚ ਨਹੀਂ ਦੇਖਿਆ। ਪਤਨੀ ਉਸ ਨੂੰ ਇੰਸਪੈਕਟਰ ਦੱਸਦੀ ਹੈ ਅਤੇ ਹੁਣ ਪਤਾ ਚੱਲਿਆ ਹੈ ਕਿ ਉਹ ਪਤਨੀ ਦਾ ਪੁਰਾਣਾ ਆਸ਼ਕ ਨਿਕਲਿਆ। ਪਤਨੀ ਨੇ ਹੀ ਉਸ ਨਾਲ ਦੋਸਤੀ ਕਰਵਾਈ ਸੀ। ਨੌਜਵਾਨ ਵੱਲੋਂ ਐਸ.ਐਚ.ਓ. ਦਾ ਜੋ ਨੰਬਰ ਦੱਸਿਆ ਗਿਆ ਹੈ, ਉਹ ਇੱਕ ਥਾਣੇ ਦੇ ਇੰਚਾਰਜ ਦਾ ਸਰਕਾਰੀ ਨੰਬਰ ਹੈ।

# ਫਰੈਂਕਫੋਰਟ ਵਿੱਚ ਬੀਬੀ ਜਗੀਰ ਕੌਰ ਵੱਲੋਂ ਨਿਭਾਈਆਂ ਸਿਧਾਂਤਿਕ ਸੇਵਾਵਾਂ ਬਦਲੇ ਮੂਲ ਨਾਨਕਸ਼ਾਹੀ ਕਲੰਡਰ ਦੇ ਨਿਰਮਾਤਾ ਸ੍ਰ ਪਾਲ ਸਿੰਘ ਪੁਰੇਵਾਲ ਯਾਦਗਰੀ ਸਨਮਾਨ ਪੱਤਰ ਨਾਲ ਕੀਤਾ ਸਨਮਾਨਤ

ਫਰੈਂਕਫੋਰਟ-ਗੁਰਦੁਆਰਾ ਸਿੱਖ ਸੈਂਟਰ ਫਰੈਂਕਫੋਰਟ ਵਿੱਚ ਭਾਈ ਘਨਈਆਂ ਜੀ ਸੁਸਾਇਟੀ ਵੱਲੋਂ ਗੁਰ ਲਾਧੋ ਰੇ ਦਿਵਸ ਦੀ ਯਾਦ ਵਿੱਚ ਸ ਾਗਮ ਕਰਵਾਈ ਗਏ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸ਼੍ਰੀ ਦਰਬਾਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਭਾਈ ਨਰਿੰਦਰ ਸਿੰਘ ਜੀ ਨੇ ਇਲਾਹੀ ਗੁਰਬਾਣੀ ਦਾ ਬਹੁਤ ਹੀ ਰਸ-ਭਿੰਨਾ ਕੀਰਤਨ ਸਰਵਣ ਕਰਾਇਆ ਤੇ ਦੇਸ਼ ਪੰਜਾਬ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਜੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।

ਬੀਬੀ ਜਗੀਰ ਕੌਰ ਨੇ ਧਾਰਮਿਕ ਵੀਚਾਰਾ ਦੀ ਬਹੁਤ ਹੀ ਪ੍ਰਭਾਵਸ਼ਾਲੀ ਵੀਚਾਰਾ ਦੀ ਸਾਂਝ ਪਾਈ ਉਹਨਾਂ ਨੇ ਖਾਸ ਕਰਕੇ ਬੀਬੀਆਂ ਨੂੰ ਗੁਰੂ ਨਾਨਕ ਸਾਹਿਬ ਤੇ ਗੁਰੂ ਅਮਰ ਦਾਸ ਜੀ ਵੱਲੋਂ ਜੋ ਬੀਬੀਆਂ ਨੂੰ ਮਾਣ ਦਿੱਤਾ ਹੈ ਉਹਨਾਂ ਨੇ ਗੁਰਬਾਣੀ ਦੇ ਹਵਾਲਿਆਂ ਨਾਲ ਵੀਚਾਰ ਰੱਖੇ ਉੱਥੇ ਨੌਵੇ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਤੇ ਤਿੰਨ ਗੁਰਸਿੱਖਾਂ ਦੇ ਆ ਰਹੇ 350 ਸਾਲਾਂ ਬਾਰੇ ਵੀਚਾਰ ਦੀ ਸਾਂਝ ਪਾਈ ਉੱਥੇ ਬੀਬੀ ਜਗੀਰ ਕੌਰ ਨੇ ਬਹੁਤ ਫਰਾਖ ਦਿੱਲੀ ਨਾਲ ਪਿੱਛਲੇ ਸਮੇਂ ਹੋਈਆਂ ਭੁੱਲਾਂ ਲਈ ਮੁਆਫ਼ੀ ਵੀ ਮੰਗੀ। ਭਾਈ ਬਲਕਾਰ ਸਿੰਘ ਨੇ ਬੀਬੀ ਜਗੀਰ ਕੌਰ ਵੱਲੋਂ ਸਿਧਾਂਤਿਕ ਤੌਰ ਤੇ ਨਿਭਾਈਆਂ ਸੇਵਾਵਾਂ ਤੇ ਸਿੱਖ ਰਹਿਤ ਮਰਯਾਦਾ ਤੇ ਪਹਿਰਾ ਦੇਣ ਦੀ ਗੱਲ ਰੱਖੀ ਉੱਥੇ



ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਭਾਈ ਗੁਰਚਰਨ ਸਿੰਘ ਗੁਰਾਇਆ ਨੇ ਵੀਚਾਰ ਰੱਖਦਿਆਂ ਹੋਇਆਂ ਕਿਹਾ ਕਿ ਸਾਡਾ ਨਿਸ਼ਾਨ ਵੀਹਵੀ ਸਦੀ ਦੇ ਮਹਾਨ ਸ਼ਹੀਦ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲੇ ਦੇ ਬਚਨ ਕਿ ਜਿਸ ਨੇ ਭਾਰਤ ਦੀ ਹਕੂਮਤ ਨੇ ਦਰਬਾਰ ਸਾਹਿਬ ਤੇ ਹਮਲਾ ਕੀਤਾ ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ ਉਹ ਸਰਕਾਰ ਨੇ ਰੱਖ ਦਿੱਤੀ ਜਿਸ ਤੇ ਮਹਿਲ ਉਸਾਰਨ ਲਈ ਹਜਾਰਾਂ ਸ਼ਹੀਦਾਂ ਨੇ ਸ਼ਹਾਦਤਾਂ ਦਿੱਤੀਆਂ ਹਨ ਉਹਨਾਂ ਸ਼ਹੀਦਾਂ ਸਿਜਦਾ ਹੈ ਤੇ ਉਹਨਾਂ ਸੁਪਨਾ ਖਾਲਿਸਤਾਨ ਸਾਡਾ ਨਿਸ਼ਾਨਾ ਹੈ। ਬੀਬੀ ਜੀ ਤੁਸੀ ਧਾਰਮਿਕ ਤੇ ਸਿਆਸੀ ਆਗੂ ਹੋ ਕਾਂਗਰਸ ਨੇ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਕਰਕੇ ਸਿੱਖ ਕੌਮ ਨੂੰ ਸਰੀਰਕ ਤੌਰਤੇ ਖਤਮ ਕਰਨ ਦੀ ਕੋਸ਼ਿਸ਼ ਕੀਤੀ ਸਿੱਖ ਖਤਮ ਨਹੀ ਹੋਏ ਪਰ ਪ੍ਰਕਾਸ਼ ਸਿੰਘ ਬਾਦਲ ਲਾਣੇ ਨੇ ਸਿੱਖ ਕੌਮ ਦੀਆਂ ਮਹਾਨ ਸੰਸਥਾਵਾਂ ਸ਼੍ਰੋਮਣੀ ਅਕਾਲੀ ਦਲ , ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਿਧਾਤਾ ਦਾ ਘਾਣ ਕਰਨ ਤੇ ਸਿੱਖ ਕੌਮ ਨੂੰ ਮਾਨਸਿਕ ਤੌਰਤੇ ਖਤਮ ਕਰਨ ਦੀ ਕੋਸ਼ਿਸ਼ ਕੀਤੀ ਹੈ ਬਾਦਲ ਲਾਣਾ ਇਹ 2 ਦਸਬੰਰ ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਆਪਣੇ ਗੁਨਾਹ ਮੰਨ ਕੇ ਫਿਰ ਮੁੱਕਰ ਗਿਆ। ਬੀਬੀ ਜੀ ਸਿੱਖ ਕੌਮ ਦੀ ਵੱਖਰੀ ਹੋਂਦ ਦੇ ਪ੍ਰਤੀਕ ਨਾਨਕਸ਼ਾਹੀ ਕੈਲੰਡਰ ਜੋ ਸ੍ਰ ਪਾਲ ਸਿੰਘ ਪੁਰੇਵਾਲ ਨੇ ਤਿਆਰ ਕੀਤਾ ਸੀ ਉਹਨਾਂ ਦੇ ਦੱਸਣ ਮੁਤਾਬਕ ਤੁਹਾਡਾ ਉਸ ਨੂੰ ਲਾਗੂ ਕਰਾਉਣ ਵਿੱਚ ਚੰਗਾ ਰੋਲ ਸੀ ਅੱਜ ਆਪ ਜੀ ਦਾ ਮੂਲ ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤਾ ਸਿੱਖ ਸਕਾਲਰ ਸ੍ਰ. ਪਾਲ ਸਿੰਘ ਪੁਰੇਵਾਲ ਯਾਦਗਰੀ ਸਨਮਾਨ ਪੱਤਰ ਨਾਲ ਤੁਹਾਡੇ ਵੱਲੋ ਸਿਧਾਂਤਿਕ ਤੌਰਤੇ ਨਿਭਾਈਆਂ ਸੇਵਾਵਾਂ ਸਨਮਾਨ ਕਰ ਰਹੇ ਹਾਂ ਸਾਨੂੰ ਆਸ ਹੈ ਕਿ ਮੁੜ ਆਪ ਕੋਲ ਮੌਕਾ ਬਣੇਂ ਤਾਂ ਪਹਿਲ ਦੇ ਅਧਾਰ ਤੇ ਸਿੱਖਾਂ ਵਿੱਚ ਪਾਏ ਸੋਧਾਂ ਦੇ ਨਾਂ ਤੇ ਕੀਤੀਆਂ ਕਸੋਧਾ ਵਾਲੀ ਦੁਬਿਧਾਂ ਖਤਮ ਕਰਕੇ ਮੂਲ ਨਾਨਕਸ਼ਾਹੀ ਕੈਲੰਡਰ ਲਾਗੂ ਕਰਾਉਣਾ ਜੀ ਭਾਈ ਨਰਿੰਦਰ ਸਿੰਘ ਘੋਤੜਾ ਨੇ ਸੰਗਤਾਂ ਦਾ ਧੰਨਵਾਦ ਹੀਰਾ ਸਿੰਘ ਮੱਤੇਵਾਲ ਨੇ ਵੀਚਾਰ ਰੱਖੇ ਸਟੇਜ ਦੀ ਸੇਵਾ ਬਾਵਾ ਸਿੰਘ ਨੇ ਨਿਭਾਈ ਅੰਤ ਵਿੱਚ ਬੀਬੀ ਜਗੀਰ ਕੌਰ ਨੂੰ ਗੁਰਦੁਆਰਾ ਪ੍ਰਬੰਧ ਕਮੇਟੀ ਦੇ ਪ੍ਰਧਾਨ ਭਾਈ ਅਨੂਪ ਸਿੰਘ ਮੀਤ ਪ੍ਰਧਾਨ ਭਾਈ ਗੁਰਚਰਨ ਸਿੰਘ ਗੁਰਾਇਆ ਜਨਰਲ ਸਕੱਤਰ ਭਾਈ ਹੀਰਾ ਸਿੰਘ ਮੱਤੇਵਾਲ, ਚੇਅਰਮੈਨ ਭਾਈ ਗੁਰਦਿਆਲ ਸਿੰਘ ਲਾਲੀ ਭਾਈ ਕਰਨੈਲ ਸਿੰਘ ਪ੍ਰਦੇਸੀ ਭਾਈ ਸਤਨਾਮ ਸਿੰਘ, ਸਿੱਖ ਸੰਸਥਾਵਾਂ ਦੇ ਆਗੂਆਂ ਭਾਈ ਘਨਈਆ ਜੀ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ ਸੰਸਥਾ ਨੇ ਸ੍ਰ ਪਾਲ ਸਿੰਘ ਪੁਰੇਵਾਲ ਯਾਦਗਰੀ ਸਨਮਾਨ ਸਿਰੋਪਾਉ ਸਾਹਿਬ ਨਾਲ ਸਨਮਾਨਤ ਕੀਤਾ ਗਿਆ।

# ਚੋਥਾ ਨੈਸ਼ਨਲ ਗੱਤਕਾ ਰਿਫਰੈਸ਼ਰ ਕੋਰਸ ਕੈਨਸ਼ਸ ਵਿੱਖੇ ਨਿਰਵਿਘਨਤਾ ਸਹਿਤ ਸੰਪੂਰਨ: ਡਾ ਦੀਪ ਸਿੰਘ

## ✪ ਗੱਤਕਾ ਫੈਡਰੇਸ਼ਨ ਯੂ.ਐਸ.ਏ ਦੇ ਮਾਹਿਰ ਕੌਚਾਂ ਵਲੋਂ ਚੋਥੇ ਨੈਸ਼ਨਲ ਗੱਤਕਾ ਰਿਫਰੈਸ਼ਰ ਕੋਰਸ ਦੌਰਾਨ ਸਿਖਾਏ ਗਏ ਗੱਤਕੇ ਦੇ ਗੁਰ

ਕੈਨਸਸ-ਅਮਰੀਕਾ ਵਿੱਚ ਗੱਤਕਾ ਖੇਡ ਦੀ ਨੈਸ਼ਨਲ ਪੱਧਰ ਦੀ ਜੱਥੇਬੰਦੀ ਗੱਤਕਾ ਫੈਡਰੇਸ਼ਨ ਯੂ.ਐਸ.ਏ. ਜੋ ਕਿ ਵਿਸ਼ਵ ਗੱਤਕਾ ਫੈਡਰੇਸ਼ਨ ਤੋਂ ਮਾਨਤਾ ਪ੍ਰਾਪਤ ਹੈ, ਦੀ ਅਗਵਾਈ ਹੇਠ ਨਿਊਯਾਰਕ ਗੱਤਕਾ ਐਸੋਸੀਏਸ਼ਨ ਵਲੋਂ ਚੋਥਾ ਨੈਸ਼ਨਲ ਗੱਤਕਾ ਰਿਫਰੈਸ਼ਰ ਕੋਰਸ-2025 ਗੁਰਦੁਆਰਾ ਗੁਰੂ ਨਾਨਕ ਦਰਬਾਰ, ਉਵਰਲੈਂਡ ਪਾਰਕ, ਕੈਨਸ਼ਸ ਵਿੱਖੇ ਸੰਤਬਰ ਮਹੀਨੇ ਵਿੱਚ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆ ਵਿਸ਼ਵ ਗੱਤਕਾ ਫੈਡਰੇਸ਼ਨ ਤੇ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਡਾ. ਦੀਪ ਸਿੰਘ, ਨੇ ਦਸਿੱਆ ਕਿ ਫੈਡਰੇਸ਼ਨ ਵਲੋਂ ਹਰ ਸਾਲ ਅਮਰੀਕਾ ਦੇ ਵੱਖ-ਵੱਖ ਰਾਜਾਂ ਵਿੱਚ ਗੱਤਕਾ ਖੇਡ ਦੀ ਪ੍ਰਫੁੱਲਤਾ ਅਤੇ ਇਸ ਖੇਡ ਨੂੰ ਹਰਮਨ ਪਿਆਰਾ ਬਨਾਉਣ ਲਈ ਟ੍ਰੇਨਿੰਗ ਕੈਂਪ ਅਤੇ ਵਰਕਸ਼ਾਪਾਂ ਦਾ ਇੰਤਜਾਮ ਕੀਤਾ ਜਾਂਦਾ ਹੈ ਅਤੇ ਫੈਡਰੇਸ਼ਨ ਵਲੋਂ ਹਰ ਰਾਜ ਵਿੱਚ ਗੱਤਕਾ ਐਸੋਸੀਏਸ਼ਨਾਂ ਦਾ ਗਠਨ ਕਰਨ ਦਾ ਟੀਚਾ ਵੀ ਉਲੀਕਿਆ ਗਿਆ ਹੈ ਜਿਸ ਤਹਿਤ ਚਾਰਾਜੋਈ ਕੀਤੀ ਜਾ ਰਹੀ ਹੈ।

ਸ. ਅਮਰਜੀਤ ਸਿੰਘ ਅਤੇ ਬੀਬੀ ਪ੍ਰੀਤੀ ਕੌਰ ਵਲੋਂ ਜਾਣਕਾਰੀ ਦਿੰਦਿਆ ਦਸਿੱਆ ਗਿਆ ਕਿ ਅਮਰੀਕਾ ਵਿੱਚ ਇਹ ਚੋਥਾ




ਨੈਸ਼ਨਲ ਗੱਤਕਾ ਰਿਫਰੈਸ਼ਰ ਕੋਰਸ ਲਗਾਇਆ ਗਿਆ ਹੈ ਤਾਂ ਜੋ ਸਮੂਹ ਰੈਫਰਿਆਂ ਅਤੇ ਜੱਜਾਂ ਨੂੰ ਨਾ ਸਿਰਫ ਇੱਕ ਪਲੇਟਫਾਰਮ ਤੇ ਲਿਆਉਦਾਂ ਜਾਵੇ ਬਲਕਿ ਭਵਿੱਖ ਵਿੱਚ ਹੋਣ ਵਾਲੇ ਰਾਜ ਪੱਧਰੀ ਅਤੇ ਨੈਸ਼ਨਲ ਪੱਧਰ ਦੇ ਗੱਤਕਾ ਮੁਕਾਬਲਿਆਂ ਲਈ ਅਮਰੀਕਾ ਦੇ ਹਰ ਸੂਬੇ ਵਿੱਚ ਗੱਤਕਾ ਕੋਚ, ਜੱਜ ਅਤੇ ਰੈਫਰੀ ਪੈਦਾ ਕੀਤੇ ਜਾ ਸਕਣ। ਉਹਨਾਂ ਇਸ ਗੱਲ ਤੇ ਖੁਸ਼ੀ ਜਤਾਈ ਕਿ ਚੋਥੇ ਨੈਸ਼ਨਲ ਕੈਂਪ ਨੂੰ ਆਯੋਜਿਤ ਕਰਨ ਦੀ ਜਿੰਮੇਵਾਰੀ ਕੈਂਸ਼ਸ ਗੱਤਕਾ ਐਸੋਸੀਏਸ਼ਨ ਵਲੋਂ ਲਈ ਗਈ ਸੀ ਜੋ ਕਿ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ ਗਈ।

ਇਸ ਮੌਕੇ ਤੇ ਬੋਲਦਿਆਂ ਕੈਂਸ਼ਸ ਗੱਤਕਾ ਐਸੋਸੀਏਸ਼ਨ ਦੀ ਸੀਨਅਰ ਕੌਚ ਬੀਬਾ ਗੁਰਵਿੰਦਰ ਕੌਰ ਤੇ ਸ. ਹਰਭਜਨ ਸਿੰਘ ਨਾਰਥ ਕੈਰੋਲੀਨਾ ਨੇ ਦਸਿੱਆ ਕਿ ਨੈਸ਼ਨਲ ਪੱਧਰ ਦੇ ਇਸ ਗੱਤਕਾ ਰਿਫਰੈਸ਼ਰ ਕੋਰਸ ਵਿੱਚ ਅਨੇਕਾਂ ਹੀ ਗੱਤਕਾ ਕੋਚਾਂ ਵਲੋਂ ਅਰਜੀਆਂ ਪ੍ਰਾਪਤ ਹੋਈਆਂ ਸਨ ਜਿਹਨਾਂ ਦੀ ਪਰਖ ਕਰਨ ਤੋਂ ਬਾਅਦ ਹੀ ਗੱਤਕਾ ਕੋਚਾਂ ਨੂੰ ਰੈਫਰੀ, ਜੱਜ ਜਾਂ ਕੋਚ ਦੀ ਟ੍ਰੇਨਿੰਗ ਦਿੱਤੀ ਗਈ ਹੈ। ਨੈਸ਼ਨਲ ਪੱਧਰ ਦੇ ਰੈਫਰੀ ਅਤੇ ਜੱਜ ਬਨਣ ਤੇ ਸਰਟੀਫਿਕੇਟ ਜਾਰੀ ਕੀਤਾ ਗਿਆ ਹੈ। ਜਿਹਨਾਂ ਵਿੱਚ ਬੀਬਾ ਗੁਰਵਿੰਦਰ ਕੌਰ, ਮਨਜਸਨਪ੍ਰੀਤ ਸਿੰਘ ਕੈਂਸ਼ਸ ਅਤੇ ਹਰਭਜਨ ਸਿੰਘ ਦੇ ਨਾਂ ਸ਼ਾਮਿਲ, ਬਾਕੀ ਕੋਚਾਂ ਨੂੰ ਵੀ ਸਿਖਲਾਈ ਸਰਟੀਫਿਕੇਟ ਜਾਰੀ ਕੀਤੇ ਜਾਣਗੇ।

ਨੈਸ਼ਨਲ ਗੱਤਕਾ ਰਿਫਰੈਸ਼ਰ ਕੋਰਸ ਕਮੇਟੀ ਦੇ ਚੇਅਰਮੈਨ ਡਾ. ਦੀਪ ਸਿੰਘ ਵਲੋਂ ਵਿਸ਼ੇਸ ਤੋਰ ਸ਼ਿਰਕਤ ਕੀਤੀ ਅਤੇ ਉਹਨਾਂ ਨੇ ਭਾਗ ਲੈਣ ਆਏ ਕੋਚਾਂ, ਰੈਫਰੀਆ ਅਤੇ ਜੱਜਾਂ ਨਾਲ ਗੱਤਕੇ ਦੇ ਗੁਰ ਸਾਂਝੇ ਕੀਤੇ। ਉਹਨਾਂ ਵਲੋਂ ਪ੍ਰੈਕਟੀਕਲ ਸੈਸ਼ਨ ਦੌਰਾਨ ਵੱਖ-ਵੱਖ ਸਵਾਲਾਂ ਦੇ ਜਵਾਬ ਦਿੱਤੇ ਗਏ। ਗੱਤਕਾ ਫੈਡਰੇਸ਼ਨ ਯੂ.ਐਸ.ਏ ਦੇ ਪ੍ਰਧਾਨ, ਸ. ਕਲਵਿੰਦਰ ਸਿੰਘ ਫਰੀਜਨੋ ਵਲੋਂ ਸਮੂਹ ਭਾਗ ਲੈਣ ਵਾਲੇ ਕੋਚਾਂ ਨੂੰ ਵਧਾਈ ਦਿੱਤੀ ਗਈ ਅਤੇ ਸੀਨੀਅਰ ਕੋਚ ਸ. ਬਲਜਿੰਦਰ ਸਿੰਘ, ਅਤੇ ਸੀਨੀਅਰ ਕੋਚ ਸੁਜਾਨ ਸਿੰਘ ਨੇ ਦਸਿੱਆ ਕਿ ਇਸ ਚੋਥੇ ਨੈਸ਼ਨਲ ਕੈਂਪ ਦੋਰਾਨ ਬੀਬੀਆਂ ਵਲੋਂ ਵੀ ਕੈਂਪ ਵੀ ਸਮੂਲੀਅਤ ਕੀਤੀ ਗਈ ਅਤੇ ਭਵਿੱਖ ਵਿੱਚ ਫੈਡਰੇਸ਼ਨ ਵਲੋਂ ਇਹੋ ਜਿਹੇ ਹੋਰ ਨੈਸ਼ਨਲ ਕੋਚਿੰਗ ਕੈਂਪਾਂ ਦਾ ਆਯੋਜਨ ਵੀ ਕੀਤਾ ਜਾਵੇਗਾ ਤਾਂ ਜੋ ਅਮਰੀਕਾ ਵਿੱਚ ਹੋਰ ਕੋਚ ਰੈਫਰੀ ਅਤੇ ਜੱਜ ਤਿਆਰ ਹੋ ਸਕਣ। ਕੈਂਪ ਦੀ ਸਮਾਪਤੀ ਦੋਰਾਨ ਕੈਨਸਸ ਦੀ ਸੰਗਤ ਵਲੋਂ ਡਾ. ਦੀਪ ਸਿੰਘ ਦਾ ਵਿਸ਼ੇਸ ਤੋਰ ਤੇ ਸਨਮਾਨ ਕੀਤਾ ਗਿਆ ਅਤੇ ਕੈਂਪ ਵਿੱਚ ਭਾਗ ਲੈਣ ਵਾਲੇ ਸਮੂਹ ਕੋਚਾਂ ਨੂੰ ਸਰਟੀਫਿਕੇਟ ਤਕਸੀਮ ਕੀਤੇ ਗਏ।

# ਮਹੀਨਾਵਾਰ ਕਿਸਮਤ ਦੇ ਸਿਤਾਰੇ

## ਅਕਤੂਬਰ ਮਹੀਨਾ 2025

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਇਸ ਸਮੇਂ ਦੌਰਾਨ ਰੁਕੇ ਹੋਏ ਅਧੂਰੇ ਕੰਮ ਕਿਸੇ ਨੇੜਲੇ ਸਹਿਯੋਗੀ ਦੀ ਮਦਦ ਨਾਲ ਪੂਰੇ ਹੋਣਗੇ। ਮਿਹਨਤ ਅਤੇ ਹਿੰਮਤ ਸਦਕਾ ਧਨ ਲਾਭ ਦੇ ਮੌਕੇ ਮਿਲਣਗੇ। ਸਾਂਝੇਦਾਰੀ ਦੇ ਕੰਮਾਂ ਵਿੱਚ ਯੋਗ ਲਾਭ ਨਹੀਂ ਹੋਵੇਗਾ, ਪਰ ਕੋਸ਼ਿਸ਼ ਕਰਨ 'ਤੇ ਕੁਝ ਸੁਧਾਰ ਦੇ ਯੋਗ ਹਨ। ਪਰਿਵਾਰ ਵਿੱਚ ਖਰਚਾ ਜ਼ਿਆਦਾ ਰਹੇਗਾ ਅਤੇ ਨਾਲ ਹੀ ਸੰਤਾਨ ਪੱਖ ਤੋਂ ਵੀ ਪ੍ਰੇਸ਼ਾਨੀ ਰਹੇਗੀ। ਸਿਹਤ ਵਿੱਚ ਖਰਾਬੀ ਰਹਿਣ ਦੀ ਵੀ ਸੰਭਾਵਨਾ ਹੈ। ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰਨੀ, ਲੰਬਾ ਸਮਾਂ ਸ਼ਾਂਤੀ ਆਵੇਗੀ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਕੋਸ਼ਿਸ਼ ਕਰਨ 'ਤੇ ਧਨ ਲਾਭ ਦੇ ਮੌਕੇ ਪਹਿਲਾਂ ਨਾਲੋਂ ਚੰਗੇ ਹੋਣਗੇ। ਅਨੇਕਾਂ ਮੁਸ਼ਕਿਲਾਂ ਦੇ ਹੱਲ ਹੋਣ ਦੇ ਮੌਕੇ ਵੱਧਣਗੇ। ਪਰਿਵਾਰ ਵਿੱਚ ਮਾਤਾ-ਪਿਤਾ ਨਾਲ ਨਾਰਾਜ਼ਗੀ ਹੋ ਸਕਦੀ ਹੈ। ਜਗ੍ਹਾ ਦੀ ਤਬਦੀਲੀ ਵਿੱਚ ਪ੍ਰੇਸ਼ਾਨੀ ਹੋਏਗੀ। ਮਹੀਨੇ ਦੇ ਅਖੀਰ ਵਿੱਚ ਕਿਸੇ ਤੋਂ ਧੋਖਾ ਮਿਲਣ ਦੇ ਯੋਗ ਹਨ। ਲੈਣ-ਦੇਣ ਦੇ ਕੰਮਾਂ ਵਿੱਚ ਸਾਵਧਾਨੀ ਵਰਤੋ। ਵਿੱਦਿਆਰਥੀ ਵਰਗ ਨੂੰ ਆਪਣੇ ਜੀਵਨ ਵਿੱਚ ਅੱਗੇ ਵੱਧਣ ਦੇ ਮੌਕੇ ਮਿਲਣਗੇ। ਆਪਣੇ ਮਾਤਾ-ਪਿਤਾ ਨੂੰ ਹਮੇਸ਼ਾ ਬਣਦਾ ਮਾਣ-ਸਤਿਕਾਰ ਦਿਉ,

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਇਸ ਸਮੇਂ ਦੌਰਾਨ ਸਾਧਾਰਨ ਲੋਕਾਂ ਨੂੰ ਮੁਸ਼ਕਿਲ ਹਾਲਾਤਾਂ ਦਾ ਸਾਹਮਣਾ ਕਰਨਾ ਪਵੇਗਾ। ਬਹੁਤ ਕੋਸ਼ਿਸ਼ ਕਰਨ 'ਤੇ ਗੁਜ਼ਾਰੇ ਯੋਗ ਧਨ ਦੀ ਪ੍ਰਾਪਤੀ ਹੋਵੇਗੀ। ਸੰਤਾਨ ਦੇ ਸਬੰਧ ਵਿੱਚ ਚਿੰਤਾ ਵਧੇਗੀ। ਵਪਾਰ ਵਿੱਚ ਬਹੁਤ ਰੁਕਾਵਟਾਂ ਦੇ ਬਾਵਜੂਦ ਕੰਮਕਾਜ ਵਿੱਚ ਵਾਧਾ ਹੋਵੇਗਾ। ਪਰਿਵਾਰ ਵਿੱਚ ਕਿਸੇ ਚੰਗੇ ਸਬੰਧੀ ਦੇ ਸਹਿਯੋਗ ਨਾਲ ਸੰਤਾਨ ਨੂੰ ਨਵੀਂ ਦਿਸ਼ਾ ਵਿੱਚ ਵੱਧਣ ਦੇ ਮੌਕੇ ਮਿਲਣਗੇ। ਜਦੋਂ ਵੀ ਪ੍ਰਮਾਤਮਾ ਦੇ ਅੱਗੇ ਅਰਦਾਸ ਕਰੋ, ਹਮੇਸ਼ਾ ਸਰਬੱਤ ਦੇ ਭਲੇ ਲਈ ਅਰਦਾਸ ਕਰੋ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਉਮੀਦ ਦੇ ਮੁਤਾਬਕ ਸਫਲਤਾ ਪ੍ਰਾਪਤ ਨਹੀਂ ਹੋਵੇਗੀ। ਮਨ ਉਦਾਸ ਰਹੇਗਾ। ਕੁਝ ਵਿਵਾਦ ਦੇ ਮਾਮਲੇ ਮਾਨਸਿਕ ਤਣਾਅ ਪੈਦਾ ਕਰਨਗੇ। ਕਿਸੇ ਨਜ਼ਦੀਕੀ ਮਿੱਤਰ ਨਾਲ ਝਗੜਾ ਹੋਵੇਗਾ। ਇਸ ਦੌਰਾਨ ਮਾਨਸਿਕ ਵਿਕਾਰਾਂ ਨਾਲ ਤਣਾਅ ਅਤੇ ਆਲਸ ਵਧੇਗਾ। ਸਵਾਰੀ ਆਦਿ ਨਾਲ ਸੱਟ ਦਾ ਡਰ ਰਹੇਗਾ। ਸਾਵਧਾਨੀ ਵਰਤੋ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਕੋਲੋਂ ਸਲਾਹ ਨਾ ਲਵੋ, ਇਹ ਵੱਡੇ ਠੱਗ ਤੁਹਾਡਾ ਨੁਕਸਾਨ ਕਰ ਸਕਦੇ ਹਨ, ਇਨ੍ਹਾਂ ਤੋਂ ਬਚ ਕੇ ਰਹੋ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਮਹੀਨੇ ਦੇ ਪਹਿਲੇ ਦਿਨਾਂ ਵਿੱਚ ਕੁਝ ਗੁਪਤ ਚਿੰਤਾ ਬਣੀ ਰਹੇਗੀ। ਇਸ ਸਮੇਂ ਦੌਰਾਨ ਕੁਝ ਵਪਾਰਕ ਉਲਝਣਾਂ ਵੱਧਣਗੀਆਂ, ਪਰ ਇਸ ਦੇ ਬਾਵਜੂਦ ਸੋਚੀ ਹੋਈ ਯੋਜਨਾ ਵਿੱਚ ਸਫਲਤਾ ਮਿਲੇਗੀ। ਸੰਯਮ ਨਾਲ ਵਿਹਾਰ ਕਰਨ ਦੀ ਲੋੜ ਹੈ, ਫਜ਼ੂਲ ਜਾਂ ਜ਼ਰੂਰਤ ਤੋਂ ਬਿਨਾਂ ਹੀ ਕਿਸੇ ਨਾਲ ਤਕਰਾਰ ਅਤੇ ਕਲਹ ਕਲੇਸ਼ ਤੋਂ ਬਚੋ। ਦੁਸ਼ਮਣਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ, ਪਰਿਵਾਰਕ ਸਹਿਯੋਗ ਸ਼ੁੱਭ ਰਹੇਗਾ। ਆਪਣੇ ਬੱਚਿਆਂ ਨਾਲ ਪਰਿਵਾਰ ਦੀਆਂ ਗੱਲਾਂ ਬਾਤਾਂ ਕਰੋ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਇਸ ਸਮੇਂ ਸਾਧਾਰਨ ਵਰਗ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਬਹੁਤ ਕੋਸ਼ਿਸ਼ ਕਰਨ 'ਤੇ ਗੁਜ਼ਾਰੇਯੋਗ ਧਨ ਲਾਭ ਹੋਵੇਗਾ। ਪਰ ਪਰਿਵਾਰ ਸਬੰਧੀ ਚਿੰਤਾ ਬਣੀ ਰਹੇਗੀ। ਕਾਰੋਬਾਰ ਵਿੱਚ ਕਈ ਔਕੜਾਂ ਦੇ ਬਾਵਜੂਦ ਕੰਮਕਾਜ ਵਿੱਚ ਸੁਧਾਰ ਹੋਵੇਗਾ। ਕਿਸੇ ਉੱਚ-ਪੱਧਰੀ ਵਿਅਕਤੀ ਦੀ ਮਦਦ ਨਾਲ ਸੰਤਾਨ ਨੂੰ ਨਵੇਂ ਕੰਮ ਵਿੱਚ ਅੱਗੇ ਵੱਧਣ ਦੀ ਪ੍ਰੇਰਨਾ ਮਿਲੇਗੀ। ਸਾਂਝੇਦਾਰੀ ਦੇ ਕੰਮਾਂ ਵਿੱਚ ਨੁਕਸਾਨ ਹੋਣ ਦਾ ਡਰ ਹੈ। ਆਪਣੇ ਮਾਤਾ-ਪਿਤਾ ਨੂੰ ਗੁਰਦੁਆਰਾ ਸਾਹਿਬ ਜ਼ਰੂਰ ਲੈ ਕੇ ਜਾਉ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਉਤਸ਼ਾਹ ਵਿੱਚ ਵਾਧਾ ਅਤੇ ਕਾਰੋਬਾਰ ਵਿੱਚ ਸਫਲਤਾ ਮਿਲਣ ਦੇ ਆਸਾਰ ਵੱਧਣਗੇ। ਕਿਸੇ ਭੈਣ-ਭਰਾ ਨਾਲ ਤਕਰਾਰ ਹੋ ਸਕਦੀ ਹੈ। ਸਫਰ ਤੋਂ ਲਾਭ ਦੇ ਮੌਕੇ ਮਿਲਣਗੇ, ਪਰ ਗੁੱਸੇ ਅਤੇ ਉਤੇਜਨਾ ਤੋਂ ਸਾਵਧਾਨੀ ਵਰਤੋ। ਧਾਰਮਿਕ ਕੰਮਾਂ ਵੱਲ ਰੁਝਾਨ ਰਹੇਗਾ। ਪਰਿਵਾਰ ਦਾ ਮਾਹੌਲ ਸੰਘਰਸ਼ ਵਾਲਾ ਅਤੇ ਜ਼ਿਆਦਾ ਖਰਚ ਕਰਕੇ ਮਾਨਸਿਕ ਤਣਾਅ ਰਹੇਗਾ। ਵਿੱਦਿਆਰਥੀ ਵਰਗ ਨੂੰ ਸਖਤ ਮਿਹਨਤ ਕਰਨ 'ਤੇ ਹੀ ਫੱਲ ਮਿਲਣ ਦੀ ਆਸ ਹੈ। ਰੋਜ਼ਾਨਾ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਹੋਵੇਗਾ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਇਸ ਸਮੇਂ ਨਿਕਟ ਬੰਧੂਆਂ ਨਾਲ ਫਜ਼ੂਲ ਹੀ ਤਣਾਅ ਰਹੇਗਾ। ਸਿਹਤ ਸਬੰਧੀ ਸਾਵਧਾਨੀ ਵਰਤਣ ਦੀ ਲੋੜ ਹੈ। ਬਣਦੇ ਕੰਮਾਂ ਵਿੱਚ ਰੁਕਾਵਟਾਂ ਆਉਣਗੀਆਂ। ਪਰਿਵਾਰ ਵਿੱਚ ਮਾਹੌਲ ਸੁਖਦ ਰਹੇਗਾ। ਆਪਸੀ ਵਿਚਾਰਾਂ ਦਾ ਮੱਤਭੇਦ ਹੋਵੇਗਾ। ਨੌਕਰੀ ਵਿੱਚ ਤਬਦੀਲੀ ਜਾਂ ਸਥਾਨ ਤਬਦੀਲੀ ਦੇ ਯੋਗ ਹਨ। ਕੁਝ ਅਧੂਰੇ ਕੰਮ ਵੀ ਪੂਰੇ ਹੋਣ ਦੀ ਆਸ ਹੈ। ਗੁਰੂ ਘਰ ਬੱਚਿਆਂ ਸਮੇਤ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਕਮਾਈ ਘੱਟ ਅਤੇ ਫਜ਼ੂਲ ਖਰਚ ਜ਼ਿਆਦਾ ਹੋਵੇਗਾ। ਸੰਘਰਸ਼ ਮਗਰੋਂ ਗੁਜ਼ਾਰੇਯੋਗ ਧਨ ਪ੍ਰਾਪਤ ਹੋਵੇਗਾ। ਸਮਾਜ ਵਿੱਚ ਮਾਣ-ਸਨਮਾਨ ਵਧੇਗਾ। ਪਰਿਵਾਰ ਵਿੱਚ ਖੁਸ਼ਖਬਰੀ ਮਿਲੇਗੀ। ਪਤੀ-ਪਤਨੀ ਦਰਮਿਆਨ ਕਲਹ-ਕਲੇਸ਼ ਹੋ ਸਕਦਾ ਹੈ। ਦਿਮਾਗੀ ਪ੍ਰੇਸ਼ਾਨੀ ਵਧੇਗੀ। ਧਨ ਲਾਭ ਪ੍ਰਾਪਤ ਹੋਣ ਵਿੱਚ ਰੁਕਾਵਟਾਂ ਪੈਦਾ ਹੋਣਗੀਆਂ। ਗੁਪਤ ਵਿਰੋਧੀਆਂ ਤੋਂ ਚੌਕਸ ਰਹਿਣ ਦੀ ਲੋੜ ਹੈ। ਸਾਂਝੇਦਾਰੀ ਦੇ ਕੰਮ ਵਿੱਚ ਉਮੀਦ ਤੋਂ ਘੱਟ ਲਾਭ ਮਿਲੇਗਾ। ਪ੍ਰਮਾਤਮਾ ਵਿੱਚ ਆਪਣਾ ਵਿਸ਼ਵਾਸ਼ ਅਟੁੱਟ ਬਣਾਏ ਰੱਖੋ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਬਹੁਤ ਜ਼ਿਆਦਾ ਮਿਹਨਤ ਕਰਨ 'ਤੇ ਵੀ ਸੋਚੀ ਯੋਜਨਾ ਵਿੱਚ ਥੋੜ੍ਹਾ ਲਾਭ ਹੋਵੇਗਾ। ਮਿੱਤਰਾਂ ਅਤੇ ਪਰਿਵਾਰ ਦੀ ਮਦਦ ਨਾਲ ਧਨ ਲਾਭ ਦੇ ਵਸੀਲੇ ਬਣਨਗੇ। ਸੰਤਾਨ ਸਬੰਧੀ ਫਿਕਰ ਅਤੇ ਖਰਚ ਜ਼ਿਆਦਾ ਰਹੇਗਾ। ਮਨੋਰੰਜਨ ਦੇ ਕੰਮਾਂ ਵਿੱਚ ਸਮਾਂ ਬੀਤੇਗਾ। ਵਪਾਰ ਅਤੇ ਕਾਰੋਬਾਰ ਦੇ ਹਾਲਾਤ ਮੱਧਮ ਰਹਿਣਗੇ। ਖਰਚ ਜ਼ਿਆਦਾ ਹੋਣ ਕਰਕੇ ਮਾਨਸਿਕ ਤਣਾਅ ਵੀ ਵਧੇਗਾ। ਵਾਹਨ ਤੋਂ ਸੱਟ-ਚੋਟ ਲੱਗਣ ਦਾ ਡਰ ਰਹੇਗਾ। ਨਸ਼ਿਆਂ ਤੋ ਆਪਣੇ ਆਪ ਨੂੰ ਦੂਰ ਰੱਖੋ ਅਤੇ ਆਪਣੇ ਬੱਚਿਆਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰੋ, ਸਮਾਜ ਵਿੱਚ ਮਾਣ-ਇੱਜ਼ਤ ਵਧੇਗਾ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਇਸ ਸਮੇਂ ਉਤਸ਼ਾਹ ਵਿੱਚ ਵਾਧਾ ਅਤੇ ਸੰਘਰਸ਼ ਸ਼ਕਤੀ ਬਣੀ ਰਹੇਗੀ। ਦਿਮਾਗ ਨਾਲ ਕੰਮ ਕਰਨ 'ਤੇ ਆਪਣੇ ਗਿਆਨ ਵਿੱਚ ਵਾਧਾ ਹੋਵੇਗਾ। ਸੁੱਖ ਸਾਧਨਾਂ ਦਾ ਉਪਯੋਗ ਸੰਯਮ-ਪੂਰਵਕ ਕਰੋ। ਕਿਸੇ ਖਾਸ ਕੰਮ ਨੂੰ ਕਰਨ ਨਾਲ ਅਚਾਨਕ ਧਨ ਲਾਭ ਅਤੇ ਭਾਗ ਉੱਨਤੀ ਦੇ ਯੋਗ ਹਨ। ਵਿੱਦਿਆਰਥੀਆਂ ਨੂੰ ਤਰੱਕੀ ਦੇ ਮੌਕੇ ਮਿਲਣਗੇ। ਰੋਜ਼ਾਨਾ ਪਰਿਵਾਰ ਸਮੇਤ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਅਤੇ ਕਲਿਆਣਕਾਰੀ ਹੋਵੇਗਾ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਹਿੰਮਤ ਵਿੱਚ ਵਾਧਾ ਹੋਵੇਗਾ। ਧਨ ਲਾਭ ਦੇ ਸਾਧਨਾਂ ਵਿੱਚ ਵਾਧਾ ਅਤੇ ਸ਼ੁੱਭ ਕੰਮਾਂ 'ਤੇ ਖਰਚ ਹੋਵੇਗਾ। ਪਰ ਨਿੱਜੀ ਕਾਰਨਾਂ ਕਰਕੇ ਉੱਚਿਤ ਲਾਭ ਨਹੀਂ ਹੋ ਪਾਵੇਗਾ। ਇਸ ਸਮੇਂ ਧਾਰਮਿਕ ਕੰਮਾਂ ਵੱਲ ਰੁਝਾਨ ਅਤੇ ਧਨ ਖਰਚ ਜ਼ਿਆਦਾ ਹੋਵੇਗਾ। ਇਸ ਦੌਰਾਨ ਕਾਰੋਬਾਰੀ ਤਬਦੀਲੀ ਦੀ ਯੋਜਨਾ ਵੀ ਬਣੇਗੀ। ਅਚਾਨਕ ਜਗ੍ਹਾ ਦੀ ਤਬਦੀਲੀ ਦੇ ਸੰਕੇਤ ਹਨ। ਸਾਂਝੇਦਾਰੀ ਦੇ ਕੰਮਾਂ ਵਿੱਚ ਨੁਕਸਾਨ ਦਾ ਡਰ ਹੈ, ਸਾਵਧਾਨੀ ਵਰਤੋ। ਆਪਣੇ ਮਾਤਾ ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ, ਰਿਸ਼ਤੇ ਮਜ਼ਬੂਤ ਹੋਣਗੇ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।

ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!



ਸਵ: ਸ੍ਰ. ਉਮਰਾਓ ਅਟਵਾਲ

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE

270-272 BATH ROAD, HOUNSLOW, MIDDLESEX, TW4 7DF.

(OPP. HOUNSLOW WEST TUBE STATION)

TEL: 020 8570 8351

Email: Kingswaylondon@icloud.com, www.kingswaybanqueting.com


# ਗੋਲਡ ਸਟਾਰ ਮਲਕੀਤ ਸਿੰਘ ਦੇ ਗੀਤ "ਕੀ ਖਾਨੀ ਏਂ" ਨੇ ਪਾਈਆਂ ਧੁੰਮਾਂ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੋਲਡਨ ਸਟਾਰ ਮਲਕੀਤ ਸਿੰਘ ਦਾ ਨਵਾਂ ਗੀਤ "ਕੀ ਖਾਨੀ ਏਂ" ਜਾਰੀ ਕੀਤਾ ਗਿਆ। ਮਲਕੀਤ ਸਿੰਘ ਨੇ ਕਿਹਾ ਕਿ ਇਹ ਗੀਤ ਗਿੱਧੇ ਭੰਗੜੇ ਦੇ ਸ਼ੌਕੀਨਾਂ ਲਈ ਖਾਸ ਖਿੱਚ ਵਾਲਾ ਹੋਵੇਗਾ। ਜਿਸ ਨੂੰ ਰਿਲੀਜ਼ ਹੁੰਦਿਆਂ ਹੀ ਵਿਸ਼ਵ ਭਰ ਤੋਂ ਪੰਜਾਬੀਆਂ ਸਰੋਤਿਆਂ ਨੇ ਭਰਵਾਂ ਹੁੰਗਾਰਾ ਦਿੱਤਾ ਹੈ। ਇਸ ਗੀਤ ਦੇ ਰਚੇਤਾ ਮਲਕੀਤ ਸਿੰਘ ਖੁਦ ਹਨ, ਜਦ ਕਿ ਇਸ ਨੂੰ ਗਬਜ਼ੀ ਮਿਊਜ਼ਕ ਨੇ ਸੰਗੀਤ ਦਿੱਤਾ ਅਤੇ ਨੂਰ ਅਰੋੜਾ ਦੀਆਂ ਅਦਾਵਾਂ ਅਤੇ ਮਲਕੀਤ ਸਿੰਘ ਦੀ ਅਦਾਕਾਰੀ ਨਾਲ ਸ਼ਿੰਗਾਰਿਆ ਵੀਡੀਓ ਦਰਸ਼ਕਾਂ ਨੂੰ ਖੂਬ ਪਸੰਦ ਆ ਰਿਹਾ ਹੈ।

# ਡ੍ਰੋਨ ਮਾਰਗ ਡਰਗ ਸਮਗਲਰਾਂ ਦਾ ਨਵਾਂ ਰੂਟ

## ✪ ਛੇ ਗੁਣਾਂ ਪੰਜਾਬ ਵਿਚ ਭਿਜਵਾਇਆ ਗਿਆ ਸਿੰਥੈਟਿਕ ਡਰੱਗਜ਼ ✪ ਮੈਫੇਡਰੋਨ, ਐੱਮਡੀਐੱਮਏ, ਐੱਮਫੇਟਾਮਾਈਨ ਵਰਗੇ ਡਰੱਗਜ਼ ਹੁੰਦੇ ਨੇ ਸਪਲਾਈ ✪ ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ, ਗੁਰਦਾਸਪੁਰ ਸਭ ਤੋਂ ਪ੍ਰਭਾਵਿਤ ਜ਼ਿਲ੍ਹੇ



ਚੰਡੀਗੜ੍ਹ-ਪੰਜਾਬ ਵਿਚ ਡ੍ਰੋਨ ਰਾਹੀਂ ਨਸ਼ੇ ਤੇ ਹਥਿਆਰਾਂ ਦੀ ਤਸਕਰੀ ਦਾ ਸਿਲਸਿਲਾ ਲਗਾਤਾਰ ਤੇਜ਼ ਹੋ ਰਿਹਾ ਹੈ। ਨਾਰਕੋਟਿਕਸ ਕੰਟਰੋਲ ਬਿਊਰੋ (ਐੱਨਸੀਬੀ) ਦੇ ਅੰਕੜਿਆਂ ਮੁਤਾਬਕ ਸਿੰਥੈਟਿਕ ਡਰੱਗਜ਼ ਦਾ ਖ਼ਤਰਾ ਲਗਾਤਾਰ ਵੱਧ ਰਿਹਾ ਹੈ। ਪੰਜਾਬ ਹੀ ਨਹੀਂ ਬਲਕਿ ਪੂਰੇ ਦੇਸ਼ 'ਚ 2019 ਤੋਂ 2024 ਤੱਕ ਸਿੰਥੈਟਿਕ ਡਰੱਗਜ਼ ਦੀ ਜ਼ਬਤੀ 6 ਗੁਣਾ ਵਧ ਗਈ ਹੈ।

2024 ਵਿਚ 11,994 ਕਿੱਲੋ ਸਿੰਥੈਟਿਕ ਡਰੱਗਜ਼ ਜ਼ਬਤ ਕੀਤੇ ਗਏ। ਇਨ੍ਹਾਂ ਵਿਚ ਮੈਫੇਡਰੋਨ, ਐੱਮਡੀਐੱਮਏ, ਐੱਮਫੇਟਾਮਾਈਨ ਵਰਗੇ ਡਰੱਗਜ਼ ਸ਼ਾਮਲ ਹਨ, ਜਿਨ੍ਹਾਂ ਦੀ ਸਭ ਤੋਂ ਵੱਧ ਵਰਤੋਂ ਨੌਜਵਾਨਾਂ 'ਚ ਹੁੰਦੀ ਹੈ। ਡ੍ਰੋਨ ਰਸਤਾ ਹੁਣ ਤਸਕਰਾਂ ਦਾ ਨਵਾਂ ਰੂਟ ਬਣ ਗਿਆ ਹੈ। ਡ੍ਰੋਨ ਤਸਕਰੀ ਦੇ ਮਾਮਲੇ 2021 ਵਿਚ ਸਿਰਫ 3 ਸਨ ਜੋ 2024 ਤੱਕ ਵਧ ਕੇ 179 ਹੋ ਗਏ। ਪੰਜਾਬ ਦੇ ਸਰਹੱਦੀ ਖੇਤਰ ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ, ਗੁਰਦਾਸਪੁਰ ਸਭ ਤੋਂ ਪ੍ਰਭਾਵਿਤ ਜ਼ਿਲ੍ਹੇ ਹਨ, ਜਿੱਥੇ ਗ੍ਰਿਫ਼ਤਾਰੀ ਤੇ ਬਰਾਮਦਗੀ ਦੋਵੇਂ ਵੱਧ ਹੋਈਆਂ ਹਨ।

ਪੁਲਿਸ ਅਧਿਕਾਰੀਆਂ ਮੁਤਾਬਕ ਨਸ਼ਾ ਵੱਧਣ ਦੇ ਕਈ ਕਾਰਨ ਹਨ। ਬੇਰੋਜ਼ਗਾਰੀ ਤੇ ਖੇਤੀ 'ਤੇ ਆਰਥਿਕ ਦਬਾਅ ਨੌਜਵਾਨਾਂ ਨੂੰ ਨਸ਼ੇ ਵੱਲ ਧੱਕ ਰਹੇ ਹਨ। ਗੁਆਂਢੀ ਦੇਸ਼ ਤੋਂ ਡਰੱਗਜ਼ ਦੀ ਤਸਕਰੀ ਆਸਾਨੀ ਨਾਲ ਹੋਣ ਕਾਰਨ ਇਸ ਦੀ ਉਪਲਬਧਤਾ ਵੱਧ ਜਾਂਦੀ ਹੈ। ਨੌਜਵਾਨਾਂ ਵਿਚ ਖੇਡਾਂ ਤੇ ਸਕਾਰਾਤਮਕ ਗਤੀਵਿਧੀਆਂ ਦੀ ਕਮੀ ਵੀ ਉਨ੍ਹਾਂ ਨੂੰ ਗ਼ਲਤ ਰਸਤੇ 'ਤੇ ਲੈ ਜਾ ਰਹੀ ਹੈ। ਸਮਾਜਿਕ ਦਬਾਅ ਅਤੇ ਸਾਥੀਆਂ ਦਾ ਪ੍ਰਭਾਵ ਨਸ਼ੇ ਨੂੰ ਅਪਣਾਉਣ 'ਚ ਵੱਡੀ ਭੂਮਿਕਾ ਨਿਭਾ ਰਿਹਾ ਹੈ। ਕਾਨੂੰਨ ਦਾ ਢਿੱਲਾਪਣ ਤੇ ਭ੍ਰਿਸ਼ਟਾਚਾਰ ਨਸ਼ੇ ਦੇ ਫੈਲਾਅ ਨੂੰ ਹੋਰ ਤੇਜ਼ ਕਰ ਰਿਹਾ ਹੈ।

ਹਾਲ ਦੇ ਮਹੀਨਿਆਂ ਵਿਚ ਸੁਰੱਖਿਆ ਏਜੰਸੀਆਂ ਨੇ ਪਾਇਆ ਕਿ ਤਸਕਰ ਹੁਣ ਛੋਟੇ ਡ੍ਰੋਨ ਦੀ ਬਜਾਏ ਲੰਬੀ ਦੂਰੀ ਤੱਕ ਉੱਡਣ ਵਾਲੇ ਹਾਈ-ਟੈਕ ਡ੍ਰੋਨ ਦੀ ਵਰਤੋਂ ਕਰ ਰਹੇ ਹਨ।

ਪਹਿਲਾਂ ਖੇਪਾਂ ਅਕਸਰ ਸਰਹੱਦ ਨੇੜੇ ਸੁੱਟੀਆਂ ਜਾਂਦੀਆਂ ਸਨ, ਹੁਣ ਇਹ ਸਰਹੱਦ ਦੇ ਕਈ ਕਿਲੋਮੀਟਰ ਅੰਦਰ ਪਿੰਡਾਂ ਤੇ ਖੇਤਾਂ ਤੱਕ ਪਹੁੰਚ ਰਹੀਆਂ ਹਨ। ਇਸ ਨਾਲ ਸੁਰੱਖਿਆ ਬਲਾਂ ਦੀ ਚਿੰਤਾ ਵੱਧ ਗਈ ਹੈ। ਡ੍ਰੋਨ ਰਾਹੀਂ ਤਸਕਰੀ ਪਿਛਲੇ ਕੁਝ ਸਾਲਾਂ ਤੋਂ ਦੇਖੀ ਜਾ ਰਹੀ ਸੀ, ਪਰ 2024-25 'ਚ ਮਾਮਲਿਆਂ ਵਿਚ ਅਚਾਨਕ ਵਾਧਾ ਦਰਜ ਕੀਤਾ ਗਿਆ।

ਪਰੰਪਰਾਗਤ ਤਰੀਕਿਆਂ ਦੀ ਤੁਲਨਾ 'ਚ ਡ੍ਰੋਨ ਦੀ ਵਰਤੋਂ ਕਰਨਾ ਵੱਧ ਸੁਰੱਖਿਅਤ ਸਾਬਤ ਹੋ ਰਿਹਾ ਹੈ। ਤਸਕਰ ਖ਼ੁਦ ਸੀਮਾ ਪਾਰ ਆਉਣ ਦੀ ਬਜਾਏ ਡ੍ਰੋਨ ਰਾਹੀਂ ਮਾਲ ਭੇਜ ਕੇ ਫੜੇ ਜਾਣ ਤੋਂ ਬਚ ਜਾਂਦੇ ਹਨ। ਫੜੇ ਗਏ ਮਾਮਲਿਆਂ ਤੋਂ ਪਤਾ ਲੱਗਿਆ ਹੈ ਕਿ ਡ੍ਰੋਨ ਰਾਹੀਂ ਲਿਆਂਦੀਆਂ ਗਈਆਂ ਖੇਪਾਂ ਵਿਚ ਜ਼ਿਆਦਾਤਰ ਹੈਰੋਇਨ ਤੇ ਅਫੀਮ ਵਰਗੇ ਨਸ਼ੇ ਸ਼ਾਮਲ ਹੁੰਦੇ ਹਨ। ਇਹ ਮਾਲ ਪਹਿਲਾਂ ਸਰਹੱਦੀ ਪਿੰਡਾਂ ਦੇ ਨੈੱਟਵਰਕ ਤੱਕ ਪਹੁੰਚਦਾ ਹੈ, ਫਿਰ ਉਥੋਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਫੈਲਾਇਆ ਜਾਂਦਾ ਹੈ। ਕਈ ਵਾਰੀ ਖੇਪਾਂ ਨੂੰ ਦਿੱਲੀ ਤੇ ਹੋਰ ਰਾਜਾਂ ਤੱਕ ਵੀ ਭੇਜਿਆ ਜਾਂਦਾ ਹੈ।

## ਦਸ ਮਹੀਨਿਆਂ ਵਿਚ ਪੰਜਾਬ ਦੀ ਸਰਹੱਦ 'ਤੇ 181 ਡ੍ਰੋਨ ਫੜੇ

2024 ਵਿਚ ਪੂਰੇ ਭਾਰਤ ਵਿਚ ਡ੍ਰੋਨ ਤਸਕਰੀ ਦੇ 179 ਮਾਮਲੇ ਦਰਜ ਕੀਤੇ ਗਏ। ਇਨ੍ਹਾਂ ਵਿਚੋਂ ਪੰਜਾਬ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਡ੍ਰੋਨ ਰਾਹੀਂ ਕੁੱਲ 163 ਮਾਮਲੇ ਸਨ, ਜਿਨ੍ਹਾਂ 'ਚ ਲਗਪਗ 187 ਕਿੱਲੋ ਹੈਰੋਇਨ ਬਰਾਮਦ ਹੋਈ। ਬਾਕੀ ਰਾਜਸਥਾਨ ਵਿਚ 15 ਤੇ ਜੰਮੂ-ਕਸ਼ਮੀਰ ਵਿਚ ਇਕ ਮਾਮਲਾ ਸੀ। ਬੀਐੱਸਐੱਫ ਨੇ 2024 ਦੇ ਸ਼ੁਰੂਆਤੀ ਦਸ ਮਹੀਨਿਆਂ ਵਿਚ ਪੰਜਾਬ ਸਰਹੱਦ 'ਤੇ ਲਗਪਗ 181 ਡ੍ਰੋਨ ਬਰਾਮਦ ਕੀਤੇ ਸਨ। ਹਾਲ ਹੀ ਵਿਚ ਇਕ ਆਪ੍ਰੇਸ਼ਨ ਵਿਚ, ਬੀਐੱਸਐੱਫ ਨੇ ਅੰਮ੍ਰਿਤਸਰ ਤੇ ਤਰਨਤਾਰਨ ਦੇ ਪਿੰਡਾਂ 'ਚ 6 ਡ੍ਰੋਨ ਬਰਾਮਦ ਕੀਤੇ- ਪੰਜ ਡੀਜੇਆਈ ਮੇਵਿਕ 3 ਕਲਾਸਿਕ ਤੇ ਇਕ ਡੀਜੇਆਈ ਏਅਰ 3ਐੱਸ। ਇਸ ਕਾਰਵਾਈ ਵਿਚ ਲਗਪਗ 1.73 ਕਿਲੋ ਹੈਰੋਇਨ ਵੀ ਜ਼ਬਤ ਕੀਤੀ ਗਈ।

# ਆਈਐਸਆਈ, ਹੜ੍ਹ ਦੀ ਆੜ ਵਿਚ ਭੇਜੇ ਹਥਿਆਰ ਬੀਐੱਸਐੱਫ਼ ਤੇ ਪੁਲਿਸ ਨੇ ਫੜੇ

## ✪ ਖੁਫੀਆ ਏਜੰਸੀਆਂ ਨੇ ਗੈਂਗਸਟਰ ਰਿੰਦਾ ਤੇ ਹੋਰ ਗੈਂਗਸਟਰਾਂ ਉਪਰ ਲਗਾਏ ਦੋਸ਼

ਅੰਮ੍ਰਿਤਸਰ-ਇਕ ਮਹੀਨੇ ਤੋਂ ਵੱਧ ਸਮੇਂ ਤੋਂ ਹੜ੍ਹ ਦੀ ਲਪੇਟ ਵਿਚ ਆਏ ਸਰਹੱਦੀ ਜ਼ਿਲ੍ਹਿਆਂ ਵਿਚ ਲਗਾਤਾਰ ਹਥਿਆਰਾਂ ਦੀ ਬਰਾਮਦਗੀ ਦੇ ਬਾਅਦ ਸੁਰੱਖਿਆ ਏਜੰਸੀਆਂ ਚੌਕਸ ਹੋ ਗਈਆਂ ਹਨ। ਸੁਰੱਖਿਆ ਏਜੰਸੀਆਂ ਨੂੰ ਜਾਣਕਾਰੀ ਮਿਲੀ ਹੈ ਕਿ ਇਨ੍ਹਾਂ ਹਥਿਆਰਾਂ ਦੀ ਮਦਦ ਨਾਲ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐੱਸਆਈ ਪੰਜਾਬ 'ਚ ਤਿਓਹਾਰੀ ਸੀਜ਼ਨ ਦੌਰਾਨ ਕਿਸੇ ਵੱਡੀ ਘਟਨਾ ਨੂੰ ਅੰਜਾਮ ਦੇਣਾ ਚਾਹੁੰਦੀ ਹੈ। ਸਰਹੱਦ ਪਾਰ ਤੋਂ ਭੇਜੇ ਗਏ ਹਥਿਆਰਾਂ ਨੂੰ ਠਿਕਾਣੇ ਲਗਾਉਣ ਲਈ ਆਈ ਐੱਸ ਆਈ ਪਾਕਿਸਤਾਨ 'ਚ ਹੀ ਰਹਿ ਰਹੇ ਗੈਂਗਸਟਰ ਹਰਿੰਦਰ ਸਿੰਘ ਰਿੰਦਾ ਦੇ ਨਾਲ-ਨਾਲ ਦੂਜੇ ਦੇਸ਼ਾਂ ਵਿਚ ਪਨਾਹ ਲਏ ਹੋਏ ਗੈਂਗਸਟਰਾਂ ਦੀ ਮਦਦ ਵੀ ਲੈ ਰਹੀ ਹੈ। ਆਈਐੱਸਆਈ ਕਿਵੇਂ ਸੂਬੇ ਨੂੰ ਅਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਇਸ ਦਾ ਪਤਾ ਇਸ ਗੱਲ ਤੋਂ ਹੀ ਲੱਗਦਾ ਹੈ ਕਿ ਸਤੰਬਰ ਮਹੀਨੇ ਵਿਚ ਹੁਣ ਤੱਕ ਸਰਹੱਦ ਪਾਰੋਂ ਆਏ ਅੱਠ ਹੈਂਡ ਗ੍ਰੇਨੇਡ, 1.700 ਕਿਲੋ ਆਰਡੀਐਕਸ, 81 ਪਿਸਤੌਲਾਂ ਤੇ ਦੋ ਹਜ਼ਾਰ ਦੇ ਕਰੀਬ ਕਾਰਤੂਸ ਬਰਾਮਦ ਕੀਤੇ ਜਾ




ਚੁੱਕੇ ਹਨ। ਇਹ ਸਭ ਕੁਝ ਬੀਐੱਸਐੱਫ਼ ਤੇ ਪੰਜਾਬ ਪੁਲਿਸ ਦੇ ਆਪਸੀ ਸਹਿਯੋਗ ਕਾਰਨ ਸੰਭਵ ਹੋਇਆ ਹੈ। ਇਕ ਅਧਿਕਾਰੀ ਨੇ ਦੱਸਿਆ ਕਿ ਜਾਣਕਾਰੀ ਮਿਲੀ ਹੈ ਕਿ ਆਈਐੱਸਆਈ ਪੰਜਾਬ 'ਚ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਯੋਜਨਾ 'ਤੇ ਕੰਮ ਕਰ ਰਹੀ ਹੈ। ਇਸ ਲਈ ਪਾਕਿਸਤਾਨ 'ਚ ਬੈਠੇ ਰਿੰਦਾ ਆਪਣੇ ਗੁਰਗਿਆਂ ਨੂੰ ਤਿਆਰ ਕਰਨ ਵਿਚ ਲੱਗੇ ਹੋਏ ਹਨ। ਇਸ ਲਈ ਵਿਦੇਸ਼ 'ਚ ਬੈਠੇ ਗੈਂਗਸਟਰ ਜੀਵਨ ਫੌਜੀ, ਲਖਬੀਰ ਸਿੰਘ ਹਰਿਕੇ, ਪ੍ਰਭ ਦਾਸੂਵਾਲ, ਘਨਸ਼ਿਆਮਪੁਰਾ, ਡੋਨੀ ਬਲ ਜਿਹੇ ਅਪਰਾਧੀਆਂ ਦੀ ਮਦਦ ਲਈ ਜਾ ਰਹੀ ਹੈ। ਅਧਿਕਾਰੀ ਨੇ ਦੱਸਿਆ ਕਿ ਉਕਤ ਗੈਂਗਸਟਰਾਂ ਦੇ ਕੋਲ ਨਸ਼ੇ ਦੀ ਲਤ ਵਿਚ ਫਸੇ ਅਤੇ ਵਿਦੇਸ਼ ਵਿਚ ਵੱਸਣ ਦੀ ਇੱਛਾ ਰੱਖਣ ਵਾਲੇ ਨੌਜਵਾਨਾਂ ਦੀ ਲੰਬੀ ਸੂਚੀ ਹੈ। ਇਹ ਨੌਜਵਾਨ ਗੈਂਗਸਟਰਾਂ ਦੁਆਰਾ ਨਸ਼ਾ ਮੁਹੱਈਆ ਕਰਵਾਉਣ ਜਾਂ ਵਿਦੇਸ਼ ਭੇਜਣ ਦੇ ਲਾਲਚ ਦੇ ਕੇ ਹਥਿਆਰਾਂ ਦੀ ਤਸਕਰੀ ਕਰਵਾਏ ਜਾ ਰਹੇ ਹਨ। ਬਾਅਦ ਵਿਚ ਇਨ੍ਹਾਂ ਹਥਿਆਰਾਂ ਨੂੰ ਕਿਸੇ ਵੱਡੀ ਘਟਨਾ ਨੂੰ ਅੰਜਾਮ ਦੇਣ ਦੀ ਯੋਜਨਾ ਹੈ। ਖੁਫੀਆ ਏਜੰਸੀਆਂ ਨੂੰ ਇਹ ਵੀ ਜਾਣਕਾਰੀ ਮਿਲੀ ਹੈ ਕਿ ਪਹਿਲਾਂ ਤਾਂ ਡਰੋਨ ਦੇ ਨਾਲ-ਨਾਲ ਕੰਡਿਆਲੀ ਤਾਰ 'ਚ ਪਾਈਪ ਫਸਾ ਕੇ ਨਸ਼ਾ ਤੇ ਹਥਿਆਰ ਭੇਜੇ ਜਾਂਦੇ ਰਹੇ ਹਨ, ਪਰ ਇਸ ਸਮੇਂ ਹੜ੍ਹ ਦਾ ਲਾਭ ਉਠਾ ਕੇ ਪਾਕਿਸਤਾਨੀ ਤਸਕਰਾਂ ਦੁਆਰਾ ਹਥਿਆਰਾਂ ਤੇ ਨਸ਼ੇ ਦੀ ਵੱਡੀ ਖੇਪ ਟਾਇਰ ਟਿਊਬ ਦੀ ਮਦਦ ਨਾਲ ਭਾਰਤੀ ਹੱਦ 'ਚ ਪਹੁੰਚਾਈ ਗਈ ਹੈ। ਇਨ੍ਹਾਂ 'ਚੋਂ ਜ਼ਿਆਦਾਤਰ ਖੇਪ ਪੁਲਿਸ ਦੁਆਰਾ ਬਰਾਮਦ ਕੀਤੀ ਜਾ ਚੁੱਕੀ ਹੈ, ਪਰ ਸੁਰੱਖਿਆ ਏਜੰਸੀਆਂ ਨੂੰ ਜਾਣਕਾਰੀ ਮਿਲੀ ਹੈ ਕਿ ਗ੍ਰੇਨੇਡ, ਆਈਈਡੀ, ਆਰਡੀਐਕਸ ਤੇ ਏਕੇ-ਟਾਈਪ ਦੇ ਹਥਿਆਰਾਂ ਵਰਗੀ ਇਕ ਵੱਡੀ ਖੇਪ ਸਰਹੱਦੀ ਇਲਾਕੇ ਵਿਚ ਲਕਾਈ ਗਈ ਹੈ, ਜਿਸ ਨੂੰ ਮੌਕਾ ਮਿਲਦੇ ਹੀ ਟਿਕਾਣੇ ਲਗਾਇਆ ਜਾਣਾ।

## ਪ੍ਰਵਾਸੀ ਪੰਜਬਣ ਸਮੇਤ ਕੇਅਰ ਟੇਕਰ ਦਾ ਹੋਇਆ ਕਤਲ

### ✪ ਕੁਝ ਦਿਨਾਂ ਪਹਿਲਾਂ ਕੈਨੇਡਾ ਤੋਂ ਆਏ ਸੀ ਵਾਪਸ, ਮਿਲੀਆਂ ਲਾਸ਼ਾਂ

ਗੜ੍ਹਸ਼ੰਕਰ-ਗੜ੍ਹਸ਼ੰਕਰ ਦੇ ਪਿੰਡ ਮੋਰਾਂਵਾਲੀ ਵਿੱਚ ਬਜ਼ੁਰਗ ਐੱਨ ਆਰ ਆਈ ਤੇ ਇੱਕ ਔਰਤ ਦਾ ਕਤਲ ਹੋਣ ਦੀ ਖਬਰ ਹੈ। ਜਾਣਕਾਰੀ ਅਨੁਸਾਰ ਕਨੇਡਾ ਤੋਂ ਆਏ ਸੰਤੋਖ ਸਿੰਘ (62) ਵਾਸੀ ਮੋਰਾਂਵਾਲੀ ਪਿਛਲੇ ਕੁੱਝ ਦਿਨਾਂ ਤੋਂ ਕਨੇਡਾ ਤੋਂ ਆ ਕੇ ਆਪਣੇ ਘਰ ਰਹਿ ਰਿਹਾ ਸੀ। ਪਿਛਲੇ ਕੁਝ ਸਾਲਾਂ ਤੋਂ ਉਸ ਦੀ ਘਰ ਦੀ ਦੇਖਭਾਲ ਕਰ ਰਹੀ ਮਨਜੀਤ ਕੌਰ ਪਤਨੀ ਲਖਵਿੰਦਰ ਸਿੰਘ (50) ਵਾਸੀ ਪਿੰਡ ਬਾਠ ਨੂਰਮਹਿਲ ਹਾਲ ਵਾਸੀ ਮੋਰਾਂਵਾਲੀ ਉਸ ਦੇ ਘਰ ਦੀ ਦੇਖਭਾਲ ਕਰ ਰਹੀ ਸੀ। ਐੱਸਪੀਡੀ ਮੁਕੇਸ਼ ਕੁਮਾਰ ਨੇ ਦੱਸਿਆ ਕਿ ਪੁਲਿਸ ਨੂੰ ਮਨਜੀਤ ਕੌਰ ਦੇ ਪਰਿਵਾਰਿਕ ਮੈਂਬਰਾਂ ਨੇ ਇਸ ਸਬੰਧੀ ਸੂਚਨਾ ਦਿੱਤੀ ਕਿ ਮਨਜੀਤ ਕੌਰ ਨਾਲ ਸੰਪਰਕ ਨਹੀਂ ਹੋ ਰਿਹਾ। ਜਦ ਉਨ੍ਹਾਂ ਆ ਕੇ ਵੇਖਿਆ ਤਾਂ ਘਰ ਵਿੱਚ ਦੋਵਾਂ ਦੀਆਂ ਲਾਸ਼ਾਂ ਖੂਨ ਨਾਲ ਲਿਬੜੀਆਂ ਪਈਆਂ ਸਨ। ਉਨ੍ਹਾਂ ਦੱਸਿਆ ਕਿ ਫੋਰੈਂਸਿਕ ਟੀਮ ਇਸ ਦੀ ਜਾਂਚ ਕਰਕੇ ਪਤਾ ਲਗਾਵੇਗੀ ਕਿ ਇਹ ਘਟਨਾ ਕਦੋਂ ਵਾਪਰੀ।

# ਗੁਰੂ ਬੈਠਾ ਅਮਰੁ ਸਰੂਪ ਹੋਇ




– ਲੇਖਕ –
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743


**ਕਿਸ਼ਤ–9**

ਐਸੇ ਉਪਦੇਸ਼ ਦੀ ਬਰਕਤ ਨਾਲ ਗੁਰੂ-ਪਿਤਾ ਦੀ ਭੈ-ਭਾਵਨੀ ਵਿਚ ਅਮੀਰੀ-ਗ਼ਰੀਬੀ, ਉਚ-ਨੀਚ ਤੋਂ ਬੇ-ਪਰਵਾਹ ਹੋ ਕੇ ਸਰਲ-ਸੁਭਾਅ ਵਾਲੇ ਪ੍ਰਵਾਰ ਰੋਜ਼ਾਨਾ ਤਾਜ਼ਾ ਸਬਜ਼ੀਆਂ ਤੇ ਅਨਾਜ ਆਦਿ ਰਸਦਾਂ ਲੈ ਕੇ ਗੋਇੰਦਵਾਲ ਪਹੁੰਚਣ ਲਗੇ। ਕਈਆਂ ਨੇ ਹੁਣ ਇੱਥੇ ਹੀ ਪੱਕੇ ਤੌਰ ‘ਤੇ ਟਿਕ ਜਾਣ ਮਨ ਬਣਾ ਕੇ ਰਹਿਣ ਲਈ ਮਕਾਨ ਬਨਾਉਣੇ ਸ਼ੁਰੂ ਕਰ ਦਿੱਤੇ। ਰੌਣਕਾਂ ਵਿਚ ਭਾਰੀ ਵਾਧਾ ਹੋ ਗਿਆ। ਸਤਸੰਗ ਵਿਚ ਲਗਾਤਾਰ ਹਾਜ਼ਰੀ ਭਰਨ ਸਦਕਾ ਜਿਨ੍ਹਾਂ ਅੰਦਰ ਗੁਰੂ-ਸ਼ਬਦ ਦੀ ਰੌਅ ਚੱਲਣ ਲਗਦੀ ਉਹ ਸਿੱਖੀ ਧਾਰਨ ਕਰਨ ਲੱਗੇ।

ਬਸੇ ਪੁਰੀ ਮਹਿ ਆਨਿ ਕੇ
ਬਹੁ ਕੀਨਿ ਨਿਕੇਤਾ।(ਕਈ ਏਥੇ ਆ ਕੇ ਘਰ ਬਣਾ ਕੇ ਰਹਿਣ ਲਗੇ)
ਕੇਤਿਕ ਭਈ ਦੁਕਾਨ ਤਹਿਂ
ਬਹੁ ਬਨਜ ਸਮੇਤਾ।(ਕਈ ਦੁਕਾਨਾਂ ਸਾਮਾਨ ਨਾਲ ਭਰੀਆਂ ਖੁਲ੍ਹੀਆਂ)
ਸਭਹਿਨ ਕੀ ਗੁਜਰਾਨ ਹੁਇ
ਥੁਰ ਹੈ ਨਹਿਂ ਕੋਈ।(ਆਮਦਨ ਵਿਚ ਕੋਈ ਕਮੀ ਨਹੀਂ ਸੀ)
ਬਿਨਾ ਰੋਗ ਸੁਖ ਭੋਗ ਜੁਤਿ
ਬਸਿਬੋ ਤਿਨ ਹੋਈ।32॥31॥(ਸਭ ਰਾਜ਼ੀ ਖੁਸ਼ੀ ਵੱਸਣ ਲਗੇ) ਗੁ.ਪ੍ਰ.ਸੂ.

**ਹਵੇਲੀਆਂ ਦੀ ਉਸਾਰੀ**

ਦਿਨ ਬੀਤਣ ਨਾਲ ਜਦੋਂ ਇਥੇ ਰਹਿਣ ਵਾਲਿਆਂ ਦੀ ਗਿਣਤੀ ਵਧ ਗਈ ਤਾਂ ਥਾਂ ਦੀ ਘਾਟ ਮਹਿਸੂਸ ਹੋਣ ਲੱਗੀ। ਮਕਾਨ ਬਨਾਉਣ ਵਿਚ ਲੱਗੇ ਸਿੱਖਾਂ ਨੇ ਇਕ ਦਿਨ ਇਕੱਠੇ ਹੋ ਕੇ ਭਾਈ ਬੱਲੂ ਨੂੰ ਦੱਸਿਆ ਕਿ ਅਸੀਂ ਗੋਇੰਦਵਾਲ ਰਹਿ ਕੇ ਆਪਣਾ ਕਾਰੋਬਾਰ ਕਰਨਾ ਚਾਹੁੰਦੇ ਹਾਂ ਪਰ ਇਸ ਤੋਂ ਪਹਿਲਾਂ ਸਾਨੂੰ ਪ੍ਰਵਾਰ ਲਈ ਘਰਾਂ ਦੀ ਜ਼ਰੂਰਤ ਹੈ ਪਰ, ਲੱਕੜ ਤੋਂ ਬਿਨਾਂ ਘਰ ਦੀ ਉਸਾਰੀ ਨਹੀਂ ਹੋ ਸਕਦੀ। ਬਾਲੇ ਬੂਹੇ ਬਾਰੀਆਂ ਆਦਿ ਲਈ ਲੱਕੜ ਦੀ ਭਾਰੀ ਲੋੜ ਹੈ। ਜੇ ਚੀਲ ਦਿਆਰ ਦੀ ਲੱਕੜ ਲੱਭੀਏ ਤਾਂ ਉਹ ਸਿਰਫ਼ ਪਹਾੜੀ ਇਲਾਕੇ ਵਿਚੋਂ ਹੀ ਮਿਲਦੀ ਹੈ ਜਿਥੇ ਸਾਡੀ ਪਹੁੰਚ ਨਹੀਂ, ਲੱਕੜ ਤੋਂ ਬਿਨਾਂ ਉਸਾਰੀ ਅੱਗੇ ਤੁਰ ਨਹੀਂ ਰਹੀ। ਤੁਸੀਂ ਗੁਰੂ ਸਾਹਿਬ ਨੂੰ ਇਸ ਆ ਰਹੀ ਮੁਸ਼ਕਲ ਬਾਰੇ ਦੱਸੋ, ਕਿ ਉਹ ਚੰਗੀ ਲੱਕੜ ਮੰਗਵਾਉਣ ਦਾ ਕੋਈ ਵਸੀਲਾ ਕਰਨ ਤਾਂ ਜੁ ਇਹ ਮੁਸ਼ਕਲ ਦੂਰ ਹੋਵੇ।

ਬੱਲੂ ਜੀ ਨੇ ਗੁਰੂ ਸਾਹਿਬ ਅੱਗੇ ਇਮਾਰਤ ਉਸਾਰੀ ਦੇ ਰਾਹ ਆ ਰਹੀ ਇਹ ਮੁਸ਼ਕਲ ਰੱਖੀ। ਹਜ਼ੂਰ ਨੇ ਵਿਚਾਰ ਕੇ ਆਪਣੇ ਛੋਟੇ ਭਰਾ ਸ੍ਰੀ ਖੇਮ ਚੰਦ ਦੇ ਹੋਣਹਾਰ ਸਪੁੱਤ੍ਰ ਭਾਈ ਸਾਵਣ ਮੱਲ ਨੂੰ ਸੱਦ ਕੇ ਆਖਿਆ ਕਿ ਉਹ ਦਰਿਆ ਬਿਆਸ ਦੇ ਉੱਪਰ ਪਹਾੜਾਂ ਵਿਚ ਹਰੀ ਪੁਰ ਜਾ ਕੇ ਇਸ ਲੱਕੜ ਦਾ ਇੰਤਜ਼ਾਮ ਕਰੇ। ਸੁਣ ਕੇ ਉਸ ਨੇ ਕਿਹਾ ਕਿ ਬਿਨਾਂ ਭਾਰੀ ਧਨ ਤੋਂ ਏਨੀ ਲੱਕੜ ਦਾ ਇੰਤਜ਼ਾਮ ਕਿਵੇਂ ਹੋ ਸਕਦਾ ਹੈ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਤੁਸੀਂ ਉਸ ਇਲਾਕੇ ਵਿਚ ਜਾ ਕੇ ਗੁਰਮਤ ਦਾ ਪ੍ਰਚਾਰ ਕਰੋ। ਕਰਤਾਰ ਕਿਰਪਾ ਕਰੇਗਾ ਜਦੋਂ ਤੁਹਾਡੀ ਓਥੋਂ ਦੇ ਰਾਜੇ ਤੱਕ ਪਹੁੰਚ ਹੋ ਗਈ ਤਾਂ ਫਿਰ ਧਨ ਦੀ ਤੁਹਾਨੂੰ ਕੋਈ ਜ਼ਰੂਰਤ ਨਹੀਂ ਰਹੇਗੀ। ਹਜ਼ੂਰ ਦਾ ਇਹ ਸੁਝਾਅ ਮੰਨ ਕੇ ਸਾਵਣ ਮੱਲ ਅਗਲੇ ਭਲਕ ਜਾਣ ਲਈ ਤਿਆਰ ਹੋ ਗਿਆ।

ਦੂਸਰੇ ਦਿਨ ਜਾਣ ਤੋਂ ਪਹਿਲਾਂ ਸਤਿਗੁਰਾਂ ਤੋਂ ਜਦੋਂ ਆਗਿਆ ਲੈਣ ਵਾਸਤੇ ਆਇਆ ਤਾਂ ਨਾਲ ਉਸ ਦੀ ਮਾਤਾ ਵੀ ਆ ਗਈ। ਮਾਤਾ ਨੇ ਝਿਜਕਦਿਆਂ ਹੋਇਆ ਹਜ਼ੂਰ ਕੋਲ ਬੇਨਤੀ ਕੀਤੀ ਕਿ ਹੇ ਸਤਿਗੁਰੂ! ਪਤਾ ਲੱਗਾ ਹੈ ਕਿ ਤੁਸੀਂ ਸਾਵਣ ਨੂੰ ਪਹਾੜਾਂ ਵਿਚ ਗੁਰਮਤ ਪ੍ਰਚਾਰ ਕਰਨ ਅਰ ਲੱਕੜ ਲਿਆਉਣ ਵਾਸਤੇ ਇਕੱਲੇ ਨੂੰ ਭੇਜ ਰਹੇ ਹੋ ਪਰ ਸਾਨੂੰ ਸੁਣਨ ਵਿਚ ਆਇਆ ਕਿ ਪਹਾੜੀ ਇਲਾਕੇ ਵਿਚ ਭੂਤਾਂ ਅਤੇ ਚੁੜੇਲਾਂ ਆਦਿ ਦਾ ਬੜਾ ਪਹਿਰਾ ਹੈ, ਪਾਤਸ਼ਾਹ ਜੀ! ਇਸ ਦੀ ਸੁਰੱਖਿਆ ਦਾ ਕੋਈ ਇੰਤਜ਼ਾਮ ਕਰੋ ਤਾਂ ਕਿ ਮੇਰਾ ਪੁੱਤਰ ਆਪ ਜੀ ਦੇ ਹੁਕਮ ਅਨੁਸਾਰ ਕੰਮ ਕਰ ਕਰ ਕੇ ਰਾਜ਼ੀ ਖੁਸ਼ੀ ਵਾਪਿਸ ਆਵੇ। ਸਾਵਣ ਮੱਲ ਦੀ ਮਾਤਾ ਦੀ ਫ਼ਿਕਰਮੰਦੀ ਜਾਣ ਕੇ ਉਸ ਨੂੰ ਧੀਰਜ ਦੇਂਦੇ ਕਿਹਾ ਕਿ ਤੁਹਾਨੂੰ ਫ਼ਿਕਰ ਕਰਨ ਦੀ ਕੋਈ ਲੋੜ ਨਹੀਂ ਇਸ ਨੂੰ ਕਿਸੇ ਤਰਹ ਦੀ ਕੋਈ ਔਕੜ ਨਹੀਂ ਆਵੇਗੀ, ਗੁਰੂ-ਘਰ ਦੀ ਸੇਵਾ ਵਿਚ ਲੱਗਿਆਂ ਗੁਰੂ ਨਾਨਕ ਸਾਹਿਬ ਇਸ ਦੀ ਆਪ ਰੱਖਿਆ ਕਰਨਗੇ। ਇੰਨਾ ਬਚਨ ਕਰਦਿਆਂ ਹਜ਼ੂਰ ਨੇ ਸਾਵਣ ਮੱਲ ਨੂੰ ਆਪਣਾ ਰੁਮਾਲ ਦੇਂਦੇ ਹੋਏ ਕਿਹਾ,

‘ਇਸ ਨੂੰ ਆਪਣੇ ਪਾਸ ਰੱਖਣਾ ਅਰ ਲੋੜ ਪੈਣ ‘ਤੇ ਕਿਸੇ ਦੇ ਚਿਹਰੇ ‘ਤੇ ਫੇਰ ਲੈਣ ਨਾਲ ਕੋਈ ਡਾਕਨਿ ਜਾਂ ਚੁੜੈਲ ਨੇੜੇ ਨਹੀਂ ਲੱਗ ਸਕੇਗੀ’।

ਭਾਈ ਸਾਵਣ ਮੱਲ ਨੇ ਅੱਗੇ ਵਧ ਕੇ ਦੋਵੇਂ ਹੱਥਾਂ ਵਿਚ ਸਤਿਕਾਰ ਨਾਲ ਗੁਰੂ ਸਾਹਿਬ ਕੋਲੋਂ ਰੁਮਾਲ ਲੈ ਕੇ ਆਪਣੇ ਮੱਥੇ ਨਾਲ ਛੁਹਾ ਕੇ ਸੰਭਾਲ ਲਿਆ ਅਰ ਹਰੀਪੁਰ ਨੂੰ ਰਵਾਨਾ ਹੋ ਗਿਆ। ਮਾਂ ਨਿਸਚਿੰਤ ਹੋ ਕੇ ਸਤਿਗੁਰਾਂ ਦਾ ਧੰਨਵਾਦ ਕਰ ਕੇ ਘਰ ਚਲੀ ਗਈ।

**ਹੋਰ ਇਤਿਹਾਸਕ ਹਵਾਲੇ:**

ਤਬ ਸਾਵਣ ਮਲ ਕੀ ਮਾਤਾ ਆਣ ਕਰ ਖੜੀ ਹੋਈ। ਅਰਦਾਸ ਕੀਤੀਆਸ- ਸਚੇ ਪਾਤਸ਼ਾਹ ਮੇਰਾ ਏਕ ਬੇਟਾ ਹੈ। ਓਥੇ ਪਹਾੜ ਪਰ ਡਾਇਨ ਹੈ। ਮੇਰੇ ਪੁਤਰ ਕੋ ਖਾਇ ਜਾਵੈਗੀ। ਤਬ ਬਚਨ ਹੂਆ- ਤੇਰੇ ਪੁਤਰ ਕੋ ਕੁਛ ਸੰਸਾ ਨਹੀ। ਹਾਥ ਕਾ ਰੋਮਾਲ ਬਖਸ ਹੂਆ, ਬਚਨ ਹੋਇਆ- ਜਾਇ ਜੋ ਕੁਛ ਕਾਮ ਕੀਆ ਚਾਹੇਗਾ ਸੋ ਇਸ ਰੋਮਾਲ ਸੋ ਹੋਵੈਗਾ। ਅਰ ਸਤਿਨਾਮ ਪਢਿ ਕਰ ਜਿਸ ਕੇ ਉਪਰਿ ਰੋਮਾਲ ਫੇਰੇਗਾ ਸੋ ਸਭ ਬਚਨ ਮਨੇਗਾ।33॥ ਮ.ਪ੍ਰ.ਵਾਰਤਕ

ਇਹ ਸੁਨਿ ਬਿਧ ਤਿਸ ਮਾਤ।
ਆਈ ਸੁ ਕੰਪਤ ਗਾਤ।
ਪ੍ਰਭ ਸੋ ਕਰੀ ਅਰਦਾਸ।
ਮਮ ਏਕ ਸੁਤ ਜਗ ਆਸ।9॥
ਸੋ ਹਰੀ ਪੁਰ ਕੋ ਜਾਇ।
ਤਹਾ ਬਹੁਤ ਡਾਇਨ ਆਹਿ।
ਮਤ ਲੇਹ ਮਮ ਸੁਤ ਭੱਖ।
ਕਰ ਦਇਆ ਸਤਿਗੁਰ ਰੱਖ।10।
ਦੋਹਰਾ॥ ਸੁਨਿ ਹਸੇ ਦਿਆਲ
ਤਾ ਸੋ ਕਹੀ ਤੁਮਰੇ ਸੁਤ ਭੈ ਨਾਹਿ।
ਡਾਇਨ ਭੂਤ ਪ੍ਰੇਤ ਸਭ
ਅਬ ਤਾ ਕੇ ਚਰਨਨ ਪਾਹਿ।11॥
ਮਧੁਭਾਰ ਛੰਦ॥ ਗੁਰ ਅਮਰ ਦਿਆਲ।
ਬਖਸਿਓ ਰੁਮਾਲ।
ਲੇ ਧਰਤ ਸੀਸ। ਭਇਓ ਜੀਵ-ਈਸ।12॥
ਮ.ਪ੍ਰ.

ਸੁਤ ਸਨੇਹ ਬਿਰਧਾ ਮਹਾਂ ਸੁਨ ਬਾਕ ਸਤ੍ਰਾਸਾ।(ਡਰੀ ਬੁੱਢੀ ਮਾਂ ਦੀ ਪੁੱਤ੍ਰ ਮੋਹ ਭਰੀ ਸੁਣ ਕੇ) ਕਰੁਨਾਨਿਧਿ ਬਿਗਸੇ ਬਹੁਤ ਕਹਿਂ ਦੇ ਭਰਵਾਸਾ।(ਦਿਆਲੂ ਜੀ ਮੁਸਕਰਾ ਕੇ ਭਰੋਸਾ ਦੇਂਦਿਆਂ ਆਖਿਆ) ‘ਤੋਹਿ ਪੁੱਤ੍ਰ ਕੋ ਭੈ ਨਹੀਂ ਗਨ ਭੂਤ ਜੁ ਪ੍ਰੇਤਾ।(ਤੇਰੇ ਪੁੱਤ੍ਰ ਨੂੰ ਇਨ੍ਹਾਂ ਭੂਤਾਂ ਪ੍ਰੇਤਾਂ ਤੋਂ ਕੋਈ ਡਰ ਨਹੀਂ) ਡਾਕਨਿ ਬਪੁਰੀ ਕਿਆ ਕਰੈਂ ਬਡ ਭਾ ਬਲ ਏਤਾ’।13॥(ਇਸ ਮਹਾਂਬਲੀ ਅਗੇ ਚੁੜੇਲ ਵੀ ਕੀ ਹੈ?).. ਸਾਵਣ ਮੱਲ ਹਕਾਰ ਪੁਨ ਨਿਜ ਨਿਕਟਿ ਬਿਠਾਵਾ।(ਸਾਵਣ ਮੱਲ ਨੂੰ ਕੋਲ ਬਿਠਾਇਆ)

ਇਕ ਰੁਮਾਲ ਕਰ ਪੌਂਛਨੋ ਗੁਰ ਹਾਥ ਉਠਾਵਾ।(ਹੱਥ ਪੂੰਝਣ ਵਾਲਾ ਰੁਮਾਲ ਚੁਕ ਕੇ ਦੇਂਦਿਆਂ)

ਦਯੋ ਤਿਸਹਿ ਸਮਝਾਇ ਕਰਿ ‘ਇਸ ਅਜ਼ਮਤਿ ਭਾਰੀ।(ਸਮਝਾਇਆ,‘ਇਸ ਵਿਚ ਬਹੁਤ ਸ਼ਕਤੀ ਹੈ) ਚਹਹਿ ਜਿ ਕਿਸਹਿ ਸੰਘਾਰ ਦਿਹੁ ਚਹਿ ਮ੍ਰਿਤਕ ਜਿਵਾਰੀ। 15॥31॥ (ਇਸ ਨਾਲ ਕਿਸੇ ਨੂੰ ਵੀ ਮਾਰ ਜਿਵਾ ਸਕਦਾ ਹੋ) ਗੁ.ਪ੍ਰ.ਸੂ.



ਗੁਰੂ ਅਮਰਦਾਸ ਪਾਤਸ਼ਾਹ ਜੀ


**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।

**01332 372 851**
**07966 388 388**



## VACANCY FOR RELIGIOUS WORKER

*Job Title:* Religious Worker (Sikh Faith) *Location*: Derby, UK

We are seeking a dedicated and knowledgeable individual to serve as a Religious Worker within the Sikh faith. This role involves supporting the spiritual, cultural, and community needs of the local Sikh congregation and promoting Sikh teachings and values.

***Key Responsibilities:***
* Perform and assist in religious ceremonies, including Kirtan, Ardas, and Paath.
* Provide guidance and support to members of the congregation in matters of faith and spirituality.
* Organise and lead educational sessions on Sikh principles and practices.
* Assist with the preparation and serving of Langar.
* Promote community outreach and interfaith engagement.
* Support the maintenance of the Gurdwara and ensure adherence to Sikh customs and traditions.

***Person Specification:***
* Must be a practicing member of the Sikh faith.
* Proficiency in reading and understanding Gurmukhi and Sikh scriptures (Guru Granth Sahib Ji).
* Experience in conducting Sikh religious ceremonies.
* Strong interpersonal and communication skills.
* Committed to promoting Sikh values and principles.

***How to Apply:*** To apply, please submit your application detailing your experience and motivation for this role.

Deadline for Applications: Applications must be submit before 17-10-2025
Applications should be sent to Email: info@sgssderby.com
or delivered to the Gurdwara Sahib's Address below:

**Sri Guru Singh Sabha Gurdwara**

1 Princes Street, Normanton, Derby. DE23 8NT. TEL: 01332 773010
PLEASE CONTACT BHAI AJIT SINGH 07533 362911

**ਲੜੀਵਾਰ ਨਾਵਲ**

**ਸ਼ਿਵਚਰਨ ਜੱਗੀ (ਕੁੱਸਾ)**




**ਫੋਨ : 07853 317 891**

Email: jaggikussa@yahoo.de


**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**
**ਕਿਸ਼ਤ 43**

# ਇੱਕ ਮੇਰੀ ਅੱਖ ਕਾਸ਼ਣੀ...


**ਮਾਣੋਂ ਨੂੰ ਵਾਰ-ਵਾਰ ਹੌਲ ਜਿਹੇ ਪੈਂਦੇ ਸਨ। ਇਸ ਘਰ ਵਿੱਚ ਉਸ ਨੇ ਕਿੰਨੇ ਸਾਲ ਕੱਟੇ ਸਨ। ਕਿੰਨੀਆਂ ਯਾਦਾਂ ਜੁੜੀਆਂ ਹੋਈਆਂ ਸਨ ਇਸ ਘਰ ਨਾਲ਼। ਪੂਰੇ ਇੱਕ ਸਾਲ ਤੋਂ ਪਾਵੀ ਇਸੇ ਘਰ ਵਿੱਚ ਮਿਲਣ ਆਉਂਦਾ ਹੁੰਦਾ ਸੀ। ਇਸੇ ਘਰ ਵਿੱਚ ਦਾਦਾ ਅਤੇ ਦਾਦੀ ਜੀ ਨੇ ਉਸ ਨੂੰ ਲਾਡ ਲਡਾਏ ਸਨ। ਚਾਹੇ ਇਹ ਘਰ ਇੱਕ ਸਰਕਾਰੀ ਕੋਠੀ ਸੀ। ਇੱਕ ਵਿਸ਼ਾਲ ਅਤੇ ਆਲੀਸ਼ਾਨ ਕੋਠੀ। ਪਰ ਇਹ ਘਰ ਮਾਣੋਂ ਦੇ ਦਿਲ ਅਤੇ ਰੂਹ ਦੇ ਅੰਦਰ ਵਸਿਆ ਹੋਇਆ ਸੀ। ਉਹ ਹੈਰਾਨ ਸੀ ਕਿ ਨਾ ਤਾਂ ਉਸ ਦੀ ਮਾਂ ਨੂੰ ਇਸ ਘਰ ਦਾ ਕੋਈ ਹੇਰਵਾ ਸੀ ਅਤੇ ਨਾ ਹੀ ਉਸ ਦੇ ਬਾਪ ਨੂੰ। ਕਿਹੋ ਜਿਹੇ ਇਨਸਾਨ ਨੇ ਇਹ...? ਇਹ ਕਿਹੋ ਜਿਹੇ ਪੱਥਰ ਦਿਲ ਲੋਕ ਨੇ...? ਜਿੰਨ੍ਹਾਂ ਨੂੰ ਕਿਸੇ ਚੀਜ਼ ਨਾਲ਼ ਮੋਹ ਜਾਂ ਲਗਾਓ ਹੀ ਨਹੀਂ...। ਮਾਣੋਂ ਸੋਚ ਰਹੀ ਸੀ।**


## ਕਾਂਡ 21

ਮਾਣੋਂ ਦੀ ਪੈਕਿੰਗ ਸ਼ੁਰੂ ਹੋ ਗਈ। ਮਾਣੋਂ ਨੂੰ ਮਹਿਸੂਸ ਹੋਇਆ ਕਿ ਉਸ ਦੀ ਮੌਤ ਤੋਂ ਬਾਅਦ ਉਸ ਦੇ ਸਸਕਾਰ ਦਾ ਸਮਾਨ ਤਿਆਰ ਕੀਤਾ ਜਾ ਰਿਹਾ ਸੀ। ਗੁਆਂਢੀ ਘਰੋਂ ਰੇਡੀਓ 'ਤੇ ਕੋਈ ਗੀਤ ਵੱਜ ਰਿਹਾ ਸੀ, "ਮਾਪਿਆਂ ਨੇ ਝਿੜਕ ਦਿੱਤੀ, ਕੁੜੀ ਬੈਠ ਕੇ ਧੂੰਏਂ ਦੇ ਪੱਜ ਰੋਈ...।" ਬੇਵੱਸ ਮਾਣੋਂ ਤਾਂ ਕਿਸੇ ਧੂੰਏਂ ਦੇ ਪੱਜ ਵੀ ਰੋ ਨਹੀਂ ਸਕਦੀ ਸੀ। ਅੱਜ ਕੱਲ੍ਹ ਨਾ ਤਾਂ ਕੋਈ ਚੁੱਲ੍ਹਾ ਸੀ ਅਤੇ ਨਾ ਹੀ ਕੋਈ ਧੂੰਆਂ! ਅੱਜ ਕੱਲ੍ਹ ਨਾ ਤਾਂ ਬੇਰੀਆਂ ਨੂੰ ਬੇਰ ਲੱਗਦੇ ਸਨ, ਅਤੇ ਨਾ ਹੀ ਬੇਰ ਤੋੜਨ ਦੇ ਬਹਾਨੇ ਕਿਸੇ ਸੱਜਣ ਬੇਲੀ ਨੂੰ ਮਿਲਣ ਜਾਂਦਾ ਸੀ। ਅੱਜ ਕੱਲ੍ਹ ਦੀਆਂ ਗੁੱਡੀਆਂ ਪਟੋਲ੍ਹੇ ਆਪਣੇ ਰੰਗ ਵਟਾ ਗਏ ਸਨ ਅਤੇ ਮਿਲਣੀ ਗਿਲਣੀ ਵਿੱਚ ਵੀ ਫ਼ਰਕ ਆ ਗਿਆ ਸੀ।

ਮਾਣੋਂ ਓਪਰੇ ਜਿਹੇ ਮਨ ਨਾਲ਼ ਪੈਕਿੰਗ ਕਰਦੀ ਵਾਰ-ਵਾਰ ਖਿੜਕੀ ਵਿੱਚੋਂ ਬਾਹਰ ਦੇਖਦੀ ਸੀ, ਜਿਵੇਂ ਉਸ ਨੂੰ ਕੋਈ ਮਿਲਣ ਆਉਣ ਵਾਲ਼ਾ ਸੀ। ਉਸ ਦਾ ਦਿਲ ਕਰਦਾ ਸੀ ਕਿ ਪਾਵੀ ਹੁਣ 'ਡੋਰ-ਬੈੱਲ' ਖੜਕਾਵੇ ਅਤੇ ਉਹ ਭੱਜ ਕੇ ਉਸ ਦੀ ਹਿੱਕ ਨਾਲ਼ ਜਾ ਲੱਗੇ ਅਤੇ ਉਸੇ ਵਿੱਚ ਹੀ ਸਮਾਅ ਜਾਵੇ।

ਉਸ ਨੇ ਸ਼ਾਮ ਨੂੰ ਅੱਖ ਬਚਾ ਕੇ ਪਾਵੀ ਦੇ ਦੋਸਤ ਨੂੰ ਫ਼ੋਨ ਕੀਤਾ ਅਤੇ ਪਾਵੀ ਬਾਰੇ ਪੁੱਛਿਆ।

ਪਰ ਉੱਤਰ ਨਿਰਾਸ਼ਾ ਭਰਿਆ ਹੀ ਮਿਲ਼ਿਆ। ਕਿਸੇ ਨੂੰ ਵੀ ਨਹੀਂ ਪਤਾ ਸੀ ਕਿ ਉਸ ਦਾ ਪ੍ਰੀਵਾਰ ਅਤੇ ਪਾਵੀ ਕਿਹੜੇ ਅੰਬਰ ਉਡਾਰੀ ਮਾਰ ਗਿਆ ਸੀ...? ਹੁਣ ਮਾਣੋਂ ਨੂੰ ਪਾਵੀ ਉਪਰ ਗੁੱਸਾ ਆਉਣਾ ਸ਼ੁਰੂ ਹੋ ਗਿਆ। ਪੂਰੇ ਪੰਜ ਦਿਨ ਹੋ ਗਏ ਸਨ, ਪਰ ਉਸ ਦੀ ਕੋਈ ਉੱਘ-ਸੁੱਘ ਨਹੀਂ ਸੀ। ਕੀ ਪਾਵੀ ਇਤਨਾ ਅਣਭਿੱਜ, ਬੇਪ੍ਰਵਾਹ ਅਤੇ ਨਿਰਮੋਹਾ ਸੀ ਕਿ ਪੰਜ ਦਿਨਾਂ ਵਿੱਚ ਉਸ ਨੂੰ ਇੱਕ ਵਾਰ ਵੀ ਮਾਣੋਂ ਦੀ ਯਾਦ ਨਹੀਂ ਆਈ ਸੀ...? ਜਾਂ ਕਿਤੇ ਉਹ ਜਾਣ ਬੁੱਝ ਕੇ ਹੀ ਮੇਰੇ ਤੋਂ ਕਿਨਾਰਾ ਤਾਂ ਨਹੀਂ ਕਰ ਗਿਆ...? ਜਾਂ ਕਿਤੇ ਮੇਰੇ ਤੋਂ ਖਹਿੜਾ ਛੁਡਾਉਣ ਲਈ ਕਿਸੇ ਪਾਸੇ ਤਿਲਕ ਤਾਂ ਨਹੀਂ ਗਿਆ...? ਜਿਵੇਂ ਮਾਂ ਅਕਸਰ ਹੀ ਆਖਦੀ ਹੁੰਦੀ ਹੈ ਕਿ ਮਰਦ ਧੋਖੇਬਾਜ਼ ਹੁੰਦੇ ਨੇ, ਕਿਤੇ ਪਾਵੀ ਵੀ ਦਗੇਬਾਜ਼ ਤਾਂ ਨਹੀਂ...? ਕਿਹੜਾ ਕੋਈ ਕਿਸੇ ਦੇ ਅੰਦਰ ਵੜਿਆ ਹੁੰਦੈ...? ਪਰ ਪਾਵੀ ਨਾਲ਼ ਕੋਈ ਦੁਰਘਟਨਾ ਵੀ ਵਾਪਰ ਸਕਦੀ ਐ...? ਇਹ ਸੋਚ ਕੇ ਮਾਣੋਂ ਦਾ ਹਿਰਦਾ ਕੰਬ ਉਠਿਆ। ...ਹੇ ਸੱਚਿਆ ਪਾਤਿਸ਼ਾਹ, ਮੇਰੇ ਪਾਵੀ ਨੂੰ ਕੁਛ ਨਾ ਹੋਵੇ..! ਮੇਰੀ ਚਾਹੇ ਜਾਨ ਲੈ ਲਵੀਂ...।

ਦੋ ਦਿਨ ਮਾਣੋਂ ਦੇ ਪਾਵੀ ਦੀ ਉਡੀਕ ਵਿੱਚ ਹੀ ਨਿਕਲ਼ ਗਏ।

ਉਸ ਦਾ ਇੱਕ-ਇੱਕ ਪਲ ਵਰ੍ਹੇ ਵਾਂਗ ਲੰਘਦਾ ਸੀ। ਵਿਛੋੜੇ ਦਾ ਇੱਕ-ਇੱਕ ਪਲ ਮਾਣੋਂ ਦੇ ਸੀਨੇ ਬਰਛੀ ਮਾਰਦਾ ਸੀ, ਜੋ ਨਾਲ਼ ਦੀ ਨਾਲ਼ ਰੂਹ ਨੂੰ ਵੀ ਪਰੋਅ ਜਾਂਦਾ ਸੀ।

-"ਬੀਬੀ ਜੀ, ਪਾਵੀ ਸਾਅਬ ਨੀ ਮਿਲਣ ਆਏ ਤੁਹਾਨੂੰ...?" ਪਾਰੋ ਨੇ ਚਾਣਚੱਕ ਸੁਆਲ ਕੀਤਾ।

-"..........।" ਮਾਣੋਂ ਨੇ ਹਾਉਕੇ ਵਰਗਾ ਲੰਮਾਂ ਸਾਹ ਲਿਆ। ਪਰ ਬੋਲ ਨਾ ਸਕੀ। ਪਰ ਉਸ ਦਾ ਦਿਲ ਕੀਤਾ ਕਿ ਉਹ ਹਮ-ਉਮਰ ਪਾਰੋ ਨੂੰ ਘੁੱਟ ਕੇ ਗਲਵਕੜੀ ਪਾ ਲਵੇ। ਉਸ ਨੂੰ ਪਾਰੋ ਦਾ ਅਥਾਹ ਮੋਹ ਆਇਆ।

-"ਪਾਰੋ, ਤੂੰ ਕਦੇ ਕਿਸੇ ਨੂੰ ਮੁਹੱਬਤ ਕੀਤੀ ਐ...?" ਪਤਾ ਨਹੀਂ ਇਹ ਸੁਆਲ ਮਾਣੋਂ ਨੇ ਪਾਰੋ ਨੂੰ ਕਿਉਂ ਪੁੱਛਿਆ ਸੀ?

-"ਮੁਹੱਬਤ...? ਕਿੱਥੇ ਬੀਬੀ ਜੀ...! ਛੇ ਸਾਲ ਦੀ ਸੀ, ਜਦੋਂ ਮੇਰੀ ਮਾਂ ਮਰ ਗਈ ਸੀ..। ਨਸ਼ੇੜੀ ਬਾਪ ਨੇ ਸਕੂਲ ਭੇਜਣ ਦੀ ਵਜਾਏ ਲੋਕਾਂ ਦੇ ਘਰੀਂ ਭਾਂਡੇ ਮਾਂਜਣ ਭੇਜਣਾ ਸ਼ੁਰੂ ਕਰ ਦਿੱਤਾ..। ਬੱਸ ਫ਼ੇਰ ਕਦੇ ਐਸ ਘਰੇ, ਤੇ ਕਦੇ ਔਸ ਘਰੇ..। ਆਹ ਉਮਰ ਹੋਗੀ, ਬੱਸ ਕੰਮ 'ਚੋਂ ਹੀ ਸੁਰਤ ਨੀ ਆਈ, ਮੁਹੱਬਤ ਕਦੋਂ ਤੇ ਕੀਹਨੂੰ ਕਰਦੀ...?" ਪਾਰੋ ਨੇ ਜ਼ਿੰਦਗੀ ਦਾ ਸੰਖੇਪ ਦੁਖਾਂਤ ਮਾਣੋਂ ਅੱਗੇ ਰੱਖ ਦਿੱਤਾ।

-"..................।" ਮਾਣੋਂ ਚੁੱਪ ਸੀ।

-"ਬੀਬੀ ਜੀ, ਅਮੀਰ ਲੋਕ ਖਾਂਦੇ-ਖਾਂਦੇ ਪਤਾ ਨਹੀਂ ਕਿੰਨਾਂ ਖਾਣਾ ਜੂਠਾ ਛੱਡ ਦਿੰਦੇ ਐ, ਪਰ ਗਰੀਬ ਦੀ ਅੱਧੀ ਜ਼ਿੰਦਗੀ ਤਾਂ ਰਾਸ਼ਣ ਲੈਣ ਲਈ ਕਤਾਰ ਵਿੱਚ ਖੜ੍ਹੇ ਦੀ ਲੰਘ ਜਾਂਦੀ ਐ, ਉਹ ਮੁਹੱਬਤ ਕਿਹੜੇ ਸੰਨ੍ਹ 'ਚ ਕਰੂ...? ਨਾਲ਼ੇ ਕਰੂ ਕਿਸ ਨੂੰ...? ਇਹ ਤਾਂ ਅਮੀਰਾਂ ਦੇ ਸ਼ੌਂਕ ਐ ਬੀਬੀ ਜੀ, ਗਰੀਬ ਨੂੰ ਤਾਂ ਆਬਦੀ ਰੋਟੀ ਦਾ ਫ਼ਿਕਰ ਲੱਗਿਆ ਰਹਿੰਦੈ..।"

-"............।" ਮਾਣੋਂ ਨੇ ਅਨਪੜ੍ਹ ਪਾਰੋ ਵੱਲ ਬੜੇ ਗਹੁ ਨਾਲ਼ ਤੱਕਿਆ। ਉਸ ਨੂੰ ਮਹਿਸੂਸ ਹੋਇਆ ਕਿ ਪਾਰੋ ਅਨਪੜ੍ਹ ਨਹੀਂ, ਕੋਈ ਫ਼ਿਲਾਸਫ਼ਰ ਉਸ ਦੇ ਸਾਹਮਣੇ ਬੈਠਾ ਸੀ, ਜਿਸ ਨੇ ਕੌੜੀਆਂ, ਪਰ ਅਤੀਅੰਤ ਸੱਚੀਆਂ ਹੀ ਤਾਂ ਸੁਣਾਈਆਂ ਸਨ। ਉਹ ਪਾਰੋ ਦੀ ਕਾਇਲ ਹੋਈ ਬੈਠੀ ਸੀ। ....ਜੇ ਇਸ ਕੁੜੀ ਨੂੰ ਸਕੂਲ ਨਸੀਬ ਹੋ ਜਾਂਦਾ, ਇਹ ਤਾਂ ਪੁਲਾੜ ਤੱਕ ਪੁੱਜਣ ਵਾਲ਼ੀ ਤਰੱਕੀ ਕਰ ਸਕਦੀ ਸੀ।

-"ਪਰ ਪਾਰੋ, ਕਿਸੇ ਨੂੰ ਦੇਖ ਕੇ ਤੇਰਾ ਦਿਲ ਨੀ ਡੋਲਿਆ..? ਜਾਂ ਮਨ ਨੀ ਮੋਹਿਤ ਹੋਇਆ...?"

-"ਇੱਕ ਦੋ ਵਾਰ ਹੋਇਆ ਤਾਂ ਸੀ ਬੀਬੀ ਜੀ, ਪਰ ਸੋਚਿਆ ਕਿ ਕਿਤੇ ਕੋਈ ਮੇਰੇ ਸਰੀਰ ਨੂੰ ਵਰਤ ਕੇ ਧੋਖਾ ਨਾ ਦੇ ਜਾਵੇ...। ਬੱਸ ਡਰਦੀ ਮਨ ਮਾਰ ਕੇ ਤੁਰੀ ਫ਼ਿਰਦੀ ਰਹੀ..।"

-"..........।" ਮਾਣੋਂ ਉਸ ਦੇ ਬਲੀਦਾਨ ਦੀ ਵੀ ਕਦਰਦਾਨ ਬਣ ਬੈਠੀ ਸੀ।

-"ਬੀਬੀ ਜੀ, ਗਰੀਬ ਤਾਂ ਡਰਦਾ ਕਿਸੇ ਨਾਲ਼ ਮੁਹੱਬਤ ਵੀ ਨੀ ਕਰਦਾ...।"

-"ਕਿਉਂ...?"

-"ਗਰੀਬ ਸੋਚਦੈ ਬਈ ਜੇ ਗੱਲ ਇਸ ਸਮਾਜ ਵਿੱਚ ਚਲੀ ਗਈ ਤਾਂ ਕਿਸੇ ਨੇ ਦਿਹਾੜੀ ਵੀ ਨਹੀਂ ਦੇਣੀਂ, ਪੇਟ ਕਿਵੇਂ ਤੁਰੂਗਾ...? ਮੇਰੇ ਵਰਗੀ ਵੀ ਇਹੀ ਸੋਚ ਕੇ ਆਪਦੀਆਂ ਆਸਾਂ ਤੇ ਰੀਝਾਂ ਦਾ ਗਲ਼ ਘੁੱਟੀ ਰੱਖਦੀ ਐ, ਬਈ ਜੇ ਮਾਲਕ ਨੂੰ ਪਤਾ ਲੱਗ ਗਿਆ, ਬਦਚਲਣ ਦਾ ਖ਼ਿਤਾਬ ਦੇ ਕੇ ਘਰੋਂ ਕੱਢ ਦਿਊ, ਤੇ ਮੇਰੇ ਵਰਗੀ ਸੜਕਾਂ 'ਤੇ ਰੁਲ਼ਦੀ ਫ਼ਿਰਦੀ ਟਰੱਕਾਂ 'ਚ ਰਾਤਾਂ ਕੱਟਣ ਜੋਕਰੀ ਰਹਿ ਜਾਂਦੀ ਐ...!"

ਅੱਜ ਰਾਠੌਰ ਪ੍ਰੀਵਾਰ ਦੇ ਤੁਰਨ ਦਾ ਦਿਨ ਆ ਗਿਆ।

ਮਾਣੋਂ ਨੂੰ ਵਾਰ-ਵਾਰ ਹੌਲ ਜਿਹੇ ਪੈਂਦੇ ਸਨ। ਇਸ ਘਰ ਵਿੱਚ ਉਸ ਨੇ ਕਿੰਨੇ ਸਾਲ ਕੱਟੇ ਸਨ। ਕਿੰਨੀਆਂ ਯਾਦਾਂ ਜੁੜੀਆਂ ਹੋਈਆਂ ਸਨ ਇਸ ਘਰ ਨਾਲ਼। ਪੂਰੇ ਇੱਕ ਸਾਲ ਤੋਂ ਪਾਵੀ ਇਸੇ ਘਰ ਵਿੱਚ ਮਿਲਣ ਆਉਂਦਾ ਹੁੰਦਾ ਸੀ। ਇਸੇ ਘਰ ਵਿੱਚ ਦਾਦਾ ਅਤੇ ਦਾਦੀ ਜੀ ਨੇ ਉਸ ਨੂੰ ਲਾਡ ਲਡਾਏ ਸਨ। ਚਾਹੇ ਇਹ ਘਰ ਇੱਕ ਸਰਕਾਰੀ ਕੋਠੀ ਸੀ। ਇੱਕ ਵਿਸ਼ਾਲ ਅਤੇ ਆਲੀਸ਼ਾਨ ਕੋਠੀ। ਪਰ ਇਹ ਘਰ ਮਾਣੋਂ ਦੇ ਦਿਲ ਅਤੇ ਰੂਹ ਦੇ ਅੰਦਰ ਵਸਿਆ ਹੋਇਆ ਸੀ। ਉਹ ਹੈਰਾਨ ਸੀ ਕਿ ਨਾ ਤਾਂ ਉਸ ਦੀ ਮਾਂ ਨੂੰ ਇਸ ਘਰ ਦਾ ਕੋਈ ਹੇਰਵਾ ਸੀ ਅਤੇ ਨਾ ਹੀ ਉਸ ਦੇ ਬਾਪ ਨੂੰ। ਕਿਹੋ ਜਿਹੇ ਇਨਸਾਨ ਨੇ ਇਹ...? ਇਹ ਕਿਹੋ ਜਿਹੇ ਪੱਥਰ ਦਿਲ ਲੋਕ ਨੇ...? ਜਿੰਨ੍ਹਾਂ ਨੂੰ ਕਿਸੇ ਚੀਜ਼ ਨਾਲ਼ ਮੋਹ ਜਾਂ ਲਗਾਓ ਹੀ ਨਹੀਂ...। ਮਾਣੋਂ ਸੋਚ ਰਹੀ ਸੀ।

ਦੋ ਸਰਕਾਰੀ ਟਰੱਕ ਸਮਾਨ ਲੱਦ ਕੇ ਰੇਲਵੇ ਸਟੇਸ਼ਨ ਨੂੰ ਚਲੇ ਗਏ ਸਨ।

ਇੱਕ ਸਰਕਾਰੀ ਬੱਸ ਉਹਨਾਂ ਨੂੰ ਲੈਣ ਵਾਸਤੇ ਆਈ ਖੜ੍ਹੀ ਸੀ।

ਗਣੇਸ਼ ਰਾਠੌਰ ਸਾਹਿਬ ਦਾ ਦਾਰੂ ਬੱਤਾ ਅਤੇ ਖਾਣ ਦਾ ਸਮਾਨ ਇੱਕ ਬੈਗ ਵਿੱਚ ਰੱਖ ਰਿਹਾ ਸੀ। ਪਾਰੋ ਆਪਣੇ ਕੱਪੜਿਆਂ ਦੀ ਗੰਢ ਜਿਹੀ ਲਈ ਤਿਆਰ ਸੀ। ਮਾਣੋਂ ਦੀਆਂ ਅੱਖਾਂ ਮੁੱਖ ਗੇਟ ਉਪਰ ਟਿਕੀਆਂ ਹੋਈਆਂ ਸਨ। ਉਸ ਨੂੰ ਅਜੇ ਵੀ ਪਾਵੀ ਦੀ ਉਡੀਕ ਸੀ। ਚਾਹੇ ਉਸ ਨੂੰ ਬਹੁਤ ਘੱਟ ਆਸ ਸੀ, ਪਰ ਉਹ ਫ਼ਿਰ ਵੀ ਉਡੀਕ ਰਹੀ ਸੀ। "ਯਾਰ ਹੋਣਗੇ ਮਿਲਣਗੇ ਆਪੇ, ਚਿੱਤ ਨੂੰ ਟਿਕਾਣੇ ਰੱਖੀਏ" ਵਾਲ਼ੀ ਧਾਰਨਾ ਹੁਣ ਉਸ ਨੂੰ ਫਿੱਕੀ-ਫਿੱਕੀ ਲੱਗਣ ਲੱਗ ਪਈ ਸੀ।

ਬੱਸ ਉਹਨਾਂ ਨੂੰ ਦੋ ਵਜੇ ਸਟੇਸ਼ਨ ਉਤਾਰ ਗਈ। ਰਾਠੌਰ ਪ੍ਰੀਵਾਰ ਲਈ "ਫ਼ਸਟ ਕਲਾਸ" ਪੂਰਾ ਡੱਬਾ ਹੀ "ਬੁੱਕ" ਕੀਤਾ ਗਿਆ ਸੀ। ਨੌਕਰ ਗਣੇਸ਼ ਅਤੇ ਨੌਕਰਾਣੀ ਪਾਰੋ ਵੀ ਨਾਲ਼ ਹੀ ਜਾ ਰਹੇ ਸਨ। ਉਹ ਹੁਣ ਰਾਠੌਰ ਪ੍ਰੀਵਾਰ ਦੇ ਹੀ ਮੈਂਬਰ ਸਨ।

ਦੁਪਿਹਰ ਦੇ ਢਾਈ ਵੱਜ ਚੁੱਕੇ ਸਨ।

ਟਰੇਨ ਆ ਕੇ ਪਲੇਟ ਫ਼ਾਰਮ 'ਤੇ ਲੱਗ ਚੁੱਕੀ ਸੀ। ਕੁਝ ਵੱਡੇ-ਛੋਟੇ ਅਫ਼ਸਰ ਰਾਠੌਰ ਸਾਹਿਬ ਨੂੰ ਵਿਦਾਇਗੀ ਦੇਣ ਆਏ ਸਨ। ਸਲਿਊਟਾਂ ਵੱਜ ਰਹੀਆਂ ਸਨ। ਗਲਵਕੜੀਆਂ ਪੈ ਰਹੀਆਂ ਸਨ। ਮਾਣੋਂ ਦੇ ਰਿਸ਼ਤੇ ਦੀਆਂ ਵਧਾਈਆਂ ਦਿੱਤੀਆਂ ਅਤੇ ਕਬੂਲੀਆਂ ਜਾ ਰਹੀਆਂ ਸਨ। ਪਾਰਟੀਆਂ ਦੇਣ ਅਤੇ ਲੈਣ ਦੇ ਵਾਅਦੇ ਲਏ ਅਤੇ ਦਿੱਤੇ ਜਾ ਰਹੇ ਸਨ।

ਅਚਾਨਕ ਕੋਈ "ਮਾਣੋਂ - ਮਾਣੋਂ" ਦੀਆਂ ਹਾਕਾਂ ਮਾਰਦਾ ਖੜ੍ਹੀ ਟਰੇਨ ਵੱਲ ਵਧ ਰਿਹਾ ਸੀ।

-"ਬੀਬੀ ਜੀ...!" ਅਚਾਨਕ ਪਾਰੋ ਬੋਲੀ।

-"ਹਾਂ ਬੋਲ...?" ਮਾਣੋਂ ਨੇ ਕਿਹਾ।

-"ਔਧਰ ਦੇਖੋ...! ਪਾਵੀ ਸਾਅਬ ਆ ਰਹੇ ਨੇ...!"

ਮਾਣੋਂ ਨੇ ਬਿਜਲੀ ਦੀ ਫ਼ੁਰਤੀ ਨਾਲ਼ ਓਧਰ ਤੱਕਿਆ। ਜਿਵੇਂ ਕਿਸੇ ਰੇਗਿਸਤਾਨ ਵਿੱਚ ਅਚਾਨਕ ਬਰਸਾਤ ਹੋ ਗਈ ਹੋਵੇ। ਜਿਵੇਂ ਪਪੀਹੇ ਨੂੰ ਸੁਆਤੀ ਬੂੰਦ ਮਿਲ਼ ਗਈ ਹੋਵੇ। ਯਾਰ ਦੇ ਦੀਦਾਰ ਕਰ ਕੇ ਮਾਣੋਂ ਦੇ ਹਿਰਦੇ ਠੰਢ ਵਰਤ ਗਈ।


-"ਤੇਰੇ ਰਿਸ਼ਤੇ ਦੇ ਢੋਲ ਦੂਰ-ਦੂਰ ਤੱਕ ਵੱਜ ਚੁੱਕੇ ਐ, ਹੁਣ ਤੂੰ ਇਸ ਬਿੱਜੂ ਨੂੰ ਦਫ਼ਾ ਕਰ, ਆਬਦੇ ਪਿਉ ਦੀ ਬੇਇੱਜ਼ਤੀ ਨਾ ਕਰਵਾ ਦੇਈਂ...!" ਮਾਂ ਨੇ ਮਾਣੋਂ ਦੇ ਕੰਨ ਕੋਲ਼ ਜਾ ਕੇ ਆਖਿਆ। ਮਾਣੋਂ ਦੀਆਂ ਆਸਾਂ ਅਤੇ ਸਧਰਾਂ ਦੇ ਘੁੰਡ ਮੁੜ ਗਏ। ਆਸਾਂ ਅਪਾਹਜ ਹੋ ਗਈਆਂ।

(ਚਲਦਾ)....


ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ

# ਭਾਈ ਮਰਦਾਨਾ ਜੀ ਨੇ ਗੁਰਸਿੱਖੀ ਧਾਰਨ ਕੀਤੀ


ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477

**ਹਿੰਦੂਆਂ, ਮੁਸਲਮਾਨਾਂ ਦੇ ਦਰਮਿਆਨ ਨੀਵੀਆਂ ਤੇ ਉੱਚੀਆਂ ਸ਼੍ਰੇਣੀਆਂ ਦੀਆਂ ਖੜ੍ਹੀਆਂ ਕੀਤੀਆਂ ਸਮਾਜ ਤੇ ਸਭਿਆਚਾਰ ਦੀਆਂ ਦੀਵਾਰਾਂ ਗੁਰੂ ਨਾਨਕ ਦੇਵ ਜੀ ਨੇ ਹੂੰਝ ਕੇ ਪਰੇ ਮਾਰੀਆਂ । ਇਹਨਾਂ ਦਿਨਾਂ ਵਿੱਚ ਹੀ ਉਹਨਾਂ ਨੇ ਆਪਣੇ ਨਵੇਂ ਗਿਆਨ ਦੀ ਦੀਖਿਆ ਚਰਨ-ਪਾਹੁਲ ਅੰਮ੍ਰਿਤ ਦੀ ਦਾਤ ਦੇ ਕੇ ਤੇ ਨਾਮ ਦ੍ਰਿੜ੍ਹਾ ਕੇ ਦਿੱਤੀ ਜਾਂਦੀ ਸੀ। ਇਹ ਰਹਿਤ ਮਰਿਆਦਾ ਖ਼ਾਲਸੇ ਦੀ ਹੁਣ ਵੀ ਰਹਿਤ ਮਰਿਆਦਾ ਤੋਂ ਬਹੁਤੀ ਭਿੰਨ ਨਹੀਂ ਸੀ । ਆਪਣੀਆਂ ਉਦਾਸੀਆਂ ਵਿੱਚ ਵੀ ਗੁਰੂ ਨਾਨਕ ਨੇ ਕਈ ਸ੍ਰੇਸ਼ਟ ਪ੍ਰਾਣੀਆਂ ਨੂੰ ਚਰਨ-ਪਾਹੁਲ ਦੀ ਦੀਖਿਆ ਦੇ ਕੇ ਸਿੱਖ ਬਣਾਇਆ । ਜਨਮ ਸਾਖੀਆਂ ਵਿੱਚ ਇਸ ਗੱਲ ਦਾ ਕਈ ਥਾਵਾਂ 'ਤੇ ਸਪਸ਼ਟ ਜ਼ਿਕਰ ਹੈ ਕਿ ਜਦ ਭਾਈ ਮਰਦਾਨੇ ਨੂੰ ਚਰਨ-ਪਾਹੁਲ ਦੀ ਗੁਰ-ਦੀਖਿਆ ਮਿਲ਼ੀ ਤਾਂ ਉਸ ਨੂੰ ਵੀ ਇਹੀ ਰਹਿਤ ਦ੍ਰਿੜ੍ਹਾਈ ਗਈ ਸੀ ਕਿ ਕੇਸ ਕਤਲ ਨਹੀਂ ਕਰਾਉਣੇ, ਪਿਛਲੀ ਰਾਤ ਸਤਿਨਾਮ ਦਾ ਜਾਪ ਜਪਣਾ, ਲੋੜਵੰਦਾਂ ਦੀ ਮਦਦ ਕਰਨੀ, ਆਉਂਦੇ ਜਾਂਦੇ ਸਾਧ ਸੰਤ ਦੀ ਸੇਵਾ ਟਹਿਲ ਕਰਨੀ ।**

ਸੋਸ਼ਲ ਮੀਡੀਏ 'ਤੇ ਮੁਸਲਮਾਨ ਤੋਂ ਸਿੱਖ ਬਣੇ ਭਾਈ ਮਰਦਾਨਾ ਬਾਰੇ ਇੱਕ ਵੀਡੀਉ ਵਾਇਰਲ ਹੋ ਰਹੀ ਹੈ । ਇਸ ਵੀਡੀਉ ਵਿੱਚ ਕੇਸ ਵਿਹੀਨ ਮਰਾਸੀ ਮੁਸਲਮਾਨ ਸਿੰਗਰ ਸਲੀਮ ਆਖ ਰਿਹਾ ਹੈ ਕਿ ਅਸੀਂ ਬਾਬਾ ਮਰਦਾਨਾ ਜੀ ਦੀ ਔਲਾਦ ਹਾਂ ਤੇ ਹੁਣ ਅਸੀਂ ਹਜ਼ਰਤ ਬਾਬਾ ਮਰਦਾਨਾ ਜੀ ਦੀ ਸ਼ਾਨਦਾਰ ਮਜ਼ਾਰ ਸ਼ਰੀਫ਼ ਬਣਾਵਾਂਗੇ । ਭਾਈ ਮਰਦਾਨੇ ਦੀ ਸਤਾਰ੍ਹਵੀਂ ਪੀੜ੍ਹੀ ਦੇ ਅੰਮ੍ਰਿਤਧਾਰੀ ਰਾਗੀ ਦਲੀਪ ਸਿੰਘ ਨੇ ਯੂ. ਟਿਊਬ ਦੇ ਇੱਕ ਚੈਨਲ 'ਤੇ ਸਿੰਗਰ ਸਲੀਮ ਨੂੰ ਜੋ ਜਵਾਬ ਦਿੱਤਾ, ਉਸ ਦਾ ਸਾਰਅੰਸ਼ ਹੇਠ ਲਿਖੇ ਅਨੁਸਾਰ ਹੈ :

ਭਾਈ ਮਰਦਾਨੇ ਦੀ ਸਤਾਰ੍ਹਵੀਂ ਪੀੜ੍ਹੀ ਦੇ ਅੰਮ੍ਰਿਤਧਾਰੀ ਰਾਗੀ ਸਿੰਘ ਨੇ ਕਿਹਾ ਕਿ ਸਾਡਾ ਵਡੇਰਾ ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦਾ ਸਿੱਖ ਸੀ, ਅਸੀਂ ਉਸ ਦੀ ਮਜ਼ਾਰ ਕਤੱਈ ਵੀ ਨਹੀਂ ਬਣਨ ਦਿਆਂਗੇ । ਜਦੋਂ ਐਂਕਰ ਨੇ ਰਾਗੀ ਸਿੰਘ ਨੂੰ ਸੁਆਲ ਕੀਤਾ ਕਿ ਭਾਈ ਮਰਦਾਨਾ ਤਾਂ ਮਰਾਸੀ ਮੁਸਲਮਾਨ ਸੀ ? ਤਾਂ ਅੱਗਿਉਂ ਭਾਈ ਮਰਦਾਨੇ ਦੀ ਸਤਾਰ੍ਹਵੀਂ ਪੀੜ੍ਹੀ ਦੇ ਅੰਮ੍ਰਿਤਧਾਰੀ ਰਾਗੀ ਸਿੰਘ ਨੇ ਜੁਆਬ ਦਿੱਤਾ ਕਿ ਉਹ (ਭਾਈ ਮਰਦਾਨਾ) ਕਨਵਰਟ ਹੋ ਗਿਆ ਸੀ ਤੇ ਜਦੋਂ ਉਹ ਮੁਸਲਮਾਨ ਤੋਂ ਸਿੱਖ ਬਣਿਆ ਤਾਂ ਮੁਸਲਿਮ ਬਰਾਦਰੀ ਨੇ ਉਸ ਨੂੰ ਕਾਫ਼ਰ ਆਖ ਕੇ ਛੇਕ ਦਿੱਤਾ ਸੀ । ਰਾਗੀ ਸਿੰਘ ਨੇ ਹੋਰ ਦੱਸਿਆ ਕਿ ਹੁਣ ਕਦੇ ਮੁਸਲਮਾਨ ਸਿੰਗਰ ਸਲੀਮ ਵਰਗੇ ਆਪਣੇ ਆਪ ਨੂੰ ਭਾਈ ਮਰਦਾਨੇ ਦੀ ਵੰਸ਼ ਦੱਸਦੇ ਹਨ ਤੇ ਕਦੇ ਯੂ.ਪੀ. ਦੇ ਮੁਸਲਮਾਨ ਆਪਣੇ ਆਪ ਨੂੰ ਭਾਈ ਮਰਦਾਨੇ ਦੀ ਵੰਸ਼ ਦੱਸਦੇ ਹਨ । ਰਾਗੀ ਸਿੰਘ ਨੇ ਬੋਲਦਿਆਂ ਹੋਰ ਕਿਹਾ ਕਿ ਬਾਬਾ ਮਰਦਾਨਾ ਜੀ ਦਾ ਜਨਮ ਨਨਕਾਣਾ ਸਾਹਿਬ ਵਿਖੇ ਹੋਇਆ ਤੇ ਅਸੀਂ ਨਨਕਾਣਾ ਸਾਹਿਬ ਤੋਂ ਆਏ ਹਾਂ ਤੇ ਅਸੀਂ ਉਹਨਾਂ ਦੀ ਵੰਸ਼ ਦੀ ਸਤਾਰ੍ਹਵੀਂ ਪੀੜ੍ਹੀ ਹਾਂ । ਸਾਡੇ ਬਜ਼ੁਰਗਾਂ ਨੇ ਵੀ ਜਦੋਂ ਅੰਮ੍ਰਿਤ ਛਕਿਆ ਤਾਂ ਉਹਨਾਂ ਨੂੰ ਕਾਫ਼ਰ ਆਖ ਕੇ ਮੁਸਲਮਾਨ ਆਪਣੇ ਖੂਹਾਂ ਤੋਂ ਪਾਣੀ ਨਹੀਂ ਸੀ ਭਰਨ ਦਿੰਦੇ, ਤਾਂ ਓਦੋਂ ਸਾਡੇ ਬਜ਼ੁਰਗਾਂ ਨੇ ਛੱਪੜਾਂ ਦਾ ਪਾਣੀ ਪੀ-ਪੀ ਕੇ ਸਿੱਖੀ ਪਾਲੀ ਹੈ ਤੇ ਅਸੀਂ ਵੀ ਅੰਮ੍ਰਿਤ ਛਕ ਕੇ ਆਪਣੇ ਵਡੇਰੇ ਭਾਈ ਮਰਦਾਨਾ ਜੀ ਦੀ ਸਿੱਖੀ 'ਤੇ ਪਹਿਰਾ ਦੇ ਰਹੇ ਹਾਂ ਤੇ ਦਸਮੇਸ਼ ਪਿਤਾ ਦੇ ਖੰਡੇ ਦਾ ਅੰਮ੍ਰਿਤ ਛਕ ਕੇ ਕੀਰਤਨ ਦੀ ਸੇਵਾ ਨਿਭਾਉਂਦੇ ਹਾਂ । ਸਾਨੂੰ ਪੈਸੇ ਦਾ ਕੋਈ ਲਾਲਚ ਨਹੀਂ, ਗੁਰਬਾਣੀ ਦੇ ਕੀਰਤਨ ਨਾਲ ਪਿਆਰ ਹੈ । ਭਾਈ ਮਰਦਾਨੇ ਦੀ ਵੰਸ਼ ਦੀ ਸਤਾਰ੍ਹਵੀਂ ਪੀੜ੍ਹੀ ਦੇ ਅੰਮ੍ਰਿਤਧਾਰੀ ਰਾਗੀ ਸਿੰਘ ਨੇ ਹੋਰ ਵੀ ਮੁਸਲਮਾਨ ਰਬਾਬੀਆਂ ਦੇ ਖੁਲਾਸੇ ਕੀਤੇ, ਜਿਹੜੇ ਝੂਠ ਬੋਲ ਕੇ ਪੈਸਾ ਕਮਾਉਣ ਲਈ ਆਪਣੇ ਆਪ ਨੂੰ ਭਾਈ ਮਰਦਾਨੇ ਦੀ ਵੰਸ਼ ਦੱਸਦੇ ਹਨ । ਸਬੂਤ ਵਜੋਂ ਉਕਤ ਖੁਲਾਸੇ ਕਰਦੀ ਹੋਈ ਵੀਡੀਉ ਵੀ ਨਾਲ਼ ਭੇਜ ਰਿਹਾ ਹਾਂ ਅਤੇ ਇਹ ਯੂ. ਟਿਊਬ 'ਤੇ ਵੀ ਵੇਖੀ ਜਾ ਸਕਦੀ ਹੈ । ਡਾ. ਤਿਰਲੋਚਨ ਸਿੰਘ ਦੀ ਇੱਕ ਪੁਸਤਕ ਜੀਵਨ ਚਰਿੱਤ੍ਰ ਗੁਰੂ ਨਾਨਕ ਦੇਵ, ਦਿੱਲੀ ਸਿੱਖ ਗੁਰਦੁਆਰਾ ਬੋਰਡ ਨੇ ਜਨਵਰੀ 1972 ਵਿੱਚ ਛਪਵਾਈ ਸੀ । ਅੱਜ ਅਸੀਂ ਵੇਖਦੇ ਹਾਂ ਕਿ ਗੁਰੂ ਨਾਨਕ ਸਾਹਿਬ ਵੱਲੋਂ ਹਿੰਦੂ ਮੱਤ ਤੇ ਇਸਲਾਮ ਮੱਤ ਨਾਲ਼ੋਂ ਅਲੱਗ ਸਿੱਖ ਧਰਮ, ਅਲੱਗ ਤੀਸਰਾ ਪੰਥ ਤੇ ਮੁਸਲਮਾਨ ਤੋਂ ਸਿੱਖ ਬਣੇ ਭਾਈ ਮਰਦਾਨਾ ਜੀ ਬਾਰੇ ਅਨੇਕਾਂ ਭਰਮ ਭੁਲੇਖੇ ਪਾਏ ਜਾ ਰਹੇ ਹਨ । ਇਹਨਾਂ ਭਰਮ ਭੁਲੇਖਿਆਂ ਨੂੰ ਦੂਰ ਕਰਨ ਲਈ ਦਾਸ ਉਕਤ ਪੁਸਤਕ ਵਿੱਚੋਂ ਕੁਝ ਅੰਸ਼ ਪਾਠਕਾਂ ਨਾਲ ਸਾਂਝੇ ਕਰੇਗਾ, ਵੈਸੇ ਇਹ ਪੁਸਤਕ 456 ਸਫ਼ੇ ਦੀ ਹੈ ਤੇ ਪ੍ਰਮਾਣਿਤ ਹਵਾਲਿਆਂ ਨਾਲ ਭਰਪੂਰ ਹੈ।

**ਡਾ. ਤਿਰਲੋਚਨ ਸਿੰਘ ਜੀ ਲਿਖਦੇ ਹਨ ਕਿ:**

ਹੁਣ ਤਕ ਸਭ ਇਹ ਮਹਿਸੂਸ ਕਰਨ ਲੱਗ ਪਏ ਸਨ ਕਿ ਗੁਰੂ ਨਾਨਕ ਦੇਵ ਜੀ ਨੇ ਨਵਾਂ ਮੱਤ ਤੇ ਨਵਾਂ ਪੰਥ ਚਲਾ ਦਿੱਤਾ ਹੈ । ਮੁਸਲਮਾਨ ਵੀ ਉਹਨਾਂ ਦੇ ਚੇਲੇ ਬਣ ਰਹੇ ਸਨ ਅਤੇ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਸਭ ਚਹੁੰ ਵਰਣਾਂ ਦੇ ਹਿੰਦੂ ਵੀ ਚਰਨ-ਪਾਹੁਲ ਲੈ ਕੇ ਸਿੱਖ ਬਣ ਰਹੇ ਸਨ । ਜਿਹੜਾ ਵੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਬਣਦਾ ਸੀ, ਉਹ ਨਾ ਹਿੰਦੂ ਰਹਿੰਦਾ ਸੀ ਤੇ ਨਾ ਮੁਸਲਮਾਨ ਰਹਿੰਦਾ ਸੀ, ਉਹ ਚਰਨ-ਪਾਹੁਲ ਲੈ ਕੇ ਗੁਰੂ ਨਾਨਕ ਦੇਵ ਜੀ ਦਾ ਸਿੱਖ ਅਖਵਾਉਂਦਾ ਸੀ। ਬਾਬੇ ਨਾਨਕ ਦੀ ਸਿੱਖੀ ਤੇ ਬਾਬੇ ਨਾਨਕ ਦੇ ਮਾਰਗ ਨੂੰ ਲੋਕ ਗੁਰੂ ਮੱਤ ਆਖਣ ਲੱਗ ਪਏ ਸਨ । ਬਾਬੇ ਨਾਨਕ ਦੇ ਪੰਥ ਨੂੰ ਨਿਰਮਲ ਪੰਥ ਤੇ ਸੱਚਾ ਪੰਥ ਆਖਣ ਲੱਗ ਪਏ ਸਨ । ਇਉਂ ਗੁਰੂ ਨਾਨਕ ਨੇ ਨਵੇਂ ਧਰਮ ਤੇ ਨਵੇਂ ਪੰਥ ਦੀ ਨੀਂਹ ਰੱਖੀ । ਇਸ ਨਵੇਂ ਪੰਥ ਤੇ ਨਵੇਂ ਮੱਤ ਨੂੰ ਧੁਰ ਕੀ ਬਾਣੀ ਦਿੱਤੀ । ਨਵੀਂ ਦੀਖਿਆ ਸਿੱਖਿਆ ਦੀ ਰਸਮ ਦਿੱਤੀ । ਨਵੀਂ ਰਹਿਤ-ਬਹਿਤ ਦਿੱਤੀ, ਨਵਾਂ ਅਧਿਆਤਮਕ ਤੇ ਸਮਾਜਿਕ ਸਿਧਾਂਤ ਦਿੱਤਾ । ਗੁਰੂ ਨਾਨਕ ਦੇਵ ਜੀ ਦਾ ਸ਼ਬਦ-ਸਿਧਾਂਤ ਤੇ ਉਹਨਾਂ ਦਾ ਅੰਮ੍ਰਿਤ ਗਿਆਨ ਇਸ ਨਵੇਂ ਮੱਤ ਤੇ ਨਵੇਂ ਪੰਥ ਦਾ ਮੂਲ ਅਧਾਰ ਬਣਿਆ ।

ਹਿੰਦੂਆਂ, ਮੁਸਲਮਾਨਾਂ ਦੇ ਦਰਮਿਆਨ ਨੀਵੀਆਂ ਤੇ ਉੱਚੀਆਂ ਸ਼੍ਰੇਣੀਆਂ ਦੀਆਂ ਖੜ੍ਹੀਆਂ ਕੀਤੀਆਂ ਸਮਾਜ ਤੇ ਸਭਿਆਚਾਰ ਦੀਆਂ ਦੀਵਾਰਾਂ ਗੁਰੂ ਨਾਨਕ ਦੇਵ ਜੀ ਨੇ ਹੂੰਝ ਕੇ ਪਰੇ ਮਾਰੀਆਂ । ਇਹਨਾਂ ਦਿਨਾਂ ਵਿੱਚ ਹੀ ਉਹਨਾਂ ਨੇ ਆਪਣੇ ਨਵੇਂ ਗਿਆਨ ਦੀ ਦੀਖਿਆ ਚਰਨ-ਪਾਹੁਲ ਅੰਮ੍ਰਿਤ ਦੀ ਦਾਤ ਦੇ ਕੇ ਤੇ ਨਾਮ ਦ੍ਰਿੜ੍ਹਾ ਕੇ ਦਿੱਤੀ ਜਾਂਦੀ ਸੀ । ਇਹ ਰਹਿਤ ਮਰਿਆਦਾ ਖ਼ਾਲਸੇ ਦੀ ਹੁਣ ਵੀ ਰਹਿਤ ਮਰਿਆਦਾ ਤੋਂ ਬਹੁਤੀ ਭਿੰਨ ਨਹੀਂ ਸੀ । ਆਪਣੀਆਂ ਉਦਾਸੀਆਂ ਵਿੱਚ ਵੀ ਗੁਰੂ ਨਾਨਕ ਨੇ ਕਈ ਸ੍ਰੇਸ਼ਟ ਪ੍ਰਾਣੀਆਂ ਨੂੰ ਚਰਨ-ਪਾਹੁਲ ਦੀ ਦੀਖਿਆ ਦੇ ਕੇ ਸਿੱਖ ਬਣਾਇਆ । ਜਨਮ ਸਾਖੀਆਂ ਵਿੱਚ ਇਸ ਗੱਲ ਦਾ ਕਈ ਥਾਵਾਂ 'ਤੇ ਸਪਸ਼ਟ ਜ਼ਿਕਰ ਹੈ ਕਿ ਜਦ ਭਾਈ ਮਰਦਾਨੇ ਨੂੰ ਚਰਨ-ਪਾਹੁਲ ਦੀ ਗੁਰ-ਦੀਖਿਆ ਮਿਲ਼ੀ ਤਾਂ ਉਸ ਨੂੰ ਵੀ ਇਹੀ ਰਹਿਤ ਦ੍ਰਿੜ੍ਹਾਈ ਗਈ ਸੀ ਕਿ ਕੇਸ ਕਤਲ ਨਹੀਂ ਕਰਾਉਣੇ, ਪਿਛਲੀ ਰਾਤ ਸਤਿਨਾਮ ਦਾ ਜਾਪ ਜਪਣਾ, ਲੋੜਵੰਦਾਂ ਦੀ ਮਦਦ ਕਰਨੀ, ਆਉਂਦੇ ਜਾਂਦੇ ਸਾਧ ਸੰਤ ਦੀ ਸੇਵਾ ਟਹਿਲ ਕਰਨੀ । ਉਕਤ ਹਵਾਲੇ ਅਨੁਸਾਰ ਸਪਸ਼ਟ ਹੋ ਜਾਂਦਾ ਹੈ ਕਿ ਮਰਦਾਨਾ ਚਰਨ-ਪਾਹੁਲ ਦੀ ਦੀਖਿਆ ਲੈ ਕੇ ਮੁਸਲਮਾਨ ਤੋਂ ਸਿੱਖ ਹੋ ਗਿਆ ਸੀ । ਸ੍ਰੀਲੰਕਾ ਦੀ ਪ੍ਰਚਾਰ ਯਾਤਰਾ (ਉਦਾਸੀ) ਸਮੇਂ ਗੁਰੂ ਨਾਨਕ ਸਾਹਿਬ ਜੀ ਦੁਆਰਾ ਰਾਜਾ ਸ਼ਿਵਨਾਭ ਨੂੰ ਸਿੱਖ ਸਜਾਉਣ ਬਾਰੇ ਵੀ ਭਾਈ ਸੰਤੋਖ ਸਿੰਘ ਜੀ ਸ੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਲਿਖਦੇ ਹਨ :

ਪ੍ਰੇਮ ਬਿਨੈ ਸਨ ਬਾਣੀ ਸੁਨਿਕੈ ।
ਪਗ-ਪਾਹੁਲ ਦੀਨੀ ਸਿਖ ਗੁਨਿਕੈ ।

**ਇਸੇ ਤਰ੍ਹਾਂ ਹੀ ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ :**

ਜਾਤ ਅਭਿਮਾਨ ਦੂਰ ਤੇ ਨੇਮ੍ਰਤਾ ਦੇ ਪ੍ਰਚਾਰ ਲਈ ਚਰਨਾਂਮ੍ਰਿਤ ਦੀ ਰੀਤ ਚਲਾਈ ਸੀ ।1 ਇਸੇ ਤਰ੍ਹਾਂ ਭਾਈ ਗੁਰਦਾਸ ਜੀ ਪਹਿਲੀ ਵਾਰ ਦੀ 23ਵੀਂ ਪਉੜੀ ਵਿੱਚ ਲਿਖਦੇ ਹਨ ਕਿ :

ਸੁਣੀ ਪੁਕਾਰਿ ਦਾਤਾਰ ਪ੍ਰਭੁ
ਗੁਰੁ ਨਾਨਕ ਜਗ ਮਾਹਿ ਪਠਾਇਆ ॥
ਚਰਣ ਧੋਇ ਰਹਰਾਸਿ ਕਰਿ
ਚਰਣਾਮ੍ਰਿਤੁ ਸਿਖਾਂ ਪੀਲਾਇਆ ॥
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ
ਅੰਦਰਿ ਇੱਕ ਦਿਖਾਇਆ ॥
ਚਾਰੇ ਪੈਰ ਧਰਮ ਦੇ ਚਾਰਿ
ਵਰਨਿ ਇੱਕ ਵਰਨੁ ਕਰਾਇਆ ॥
ਰਾਣਾ ਰੰਕੁ ਬਰਾਬਰੀ ਪੈਰੀ
ਪਵਣਾ ਜਗਿ ਵਰਤਾਇਆ ॥
ਉਲਟਾ ਖੇਲੁ ਪਿਰੰਮ ਦਾ ਪੈਰਾਂ
ਉਪਰਿ ਸੀਸੁ ਨਿਵਾਇਆ ॥
ਕਲਿਜੁਗੁ ਬਾਬੇ ਤਾਰਿਆ
ਸਤਿਨਾਮੁ ਪੜਿ ਮੰਤ੍ਰ ਸੁਣਾਇਆ ॥
ਕਲਿ ਤਾਰਣਿ ਗੁਰੁ ਨਾਨਕ ਆਇਆ ॥

**ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ :**

ਨੌਂ ਸਤਿਗੁਰਾਂ ਵੇਲੇ ਸਿੱਖ ਧਰਮ ਵਿੱਚ ਲਿਆਉਣ ਲਈ ਚਰਨਾਮ੍ਰਿਤ ਪਿਆਇਆ ਜਾਂਦਾ ਸੀ । ਇਸ ਦਾ ਨਾਮ ਚਰਨ ਪਾਹੁਲ ਅਤੇ ਪਗ ਪਾਹੁਲ ਭੀ ਲਿਖਿਆ ਹੈ । ਕੁਝ ਪੁਰਾਤਨ ਇਤਿਹਾਸਕ ਪੁਸਤਕਾਂ ਵਿੱਚ ਅਤੇ ਮਗਰਲੇ ਇਤਿਹਾਸਕਾਰਾਂ ਦੀਆਂ ਪੁਸਤਕਾਂ ਵਿੱਚ ਵੀ ਚਰਨ ਪਾਹੁਲ/ਚਰਨਾਮ੍ਰਿਤ ਦੇ ਕੇ ਸਿੱਖ ਬਣਾਉਣ ਦਾ ਜ਼ਿਕਰ ਹੈ । ਨਿਰਮਲ ਪੰਥ ਤੋਂ ਖ਼ਾਲਸਾ ਪੰਥ ਦੇ ਸਮੇਂ ਤਕ ਚਰਣਾਮ੍ਰਿਤ ਦੀ ਰਸਮ ਹੀ ਪ੍ਰਚੱਲਤ ਰਹੀ । 1699 ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਸੀਸ ਭੇਟ ਕੌਤਕ ਵਰਤਾ ਕੇ ਚਰਨ ਪਾਹੁਲ ਨੂੰ ਖੰਡੇ ਦੀ ਪਾਹੁਲ ਵਿੱਚ ਬਦਲ ਦਿੱਤਾ ਸੀ ।

**ਇਸ ਕਰਕੇ ਹੀ ਸਿੱਖ ਰਹਿਤ ਮਰਯਾਦਾ ਵਿੱਚ ਦਰਜ ਹੈ :**

ਜੋ ਇਸਤਰੀ ਜਾਂ ਪੁਰਸ਼ ਇੱਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ) ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਹੋਰ ਕਿਸੇ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ ।

ਪਿਛਲੇ ਦਿਨੀਂ ਇਕ ਪ੍ਰਾਈਵੇਟ ਯੂ ਟਿਊਬ ਚੈਨਲ ਤੇ ਨਾਨਕ ਨਾਮ ਲੇਵਾ ਸਿੱਖਾਂ ਦੀ ਵੱਖਰੀ ਪਛਾਣ ਦੀ ਹੋਂਦ ਹਸਤੀ ਬਾਰੇ ਡੀਬੇਟ ਹੋਈ । ਇਸ ਵਿੱਚ ਜਰਨਲਿਸਟ ਜਗਤਾਰ ਸਿੰਘ, ਸਾਬਕਾ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਤਰਲੋਚਨ ਸਿੰਘ ਤੇ ਹਰਵਿੰਦਰ ਸਿੰਘ ਭੱਟੀ ਨੇ ਭਾਗ ਲਿਆ। ਹਰਵਿੰਦਰ ਸਿੰਘ ਭੱਟੀ ਨੇ ਕਿਹਾ ਗੁਰੂ ਨਾਨਕ ਨੇ ਕੋਈ ਨਵਾਂ ਸਿੱਖ ਧਰਮ ਨਹੀਂ ਚਲਾਇਆ, ਜੇ ਸਿੱਖ ਧਰਮ ਚਲਾਇਆ ਹੁੰਦਾ ਤਾਂ ਮਰਦਾਨਾ ਪਹਿਲਾ ਸਿੱਖ ਹੁੰਦਾ ਉਸ ਨੂੰ ਦਫ਼ਨਾਇਆ ਨਹੀਂ ਸੀ ਜਾਣਾ। ਭੱਟੀ ਦੀ ਟਿਪਣੀ ਦੇ ਜੁਆਬ ਵਿੱਚ ਉਕਤ ਲੇਖ ਭੇਜਿਆ ਹੈ । (ਇਹ ਲੇਖ 'ਪੰਜਾਬ ਟਾਈਮਜ਼' ਵਿੱਚ ਮਿਤੀ 20 ਅਕਤੂਬਰ 2022 ਦੇ ਅੰਕ ਨੰਬਰ 2949 'ਚ ਛਪ ਚੁੱਕਾ ਹੈ)

ਅਗਲੇ ਹਫ਼ਤੇ ਪੜ੍ਹੋ "ਨਾਨਕ ਨਾਮ ਲੇਵਾ ਸਿੱਖਾਂ ਦੀ ਵੱਖਰੀ ਪਛਾਣ ਦਾ ਫੈਸਲਾ ਆਰ ਐਸ ਐਸ, ਵਿਸ਼ਵ ਹਿੰਦੂ ਪ੍ਰੀਸ਼ਦ ਜਾਂ ਮਕਲੋਡ ਦੇ ਚੇਲਿਆਂ ਨੇ ਨਹੀਂ ਕਰਨਾ ਇਹ ਫੈਸਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਕਰਨਾ ਹੈ।" ਨਾ ਹਮ ਹਿੰਦੂ ਨ ਮੁਸਲਮਾਨ।। ਅੰਗ 1136

# ਸਿੱਖ ਤਵਾਰੀਖ ਦੀ ਅਨੋਖੀ ਘਟਨਾ ਜਦੋਂ ਰੂੜੀਵਾਦ ਸੋਚ ਨੂੰ ਵੰਗਾਰਿਆ ਗਿਆ

12 ਅਕਤੂਬਰ ਲਈ ਵਿਸ਼ੇਸ਼



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

**ਇਸ ਸੰਸਥਾ ਦਾ ਉਦੇਸ਼ ਪੱਛੜੀਆਂ ਸ਼੍ਰੇਣੀਆਂ ਦੇ ਸਿੱਖਾਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ ਸਿੰਘ ਸਜਾਉਣਾ ਅਤੇ ਸਮਾਜਿਕ ਤੌਰ 'ਤੇ ਜਾਗ੍ਰਿਤ ਕਰਨਾ ਸੀ । ਰੂੜੀਵਾਦੀ ਸੋਚ ਰੱਖਣ ਵਾਲੇ ਲੋਕਾਂ ਨੂੰ ਗੁਰੂ ਸਾਹਿਬ ਦੇ ਸਰਬਸਾਂਝੀ ਵਾਲਤਾ ਸੁਨੇਹੇ ਪ੍ਰਤੀ ਜਾਗਰੂਕ ਕਰਨਾ ਸੀ । ਇਸ ਸੰਸਥਾ ਦਾ ਕੇਂਦਰੀ ਦਫ਼ਤਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਥਾਪਿਤ ਕਰਕੇ ਜ਼ਿਲ੍ਹਾ ਯੂਨਿਟ ਚੜ੍ਹਦੇ ਤੇ ਲਹਿੰਦੇ ਪੰਜਾਬ (ਸਾਂਝੇ ਪੰਜਾਬ) ਵਿੱਚ ਬਣਾਏ ਗਏ । ਸੰਸਥਾ ਦੇ ਪ੍ਰਚਾਰ ਲਈ ਤੇ ਸਮਾਜ ਲਈ ਬੀਰ ਨਾਂਅ ਦਾ ਹਫ਼ਤਾਵਾਰੀ ਮੈਗਜ਼ੀਨ ਵੀ ਸ਼ੁਰੂ ਕੀਤਾ ਗਿਆ । ਹੁਣ ਇਸ ਸੰਸਥਾ ਵੱਲੋਂ 11 ਅਤੇ 12 ਅਕਤੂਬਰ, 1920 ਨੂੰ ਜਲ੍ਹਿਆਵਾਲੇ ਬਾਗ ਵਿੱਚ ਭਾਰੀ ਇਕੱਠ ਬੁਲਾ ਕੇ ਅਗਾਂਹਵਧੂ ਪੜ੍ਹੇ-ਲਿਖੇ ਵਿਦਵਾਨਾਂ ਨੇ ਸੰਸਥਾ ਨੂੰ ਸੰਬੋਧਨ ਕੀਤਾ ।**

ਖ਼ਾਲਸਾ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਹਨ, ਨਿਰੋਲ, ਸ਼ੁੱਧ ਜਾਂ ਮਿਲਾਵਟ ਤੋਂ ਰਹਿਤ। ਫ਼ਾਰਸੀ ਭਾਸ਼ਾ ਵਿੱਚ ਉਸ ਇਲਾਕੇ ਜਾਂ ਜ਼ਮੀਨ ਜਾਂ ਇਲਾਕੇ ਨੂੰ ਵੀ ਖ਼ਾਲਸਾ ਕਿਹਾ ਜਾਂਦਾ ਹੈ, ਜੋ ਸਿੱਧੀ ਬਾਦਸ਼ਾਹ ਜਾਂ ਕਿਸੇ ਜਗੀਰਦਾਰ ਦੀ ਮਲਕੀਅਤ ਹੋਵੇ। ਪਾਵਨ ਗੁਰਬਾਣੀ ਵਿੱਚ ਉਨ੍ਹਾਂ ਗੁਰਸਿੱਖਾਂ ਜਾਂ ਗੁਰਮੁੱਖਾਂ ਲਈ ਵੀ ਖ਼ਾਲਸਾ ਸ਼ਬਦ ਦੀ ਵਰਤੋਂ ਹੋਈ ਹੈ, ਜੋ ਬਿਪਰਨ ਦੀਆਂ ਰੀਤਾਂ-ਰਿਵਾਜਾਂ ਜਾਂ ਕਰਮਕਾਂਡਾਂ ਤੋਂ ਉਪਰ ਉਠ ਕੇ ਅਕਾਲ ਪੁਰਖ ਵਾਹਿਗੁਰੂ ਦੀ ਭਗਤੀ ਕਰਦੇ ਹਨ। ਸ਼੍ਰੋਮਣੀ ਸੰਤ ਕਬੀਰ ਸਾਹਿਬ ਨੇ ਕਹੁ ਕਬੀਰ ਜਨ ਭਏ ਖ਼ਾਲਸੇ ਪ੍ਰੇਮ ਭਗਤ ਜਿਤ ਜਾਨੀ ਨਾਲ ਖ਼ਾਲਸਾ ਸ਼ਬਦ ਦੀ ਵਰਤੋਂ ਕੀਤੀ ਹੈ। ਛੇਵੇਂ ਤੇ ਨੌਵੇਂ ਪਾਤਸ਼ਾਹ ਨੇ ਹੁਕਮਨਾਮਿਆਂ ਵਿੱਚ ਗੁਰੂ ਕਾ ਖ਼ਾਲਸਾ ਸ਼ਬਦ ਵਰਤਿਆ ਹੈ। ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਬਾਟੇ ਦੀ ਪਾਹੁਲ ਦੇ ਕੇ ਆਪਣੇ ਪ੍ਰਾਣਾਂ ਤੋਂ ਪਿਆਰੇ ਸਿੱਖਾਂ ਨੂੰ ਖ਼ਾਲਸਾ ਸ਼ਬਦ ਨਾਲ ਸੰਬੋਧਨ ਕੀਤਾ। ਸੋ ਖ਼ਾਲਸਾ ਭਾਈਚਾਰਾ ਆਪਣੀ ਸਥਾਪਨਾ ਤੋਂ ਪਿੱਛੋਂ ਮੌਤ ਦੇ ਭੈਅ ਤੋਂ ਹਮੇਸ਼ਾ ਲਈ ਮੁਕਤ ਹੋ ਗਿਆ।

ਸਮੇਂ ਦੇ ਬੀਤਣ ਨਾਲ ਬਿਪਰਨ ਕੀ ਰੀਤ ਦੀ ਸੋਚ ਰੱਖਣ ਵਾਲੇ ਉੱਚ ਜਾਤੀ ਦੇ ਲੋਕਾਂ ਨੇ ਪਛੜੀਆਂ ਸ਼੍ਰੇਣੀਆਂ ਨਾਲ ਵਿਤਕਰਾ ਹਮੇਸ਼ਾਂ ਦੀ ਤਰ੍ਹਾਂ ਕਾਇਮ ਰੱਖਿਆ। 20ਵੀਂ ਸਦੀ ਦੇ ਆਰੰਭ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਤੋਂ ਪਹਿਲਾਂ ਇਕ ਅਜਿਹੀ ਸੰਸਥਾ ਖ਼ਾਲਸਾ ਬਰਾਦਰੀ ਦੀ ਸਥਾਪਨਾ ਕੀਤੀ ਗਈ ਤਾਂ ਜੋ ਅਖੌਤੀ ਪੱਛੜੀਆਂ ਜਾਤੀਆਂ ਦੇ ਸਿੱਖਾਂ ਨਾਲ ਹੋ ਰਹੇ ਵਿਤਕਰੇ ਵਿਰੁੱਧ ਆਵਾਜ਼ ਬੁਲੰਦ ਕੀਤੀ ਜਾ ਸਕੇ। ਅਜਿਹੀ ਸੰਸਥਾ ਬਨਾਉਣ ਦਾ ਵਿਚਾਰ ਜਥੇਦਾਰ ਮਹਿਤਾਬ ਸਿੰਘ ਬੀਰ ਦੇ ਮਨ ਵਿੱਚ ਪੈਦਾ ਹੋਇਆ। ਕਿਉਂਕਿ ਸ. ਮਹਿਤਾਬ ਸਿੰਘ ਖੁਦ ਮੁਸਲਮਾਨ ਹੁੰਦੇ ਹੋਏ, ਸਿੱਖ ਧਰਮ ਦੀ ਸਰਬਸਾਂਝੀ ਵਾਲਤਾ ਦੇ ਮਾਨਵਤਾ-ਵਾਦੀ ਸੰਦੇਸ਼ ਤੋਂ ਪ੍ਰਭਾਵਿਤ ਹੋ ਕੇ ਸਿੰਘ ਸਜਿਆ ਸੀ। ਉਸ ਸਮੇਂ ਉੱਚ ਜੀਵਨ ਵਾਲੇ ਗੁਰਸਿੱਖਾਂ ਨੂੰ ਵੀ ਉੱਚ ਜਾਤੀਆਂ ਵੱਲੋਂ ਕਈ ਪ੍ਰਕਾਰ ਦੇ ਤੰਗ-ਨਜ਼ਰੀਏ ਦਾ ਸ਼ਿਕਾਰ ਹੋਣਾ ਪਿਆ। 1914 ਈ: ਵਿੱਚ ਧੰਨ ਗੁਰੂ ਰਾਮਦਾਸ ਜੀ ਦੇ ਸਰਬਸਾਂਝੇ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਭਾਈ ਦਸੌਂਧਾ ਸਿੰਘ ਦੀ ਧਰਮਸ਼ਾਲਾ ਵਿੱਚ ਪੱਛੜੀਆਂ ਜਾਤੀਆਂ ਦੇ ਸਿੱਖਾਂ ਦਾ ਇਕੱਠ ਸਭਾ ਦੇ ਰੂਪ ਵਿੱਚ ਬੁਲਾਇਆ ਗਿਆ। ਇਸੇ ਸਭਾ ਵਿੱਚ ਖ਼ਾਲਸਾ ਬਰਾਦਰੀ ਦੀ ਸਥਾਪਨਾ ਕੀਤੀ ਗਈ। ਸਰਹਾਲਾ ਕਾਜੀਆਂ ਦੇ ਸ. ਈਸ਼ਰ ਸਿੰਘ ਨੂੰ ਇਸ ਸੰਸਥਾ ਦਾ ਪ੍ਰਧਾਨ ਅਤੇ ਭਾਈ ਮਹਿਤਾਬ ਸਿੰਘ ਨੂੰ ਜਨਰਲ ਸਕੱਤਰ ਬਣਾਇਆ ਗਿਆ।

ਇਸ ਸੰਸਥਾ ਦਾ ਉਦੇਸ਼ ਪੱਛੜੀਆਂ ਸ਼੍ਰੇਣੀਆਂ ਦੇ ਸਿੱਖਾਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ ਸਿੰਘ ਸਜਾਉਣਾ ਅਤੇ ਸਮਾਜਿਕ ਤੌਰ 'ਤੇ ਜਾਗ੍ਰਿਤ ਕਰਨਾ ਸੀ। ਰੂੜੀਵਾਦੀ ਸੋਚ ਰੱਖਣ ਵਾਲੇ ਲੋਕਾਂ ਨੂੰ ਗੁਰੂ ਸਾਹਿਬ ਦੇ ਸਰਬਸਾਂਝੀ ਵਾਲਤਾ ਸੁਨੇਹੇ ਪ੍ਰਤੀ ਜਾਗਰੂਕ ਕਰਨਾ ਸੀ। ਇਸ ਸੰਸਥਾ ਦਾ ਕੇਂਦਰੀ ਦਫ਼ਤਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਥਾਪਿਤ ਕਰਕੇ ਜ਼ਿਲ੍ਹਾ ਯੂਨਿਟ ਚੜ੍ਹਦੇ ਤੇ ਲਹਿੰਦੇ ਪੰਜਾਬ (ਸਾਂਝੇ ਪੰਜਾਬ) ਵਿੱਚ ਬਣਾਏ ਗਏ। ਸੰਸਥਾ ਦੇ ਪ੍ਰਚਾਰ ਲਈ ਤੇ ਸਮਾਜ ਲਈ ਬੀਰ ਨਾਂਅ ਦਾ ਹਫ਼ਤਾਵਾਰੀ ਮੈਗਜ਼ੀਨ ਵੀ ਸ਼ੁਰੂ ਕੀਤਾ ਗਿਆ। ਹੁਣ ਇਸ ਸੰਸਥਾ ਵੱਲੋਂ 11 ਅਤੇ 12 ਅਕਤੂਬਰ, 1920 ਨੂੰ ਜਲ੍ਹਿਆਵਾਲੇ ਬਾਗ ਵਿੱਚ ਭਾਰੀ ਇਕੱਠ ਬੁਲਾ ਕੇ ਅਗਾਂਹਵਧੂ ਪੜ੍ਹੇ-ਲਿਖੇ ਵਿਦਵਾਨਾਂ ਨੇ ਸੰਸਥਾ ਨੂੰ ਸੰਬੋਧਨ ਕੀਤਾ। ਦੀਵਾਨ ਤੋਂ ਬਾਅਦ ਵੱਡੀ ਗਿਣਤੀ ਵਿੱਚ ਪਛੜੀਆਂ ਜਾਤੀਆਂ ਦੇ ਅਤੇ ਰਾਮਦਾਸੀਏ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਉਨ੍ਹਾਂ ਵੱਲੋਂ ਤਿਆਰ ਕੀਤੇ ਕੜਾਹ-ਪ੍ਰਸ਼ਾਦਿ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿੱਚ ਪ੍ਰਵਾਨ ਕਰਵਾਉਣ ਲਈ ਨਵੇਂ ਸਜੇ ਸਿੰਘਾਂ ਦਾ ਜਥਾ ਬੜੀ ਸ਼ਰਧਾ ਤੇ ਸਤਿਕਾਰ ਨਾਲ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਹਾਜ਼ਰ ਹੋਇਆ। ਪਰ ਅੰਗ੍ਰੇਜ਼ ਹਕੂਮਤ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਮੁਤਾਬਿਕ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੇਵਾਦਾਰ ਦੀ ਅੰਗ੍ਰੇਜ਼ ਪ੍ਰਸਤ ਹੋਣ ਕਰਕੇ ਕੜ੍ਹਾਹ ਪ੍ਰਸ਼ਾਦਿ ਪ੍ਰਵਾਨ ਕਰਨ ਅਤੇ ਅਰਦਾਸ ਕਰਨ ਤੋਂ ਇਨਕਾਰ ਕਰਕੇ ਬਾਹਰ ਭੱਜ ਗਏ। ਹੁਣ ਇਸ ਸੰਸਥਾ ਦੇ ਸਿੰਘਾਂ ਵੱਲੋਂ ਪ੍ਰਸ਼ਾਦਿ ਪ੍ਰਵਾਨ ਕਰਵਾਉਣ ਲਈ ਖੁਦ ਅਰਦਾਸ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਖ ਵਾਕ ਲਿਆ ਗਿਆ। ਜਾਗਤ-ਜੋਤਿ ਸਤਿਗੁਰੂ ਦਾ ਪਾਵਨ ਹੁਕਮ ਅਜਿਹੀ ਉਦਾਰ ਭਾਵਨਾ ਵਾਲਾ ਸੀ, ਜਿਸ ਨੂੰ ਸਰਵਣ ਕਰਦਿਆਂ ਹੀ ਨਵੇਂ ਸਜੇ ਸਿੰਘਾਂ ਦੇ ਚਿਹਰਿਆਂ 'ਤੇ ਨੂਰ ਤੇ ਲਾਲੀ ਦੇ ਭਾਵ ਪ੍ਰਗਟ ਹੋ ਗਏ। ਜਦੋਂ ਹੁਣ ਇਹ ਸਾਰੇ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜੇ ਤਾਂ ਉਥੋਂ ਦੇ ਸੇਵਾਦਾਰ ਵੀ ਖਿਸਕ ਗਏ। ਸ੍ਰੀ ਅਕਾਲ ਤਖ਼ਤ ਸਾਹਿਬ ਹਾਜ਼ਰ ਗੁਰ-ਦੁਆਰਾ ਸੁਧਾਰ ਲਹਿਰ ਦੇ ਪ੍ਰਮੁੱਖ ਆਗੂ ਜਥੇਦਾਰ ਕਰਤਾਰ ਸਿੰਘ ਭੁੱਚਰ ਅਤੇ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਅਰਦਾਸ ਕੀਤੀ।

ਇਸ ਅਨੋਖੀ ਘਟਨਾ ਤੋਂ ਪਿੱਛੋਂ ਇਕ 25 ਮੈਂਬਰੀ ਕਮੇਟੀ ਬਣਾ ਕੇ ਜਿਸ ਵਿੱਚ ਅਖੌਤੀ ਪੱਛੜੀਆਂ ਸ਼੍ਰੇਣੀਆਂ ਦੇ ਸਿੰਘਾਂ ਨੂੰ ਵੀ ਸ਼ਾਮਿਲ ਕੀਤਾ ਗਿਆ। ਇਸ ਦਾ ਉਦੇਸ਼ ਗੁਰਧਾਮਾਂ ਨੂੰ ਪਰੰਪਰਾਵਾਂ ਦੀ ਤੇ ਕੱਟੜਵਾਦੀ ਪੁਜਾਰੀਆਂ ਤੋਂ ਆਜ਼ਾਦ ਕਰਵਾਉਣਾ ਅਤੇ ਪੱਛੜੀਆਂ ਜਾਤੀਆਂ ਦੇ ਸਿੱਖਾਂ ਵਿੱਚ ਬਰਾਬਰੀ ਦੀ ਭਾਵਨਾ ਦਾ ਵਿਕਾਸ ਕਰਨਾ ਸੀ। ਅਸਲ ਵਿੱਚ ਇਹ ਘਟਨਾ-ਕ੍ਰਮ ਗੁਰਦੁਆਰਾ ਸੁਧਾਰ ਲਹਿਰ ਦਾ ਆਰੰਭ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਥਾਪਨਾ ਤੋਂ ਬਾਅਦ 1939 ਅਤੇ 1941 ਤੱਕ ਇਸ ਸੰਸਥਾ ਨੇ ਧਰਮ-ਪ੍ਰਚਾਰ ਅਤੇ ਸਮਾਜ ਸੁਧਾਰ ਲਈ ਵੱਡੇ ਯਤਨ ਕੀਤੇ। ਜਿਸ ਨਾਲ ਸਿੱਖ ਧਰਮ ਵਿੱਚ ਅਕੀਦਾ ਤੇ ਵਿਸ਼ਵਾਸ ਰੱਖਣ ਵਾਲਿਆਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋਇਆ। ਨਵੀਂ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਪ੍ਰਤੀਨਿੱਧਤਾ ਦਿੱਤੀ ਗਈ ਅਤੇ ਫੌਜ ਵਿੱਚ ਭਰਤੀ ਕਰਨ ਦੀ ਮੰਗ ਵੀ ਸਵੀਕਾਰੀ ਗਈ। ਇਸ ਯਤਨ ਨਾਲ ਸਿੱਖਾਂ ਵਿੱਚ ਉਦਾਰ-ਚੇਤਨਾ ਦਾ ਪ੍ਰਸਾਰ ਹੋਇਆ, ਸਿੱਟੇ ਵਜੋਂ ਦੂਜੇ ਧਰਮਾਂ ਵਿੱਚ ਰਹਿਣ ਵਾਲੇ ਦਲਿਤ ਵੀ ਸਿੱਖ ਧਰਮ ਨੂੰ ਅਪਨਾਉਣ ਲੱਗੇ। ਇਸ ਘਟਨਾ ਦੇ ਸੂਤਰਧਾਰ ਜਥੇਦਾਰ ਮਹਿਤਾਬ ਸਿੰਘ 1960 ਈ: ਵਿੱਚ ਇਸ ਫਾਨੀ ਸੰਸਾਰ ਤੋਂ ਕੂਚ ਕਰ ਗਏ। ਅੱਜ ਸਾਨੂੰ ਫਿਰ ਸੁਚੇਤ ਹੋਣਾ ਪਵੇਗਾ, ਕਿਤੇ ਮੁੜ ਅਜਿਹੀਆਂ ਪਰੰਪਰਾਵਾਦੀ ਤੇ ਕੱਟੜਪੰਥੀ ਜਥੇਬੰਦੀਆਂ ਸਰਬ ਸਾਂਝੇ ਤੇ ਵਿਲੱਖਣ ਸੋਚ ਦੇ ਧਾਰਨੀ ਖ਼ਾਲਸਾ ਪੰਥ ਵਿੱਚ ਤ੍ਰੇੜਾਂ ਪਾ ਕੇ ਸਾਨੂੰ ਖੇਰੂੰ-ਖੇਰੂੰ ਕਰਨ ਦੇ ਮਨਸੂਬੇ ਤਾਂ ਨਹੀਂ ਬਣਾ ਰਹੀਆਂ।


## ਖਾਲਸਾ ਦਰਬਾਰ ਗੁਰਦੁਆਰਾ ਡਰਬੀ ਵਿਖੇ

### ਧਾਰਮਿਕ ਸੇਵਾਦਾਰ ਕੀਰਤਨੀ ਸਿੰਘ / ਤਬਲਾ ਵਾਦਕ ਦੀ ਤੁਰੰਤ ਲੋੜ ਹੈ

ਖਾਲਸਾ ਦਰਬਾਰ ਗੁਰਦੁਆਰਾ ਡਰਬੀ ਵਿਖੇ (ਧਾਰਮਿਕ ਸੇਵਾਦਾਰ) ਦੀ ਲੋੜ ਹੈ ਜੋ ਗੁਰੂ ਘਰ ਵਿਖੇ ਕੀਰਤਨ, ਆਸਾ ਦੀ ਵਾਰ ਦਾ ਅਤੇ ਹੋਰ ਬਾਣੀਆਂ ਦਾ ਕੀਰਤਨ ਕਰਨ ਦੇ ਮਾਹਿਰ ਹੋਣ । ਉਹ ਵਾਜਾ ਤੇ ਤਬਲਾ ਜਾਣਦੇ ਹੋਣ । ਪ੍ਰਸ਼ਾਦਿ ਬਨਾਉਣ ਤੇ ਵੰਡਣ ਦੀ ਸੇਵਾ, ਚੋਰ ਸਾਹਿਬ ਦੀ ਸੇਵਾ, ਮੰਜੀ ਸਾਹਿਬਾਂ ਦੀ ਸੇਵਾ, ਗੁਰਦੁਆਰਾ ਸਾਹਿਬ ਖੋਹਲਣਾ ਤੇ ਬੰਦ ਕਰਨਾ ਉਹਨਾਂ ਦੀਆਂ ਸੇਵਾਵਾਂ ਵਿੱਚ ਸ਼ਾਮਿਲ ਹੈ। ਉਹ ਗੁਰਬਾਣੀ ਦੇ ਸ਼ੁੱਧ ਪਾਠੀ ਹੋਣ। ਉਹਨਾਂ ਪਾਸ ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਇਜਾਜ਼ਤ ਹੋਵੇ । ਵਧੀਆ ਤਨਖਾਹ ਕੰਮ ਅਤੇ ਯੂ ਕੇ ਦੇ ਰੋਜ਼ਗਾਰ ਕਾਨੂੰਨ ਮੁਤਾਬਕ ਹੋਵੇਗੀ ਅਤੇ ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਹੈ। ਕੰਮ ਹਫ਼ਤੇ ਵਿੱਚ 34 ਘੰਟੇ ਹੋਵੇਗਾ ।

ਸ਼ਰਤਾਂ :- ਤਬਲਾ ਤੇ ਹਰਮੋਨੀਅਮ ਦੇ ਮਾਹਿਰ ਹੋਣ । ਸੇਵਾਦਾਰ ਅੰਮ੍ਰਿਤਧਾਰੀ ਹੋਣੇ ਜ਼ਰੂਰੀ ਹਨ ।

ਚਾਹਵਾਨ ਸੇਵਾਦਾਰ ਦਿੱਤੇ ਨੰਬਰ ਤੇ ਸੰਪਰਕ ਕਰਨ ਜਾਂ ਅਰਜ਼ੀਆਂ ਭੇਜਣ ਦੀ ਕ੍ਰਿਪਾਲਤਾ ਕਰਨ
ਵਧੇਰੇ ਜਾਣਕਾਰੀ ਲਈ ਹਰਦਿਆਲ ਸਿੰਘ ਧਮੜੈਤ: 07373 359229, ਸ: ਬਹਾਦਰ ਸਿੰਘ: 07875 289454

VACANCIES FOR RELIGIOUS WORKERS AT KHALSA DRBAR GURDWARA DERBY U.K.

**Duties:** Singing holy hyms from Holy Guru Granth Sahib Ji, Assa Di Vaar and other Sikh bani Kirtan with instruments, Playing Drums/Tabla. Cook & Distribute Holy Sweet - Doing Chaur Sahib - Look after Manji Sahibs before going to home, Opening and closing Gurdwara Sahib.
**Location:** Derby.
**Duration & Remuneration:** Attractive Salary will be according to UK employment Law. Boarding and Lodging will be provided. Work 34 hours per week.
**Requirements:** Vast Knowledge of Gurmat and Harmonium. Must Write, read and speak Punjabi. Must have sufficient experience in Harmonium teaching. Clean character certificate required from previous employer. Sevadaar must be Amritdhari. Must have right to work in U.K.

Please apply with cv's to **Email: hdhamrait@hotmail.co.uk**
**Contact : Hardial Singh Damrait: 07373 359229, Bahadar Singh - 07875 289454**
**Closing Date : 5 - November - 2025**

SARBAT DA BHALA DERBY CHARITY NO. 1188193

**KHALSA DARBAR GURDWARA DERBY**
**Sinfin Lane, Derby, DE24 9GP.**
Email:Info@khalsadarbar.co.uk / Web:www.khalsadarbar.co.uk

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-20

# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ
## ਨਿਰਮਲ ਪੰਥ ਤੋਂ ਖਾਲਸਾ ਪੰਥ ਤੱਕ

**ਡਾ: ਕਿਰਨਪ੍ਰੀਤ ਕੌਰ ਬਾਠ**



**ਕਹਿਣੀ ਤੇ ਕਰਨੀ ਦੇ ਪੂਰੇ ਗੁਰੂ ਨਾਨਕ ਸਾਹਿਬ ਦੇ ਸਿੱਖ ਐਸੇ ਢੋਂਗੀਆਂ ਦੇ ਚੱਕਰ ਵਿੱਚ ਕਿਵੇਂ ਫਸ ਗਏ? ਹੈਰਾਨੀ ਹੁੰਦੀ ਹੈ! ਅਜੇ ਵੀ ਵੇਲ਼ਾ ਹੈ ਸੰਭਲ਼ ਜਾਈਏ। ਇਹਨਾਂ ਬਾਬਿਆਂ ਦੀ ਗ਼ਲਤੀ ਘੱਟ, ਸਾਡੀ ਵੱਧ ਹੈ। ਇਹ ਗੁਰੂ ਗ੍ਰੰਥ ਸਾਹਿਬ ਤੋਂ ਸਾਨੂੰ ਤੋੜਨ ਲਈ ਹਰ ਹੀਲਾ ਵਰਤਦੇ ਹਨ ਪਰ ਕਦੇ ਆਪਣੇ ਦਿਮਾਗ ਨੂੰ ਥੋੜ੍ਹਾ ਖੋਲ੍ਹ ਕੇ ਪੁੱਛੋ ਤਾਂ ਸਹੀ ਕਿ ਜਿਸ ਨੂੰ ਇਹ ਕਿਤਾਬ ਕਹਿੰਦੇ ਹਨ, ਉਹ ਚਵਰ-ਛਤਰ ਦਾ ਮਾਲਿਕ ਤਾਂ ਹਰ ਸੰਘਰਸ਼ ਵਿੱਚ ਆਪਣੇ ਸਿੱਖਾਂ ਦੇ ਨਾਲ਼ ਰਹਿੰਦਾ ਹੈ। ਹੁਣੇ-ਹੁਣੇ ਦੀ ਉਦਾਹਰਣ ਕਿਸਾਨੀ ਸੰਘਰਸ਼ ਦੀ ਹੀ ਲੈ ਲਓ ਤਾਂ ਕਿਸਾਨੀ ਸੰਘਰਸ਼ ਵਿੱਚ ਗੁਰੂ ਗ੍ਰੰਥ ਸਾਹਿਬ ਅੰਤ ਤਕ ਮੌਜੂਦ ਰਹੇ, ਇਹ ਜੋ ਕਹਿੰਦੇ ਨੇ ਕਿ ਹੱਡ-ਮਾਸ ਦਾ ਗੁਰੂ ਹੋਣਾ ਚਾਹੀਦਾ ਹੈ, ਕਿੱਥੇ ਸਨ?**

ਪਰ ਅਸੀਂ ਤਾਂ ਪ੍ਰਤੱਖ ਆਪਣੇ ਸਾਹਮਣੇ ਵੇਖ ਰਹੇ ਹਾਂ ਕੇ ਜੋ ਆਪੂੰ ਬਣੇ 'ਕੁਲ ਦੁਨੀਆਂ ਦੇ ਮਾਲਿਕ, ਮਹਾਪੁਰਖ, ਸੱਚਾ ਪਾਤਸ਼ਾਹ, ਸਤਿਗੁਰੂ' ਕਹਾਉਂਦੇ ਹਨ ਉਹ ਜਾ ਕੇ ਆਰ. ਐਸ. ਐਸ. ਵਰਗੀਆਂ ਫ਼ਿਰਕਾਪ੍ਰਸਤ ਸੰਸਥਾਵਾਂ ਦੇ ਪੈਰੀਂ ਡਿੱਗ ਜਾਂਦੇ ਹਨ। ਗ਼ਰੀਬ-ਗ਼ੁਰਬੇ ਦੀਆਂ ਜ਼ਮੀਨਾਂ ਤਕ ਡਕਾਰ ਜਾਂਦੇ ਹਨ। ਰਾਜਨੀਤੀ ਸਾਹਮਣੇ ਇਹ ਭਿੱਜੀ ਬਿੱਲੀ ਬਣ ਜਾਂਦੇ ਹਨ ਅਤੇ ਆਮ ਲੋਕਾਂ ਨੂੰ ਇਹ ਮੰਡਲਾਂ ਦਾ ਗਿਆਨ ਦਿੰਦੇ ਫਿਰਦੇ ਹਨ। ਜਦੋਂ ਲੋਕਾਈ ਆਪਣੇ ਹੱਕਾਂ ਖ਼ਾਤਿਰ ਸੜਕ ਉੱਤੇ ਹੁੰਦੀ ਹੈ ਤਾਂ ਇਹ ਮੂੰਹ ਵਿੱਚ ਘੁੰਗਣੀਆਂ ਪਾ, ਆਪਣੇ ਰਾਜਨੀਤਿਕ ਆਕਾਵਾਂ ਨੂੰ ਖ਼ੁਸ਼ ਕਰ ਰਹੇ ਹੁੰਦੇ ਹਨ, ਪਰ ਇਸੇ ਲੋਕਾਈ ਨੂੰ ਜਦੋਂ ਮੁੰਗੀ ਪੁੱਟਣ, ਸੜਕ ਸਾਫ਼ ਕਰਨ ਨੂੰ ਬੁਲਾਉਣਾ ਹੁੰਦਾ ਹੈ ਤਾਂ ਇਹ 'ਦਰਸ਼ਨ' ਦੇਣ ਵੀ ਪਹੁੰਚ ਜਾਂਦੇ ਹਨ।

ਕਹਿਣੀ ਤੇ ਕਰਨੀ ਦੇ ਪੂਰੇ ਗੁਰੂ ਨਾਨਕ ਸਾਹਿਬ ਦੇ ਸਿੱਖ ਐਸੇ ਢੋਂਗੀਆਂ ਦੇ ਚੱਕਰ ਵਿੱਚ ਕਿਵੇਂ ਫਸ ਗਏ? ਹੈਰਾਨੀ ਹੁੰਦੀ ਹੈ! ਅਜੇ ਵੀ ਵੇਲ਼ਾ ਹੈ ਸੰਭਲ਼ ਜਾਈਏ। ਇਹਨਾਂ ਬਾਬਿਆਂ ਦੀ ਗ਼ਲਤੀ ਘੱਟ, ਸਾਡੀ ਵੱਧ ਹੈ। ਇਹ ਗੁਰੂ ਗ੍ਰੰਥ ਸਾਹਿਬ ਤੋਂ ਸਾਨੂੰ ਤੋੜਨ ਲਈ ਹਰ ਹੀਲਾ ਵਰਤਦੇ ਹਨ ਪਰ ਕਦੇ ਆਪਣੇ ਦਿਮਾਗ ਨੂੰ ਥੋੜ੍ਹਾ ਖੋਲ੍ਹ ਕੇ ਪੁੱਛੋ ਤਾਂ ਸਹੀ ਕਿ ਜਿਸ ਨੂੰ ਇਹ ਕਿਤਾਬ ਕਹਿੰਦੇ ਹਨ, ਉਹ ਚਵਰ-ਛਤਰ ਦਾ ਮਾਲਿਕ ਤਾਂ ਹਰ ਸੰਘਰਸ਼ ਵਿੱਚ ਆਪਣੇ ਸਿੱਖਾਂ ਦੇ ਨਾਲ਼ ਰਹਿੰਦਾ ਹੈ। ਹੁਣੇ-ਹੁਣੇ ਦੀ ਉਦਾਹਰਣ ਕਿਸਾਨੀ ਸੰਘਰਸ਼ ਦੀ ਹੀ ਲੈ ਲਓ ਤਾਂ ਕਿਸਾਨੀ ਸੰਘਰਸ਼ ਵਿੱਚ ਗੁਰੂ ਗ੍ਰੰਥ ਸਾਹਿਬ ਅੰਤ ਤਕ ਮੌਜੂਦ ਰਹੇ, ਇਹ ਜੋ ਕਹਿੰਦੇ ਨੇ ਕਿ ਹੱਡ-ਮਾਸ ਦਾ ਗੁਰੂ ਹੋਣਾ ਚਾਹੀਦਾ ਹੈ, ਕਿੱਥੇ ਸਨ? ਜਦੋਂ ਅਸੀਂ ਆਪਣੀਆਂ ਮੂਲ-ਜੜ੍ਹਾਂ ਹੀ ਪਿੱਛੇ ਛੱਡ ਦਿੱਤੀਆਂ ਤਾਂ ਕਿਵੇਂ ਆਸ ਕਰ ਸਕਦੇ ਹਾਂ ਕਿ ਵੈਸਾਖੀ ਦਾ ਮੂਲ-ਰੂਪ ਸੰਭਾਲ਼ ਕਰ ਰੱਖਾਂਗੇ।

ਸਤਿਬੀਰ ਸਿੰਘ. ਇਤਿ ਜਿਨਿ ਕਰੀ : ਜੀਵਨੀ ਸ੍ਰੀ ਗੁਰੂ ਤੇਗ਼ ਬਹਾਦਰ ਜੀ (ਜਲੰਧਰ: ਨਿਊ ਬੁੱਕ ਕੰਪਨੀ), 1975. ਪੰਨਾ ਨੰਬਰ 45

ਗੁਰਗੱਦੀ ਗੋਬਿੰਦ ਰਾਏ ਨੂੰ ਦਿੱਤੀ। ਸਤਿਬੀਰ ਸਿੰਘ, ਸ਼ਹੀਦ ਬਿਲਾਸ ਦੇ ਹਵਾਲੇ ਨਾਲ਼, ਲਿਖਦੇ ਹਨ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਮੰਨ ਬਣਾ ਲਿਆ ਸੀ ਅਤੇ ਗੁਰਗੱਦੀ ਦੀ ਜ਼ਿੰਮੇਵਾਰੀ ਗੁਰੂ ਗੋਬਿੰਦ ਸਾਹਿਬ ਨੂੰ ਦਿੱਤੀ, ਕਮਰ-ਕੱਸਾ ਆਪ ਕਰਵਾਇਆ, ਗੁਰੂ ਹਰਿਗੋਬਿੰਦ ਜੀ ਦੇ ਸ਼ਸਤਰ ਪਹਿਨਾਏ ਅਤੇ ਪੰਜ ਪੈਸੇ ਰੱਖ ਕੇ ਮੱਥਾ ਟੇਕਿਆ। ਦਸ਼ਮੇਸ਼ ਪਿਤਾ ਨੇ ਖ਼ੁਸ਼ੀ ਨਾਲ਼ ਜਾਣ ਦੀ ਆਗਿਆ ਦਿੱਤੀ, ਪੂਰੀ ਚੌਪਈ ਇਸ ਪ੍ਰਕਾਰ ਹੈ :

ਤਬ ਸਤਿਗੁਰੂ ਇਵ ਮਨ ਠਹਿਰਾਈ
ਬਿਨ ਸਿਰ ਦੀਏ ਜਗਤ ਦੁੱਖ ਪਾਈ
ਦਾਸ ਗੋਬਿੰਦ ਥੀ ਪਾਸ ਬਹਾਯੋ
ਕਮਰ ਕਸਾ ਸਤਿਗੁਰ ਕਰਾਯੋ
ਪੈਸੇ ਪਾਂਚ ਸ੍ਰੀ ਫ਼ਲ ਏਕ
ਧਰ ਆਗੇ ਦੀਉ ਮਸਤਕ ਟੇਕ
ਬਾਲ ਗੁਰੂ ਤਬ ਕਹਿਯੋ ਅਲਾਇ
ਪਿਤਾ ਗੁਰੂ ਤਉ ਕਰੋ ਸਹਾਇ

ਗੁਰੂ ਤੇਗ਼ ਬਹਾਦਰ ਸਾਹਿਬ ਦਾ ਗੁਰੂ-ਗੱਦੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਦੇਣ ਦੇ ਬਾਅਦ ਉਹਨਾਂ ਨੂੰ ਮੱਥਾ ਟੇਕਣਾ, ਆਪਣੇ-ਆਪ ਵਿੱਚ ਹੀ ਇਹ ਸਿੱਧ ਕਰਦਾ ਹੈ ਕਿ ਗੁਰੂ ਜੋਤ ਹੈ, ਸਰੀਰ ਨਹੀਂ। ਦੇਹ-ਰੂਪ ਵਿੱਚ ਬੇਸ਼ੱਕ ਗੁਰੂ ਤੇਗ਼ ਬਹਾਦਰ ਸਾਹਿਬ ਆਪਣੇ ਬੇਟੇ ਨੂੰ ਮੱਥਾ ਟੇਕ ਰਹੇ ਹਨ, ਪਰ ਜੋਤ-ਰੂਪ ਵਿੱਚ ਉਹ ਗੁਰੂ ਤਖ਼ਤ ਉੱਤੇ ਬਿਰਾਜਮਾਨ ਅਗਲੇ ਮਹਲ ਨੂੰ ਮੱਥਾ ਟੇਕ ਰਹੇ ਹਨ।

### ਗੁਰੂ ਗੋਬਿੰਦ ਸਿੰਘ ਜੀ

ਗੁਰੂ ਗੋਬਿੰਦ ਸਾਹਿਬ ਦਾ ਜੀਵਨ ਆਪਣੇ ਆਪ ਵਿੱਚ ਹੀ ਸਿਰ ਵਰਤਣ ਅਤੇ ਸਿਰ ਦੇਣ ਦੀ ਅਨੋਖੀ ਸੁਮੇਲੀ ਕਲਾ ਦਾ ਵਰਤਾਰਾ ਹੈ। ਇਤਿਹਾਸ ਦਸਦਾ ਹੈ ਕਿ ਬਾਲ ਗੋਬਿੰਦ ਰਾਏ ਨੇ ਨੌਂ ਸਾਲ ਦੀ ਉਮਰ ਤਕ ਸੰਸਾਰੀ, ਵਿਹਾਰੀ ਅਤੇ ਜੰਗੀ ਵਿੱਦਿਆ ਪ੍ਰਾਪਤ ਕਰ ਲਈ ਸੀ। ਉਹ ਫ਼ਾਰਸੀ, ਸੰਸਕ੍ਰਿਤ, ਗੁਰਮੁਖੀ ਦੇ ਗਿਆਤਾ ਸਨ। ਇਸ ਦੇ ਨਾਲ਼ ਹੀ ਗੁਰਬਾਣੀ ਅਭਿਆਸ ਵੀ ਕਰ ਚੁੱਕੇ ਸਨ। ਸ਼ਸਤਰ ਵਿੱਦਿਆ, ਘੋੜ ਸਵਾਰੀ ਅਤੇ ਹੋਰ ਯੁੱਧ ਕਲਾਵਾਂ ਵਿੱਚ ਵੀ ਮਾਹਰ ਹੋ ਗਏ ਸਨ।

ਜਦ ਕਸ਼ਮੀਰੀ ਪੰਡਤਾਂ ਨੇ ਗੁਰੂ ਨਾਨਕ ਸਾਹਿਬ ਦੇ ਘਰ ਦੀ ਸ਼ਰਨ ਤੱਕੀ ਤਾਂ ਭਾਈ ਗੁਰਦਾਸ ਜਿਵੇਂ ਲਿਖਦੇ ਹਨ:

ਗੁਰੂ ਨਾਨਕ ਸਭ ਕੇ ਸਿਰ ਤਾਜਾ ॥
ਜਿਹ ਕਉ ਸਿਮਰਿ ਸਰੇ ਸਭ ਕਾਜਾ ॥
(ਭਾਈ ਗੁਰਦਾਸ ਵਾਰ 41)

ਸਤਿਬੀਰ ਸਿੰਘ, ਅਸ਼ਟਮ ਬਲਬੀਰਾ: ਜੀਵਨੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ (ਜਲੰਧਰ: ਨਿਊ ਬੁੱਕ ਕੰਪਨੀ), 1980 (ਪੰਨਾ ਨੰਬਰ 157)

ਇਹਨਾਂ ਦੇ ਕਾਜ-ਸਵਾਰਨ ਹੇਤ ਗੁਰੂ-ਪਿਤਾ ਨੇ ਇੱਕ ਸੀਸ ਲੱਗਣ ਦੀ ਗੱਲ ਕੀਤੀ, ਜਿਸ ਉੱਤੇ ਗੋਬਿੰਦ ਰਾਏ ਨੇ ਕਿਹਾ ਕਿ ਤੁਹਾਡੇ ਤੋਂ ਉੱਚੀ ਸ਼ਖ਼ਸ਼ੀਅਤ ਹੋਰ ਕਿਹੜੀ ਹੋ ਸਕਦੀ ਹੈ? ਸੋ ਇੱਥੇ ਸਮਝਣ ਲਾਇਕ ਗੱਲ ਇਹ ਹੈ ਕਿ ਪੰਜਵੇਂ ਜਾਮੇ ਵਿੱਚ ਗੁਰੂ ਨੇ ਆਪ ਸ਼ਹਾਦਤ ਦੇ ਅਮਲੀ ਰੂਪ ਵਿੱਚ ਜੋ ਪਾਠ ਪੜ੍ਹਾਇਆ ਸੀ, ਇੱਥੇ ਆਪਣੇ ਪਿਤਾ ਨੂੰ ਖ਼ੁਦ ਸੀਸ ਦੇਣ ਲਈ ਕਹਿ ਗੋਬਿੰਦ ਰਾਏ ਨੇ ਇਹ ਸਿੱਧ ਕੀਤਾ ਕਿ ਕੋਈ ਵੀ ਇਸ ਸਿਧਾਂਤ ਤੋਂ ਬਾਹਰ ਨਹੀਂ ਹੈ ਅਤੇ ਨਾਲ਼ ਹੀ ਸੰਗਤਾਂ ਸਾਹਮਣੇ ਇੱਕ ਹੋਰ ਮਿਸਾਲ ਪੇਸ਼ ਕੀਤੀ, ਜਿਸ ਤਹਿਤ ਸਿੱਖਾਂ ਨੂੰ ਇਹ ਸਮਝਾਇਆ ਕਿ ਪੰਥ ਇੱਕ ਪਰਿਵਾਰ ਰੂਪ ਵਿੱਚ ਚਲੇਗਾ, ਇੱਥੇ ਨਿੱਜ ਮੁਕਾ ਕੇ ਤੁਰਨਾ ਪੈਣਾ ਹੈ।


ਜਦ ਗੁਰੂ ਸਾਹਿਬ ਦਿੱਲੀ ਵੱਲ ਰਵਾਨਾ ਹੋਏ ਤਾਂ ਗੁਰਗੱਦੀ ਗੋਬਿੰਦ ਰਾਏ ਸਾਹਿਬ ਨੂੰ ਦੇ ਗਏ। ਗੁਰੂ ਗੋਬਿੰਦ ਸਾਹਿਬ ਹੀ ਤਾਂ ਪਹਿਲੇ ਜਾਮੇ ਤੋਂ ਦੋ ਸਦੀਆਂ ਲਾ ਇਸ ਗੁਰਸਿੱਖ ਦੀ ਘਾੜਤ ਘੜਦੇ ਆਏ ਸਨ, ਜਾਂ ਇਹ ਕਹਿ ਲਵੋ ਕੇ ਗੁਰੂ ਨਾਨਕ ਸਾਹਿਬ ਹੀ ਹੁਣ ਦਸਵੇਂ ਜਾਮੇ ਵਿੱਚ ਆਪਣੇ ਘੜੇ ਗੁਰਮੁਖ ਦੀ ਅਗਵਾਈ ਕਰ ਰਹੇ ਸਨ। ਫਿਰ ਜਦੋਂ ਅਸੀਂ ਇਹ ਕਹਿਣ ਲੱਗ ਜਾਂਦੇ ਹਾਂ ਕਿ ਗੁਰੂ ਗੋਬਿੰਦ ਸਾਹਿਬ ਛੋਟੀ ਉਮਰ ਵਿੱਚ ਹੀ ਜੰਗ ਦੇ ਮੈਦਾਨ ਵਿੱਚ ਉਤਰੇ ਸੀ ਤਾਂ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਇੱਥੇ 'ਉਮਰ' ਅਤੇ 'ਦੇਹ' ਦਾ ਕੋਈ ਵਾਸਤਾ ਹੀ ਨਹੀਂ ਹੈ।

ਹਮੂ ਗੁਰੂ ਗੋਬਿੰਦ ਸਿੰਘ, ਹਮੂ ਨਾਨਕ ਅਸਤ
ਹਮੂ ਰਤਨ ਜੌਹਰ, ਹਮੂ ਮਾਣਕ ਅਸਤ

ਏਹੀ ਨਿਰੰਤਰਤਾ ਸਾਨੂੰ ਅੱਜ ਸਮਝਣ ਦੀ ਲੋੜ ਹੈ, ਕਿਉਂਕਿ ਇਸ ਨਿਰੰਤਰਤਾ ਤੋਂ ਬਿਨਾ 1699 ਦੀ ਵੈਸਾਖੀ ਸਮਝ ਨਹੀਂ ਆ ਸਕਦੀ। ਇਹ ਜੋਤ-ਜੁਗਤਿ ਦੀ ਖੇਡ ਇਸ ਨੂੰ ਸਮਝੇ ਬਿਨਾ ਸਿਰਫ਼ ਤੰਬੂ ਵਿੱਚ ਕੀ ਹੋਇਆ, ਪੰਜ ਪਿਆਰੇ ਕਿਹੜੇ ਰਾਜਾਂ ਵਿੱਚੋਂ ਆਏ, ਗੁਰੂ ਗੋਬਿੰਦ ਸਿੰਘ ਦਾ ਥਾਪਿਆ ਖ਼ਾਲਸਾ ਗੁਰੂ ਨਾਨਕ ਨਾਲੋਂ ਵੱਖ ਸੀ; ਜਿਹੇ ਭੰਬਲਭੂਸੇ ਵੀ ਰਹਿ ਸਕਦੇ ਹਨ।

### 'ਸ਼ੋਕ' ਨਹੀਂ 'ਸ਼ੁਕਰ' ਕਰੋ

ਜਦ ਭਾਈ ਜੈਤਾ ਜੀ ਨੌਵੇਂ ਪਾਤਸ਼ਾਹ ਦਾ ਸੀਸ ਲੈ ਕੇ ਆਏ ਤਾਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਸਕਾਰ ਹੱਥੀਂ ਕਰ ਸੰਗਤਾਂ ਨੂੰ ਹੁਕਮ ਕੀਤਾ ਕਿ 'ਹੁਣ ਵੇਲ਼ਾ ਤਿਆਰੀ ਦਾ ਹੈ, ਸ਼ੋਕ ਦਾ ਨਹੀਂ। 'ਸ਼ੋਕ' ਦੀ ਥਾਂ 'ਸ਼ੁਕਰ' ਕਰੋ ਅਤੇ ਗੁਰੂ ਸਾਹਿਬ ਦੇ ਪਾਏ ਪੂਰਨਿਆਂ 'ਤੇ ਚੱਲਣ ਦਾ ਪ੍ਰਣ ਕਰ ਲਓ। ਗੁਰੂ ਤਖ਼ਤ 'ਤੇ ਬਿਰਾਜਮਾਨ ਹੋਣ ਉੱਤੇ ਬਾਬਾ ਬੁੱਢਾ ਜੀ ਦੇ ਵੰਸ਼ਜ ਬਾਬਾ ਰਾਮ ਕੌਰ ਜੀ ਨੇ ਕਲਗ਼ੀ, ਹੀਰਿਆਂ ਜੜੀ ਦਸਤਾਰ ਪੇਸ਼ ਕਰ ਆਪਣੇ ਹੱਥੀਂ ਸਜਾਈ। ਨਾਲ਼ ਹੀ ਦੁਸ਼ਾਲਾ, ਮੋਤੀਆਂ ਦੀ ਮਾਲਾ, ਕਮਾਨ, ਤਲਵਾਰ, ਚਾਂਦੀ ਦੇ ਸਾਜ ਨਾਲ਼ ਸਜਿਆ ਘੋੜਾ, ਬਾਜ ਅਤੇ ਪੰਜ ਮੋਹਰਾਂ ਵੀ ਭੇਟ ਕੀਤੀਆਂ। ਇਹ ਸਭ ਰਾਜਸੀ ਚਿੰਨ੍ਹ ਹਨ ਜੋ ਗੁਰੂ ਸਾਹਿਬ ਨੂੰ ਇੱਕ ਗੁਰਸਿੱਖ ਭੇਟ ਕਰ ਰਿਹਾ ਹੈ। ਇਸ ਦਾ ਸਰਲ ਸ਼ਬਦਾਂ ਵਿੱਚ ਅਰਥ ਹੈ ਕਿ ਗੁਰਸਿੱਖਾਂ ਨੂੰ ਹੁਣ ਰਾਜ-ਭਾਗ ਦੀ ਸਮਝ ਵੀ ਆ ਗਈ ਸੀ ਅਤੇ ਇਸ ਦੇ ਤੌਰ-ਤਰੀਕੇ ਵੀ। ਗੁਰੂ ਸਾਹਿਬ ਅਨੰਦਪੁਰ ਸਾਹਿਬ ਵਿੱਚ ਹੀ ਯੁੱਧ ਅਭਿਆਸ ਕਰਵਾਉਂਦੇ, ਜੰਗੀ-ਵਿੱਦਿਆ ਦੇ ਮੁਕਾਬਲੇ ਕਰਵਾਉਂਦੇ, ਕਿਲ੍ਹਿਆਂ ਦੀ ਉਸਾਰੀ ਸ਼ੁਰੂ ਕੀਤੀ, ਚਮੜੇ ਦਾ ਕਾਰਖ਼ਾਨਾ ਵੀ ਲਾਇਆ ਗਿਆ, ਖ਼ਾਸ ਕਾਬੁਲ ਤੋਂ ਚੰਗੀ ਨਸਲ ਦੇ ਘੋੜੇ ਖ਼ਰੀਦਣ ਲਈ ਸਿੱਖ ਭੇਜੇ ਗਏ। ਹੁਣ ਇਹ ਸਾਰਾ ਵਰਤਾਰਾ ਵੇਖ ਕਿ ਜੇ ਅਜੇ ਵੀ ਕੋਈ ਇਹ ਕਹੇ ਕਿ ਧਰਮ ਨੂੰ ਰਾਜਨੀਤੀ ਤੋਂ ਪਰਾਂ ਰੱਖਣਾ ਚਾਹੀਦਾ ਹੈ ਤਾਂ ਮੈਨੂੰ ਨਹੀਂ ਲੱਗਦਾ ਕਿ ਉਹ ਸਿੱਖ ਇਤਿਹਾਸ ਨੂੰ ਥੋੜਾ ਵੀ ਸਮਝ ਸਕੇ ਹਨ। ਜੇ ਅਜੇ ਵੀ ਕੋਈ ਇਹ ਕਹੇ ਕਿ ਸਿੱਖਾਂ ਦੀ ਅੱਡਰੀ ਹੋਂਦ-ਹਸਤੀ ਤਾਂ ਸਿੰਘ ਸਭਾ ਲਹਿਰ ਦਾ ਸਿੱਟਾ ਹੈ ਤਾਂ ਓਹਨਾ ਨੂੰ ਇੱਕ ਵਾਰ ਜਾਂ ਤਾਂ ਇਤਿਹਾਸ ਦੀ ਲਗਾਤਾਰਤਾ ਉੱਤੇ ਨਜ਼ਰ ਮਾਰ ਲੈਣੀ ਚਾਹੀਦੀ ਹੈ ਜਾਂ ਫਿਰ ਇਹ ਮੰਨ ਲੈਣਾ ਚਾਹੀਦਾ ਹੈ ਕਿ ਉਹ ਇੱਕ ਖ਼ਾਸ ਫ਼ਿਰਕੇ ਨੂੰ ਖ਼ੁਸ਼ ਕਰਨ ਦੇ ਚੱਕਰ ਵਿੱਚ ਕੂੜ ਪ੍ਰਚਾਰ ਕਰ ਰਹੇ ਹਨ।




### ਰਣਜੀਤ ਨਗਾਰਾ

ਅਨੰਦਗੜ੍ਹ ਦੀ ਸਥਾਪਨਾ ਕਰਨ ਉਪਰੰਤ ਵੈਸਾਖੀ (1684 ਈ:) ਵਾਲ਼ੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਨੌਂ ਨੇਜੇ ਭਰ ਉੱਚਾ ਸਿੰਘਾਸਨ ਤਿਆਰ ਕਰਵਾਇਆ ਅਤੇ ਨਗਾਰਾ ਬਣਵਾਇਆ, ਜਿਸ ਦਾ ਨਾਂ ਵਿਜੈ ਪਾਉਣ ਵਾਲ਼ਾ 'ਰਣਜੀਤ ਨਗਾਰਾ' ਰੱਖਿਆ ਗਿਆ। ਜਦੋਂ ਵੀ ਗੁਰੂ ਸਾਹਿਬ ਮਹਿਲ ਤੋਂ ਬਾਹਰ ਜਾਂਦੇ ਜਾਂ ਵਾਪਿਸ ਆਉਂਦੇ ਤਾਂ ਏਹੀ ਨਗਾਰਾ ਵਜਾਇਆ ਜਾਂਦਾ। ਝੂਲਤੇ ਨਿਸ਼ਾਨ ਅਤੇ ਨਗਾਰਾ ਅਜ਼ਾਦੀ ਅਤੇ ਪ੍ਰਭੂ-ਸੱਤਾ ਦਾ ਪ੍ਰਤੀਕ ਹੈ। ਔਰੰਗਜ਼ੇਬ ਹਮੇਸ਼ਾ ਲੋਕਾਂ ਨੂੰ ਅਧੀਨਗੀ ਦਾ ਅਹਿਸਾਸ ਕਰਵਾਉਂਦਾ ਫ਼ੁਰਮਾਨ ਜਾਰੀ ਕਰਦਾ ਰਹਿੰਦਾ, ਜਿਸ ਤਹਿਤ ਉਸ ਨੇ ਪਾਲਕੀ 'ਤੇ ਚੜਣ ਤੋਂ, ਇਰਾਕੀ ਜਾਂ ਅਰਬੀ ਘੋੜੇ ਦੀ ਸਵਾਰੀ, ਮੋਤੀਆਂ ਦੀ ਮਾਲਾ ਪਹਿਨਣ, ਨਗਾਰਾ ਜਾਂ ਧੌਂਸ ਵਜਾਉਣ ਤੋਂ ਮਨਾਹੀ ਕੀਤੀ ਹੋਈ ਸੀ। ਭਾਵ ਕਿ ਕੋਈ ਵੀ ਚੀਜ ਜੋ ਬਾਦਸ਼ਾਹਤ, ਅਜ਼ਾਦੀ ਅਤੇ ਪ੍ਰਭੂ-ਸੱਤਾ ਦੀ ਪ੍ਰਤੀਕ ਸੀ, ਉਹ ਔਰੰਗਜ਼ੇਬ ਨੇ ਮਨ੍ਹਾ ਕਰ ਰੱਖੀ ਸੀ। ਫਿਰ ਉਸਨੇ ਮੇਲਿਆਂ ਉਤੇ ਵੀ ਪਾਬੰਦੀ ਲਾਈ ਹੋਈ ਸੀ ।

ਚਲਦਾ.....

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 30 'ਤੇ ਪੜ੍ਹੋ**

**621. ਸਤਸੰਗਤਿ ਕੀ ਹੈ ਤੇ ਸਤਸੰਗਤਿ ਦੀ ਮਹਿਮਾ ਕੀ ਹੈ?**

ਵਡਭਾਗੀਆਂ ਨੂੰ ਸਾਧਸੰਗਤਿ ਦੀ ਪ੍ਰਾਪਤੀ ਹੁੰਦੀ ਹੈ । "ਸਾਧਸੰਗਤਿ ਵਡਭਾਗੀ ਪਾਈਐ ॥2॥ ਅੰਗ 180" । ਜਿਹਨਾਂ ਦੇ ਮਾਇਆ ਦੇ ਬੰਧਨ ਸਤਿਗੁਰੂ ਕੱਟ ਦਿੰਦਾ ਹੈ ਉਹਨਾਂ ਨੇ ਸਾਧਸੰਗਤਿ ਵਿਚ ਪ੍ਰਭੂ ਨਾਲ਼ ਅਟੁੱਟ ਪਿਆਰ ਪਾ ਲਿਆ । "ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥ ਅੰਗ 205"। ਸਾਧਸੰਗਤਿ ਵਿਚ ਇਕ ਅੱਖ ਝਮਕਣ ਦੇ ਸਮੇਂ ਲਈ ਪ੍ਰਭੂ ਦਾ ਨਾਮ ਜਪ ਕੇ ਰਤਨ ਵਰਗਾ ਇਹ ਅਮੋਲਕ ਮਨੁੱਖਾ ਜਨਮ ਦੀ ਬਾਜ਼ੀ ਜਿੱਤ ਲੈ; ਭਾਵ ਕੀਮਤੀ ਮਨੁੱਖਾ ਜਨਮ ਸਫਲ ਕਰ ਲੈ । "ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧਸੰਗਤਿ ਜਪਿ ਇਕ ਖਿਨਾ ॥1॥ ਰਹਾਉ ॥ ਅੰਗ 210"।

ਸਾਧਸੰਗਤਿ ਵਿਚ ਸੰਤਾਂ ਦੀ ਕਿਰਪਾ ਨਾਲ਼ ਮਾਇਆ ਮੋਹ 'ਚ ਸੁੱਤਾ ਹੋਇਆ ਮਨ ਜਾਗ ਪੈਂਦਾ ਹੈ । "ਸਾਧਸੰਗਤਿ ਪਰਸਾਦਿ ਸੰਤਨ ਕੈ ਸੋਇਓ ਮਨੁ ਜਾਗਿਓ ॥3॥ ਅੰਗ 215" । ਕਬੀਰ ਜੀ ਬਚਨ ਕਰਦੇ ਹਨ ਕਿ (ੳ) ਸਾਧਸੰਗਤਿ ਅਤੇ ਗੁਰੂ ਦੀ ਕਿਰਪਾ ਨਾਲ਼ ਮੈਂ ਸਰੀਰ ਰੂਪੀ ਕਿਲੇ ਦਾ ਰਾਜਾ (ਮਨ) ਕਾਬੂ ਕਰ ਲਿਆ ਹੈ । "ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗੜ ਕੋ ਰਾਜਾ ॥5॥ ਅੰਗ 1161" । ਅਤੇ (ਅ) ਸਾਧਸੰਗਤਿ ਹੀ ਬੈਕੁੰਠ ਹੈ । "ਸਾਧਸੰਗਤਿ ਬੈਕੁੰਠੈ ਆਹਿ ॥4॥10॥ ਅੰਗ 325 ਅਤੇ 1161" । ਸਾਧਸੰਗਤਿ ਵਿਚ ਪ੍ਰਭੂ ਪ੍ਰਤੀ ਵਿਸ਼ਵਾਸ ਪੈਦਾ ਹੁੰਦਾ ਹੈ, ਸਾਧਸੰਗਤਿ ਬਿਨਾ ਕਿਸੇ ਦਾ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਨਹੀਂ ਹੁੰਦਾ ਤੇ ਸਾਧਸੰਗਤਿ ਨੂੰ ਮਿਲ ਕੇ ਬੁੱਧੀ ਅੱਛੇ ਬੁਰੇ ਦੀ ਪਛਾਣ ਕਰਨ ਵਾਲ਼ੀ ਹੋ ਜਾਂਦੀ ਹੈ। "ਸਾਧਸੰਗਤਿ ਉਪਜੈ ਬਿਸ੍ਵਾਸ ॥ ਅੰਗ 343" ।, "ਸਾਧਸੰਗਤਿ ਬਿਨੁ ਤਰਿਓ ਨ ਕੋਇ ॥ ਅੰਗ 373" । ਅਤੇ "ਸਾਧਸੰਗਤਿ ਮਿਲਿ ਬੁਧਿ ਬਿਬੇਕ ॥3॥ ਅੰਗ 377" ।

ਸਤਿਗੁਰੂ ਅਰਜਨ ਦੇਵ ਜੀ ਇਕ ਸ਼ਬਦ 'ਚ ਪੁੱਛਦੇ ਹਨ ਕਿ ਕੋਈ ਐਸਾ ਬਲਵਾਨ ਹੈ ਜਿਸਨੇ ਪੰਜ ਸੂਰਬੀਰ (ਵਿਕਾਰ) ਮਾਰ ਲਏ ਹਨ ("ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥ ਅੰਗ 404" ।)? ਅਤੇ ਸ਼ਬਦ ਦੇ ਅਖੀਰ ਵਿਚ ਇਸ ਸਵਾਲ ਦਾ ਜਵਾਬ ਦਿੰਦੇ ਹਨ ਕਿ ਉਹ ਮਨੁੱਖ ਇਹਨਾਂ ਨੂੰ ਪੂਰੀ ਤਰ੍ਹਾਂ ਦਲ਼ ਦਿੰਦਾ ਹੈ ਜਿਹੜਾ ਸਾਧ ਸੰਗਤਿ ਦੇ ਆਸਰੇ ਵਿਚ ਰਹਿੰਦਾ ਹੈ । "ਕਹੁ ਨਾਨਕ ਤਿਨਿ ਜਨਿ ਨਿਰਦਲਿਆ ਸਾਧ ਸੰਗਤਿ ਕੈ ਝਲੀ ਰੇ ॥2॥3॥132॥ ਅੰਗ 404" । ਸਾਧਸੰਗਤਿ ਨਾਲ਼ ਹਉਮੈ ਦੂਰ ਹੋ ਜਾਂਦੀ ਹੈ। "ਸਾਧਸੰਗਤਿ ਤਿਉ ਹਉਮੈ ਛੁਟ ॥ ਅੰਗ 1181" । ਇਸ ਕਰਕੇ ਗੁਰ ਉਪਦੇਸ਼ ਹੈ ਕਿ ਸਾਧਸੰਗਤਿ ਨੂੰ ਮਿਲਕੇ ਸਿਰਫ ਪ੍ਰਭੂ ਦਾ ਨਾਮ ਭਜੋ । "ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥1॥ ਅੰਗ 378" । ਅਤੇ ਸਾਧਸੰਗਤਿ ਵਿਚ ਸਦਾ ਪਰਮਾਤਮਾ ਦਾ ਭਜਨ ਕਰ ਜਿਸ ਨਾਲ਼ ਕੀਤੇ ਹੋਏ ਵਿਕਾਰ ਮਿਟ ਜਾਂਦੇ ਹਨ । "ਭਜੁ ਸਾਧਸੰਗਤਿ ਸਦਾ ਨਾਨਕ ਮਿਟਹਿ ਦੋਖ ਕਮਾਤੇ ॥1॥ ਅੰਗ 461" । ਸਾਧਸੰਗਤਿ ਵਿਚ ਮਿਲ ਕੇ (ਸਿਮਰਨ ਕਰਨ ਨਾਲ਼) ਚਿਰਾਂ ਦੇ ਕੀਤੇ ਹੋਏ ਪਾਪ ਮਿਟ ਜਾਂਦੇ ਹਨ ਤੇ ਮਰੀ ਹੋਈ ਜ਼ਮੀਰ ਵਾਲ਼ਾ ਮਨੁੱਖ ਮੁੜ ਆਤਮਿਕ ਜੀਵਨ ਹਾਸਲ ਕਰ ਲੈਂਦਾ ਹੈ । "ਮਿਟਹਿ ਕਮਾਣੇ ਪਾਪ ਚਿਰਾਣੇ ਸਾਧ ਸੰਗਤਿ ਮਿਲਿ ਮੁਆ ਜੀਜੈ ॥1॥ ਰਹਾਉ ॥ ਅੰਗ 683" । ਸਤਿਗੁਰੂ ਤੇਗ ਬਹਾਦਰ ਜੀ ਵੀ ਉਪਦੇਸ਼ ਕਰਦੇ ਹਨ ਕਿ ਸਾਧਸੰਗਤਿ ਕਰੋ, ਮਾਇਆ ਪਤੀ ਪ੍ਰਭੂ ਦਾ ਸਿਮਰਨ ਕਰੋ, ਤੁਸੀਂ ਮਲੀਨ ਤੋਂ ਪਵਿਤ੍ਰ ਹੋ ਜਾਓਗੇ । "ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥ ਅੰਗ 631" । ਸਾਧਸੰਗਤਿ ਵਿਚ ਮਨ ਨਿਰਮਲ ਹੁੰਦਾ ਹੈ ਤੇ ਜੀਵ ਮੁੜਕੇ ਜਨਮ ਲੈ ਕੇ ਨਹੀਂ ਆਉਂਦਾ । "ਸਾਧਸੰਗਤਿ ਹੋਹਿ ਨਿਰਮਲੁ ਬਹੁੜਿ ਜੋਨਿ ਨ ਆਉ ॥1॥ ਅੰਗ 1220" । ਦਾਸ ਨਾਨਕ ਆਖਦਾ ਹੈ ਸਾਧਸੰਗਤਿ ਵਿਚ ਮਿਲ ਕੇ ਪਰਮਾਤਮਾ ਦਾ ਨਾਮ ਸਿਮਰਨਾ ਚਾਹੀਦਾ ਹੈ । "ਜਨੁ ਕਹੈ ਨਾਨਕੁ ਮਿਲਿ ਸਾਧਸੰਗਤਿ ਹਰਿ ਹਰਿ ਨਾਮੁ ਧਿਆਇਓ ॥3॥ ਅੰਗ 542" ।

ਹੇ ਦਯਾਲ! ਹੇ ਲਾਲ! ਹੇ ਗੋਬਿੰਦ! ਮੇਰੀ (ਨਾਨਕ ਦੀ) ਸਾਧਸੰਗਤਿ ਨੂੰ ਮਿਲਕੇ ਉੱਚੀ ਅਵਸਥਾ (ਮਾਇਆ ਦੇ ਤਿੰਨ ਗੁਣਾਂ ਤੋਂ ਉੱਪਰ ਦੀ) ਹੋ ਜਾਂਦੀ ਹੈ । "ਦਇਆਲ ਲਾਲ ਗੋਬਿੰਦ ਨਾਨਕ ਮਿਲੁ ਸਾਧਸੰਗਤਿ ਹੋਇ ਗਤੇ ॥1॥ ਅੰਗ 455" । ਅਤੇ "ਸਾਧਸੰਗਤਿ ਪਾਈ ਪਰਮ ਗਤੇ ॥ ਰਹਾਉ॥ ਅੰਗ 1293" । ਸਾਧਸੰਗਤਿ ਵਿਚ ਪਰਮਾਤਮਾ ਦਾ ਭਜਨ ਕਰ ਕੇ ਮਨੁੱਖਾਂ ਨੂੰ ਧਰਮ, ਧੀਰਜ ਤੇ ਆਤਮਿਕ ਅਡੋਲਤਾ ਦੀ ਪ੍ਰਾਪਤੀ ਹੋ ਜਾਂਦੀ ਹੈ ਤੇ ਉਹ ਸੁਖੀ ਹੋ ਜਾਂਦੇ ਹਨ । "ਧਰਮ ਧੀਰਜ ਸਹਜ ਸੁਖੀਏ ਸਾਧਸੰਗਤਿ ਹਰਿ ਭਜੇ ॥ ਅੰਗ 460" । ਸਾਧ (ਸਤਿਗੁਰੂ ਦੀ) ਸੰਗਤਿ ਤੋਂ (ਮੈਂ) ਸਾਰੇ ਫਲ ਪ੍ਰਾਪਤ ਕੀਤੇ ਹਨ, ਮੈਂ ਸਤਿਗੁਰੂ ਤੋਂ ਕੁਰਬਾਨ ਜਾਂਦਾ ਹਾਂ । "ਸਾਧਸੰਗਤਿ ਤੇ ਸਭ ਫਲ ਪਾਏ ਸਤਿਗੁਰ ਕੈ ਬਲਿ ਜਾਂਈ॥1॥ ਅੰਗ 620" । ਜਦੋਂ ਤੋਂ ਮੈਂ ਗੁਰੂ ਦੀ ਸੰਗਤਿ ਪ੍ਰਾਪਤ ਕੀਤੀ ਹੈ, (ਉਦੋਂ ਤੋਂ) ਦੂਜਿਆਂ ਪ੍ਰਤੀ ਮੇਰੀ ਈਰਖਾ, ਤੇ ਸਾੜੇ ਦੀ ਸਾਰੀ ਆਦਤ ਭੁੱਲ ਗਈ ਹੈ । ਨਾ ਮੈਨੂੰ ਕੋਈ ਵੈਰੀ ਦਿਸਦਾ ਹੈ ਤੇ ਨਾ ਹੀ ਕੋਈ ਓਪਰਾ; ਸਭ ਨਾਲ ਮੇਰੀ ਬਣਦੀ ਹੈ । ਜੋ ਕੁਝ ਪਰਮਾਤਮਾ ਕਰਦਾ ਹੈ, ਮੈਂ ਉਸ ਨੂੰ ਭਲਾ ਕਰਕੇ ਮੰਨਦਾ ਹਾਂ । ਇਹ ਸ੍ਰੇਸ਼ਟ ਮਤਿ ਮੈਂ ਗੁਰੂ ਪਾਸੋਂ ਸਿੱਖੀ ਹੈ । "ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧਸੰਗਤਿ ਮੋਹਿ ਪਾਈ ॥1॥ ਰਹਾਉ ॥ ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥1॥ ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ॥2॥ ਅੰਗ 1299" ।

ਮੈਂ ਪ੍ਰਭੂ ਦੇ ਗੁਣ ਵਾਰ ਵਾਰ ਗਾਉਂਦਾ ਹਾਂ, ਗੁਰੂ ਤੇ ਸਾਧਸੰਗਤਿ ਨੂੰ ਮਿਲ ਕੇ ਤੇਰਾ ਸੇਵਕ ਸੋਂਹਦਾ ਹੈ । "ਗੋਵਿੰਦ ਗੋਵਿੰਦ ਗੋਵਿੰਦ ਗੁਣ ਗਾਵਾ ਮਿਲਿ ਗੁਰ ਸਾਧਸੰਗਤਿ ਜਨੁ ਸੋਹੈ ॥1॥ ਰਹਾਉ ॥ ਅੰਗ 492"।

ਸਾਧਸੰਗਤਿ ਵਿਚ ਮਾਇਆ ਢਾਹ ਨਹੀਂ ਸਕਦੀ । ਮਾਇਆ ਬ੍ਰਹਮ ਪੁਰੀ, ਸ਼ਿਵ ਪੁਰੀ ਅਤੇ ਇੰਦ ਪੁਰੀ ਤੇ ਹੱਲਾ ਕਰ ਕੇ (ਭਾਵ ਜਿੱਤ ਕੇ) ਮਾਤ ਲੋਕ ਵਿਚ ਆਈ ਹੈ। ਲੇਕਿਨ, ਸਾਧਸੰਗਤਿ ਵਲ ਇਹ (ਮਾਇਆ) ਤੱਕ ਭੀ ਨਹੀਂ ਸਕਦੀ ਤੇ ਸਤਸੰਗੀਆਂ ਦੇ ਪੈਰ ਮਲ ਮਲ ਕੇ ਧੋਂਦੀ ਹੈ; ਭਾਵ ਸੇਵਾ ਕਰਦੀ ਹੈ । "ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ ॥ ਸਾਧਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ ॥1॥ ਅੰਗ 500" ।

ਸਾਧਸੰਗਤਿ ਵਿਚ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਨੀ ਸਾਰੇ ਕਰਮਾਂ ਵਿਚੋਂ ਸ੍ਰੇਸ਼ਟ ਕਰਮ ਹੈ । ਹੇ ਨਾਨਕ! ਆਖ ਇਹ ਸ੍ਰੇਸ਼ਟ ਕਰਮ ਉਸ ਮਨੁੱਖ ਨੂੰ ਮਿਲਦਾ ਹੈ ਜਿਸ ਦੇ ਪੂਰਬਲੇ ਸੰਸਕਾਰਾਂ ਅਨੁਸਾਰ ਇਹ ਲੇਖ ਲਿਖਿਆ ਹੁੰਦਾ ਹੈ । "ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥ ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥8॥ ਅੰਗ 642" । ਕਰੋੜਾਂ (ਧਾਰਮਿਕ) ਕਰਮ ਕਰਨ ਨਾਲ਼ ਮਨੁਖਾ ਦੇਹੀ ਪਵਿੱਤ੍ਰ ਨਹੀਂ ਹੁੰਦੀ । ਸਾਧਸੰਗਤਿ ਵਿਚ ਮਨ ਨੂੰ ਪੂਰਨ ਗਿਆਨ ਹੁੰਦਾ ਹੈ (ਤੇ ਨਿਰਮਲ ਹੁੰਦਾ ਹੈ) । "ਕੋਟਿ ਕਰਮ ਕਰਿ ਦੇਹ ਨ ਸੋਧਾ ॥ ਸਾਧਸੰਗਤਿ ਮਹਿ ਮਨੁ ਪਰਬੋਧਾ ॥2॥ ਅੰਗ 1298" ।

**ਬਾਕੀ ਅਗਲੇ ਹਫ਼ਤੇ**


ਪੰਜਾਬ ਟਾਈਮਜ਼

**PANJAB TIMES (EST 1965)**

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :**

**FOR SUBSCRIPTION**
*(PLEASE TICK ONE RELEVANT BOX)*

6 MONTHS ---- £105 ☐
1 YEAR ---- £205 ☐

**ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।**

NAME.......................................................................
ADDRESS..................................................................
.......................................................POST CODE..........................
TEL..........................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

**or call on / WHATSAPP NO : 07966 388 388**


*www.panjabtimes.uk Email: Panjabtimes@aol.com*


# ਅਮਰੀਕਾ 'ਚ ਭਾਰਤੀ ਮੂਲ ਦੇ ਡਾਕਟਰ ਨੂੰ ਧੋਖਾਧੜੀ ਦੇ ਦੋਸ਼ਾਂ 'ਚ 14 ਸਾਲ ਦੀ ਕੈਦ



ਅਮਰੀਕੀ ਨਿਆਂ ਵਿਭਾਗ ਦੇ ਅਨੁਸਾਰ, ਅਮਰੀਕਾ ਚ ਇੱਕ ਭਾਰਤੀ ਮੂਲ ਦੇ ਡਾਕਟਰ ਨੂੰ ਸਿਹਤ ਸੰਭਾਲ ਧੋਖਾਧੜੀ, ਇਲੈਕਟ੍ਰਾਨਿਕ ਸੰਚਾਰ ਧੋਖਾਧੜੀ, ਨਿਯੰਤਰਿਤ ਪਦਾਰਥਾਂ ਨੂੰ ਗ਼ੈਰ-ਕਾਨੂੰਨੀ ਤੌਰ ਤੇ ਵੰਡਣ ਦੀ ਸਾਜ਼ਸ਼ ਅਤੇ ਮਨੀ ਲਾਂਡਰਿੰਗ ਨਾਲ ਸਬੰਧਤ ਅਪਰਾਧਾਂ ਲਈ 168 ਮਹੀਨੇ ਜਾਂ 14 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਕ ਬਿਆਨ ਵਿਚ, ਨਿਆਂ ਵਿਭਾਗ ਨੇ ਕਿਹਾ ਕਿ ਪੈਨਸਿਲਵੇਨੀਆ ਦੇ ਬੈਨਸਲੇਮ ਦੇ 48 ਸਾਲਾ ਡਾ. ਨੀਲ ਕੇ. ਆਨੰਦ ਨੂੰ 2 ਮਿਲੀਅਨ ਅਮਰੀਕੀ ਡਾਲਰ ਤੋਂ ਵੱਧ ਦੀ ਮੁਆਵਜ਼ਾ ਅਤੇ 2 ਮਿਲੀਅਨ ਅਮਰੀਕੀ ਡਾਲਰ ਤੋਂ ਵੱਧ ਦੀ ਜ਼ਬਤ ਕਰਨ ਦਾ ਹੁਕਮ ਵੀ ਦਿਤਾ ਗਿਆ ਹੈ।ਆਨੰਦ ਨੂੰ ਇਸ ਸਾਲ ਅਪ੍ਰੈਲ ਵਿਚ ਮੈਡੀਕੇਅਰ, ਯੂਐੱਸ ਆਫ਼ਿਸ ਆਫ਼ ਪਰਸੋਨਲ ਮੈਨੇਜਮੈਂਟ, ਇੰਡੀਪੈਂਡੈਂਸ ਬਲੂ ਕਰਾਸ ਅਤੇ ਹੋਰਾਂ ਨੂੰ ਬੇਲੋੜੀਆਂ ਨੁਸਖ਼ੇ ਵਾਲੀਆਂ ਦਵਾਈਆਂ ਲਈ ਦਾਅਵੇ ਜਮ੍ਹਾਂ ਕਰਾਉਣ ਦੀ ਸਾਜ਼ਸ਼ ਰਚਣ ਦਾ ਦੋਸ਼ੀ ਠਹਿਰਾਇਆ ਗਿਆ ਸੀ। ਮੰਗਲਵਾਰ ਨੂੰ ਨਿਆਂ ਵਿਭਾਗ ਦੇ ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਦਵਾਈਆਂ ਆਨੰਦ ਦੀ ਮਲਕੀਅਤ ਵਾਲੀਆਂ ਵੱਖ-ਵੱਖ ਫ਼ਾਰਮੇਸੀਆਂ ਦੁਆਰਾ ਮਰੀਜ਼ਾਂ ਨੂੰ ਵੰਡੀਆਂ ਗਈਆਂ ਸਨ।

ਲੜੀਵਾਰ ਨਾਵਲ



ਕਮਲ ਗਿੱਲ
Mob : +44 07454 394684

# ਗੰਧਲੇ ਰਿਸ਼ਤੇ

ਕੈਲਾਸ਼ ਜੀ ਨੂੰ ਕਿਚਨ 'ਚ ਭਾਲਣ ਲੱਗ ਗਈ। ਉਹ ਉੱਥੇ ਨਹੀਂ ਸਨ। ਫਿਰ ਗਾਰਡਨ 'ਚ ਦੇਖਿਆ, ਪੂਲ 'ਚ ਚੈੱਕ ਕੀਤਾ ਪਰ ਉਹ ਕਿਤੇ ਵੀ ਨਾ ਦਿੱਸੇ। ਮੈਂ ਸੋਚਿਆ ਸ਼ਾਇਦ ਹਾਲੇ ਸ਼ਾਵਰ ਵਗੈਰਾ 'ਚ ਹੋਣੇ ਹਨ ਉੱਪਰ। ਮੈਂ ਸਾਡੇ ਦੋਹਾਂ ਲਈ ਚਾਹ ਦੇ ਦੋ ਕੱਪ ਬਣਾ ਕੇ ਉਨ੍ਹਾਂ ਦੀ ਉਡੀਕ ਕਰਨ ਲੱਗ ਗਈ। ਤਕਰੀਬਨ ਨੌਂ ਦਾ ਸਮ੍ਹਾਂ ਹੋ ਚੱਲਿਆ ਸੀ ਉਹ ਹਾਲੇ ਵੀ ਥੱਲੇ ਨਾ ਆਏ ਤਾਂ ਮੈਨੂੰ ਚਿੰਤਾ ਹੋਣ ਲੱਗ ਗਈ। ਉਨ੍ਹਾਂ ਦੀ ਇਹ ਖਾਸੀਅਤ ਸੀ ਕਿ ਭਾਵੇ ਜਿੰਨਾਂ ਮਰਜ਼ੀ ਲੇਟ ਸੌਣ ਉਹ ਟਾਈਮ ਨਾਲ ਉੱਠ ਕੇ ਸ਼ਾਵਰ ਲੈ ਥੱਲੇ ਆ ਜਾਂਦੇ ਸਨ ।




## ਕਿਸ਼ਤ-44

„ਨਹੀਂ, ਬੀਰਾ ਮੈਂ ਠੀਕ ਹਾਂ। ਸ਼ਾਇਦ ਬੜੇ ਚਿਰਾਂ ਬਾਅਦ ਅੱਜ ਦਿਲ ਖੋਲ੍ਹ ਕੇ ਰੋਈ ਹਾਂ ਇਸ ਲਈ ਬਸ ਥੋੜਾ ਕਮਜ਼ੋਰ ਜਿਹਾ ਫੀਲ ਕਰ ਰਹੀ ਹਾਂ। ਚੱਲ ਪੁੱਤ ਉੱਠ ਕਮਰੇ 'ਚ ਚੱਲ ਤੂੰ ਵੀ ਬੜਾ ਲੇਟ ਹੋ ਗਈ। ਲੈ ਅੱਜ ਫਿਰ ਬਾਰਾਂ ਵੱਜ ਗਏ ਤੇਰੇ ਨਾਲ ਗੱਲਾਂ ਕਰਦਿਆ ਝੱਟ ਸਮ੍ਹਾਂ ਗੁਜ਼ਰ ਜਾਂਦਾ। ਬਸ ਤੇਰੇ ਵੀ ਹੋਰ ਦੋ ਤਿੰਨ ਦਿਨ ਰਹਿ ਗਏ ਫਿਰ ਤੂੰ ਵੀ ਉਡਾਰੀ ਮਾਰ ਜਾਵੇਂਗੀ।''

ਇੰਨਾਂ ਆਖ ਉਸ ਸੋਫੇ ਤੋਂ ਉੱਠ ਮੈਨੂੰ ਘੁੱਟ ਕੇ ਜੱਫੀ ਪਾ ਲਈ।

ਪਤਾ ਨਹੀਂ ਕਿਉਂ ਸਤਿਕਾਰ ਦੇ ਨਾਲ-ਨਾਲ ਮੈਨੂੰ ਉਸ ਨਾਲ ਬਹੁਤ ਤਹਿ ਵੀ ਆਉਂਦਾ ਸ਼ਾਇਦ ਉਹ ਵੀ ਮੇਰਾ ਬਹੁਤ ਤਹਿ ਕਰਦੀ ਸੀ । ਇਹ ਉਸ ਨਾਲ ਬਿਤਾਏ ਦਿਨ ਬਹੁਤ ਹੀ ਸੋਹਣੇ ਦਿਨ ਸਨ। ਮੈਨੂੰ ਖੁਸ਼ੀ ਸੀ ਕਿ ਕੈਲਾਸ਼ ਨੇ ਮੈਨੂੰ ਇਸ ਕਾਬਿਲ ਸਮਝਿਆ ਕਿ ਆਪਣੇ ਦੁੱਖ ਸਾਂਝੇ ਕਰ ਸਕੇ। ਪਰ ਮੈਨੂੰ ਇਹ ਸੋਚ ਕੇ ਬਹੁਤ ਦੁੱਖ ਸੀ ਕਿ ਉਹ ਅੱਜ ਵੀ ਪਰਮ ਨੂੰ ਆਪਣੇ ਮਨ 'ਚੋਂ ਕੱਢ ਨਹੀਂ ਸਕੀ ਸੀ।

ਸਵੇਰੇ ਬੀਰਾ ਆਪਾਂ ਨੌਰਥ ਸਾਈਡ ਘੁੰਮਣ ਚੱਲਾਂਗੇ ਤੂੰ ਆਪਣੇ ਕੱਪੜੇ ਹੁਣ ਹੀ ਰੈਡੀ ਕਰ ਲਈ ਪੁੱਤ। ਸੋਰੀ ਮੈਂ ਐਵੇਂ ਤੇਰੀਆਂ ਛੁੱਟੀਆਂ ਖਰਾਬ ਕਰ ਦਿੱਤੀਆਂ ਆਪਣੇ ਦੁੱਖੜੇ ਸੁਣਾ-ਸੁਣਾ ਕੇ।''

ਇੰਨਾਂ ਆਖ ਉਹ ਇੱਕ ਦਮ ਦੁਬਾਰਾ ਕੁਰਸੀ 'ਤੇ ਬੈਠ ਗਈ ।

''ਠੀਕ ਹੋ ਤੁਸੀਂ?''

''ਹਾਂ, ਠੀਕ ਹਾਂ, ਫਿਕਰ ਨਾ ਕਰ ਮੈਂ ਇੰਨੀ ਕਮਜ਼ੋਰ ਨਹੀਂ ਜ਼ਿੰਦਗੀ 'ਚ ਇੰਨੇ ਦੁੱਖ ਆਏ ਹਨ ਕਿ ਮੈਂ ਬਹੁਤ ਸਟਰੋਂਗ ਬਣ ਗਈ ਹਾਂ। ਹੁਣ ਤਾਂ ਤੇਰੀ ਕੈਲਾਸ਼ ਹਰ ਤੂਫਾਨ ਦਾ ਮੁਕਾਬਲਾ ਕਰਨ ਲਈ ਤਿਆਰ ਆ।''

ਇੰਨਾਂ ਆਖ ਉਹ ਹੱਸ ਪਈ ।

''ਨਹੀਂ ਹੁਣ ਕੋਈ ਤੂਫਾਨ ਨਹੀਂ ਆਉਣੇ ਤੁਹਾਡੀ ਜ਼ਿੰਦਗੀ 'ਚ ਹੁਣ ਤਾਂ ਤੁਸੀਂ ਵਾਪਸ ਆਪਣੇ ਮੁਲਖ ਇੰਗਲੈਂਡ ਜਾਣਾ ਆ। ਮੈਂ ਤੇ ਤਾਜ ਨੇ ਤੁਹਾਨੂੰ ਲੈ ਕੇ ਜਾਣਾ। ਦਫਾ ਹੋਣ ਭੁੱਲਰ ਫੈਮਿਲੀ। ਉਨ੍ਹਾਂ ਲਈ ਆਪਣਾ ਘਰ-ਬਾਰ ਦੇਸ਼ ਕਿਉਂ ਛੱਡਣਾ। ਮੇਰੇ ਨਾਲ ਇੱਕ ਵਾਅਦਾ ਕਰੋ ਕਿ ਹੁਣ ਤੁਸੀਂ ਕੁਝ ਵੀ ਮਨ 'ਚ ਨਹੀ ਰੱਖੋਗੇ ਤੇ ਮੇਰੇ ਨਾਲ ਵਾਪਸ ਆਪਣੇ ਘਰ ਚੱਲੋਗੇ। ਮੈਂ ਤਾਜ ਹੁਰਾਂ ਨਾਲ ਮੁੜ ਕੇ ਆ ਜਾਣਾ ਹੈ ਭਾਵੇ ਦੋ ਦਿਨਾਂ ਲਈ ਹੀ ਕਿਉਂ ਨਾ ਆਵਾਂ।''

„ਹਾ...ਹਾ... ਤੂੰ ਵੀ ਜਾ ਰਲੀ ਉਨ੍ਹਾਂ ਨਾਲ... ਕੋਈ ਨਹੀਂ ਦੇਖਾਂਗੇ। ਚੱਲ ਜਾ ਸੌਂ ਜਾ ਹੁਣ ਸਵੇਰੇ ਮਿਲਦੇ ਹਾਂ।''

ਇੰਨਾਂ ਆਖ ਉਹ ਫਰਿੱਜ 'ਚੋਂ ਦੋ ਬੋਤਲਾਂ ਪਾਣੀ ਦੀਆਂ ਕੱਢ ਲਿਆਈ। ਇੱਕ ਬੋਤਲ ਮੈਨੂੰ ਪਾਣੀ ਦੀ ਫੜ੍ਹਾਉਂਦਿਆਂ ਉਸ ਨੇ ਆਖਿਆ ''ਬੀਰਾ ਨੌਂ ਕੁ ਵਜੇ ਤੱਕ ਉੱਠ ਜਾਵੇਂਗੀ?''

''„ਹਾਂਜੀ ਹਾਂਜੀ ਫਿਕਰ ਨਾ ਕਰੋ, ਮੈਂ ਪਹਿਲਾਂ ਹੀ ਉੱਠ ਜਾਣਾ। ਫਿਰ ਜਿੱਥੇ ਤੁਸੀਂ ਕਹੋ ਆਪਾਂ ਗੇੜੀ ਕੱਢ ਆਵਾਂਗੇ।''

ਤੁਰੀ ਜਾਂਦੀ ਨੇ ਪਿਛਾਂਹ ਮੁੜ ਪਿਆਰ ਨਾਲ ਮੇਰੇ ਮੂੰਹ 'ਤੇ ਹੱਥ ਫੇਰਿਆ ਤੇ ਇੱਕ ਵਾਰ ਫਿਰ ਮੈਨੂੰ ਘੁੱਟ ਕੇ ਜੱਫੀ ਪਾ ਲਈ। ਉਸ ਦੀ ਪੀੜ ਮੈਂ ਮਹਿਸੂਸ ਕਰ ਰਹੀ ਸੀ।

ਆਪਣੇ ਕਮਰੇ 'ਚ ਆ ਕੇ ਵੀ ਮੈਨੂੰ ਬਹੁਤ ਦੇਰ ਨੀਂਦ ਨਾ ਆਈ। ਬਹੁਤ ਸਾਰੀਆਂ ਗੱਲਾਂ ਮੇਰੇ ਦਿਮਾਗ 'ਚ ਘਰ ਕਰ ਗਈਆਂ ਸਨ। ਕਦੀ ਮੈਂ ਸੋਚਦੀ ਕਿ ਮੈਂ ਇੰਗਲੈਂਡ ਪਹੁੰਚ ਕੇ ਪਰਮ ਨੂੰ ਇੱਕ ਵਾਰ ਜ਼ਰੂਰ ਲੱਭਾਂਗੀ ਤੇ ਉਸ ਨੂੰ ਪੁੱਛਾਂਗੀ ਕਿ ਇਸ ਔਰਤ ਨੇ ਤੇਰਾ ਕੀ ਮਾੜਾ ਕਰ ਦਿੱਤਾ ਸੀ ਜੋ ਇਸ ਤਰ੍ਹਾ ਉਸ ਨੂੰ ਜਿਉਂਦੇ ਜੀਅ ਮਾਰ ਦਿੱਤ। ਹਾਂ ਸੁਫਨਿਆਂ ਦਾ ਮਰਨਾ ਵੀ ਇੱਕ ਕਿਸਮ ਦੀ ਮੌਤ ਹੀ ਹੁੰਦੀ ਹੈ। ਕੈਲਾਸ਼ ਦੇ ਸਾਰੇ ਸੁਫਨੇ ਮਰ ਗਏ ਸਨ। ਉਹ ਹੁਣ ਜ਼ਿੰਦਾ ਤਾਂ ਸੀ ਪਰ ਬਸ ਨਾਂ ਦੀ ਹੀ । ਉਸ ਨੂੰ ਅੰਦਰੋਂ-ਅੰਦਰ ਇੱਕ ਦੁੱਖ ਖਾ ਰਿਹਾ ਸੀ। ਉਹ ਬਿਨਾਂ ਗੁਨਾਹ ਕੀਤਿਆਂ ਹੀ ਸਜ਼ਾ ਪਾ ਰਹੀ ਸੀ।

ਮੈਂ ਬਹੁਤ ਦੇਰ ਰਾਤ ਤੱਕ ਉਸ ਦਾ ਸੋਚਦੀ ਰਹੀ । ਪਤਾ ਨਹੀਂ ਕਦ ਮੇਰੀ ਅੱਖ ਲੱਗ ਗਈ।

ਅਲਾਰਮ ਦੀ ਅਵਾਜ ਨੇ ਮੇਰੀ ਅੱਖ ਖੋਲ੍ਹੀ। ਸਵੇਰ ਦੇ ਅੱਠ ਵੱਜ ਗਏ ਸਨ। ਘਰ ਚ ਬੜੀ ਸ਼ਾਂਤੀ ਸੀ, ਮੈਂ ਉੱਠ ਕੇ ਰੂਮ ਵਿੱਚ ਹੀ ਸ਼ਾਵਰ ਲਿਆ ਤੇ ਰੈਡੀ ਹੋ ਕੇ ਥੱਲੇ ਆ ਗਈ।

ਕੈਲਾਸ਼ ਜੀ ਨੂੰ ਕਿਚਨ 'ਚ ਭਾਲਣ ਲੱਗ ਗਈ। ਉਹ ਉੱਥੇ ਨਹੀਂ ਸਨ। ਫਿਰ ਗਾਰਡਨ 'ਚ ਦੇਖਿਆ, ਪੂਲ 'ਚ ਚੈੱਕ ਕੀਤਾ ਪਰ ਉਹ ਕਿਤੇ ਵੀ ਨਾ ਦਿੱਸੇ। ਮੈਂ ਸੋਚਿਆ ਸ਼ਾਇਦ ਹਾਲੇ ਸ਼ਾਵਰ ਵਗੈਰਾ 'ਚ ਹੋਣੇ ਹਨ ਉੱਪਰ। ਮੈਂ ਸਾਡੇ ਦੋਹਾਂ ਲਈ ਚਾਹ ਦੇ ਦੋ ਕੱਪ ਬਣਾ ਕੇ ਉਨ੍ਹਾਂ ਦੀ ਉਡੀਕ ਕਰਨ ਲੱਗ ਗਈ। ਤਕਰੀਬਨ ਨੌਂ ਦਾ ਸਮ੍ਹਾਂ ਹੋ ਚੱਲਿਆ ਸੀ ਉਹ ਹਾਲੇ ਵੀ ਥੱਲੇ ਨਾ ਆਏ ਤਾਂ ਮੈਨੂੰ ਚਿੰਤਾ ਹੋਣ ਲੱਗ ਗਈ। ਉਨ੍ਹਾਂ ਦੀ ਇਹ ਖਾਸੀਅਤ ਸੀ ਕਿ ਭਾਵੇ ਜਿੰਨਾਂ ਮਰਜ਼ੀ ਲੇਟ ਸੌਣ ਉਹ ਟਾਈਮ ਨਾਲ ਉੱਠ ਕੇ ਸ਼ਾਵਰ ਲੈ ਥੱਲੇ ਆ ਜਾਂਦੇ ਸਨ । ਅੱਜ ਇਸ ਤਰ੍ਹਾਂ ਦਾ ਕੀ ਹੋ ਗਿਆ।

ਕੁਝ ਕੁ ਪਲ ਹੋਰ ਉਡੀਕ ਮੈਂ ਚਾਹ ਦੇ ਕੱਪ ਢੱਕ ਉੱਪਰ ਉਹਨਾਂ ਦੇ ਕਮਰੇ ਵੱਲ ਭੱਜੀ । ਪਤਾ ਨਹੀਂ ਕਿਉਂ ਅਚਾਨਕ ਮੇਰੇ ਮਨ 'ਚ ਬੁਰੇ ਜਿਹੇ ਖਿਆਲ ਆਉਣ ਲੱਗ ਗਏ। ਕਾਹਲੀ ਨਾਲ ਉੱਪਰ ਜਾ ਕੇ ਬਿਨ੍ਹਾਂ ਖੜਕਾਏ ਮੈਂ ਉਨ੍ਹਾਂ ਦੇ ਕਮਰੇ ਦੀ ਡੋਰ ਖੋਲ੍ਹ ਦਿੱਤੀ। ਸਾਹਮਣੇ ਕੈਲਾਸ਼ ਬੈੱਡ 'ਤੇ ਦੂਜੇ ਪਾਸੇ ਕੰਧ ਵੱਲ ਮੂੰਹ ਕਰ ਸੁੱਤੀ ਪਈ ਸੀ।

''„ਤੁਸੀਂ ਹਾਲੇ ਤੱਕ ਸੁੱਤੇ ਹੀ ਪਏ ਹੋ ਮੈਂ ਕਦ ਦੀ ਤੁਹਾਡੀ ਪੰਸਦੀਦਾ ਅਦਰਕ ਵਾਲੀ ਚਾਹ ਬਣਾ ਕੇ ਥੱਲੇ ਤੁਹਾਨੂੰ ਉਡੀਕਣ ਲੱਗੀ ਹਾਂ।''

ਇੰਨਾ ਆਖ ਮੈਂ ਉਸ ਦੀ ਬੈੱਡ ਕੋਲ ਲੱਗੀ ਕੁਰਸੀ ਵੱਲ ਬੈਠ ਗਈ ।

ਮੇਰੀ ਗੱਲ ਦਾ ਕੋਈ ਜਵਾਬ ਨਾ ਆਇਆ ਤਾਂ ਮੈਂ ਦੁਬਾਰਾ ਆਵਾਜ਼ ਮਾਰੀ, '' ਕੈਲਾਸ਼ ਜੀ, ਕੈਲਾਸ਼ ਜੀ ਠੀਕ ਹੋ ਤੁਸੀਂ!''

ਫਿਰ ਕੋਈ ਜਵਾਬ ਨਾ ਆਇਆ। ਭੱਜ ਕੇ ਮੈਂ ਦੂਜੇ ਪਾਸੇ ਕੰਧ ਵੱਲ ਜਾ ਕੇ ਉਸ ਨੂੰ ਹਲੂਣਿਆ।

ਉਹ ਠੰਡੀ ਸੀਤ ਪਈ ਸੀ, ਮੇਰੇ ਹਲੂਣਦਿਆਂ ਹੀ ਉਹ ਇੱਕ ਪਾਸੇ ਨੂੰ ਲੁੜਕ ਗਈ।

''„ਕੈਲਾਸ਼ ਜੀ ਕੈਲਾਸ਼ ਜੀ...... ਕੀ ਗੱਲ ਹੋਈ, ਤੁਸੀ ਬੋਲਦੇ ਕਿਉਂ ਨਹੀ।''

ਮੈਂ ਲਗਾਤਾਰ ਉਸ ਨੂੰ ਹਿਲਾ ਰਿਹੀ ਸੀ। ਪਰ ਉਸ ਦੇ ਸਰੀਰ 'ਚ ਕੋਈ ਹਰਕਤ ਨਹੀ ਸੀ । ਸਾਰਾ ਸਰੀਰ ਠੰਡਾ ਸੀਤ ਬਰਫ ਵਾਂਗ ਪਿਆ ਸੀ। ਮੈਂ ਕੋਲ ਹੀ ਬੈੱਡ ਸਾਈਡ ਡਰੋ 'ਤੇ ਪਿਆ ਫੂਨ ਚੁੱਕਿਆ ਤੇ ਐਮਰਜੈਂਸੀ ਨੰਬਰ ਡਾਇਲ ਕਰ ਦਿੱਤਾ। ਮੇਰੇ ਹੱਥ ਕੰਬ ਰਹੇ ਸਨ। ਐਂਬੂਲੈਂਸ ਵਾਲਿਆ ਨੇ ਬਹੁਤ ਸਾਰੇ ਸਵਾਲ ਪੁੱਛੇ ਤੇ ਮੈਂ ਜਵਾਬ ਦਿੰਦੀ ਰਹੀ। ਨਾਲ-ਨਾਲ ਕੈਲਾਸ਼ ਨੂੰ ਠਾਹਲਣ ਦਾ ਜਤਨ ਵੀ ਕਰਦੀ ਰਹੀ।

ਤਕਰੀਬਨ ਚਾਰ ਤੋਂ ਪੰਜ ਮਿੰਟ 'ਚ ਐਂਬੂਲੈਂਸ ਦਰਵਾਜ਼ੇ' ਤੇ ਆ ਗਈ। ਮੈ ਭੱਜ ਕੇ ਡੋਰ ਖੋਲ੍ਹੀ ਤੇ ਉਹ ਤਿੰਨੇ ਜਣੇ ਉਸ ਦੇ ਦੁਆਲੇ ਚੁੰਬੜ ਗਏ।

ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਕੀ ਹੋ ਰਿਹਾ ਹੈ, ਮੈਨੂੰ ਲੱਗ ਰਿਹਾ ਸੀ ਕਿ ਸ਼ਾਇਦ ਉਹ ਬੇਹੋਸ਼ ਹੋ ਗਏ ਸਨ, ਮਨ ਹੀ ਮਨ ਸੋਚ ਰਹੀ ਸੀ ਇਹ ਸ਼ੂਗਰ ਬਹੁਤ ਥੋੜਾ ਖਾਦੇ ਹਨ ਖਾਣੇ 'ਚ ਜ਼ਰੂਰ ਸ਼ੂਗਰ ਘੱਟ ਗਈ ਹੈ।

ਐਂਬੂਲੈਂਸ ਵਾਲੇ ਸਪੈਨਿਸ਼ ਭਾਸ਼ਾ 'ਚ ਆਪਸ ਵਿੱਚ ਗੱਲ ਕਰ ਰਹੇ ਸਨ ਤੇ ਕੈਲਾਸ਼ ਨੂੰ ਚੈੱਕ ਕਰ ਰਹੇ ਸਨ।

ਇਜ ਐਵਰੀਥਿੰਗ ਓਕੇ, ਵੱਟ ਹੈਪਨਡ ਟੂ ਹਰ?''

ਮੈਂ ਨਾ ਚਾਹੁੰਦਿਆਂ ਹੋਇਆ ਵੀ ਉਹਨਾਂ ਨੂੰ ਫਟਾਫਟ ਸਵਾਲ ਕਰ ਦਿੱਤਾ। ਮੈਂ ਉਹਨਾਂ ਨੂੰ ਡਿਸਟਰਬ ਨਹੀਂ ਕਰਨਾ ਚਾਹੁੰਦੀ ਸੀ ਪਰ ਕੈਲਾਸ਼ ਜੀ ਦੇ ਸਰੀਰ 'ਚ ਕੋਈ ਹਰਕਤ ਨਾ ਹੁੰਦੀ ਦੇਖ ਮੇਰੀ ਚਿੰਤਾਂ ਵੱਧ ਰਹੀ ਸੀ।

ਆਈ ਐਮ ਰਿਏਲੀ ਸੌਰੀ, ਮਿਸ ਸ਼ੀ ਇਜ ਨੋ ਮੋਰ।''

''ਆਈ ਥਿੰਕ ਸ਼ੀ ਹੈਡ ਸਾਇਲੈਂਟ ਹਾਰਟ ਐਟਕ।'' ਆਇਮ ਨੋਟ ਸ਼ੋਅਰ ਕੋਸ਼ ਆਫ ਡੈੱਥ ਐਟ ਦੀ ਮੂਵਮੈਂਟ... ਬੱਟ ਸ਼ੀ ਇਜ਼ ਨੋ ਮੋਰ''''

ਪੈਰਾਮੈਡਿਕ ਵਾਲ ਦੀ ਗੱਲ ਸੁਣ ਮੇਰੇ ਪੈਰਾਂ ਹੇਠੋਂ ਜ਼ਮੀਨ ਨਿੱਕਲ ਗਈ।

„ਨੋ.. ਨੋ... ਨੋ...ਇਟ ਕਾਂਟ ਬੀ, ਪਲੀਜ਼ ਪਲੀਜ਼ ਚੈੱਕ ਅਗੇਨ, ਚੈੱਕ ਹਰ ਸ਼ੂਗਰ ਲੇਵਲ । ਸ਼ੀ ਇਜ ਓਕੇ ਨਥਿੰਗ ਰੋਂਗ ਵਿੱਦ ਹਰ । ਲੁੱਕ ਆਈ ਐਮ ਰੇਡੀ ਵੀ ਬੋਥ ਗੋਇੰਗ ਆਊਟ ਨਾਓ। ਢੋਂਟ ਸੇ ਦਿਸ, ਸ਼ੀ ਇਜ ਨੋ ਮੋਰ।''

ਮੇਰੇ ਮਨ ਜੋ ਆਇਆ ਮੈਂ ਬੋਲ ਰਹੀ ਸੀ, ਮੈਨੂੰ ਕੋਈ ਸਮਝ ਨਹੀਂ ਆ ਰਹੀ ਸੀ । ਪੈਰਾਮੈਡਿਕ ਵਾਲੀ ਗੋਰੀ ਨੇ ਮੈਨੂੰ ਥੱਲਿਓ ਲਿਆ ਕਿ ਪਾਣੀ ਪਿਲਾਇਆ। ਮੈਨੂੰ ਕੋਈ ਸਮਝ ਨਹੀਂ ਆ ਰਹੀ ਸੀ। ਕੈਲਾਸ਼ ਬੈਡ 'ਤੇ ਪਈ ਇਸ ਤਰ੍ਹਾਂ ਲੱਗ ਰਹੀ ਸੀ ਜਿਵੇਂ ਕਿਸੇ ਗੂੜੀ ਨੀਂਦ 'ਚ ਅਰਾਮ ਨਾਲ ਸੌ ਰਹੀ ਹੋਵੇ।

ਮੈਂ ਆਪਣੇ ਆਪ ਨੂੰ ਬੜੀ ਮੁਸ਼ਕਿਲ ਨਾਲ ਸੰਭਾਲਿਆ ਤੇ ਤਾਜ ਅਤੇ ਨਿਮਰਤ ਨੂੰ ਫੂਨ ਲਗਾ ਲਿਆ। ਇਹ ਮੇਰੇ ਲਈ ਬਹੁਤ ਹਾਰਡ ਸੀ ਉਨ੍ਹਾਂ ਨੂੰ ਇਹ ਖਬਰ ਦੇਣੀ । ਤਾਜ ਦੇ ਫੂਨ ਚੁੱਕਦਿਆਂ ਹੀ ਮੈਂ ਜ਼ੋਰ-ਜ਼ੋਰ ਨਾਲ ਰੋਣ ਲੱਗ ਗਈ।

ਤਾਜ ਛੇਤੀ ਆ ਜਾਓ ਸਭ ਖਤਮ ਹੋ ਗਿਆ''''

ਬਿੱਲਕ ਬਿੱਲਕ ਮੈਂ ਤਾਜ ਨੂੰ ਸਾਰੀ ਗੱਲ ਦੱਸ ਦਿੱਤੀ।

ਚਲਦਾ....

# ਨਵਾਂ ਅਕਾਲੀ ਦਲ ਦੀ ਕੀ ਸੰਭਾਵਨਾ ਤੇ ਚੁਣੌਤੀਆਂ ਹਨ ?

ਪ੍ਰੀਤਮ ਸਿੰਘ
ਸੰਪਰਕ 44-7922-657957



ਨਵੇਂ ਅਕਾਲੀ ਦਲ ਦਾ ਉਭਾਰ, ਜਿਸ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਹਨ, ਵੱਡੀ ਘਟਨਾ ਹੈ ਜਿਸ ਦੇ ਪੰਜਾਬ, ਹੋਰ ਰਾਜਾਂ, ਕੇਂਦਰ ਅਤੇ ਵਿਸ਼ਵ ਭਰ ਦੇ ਪਰਵਾਸੀ ਪੰਜਾਬੀਆਂ ਨਾਲ ਸੂਬੇ ਦੇ ਰਿਸ਼ਤਿਆਂ 'ਤੇ ਅਹਿਮ ਅਸਰ ਪੈਣ ਦੀ ਸੰਭਾਵਨਾ ਹੈ। ਗੁਰੂ ਨਾਨਕ ਦੇ ਫ਼ਲਸਫ਼ੇ (ਜਿਸ ਫ਼ਲਸਫ਼ੇ ਨੂੰ ਸਾਰੇ ਗੁਰੂਆਂ ਨੇ ਅੱਗੇ ਵਧਾਇਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕੀਤਾ, ਜਿਸ ਵਿੱਚ ਅਨੇਕ ਜਾਤ ਵਿਰੋਧੀ ਹਿੰਦੂ ਭਗਤਾਂ ਅਤੇ ਮੁਸਲਿਮ ਸੂਫ਼ੀਆਂ ਦੀ ਬਾਣੀ ਸ਼ਾਮਿਲ ਹੈ) ਤੋਂ ਜਾਣੂ ਕੋਈ ਵੀ ਬੰਦਾ ਇਸ ਗੱਲ ਤੋਂ ਖ਼ੁਸ਼ ਹੋਵੇਗਾ ਕਿ ਪੰਜਾਬ ਦੀ ਮੋਹਰੀ ਪਾਰਟੀ ਹੁਣ ਅਜਿਹੇ ਸ਼ਖ਼ਸ ਦੀ ਅਗਵਾਈ ਹੇਠ ਚੱਲ ਰਹੀ ਹੈ ਜੋ ਉਨ੍ਹਾਂ ਲੋਕਾਂ ਵਿੱਚੋਂ ਉੱਠਿਆ ਹੈ ਜਿਨ੍ਹਾਂ ਨੂੰ ਗ਼ਲਤ ਢੰਗ ਨਾਲ ਨੀਵੀਂ ਜਾਤ ਦਾ ਦੱਸਿਆ ਜਾਂਦਾ ਰਿਹਾ ਹੈ। ਇਹ ਵੀ ਬਹੁਤ ਸਿਹਤਮੰਦ ਵਾਧਾ ਹੈ ਕਿ ਪਾਰਟੀ ਦੇ ਇੱਕ ਹੋਰ ਵਿੰਗ ਦੀ ਅਗਵਾਈ ਔਰਤ ਕਰ ਰਹੀ ਹੈ, ਜਿਸ ਨਾਲ ਪੰਜਾਬ ਦੇ ਸਿਆਸੀ ਸੱਭਿਆਚਾਰ ਵਿੱਚ ਮਰਦ ਪ੍ਰਧਾਨ ਸੋਚ ਕਮਜ਼ੋਰ ਹੋਵੇਗੀ। ਇਹ ਵੀ ਸਵਾਗਤਯੋਗ ਵਾਧਾ ਹੈ ਕਿ ਨਵੀਂ ਪਾਰਟੀ ਦੇ ਦੋ ਮੁੱਖ ਅਹੁਦੇਦਾਰ ਪੀਐੱਚਡੀ ਧਾਰਕ ਹਨ। ਇਸ ਨੂੰ ਬਾਕੀ ਭਾਰਤੀ ਰਾਜਾਂ, ਇੱਥੋਂ ਤੱਕ ਕਿ ਕੇਂਦਰ ਦੀਆਂ ਸਿਆਸੀ ਪਾਰਟੀਆਂ ਲਈ ਰਾਹ ਦਸੇਰਾ ਬਣਨ ਦਿਓ। ਗਿਆਨੀ ਹਰਪ੍ਰੀਤ ਸਿੰਘ ਦੇ ਮੋਢਿਆਂ 'ਤੇ ਸਮਾਨਤਾ ਦੇ ਮਾਰਗ ਨੂੰ ਰੌਸ਼ਨ ਕਰਨ ਦਾ ਵੱਡਾ ਇਤਿਹਾਸਕ ਭਾਰ ਹੈ। ਅੱਜ ਦੇ ਸੰਸਾਰ 'ਚ ਇਹ ਹੋਰ ਵੀ ਅਹਿਮਹੈ, ਜਿਹੜਾ ਮਨੁੱਖੀ ਇਤਿਹਾਸ 'ਚ ਅਜਿਹੀ ਨਾ-ਬਰਾਬਰੀ ਦੇਖ ਰਿਹਾ ਹੈ ਜਿਸ ਤਰ੍ਹਾਂ ਦੀ ਪਹਿਲਾਂ ਕਦੇ ਨਹੀਂ ਦੇਖੀ ਗਈ। ਕੌਮਾਂਤਰੀ ਪੂੰਜੀਵਾਦ ਨੇ ਅਤਿ ਦੇ ਅਮੀਰ ਅਰਬਪਤੀ, ਕਸ਼ਟ ਭੋਗ ਰਹੇ ਗ਼ਰੀਬ ਅਤੇ ਵਾਤਾਵਰਨਕ ਤਬਾਹੀ ਪੈਦਾ ਕੀਤੀ ਹੈ।

ਜੇ ਕੋਈ ਸਿੱਖੀ (ਮੈਂ ਗ਼ਲਤ ਵਰਤੇ ਜਾਂਦੇ ਪੱਛਮੀ ਸ਼ਬਦ 'ਸਿੱਖਇਜ਼ਮ' ਦੀ ਬਜਾਏ ਇਹ ਸ਼ਬਦ ਵਰਤਣਾ ਪਸੰਦ ਕਰਦਾ ਹਾਂ) ਦੇ ਸਾਰ ਨੂੰ ਦੇਖੇ ਤਾਂ ਇਹ ਸਮਾਨਤਾ ਹੈ- ਅਧਿਆਤਮਕ, ਸਮਾਜਿਕ ਅਤੇ ਵਾਤਾਵਰਨ ਨਾਲ ਜੁੜੀ ਹੋਈ। ਅਧਿਆਤਮਕ ਇਸ ਲਈ ਕਿਉਂਕਿ ਸਾਰੇ ਜੀਵਾਂ ਨੂੰ ਬਰਾਬਰ ਮੰਨਿਆ ਜਾਂਦਾ ਹੈ, ਸਮਾਜਿਕ ਇਸ ਲਈ ਕਿਉਂਕਿ ਜਾਤ ਤੇ ਲਿੰਗ ਆਧਾਰਿਤ ਸਮਾਜਿਕ ਵਰਗੀਕਰਨ ਦੀ ਆਲੋਚਨਾ ਕੀਤੀ ਜਾਂਦੀ ਹੈ ਅਤੇ ਵਾਤਾਵਰਨ ਦੀ ਇਸ ਲਈ ਕਿਉਂਕਿ ਬਰਾਬਰੀ ਦਾ ਦ੍ਰਿਸ਼ਟੀਕੋਣ ਮਨੁੱਖਾਂ ਤੋਂ ਅਗਾਂਹ ਸਾਰੇ ਜੀਵਾਂ ਤੱਕ ਜਾਂਦਾ ਹੈ। ਸਿੱਖ ਸਮਾਜ ਅਤੇ ਸੰਸਥਾਵਾਂ ਅਮਲੀ ਤੌਰ 'ਤੇ ਗੁਰੂ ਦੇ ਬਰਾਬਰੀ ਦੇ ਦ੍ਰਿਸ਼ਟੀਕੋਣ ਤੋਂ ਪ੍ਰਭਾਵਿਤ ਹਨ ਪਰ ਇਨ੍ਹਾਂ ਅੰਦਰ ਜਾਤ ਅਸਮਾਨਤਾ ਅਤੇ ਪੱਖਪਾਤਾਂ ਤੇ ਪੁਰਸ਼ ਪ੍ਰਧਾਨ ਰਵਾਇਤਾਂ 'ਤੇ ਜ਼ੋਰ ਦੇ ਕੇ ਵੱਡੀ ਗਿਰਾਵਟ ਦਰਜ ਹੋਈ ਹੈ। ਇਹ ਸਿੱਖੀ ਦੀ ਸਮਾਨਤਾ ਨੂੰ ਸੁਰਜੀਤ ਕਰਨ ਦਾ ਵੇਲਾ ਹੈ।

ਇਹ ਮੰਨਣਾ ਅਹਿਮ ਹੈ ਕਿ ਅਕਾਲੀ ਦਲ ਪੰਜਾਬ ਦੀ ਕੋਈ ਆਮ ਸਿਆਸੀ ਧਿਰ ਨਹੀਂ। ਇਹ ਪੰਜਾਬ ਦੀ ਇੱਕੋ-ਇੱਕ ਖੇਤਰੀ ਪਾਰਟੀ ਹੈ। ਪੰਜਾਬ ਦੀ ਰਾਜਨੀਤੀ ਦਾ ਏਜੰਡਾ ਹਮੇਸ਼ਾ ਅਕਾਲੀ ਸਿਆਸਤ ਦੁਆਰਾ ਤੈਅ ਕੀਤਾ ਗਿਆ ਹੈ, ਭਾਵੇਂ ਇਹ 1947 ਤੋਂ ਬਾਅਦ ਪੰਜਾਬੀ ਸੂਬੇ ਦੀ ਮੰਗ ਲਈ ਹੋਵੇ, ਜਾਂ 1966 ਵਿੱਚ ਪੰਜਾਬੀ ਸੂਬਾ ਬਣਨ ਤੋਂ ਬਾਅਦ ਰਾਜਾਂ ਦੀ ਵਧੇਰੇ ਖ਼ੁਦਮੁਖ਼ਤਾਰੀ ਲਈ ਹੋਵੇ। ਦੂਜੀਆਂ ਸਿਆਸੀ ਪਾਰਟੀਆਂ ਸਿਰਫ਼ ਇਸ ਦੇ ਏਜੰਡੇ ਦਾ ਵਿਰੋਧ ਜਾਂ ਸਮਰਥਨ ਕਰ ਕੇ ਪ੍ਰਤੀਕਿਰਿਆ ਦਿੰਦੀਆਂ ਰਹੀਆਂ ਹਨ ਅਤੇ ਉਨ੍ਹਾਂ ਦਾ ਆਪਣਾ ਕੋਈ ਸੁਤੰਤਰ ਏਜੰਡਾ ਨਹੀਂ, ਕਿਉਂਕਿ ਉਨ੍ਹਾਂ ਨੂੰ ਕੇਂਦਰੀਕ੍ਰਿਤ ਸਿਆਸੀ ਪਾਰਟੀਆਂ ਦੀ ਰਾਜਨੀਤੀ ਚਲਾਉਂਦੀ ਹੈ ਜਿਨ੍ਹਾਂ ਦੀਆਂ ਉਹ ਪੰਜਾਬ ਆਧਾਰਿਤ ਇਕਾਈਆਂ ਹਨ।

ਕਈ ਗੰਭੀਰ ਚੁਣੌਤੀਆਂ ਹਨ ਜਿਨ੍ਹਾਂ ਦਾ ਇਸ ਨਵੀਂ ਪਾਰਟੀ ਨੂੰ ਨਿਮਰਤਾ ਅਤੇ ਅਮਲੀ ਰੂਪ 'ਚ ਸਬਕ ਲੈ ਕੇ ਸਾਹਮਣਾ ਕਰਨਾ ਚਾਹੀਦਾ ਹੈ। ਇਸ ਨੂੰ ਮੌਜੂਦਾ ਅਕਾਲੀ ਦਲ (ਬਾਦਲ) ਪ੍ਰਤੀ ਟਕਰਾਅ ਵਾਲਾ ਰਵੱਈਆ ਨਹੀਂ ਅਪਣਾਉਣਾ ਚਾਹੀਦਾ। ਇਸ ਨੂੰ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਾਲੇ ਤਤਕਾਲੀਨ ਅਕਾਲੀ ਦਲ ਦੇ ਸਾਹਮਣੇ ਸੰਤ ਫਤਿਹ ਸਿੰਘ ਦੀ ਅਗਵਾਈ ਵਾਲੇ ਅਕਾਲੀ ਦਲ ਦੇ ਉਭਾਰ ਤੋਂ ਸਿੱਖਣਾ ਚਾਹੀਦਾ ਹੈ। ਇਹ ਦੋਵੇਂ 1967 ਵਿੱਚ ਪੰਜਾਬ ਦੀ ਪਹਿਲੀ ਗ਼ੈਰ-ਕਾਂਗਰਸੀ ਗੱਠਜੋੜ ਸਰਕਾਰ ਵਿੱਚ ਸ਼ਾਮਿਲ ਹੋਏ ਸਨ। ਦੋ ਅਕਾਲੀ ਦਲਾਂ ਵਿਚਕਾਰ ਟਕਰਾਅ ਨਾ ਸਿਰਫ਼ ਪੰਜਾਬ ਨੂੰ ਨੁਕਸਾਨ ਪਹੁੰਚਾਏਗਾ, ਬਲਕਿ ਇਸ ਦੇ ਭਾਰਤ ਲਈ ਵੀ ਮਾੜੇ ਨਤੀਜੇ ਹੋਣਗੇ। ਇਹ ਯਾਦ ਰੱਖਣਾ ਅਹਿਮ ਹੈ ਕਿ 1970 ਦੇ ਦਹਾਕੇ ਵਿੱਚ ਸਿੱਖ-ਨਿਰੰਕਾਰੀ ਟਕਰਾਅ ਨੂੰ ਕਈਆਂ ਵੱਲੋਂ ਸਿੱਖ ਭਾਈਚਾਰੇ ਦਾ ਪੂਰਨ ਅੰਦਰੂਨੀ ਮਾਮਲਾ ਮੰਨ ਕੇ ਖਾਰਜ ਕਰ ਦਿੱਤਾ ਸੀ, ਪਰ ਹੁਣ ਇਹ ਪੂਰੀ ਤਰ੍ਹਾਂ ਸਵੀਕਾਰਿਆ ਜਾਂਦਾ ਹੈ ਕਿ ਇਸ ਨੂੰ ਜਿਸ ਤਰ੍ਹਾਂ ਗ਼ਲਤ ਢੰਗ ਨਾਲ ਨਜਿੱਠਿਆ ਗਿਆ, ਪੂਰੇ ਭਾਰਤ ਦੀ ਰਾਜਨੀਤਕ ਪ੍ਰਣਾਲੀ ਲਈ ਇਸ ਦੇ ਤਬਾਹਕੁਨ ਸਿੱਟੇ ਨਿਕਲੇ।

ਛੋਟੇ ਅਕਾਲੀ ਅਤੇ ਸਿੱਖ ਧੜਿਆਂ ਦੇ ਪ੍ਰਗਟਾਏ ਫ਼ਿਕਰ, ਜੋ 1980 ਦੇ ਦਹਾਕੇ ਤੋਂ ਦੁੱਖ ਭੋਗਣ ਵਾਲਿਆਂ ਦੀ ਨਾਰਾਜ਼ਗੀ ਨੂੰ ਸਪੱਸ਼ਟਤਾ ਨਾਲ ਜ਼ਾਹਿਰ ਕਰਦੇ ਹਨ, ਨੂੰ ਵੀ ਦੂਰ ਕਰਨ ਦੀ ਲੋੜ ਹੈ, ਜਿਵੇਂ ਚਿਰਾਂ ਤੋਂ ਬੰਦ ਸਿੱਖ ਕੈਦੀਆਂ ਨਾਲ ਸਬੰਧਿਤ ਮੁੱਦੇ। ਇਨ੍ਹਾਂ ਧੜਿਆਂ ਨੂੰ ਨਾਲ ਜੋੜਨ ਅਤੇ ਭਵਿੱਖੀ ਰਾਜਨੀਤੀ 'ਤੇ ਮੁੜ ਵਿਚਾਰ ਲਈ ਇਨ੍ਹਾਂ ਦੀ ਮਦਦ ਕਰਨ ਦੀ ਲੋੜ ਹੈ।

ਨਵੀਂ ਪਾਰਟੀ ਨੂੰ ਉੱਚੀਆਂ ਜਾਤਾਂ ਦੇ ਪੰਜਾਬੀ ਹਿੰਦੂ ਭਾਈਚਾਰੇ ਨਾਲ ਰਿਸ਼ਤੇ ਕਾਇਮ ਕਰਨੇ ਚਾਹੀਦੇ ਹਨ। ਪੰਜਾਬ ਦੀ ਆਬਾਦੀ ਦਾ ਇਹ ਹਿੱਸਾ ਭਾਵੇਂ ਸਿਰਫ਼ 13-14 ਫ਼ੀਸਦੀ ਹੀ ਹੈ, ਪਰ ਇਹ ਆਰਥਿਕ ਤੌਰ 'ਤੇ ਸਭ ਤੋਂ ਖੁਸ਼ਹਾਲ, ਸਿੱਖਿਆ ਪੱਖੋਂ ਸਭ ਤੋਂ ਵੱਧ ਸਾਖ਼ਰ ਅਤੇ ਪੇਸ਼ੇਵਰ ਤੌਰ 'ਤੇ ਪੰਜਾਬੀ ਸਮਾਜ ਦਾ ਸਭ ਤੋਂ ਉੱਨਤ ਹਿੱਸਾ ਹਨ। ਇਸ ਵਿੱਚ ਮੁੱਖ ਤੌਰ 'ਤੇ ਤਿੰਨ ਜਾਤਾਂ- ਬ੍ਰਾਹਮਣ, ਖੱਤਰੀ ਅਤੇ ਬਾਣੀਏ ਸ਼ਾਮਿਲ ਹਨ। ਕੁਝ ਸਿੱਖਾਂ ਦਾ ਪਿਛੋਕੜ ਹਾਲਾਂਕਿ ਬ੍ਰਾਹਮਣ ਤੇ ਬਾਣੀਆ ਜਾਤਾਂ ਤੋਂ ਵੀ ਹੈ, ਪਰ ਇਹ ਖੱਤਰੀ ਭਾਈਚਾਰਾ ਹੈ ਜਿਸ ਨੇ ਸਭ ਤੋਂ ਵੱਧ ਸਿੱਖੀ ਨੂੰ ਅਪਣਾਇਆ ਤੇ ਜਿਹੜੇ ਸਿੱਖੀ ਵੱਲ ਨਹੀਂ ਆਏ, ਉਨ੍ਹਾਂ ਦਾ ਵੀ ਗੁਰੂਆਂ ਨਾਲ ਡੂੰਘਾ ਭਾਵਨਾਤਮਕ ਅਤੇ ਧਾਰਮਿਕ ਜੁੜਾਓ ਹੈ। ਪੰਜਾਬੀ ਹਿੰਦੂ ਭਾਈਚਾਰੇ ਦੀਆਂ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਭੂਮਿਕਾਵਾਂ ਨੂੰ ਪਛਾਣਿਆ ਅਤੇ ਅਪਣਾਇਆ ਜਾਣਾ ਚਾਹੀਦਾ ਹੈ। ਪੰਜਾਬ ਨੇ ਬਦਕਿਸਮਤੀ ਨਾਲ ਅਤੀਤ 'ਚ ਇਸ ਜੀਵੰਤ ਭਾਈਚਾਰੇ ਦੀ ਤੰਗ-ਦਿਲ ਤੇ ਵੰਡਪਾਊ ਲੀਡਰਸ਼ਿਪ ਕਾਰਨ ਬਹੁਤ ਦੁੱਖ ਝੱਲਿਆ ਹੈ।

ਪੰਜਾਬ ਵਿੱਚ ਮੁਸਲਿਮ ਤੇ ਇਸਾਈ ਘੱਟਗਿਣਤੀਆਂ ਵੀ ਹਨ; ਇੱਥੋਂ ਤੱਕ ਕਿ ਜੈਨੀਆਂ ਤੇ ਬੋਧੀਆਂ ਦਾ ਛੋਟਾ ਜਿਹਾ ਹਿੱਸਾ ਵੀ ਹੈ। ਪੰਜਾਬ ਨੂੰ ਆਪਣੇ ਰਾਜਨੀਤਕ ਅਮਲ ਵਿੱਚ ਬਹੁਲਵਾਦ ਦਾ ਸਤਿਕਾਰ ਕਰਨ ਦੀ ਮਿਸਾਲ ਕਾਇਮ ਕਰਨੀ ਚਾਹੀਦੀ ਹੈ। ਇਹ ਸਭ ਤੋਂ ਵੱਧ ਅਹਿਮ ਹੈ ਕਿ ਹਰਿਆਣੇ ਨਾਲ ਸਬੰਧ ਸੁਖਾਵੇਂ ਰਹਿਣ, ਉਦੋਂ ਵੀ ਜਦੋਂ ਵਿਵਾਦ ਹੋਣ (ਜਿਵੇਂ ਦਰਿਆਈ ਪਾਣੀਆਂ 'ਤੇ) ਕਿਉਂਕਿ ਹਰਿਆਣਾ ਵੀ ਕੇਂਦਰ 'ਚ ਹੇਰ-ਫੇਰ ਨਾਲ ਖੇਡੀਆਂ ਜਾਂਦੀਆਂ ਰਾਜਨੀਤਕ ਚਾਲਾਂ ਦਾ ਸ਼ਿਕਾਰ ਹੈ। ਉਦਾਹਰਨ ਦੇ ਤੌਰ 'ਤੇ ਨਵੀਂ ਰਾਜਧਾਨੀ ਦੇ ਨਿਰਮਾਣ ਲਈ ਹਰਿਆਣਾ ਦੀ ਮਦਦ ਕਰਨੀ ਬਣਦੀ ਹੈ, ਜੋ ਪ੍ਰਭਾਵਸ਼ਾਲੀ ਹਰਿਆਣਵੀ ਸੱਭਿਆਚਾਰ ਵਾਲੇ ਖੇਤਰ ਵਿੱਚ ਹੋਵੇ। ਚੰਡੀਗੜ੍ਹ ਹਰਿਆਣਵੀ ਸੱਭਿਆਚਾਰ ਦੇ ਪੂਰੇ ਵਿਕਾਸ ਲਈ ਢੁੱਕਵਾਂ ਨਹੀਂ।

ਨਵੇਂ ਸੁਰਜੀਤ ਹੋਏ ਅਕਾਲੀ ਦਲ ਨੂੰ ਹੋਰ ਖੇਤਰੀ ਪਾਰਟੀਆਂ ਨਾਲ ਸਬੰਧ ਬਣਾਉਣੇ ਚਾਹੀਦੇ ਹਨ, ਕਿਉਂਕਿ ਭਾਰਤੀ ਰਾਜਨੀਤੀ ਦਾ ਭਵਿੱਖ ਰਾਜਾਂ ਦੇ ਖੇਤਰੀ ਪ੍ਰਸ਼ਾਸਨ ਵੱਲ ਜਾਣਾ ਤੈਅ ਹੈ। ਇਸ ਦੇ ਨਾਲ ਹੀ ਨਵੀਂ ਪਾਰਟੀ ਨੂੰ ਉਨ੍ਹਾਂ ਕੇਂਦਰੀਕ੍ਰਿਤ ਸਿਆਸੀ ਪਾਰਟੀਆਂ ਨਾਲ ਵੀ ਗੱਠਜੋੜ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜੋ ਕੇਂਦਰੀਕਰਨ ਅਤੇ ਇਕਸਾਰਤਾ ਦੇ ਪੁਰਾਣੇ ਦ੍ਰਿਸ਼ਟੀਕੋਣਾਂ ਤੋਂ ਵੱਖ ਹੋਣ ਅਤੇ ਵਿਕੇਂਦਰੀਕਰਨ ਤੇ ਰਾਜਾਂ ਨੂੰ ਵੱਧ ਸ਼ਕਤੀ ਦੇਣ ਦੇ ਦ੍ਰਿਸ਼ਟੀਕੋਣ ਵੱਲ ਵਧਣ ਪ੍ਰਤੀ ਹਮਦਰਦੀ ਰੱਖਦੀਆਂ ਹਨ।

ਕਥਿਤ ਹਰੀ ਕ੍ਰਾਂਤੀ ਕਾਰਨ ਤਬਾਹ ਹੋਏ ਪੰਜਾਬ ਦੇ ਵਾਤਾਵਰਨ ਦਾ ਸੰਤੁਲਨ ਬਹਾਲ ਕਰਨ ਲਈ ਫੌਰੀ ਤੌਰ 'ਤੇ ਨਵੀਂ ਵਾਤਾਵਰਨ ਅਨੁਕੂਲ ਖੇਤੀ, ਉਦਯੋਗਿਕ ਅਤੇ ਊਰਜਾ ਪਹਿਲਕਦਮੀਆਂ ਵੱਲ ਵਧਣ ਦੀ ਲੋੜ ਹੈ। ਪੰਜਾਬ ਦੀਆਂ ਸਰਕਾਰੀ ਸੰਸਥਾਵਾਂ ਨੂੰ ਫੰਡ ਦਿੱਤੇ ਜਾਣ ਤੇ ਵਿਕਸਿਤ ਕੀਤੇ ਜਾਣ ਦੀ ਲੋੜ ਹੈ ਅਤੇ ਸਿੱਖਿਆ ਅਤੇ ਸਿਹਤ ਦਾ ਮੁਨਾਫ਼ਾ ਮੁਖੀ ਨਿੱਜੀਕਰਨ ਜਿਸ ਨੇ ਪੰਜਾਬ ਨੂੰ ਤਬਾਹ ਕਰ ਦਿੱਤਾ ਹੈ, ਨੂੰ ਮੂਲ ਰੂਪ ਵਿੱਚ ਰੋਕਣ ਦੀ ਲੋੜ ਹੈ। ਇਸ ਲਈ ਰਾਜ ਦੇ ਕਰਜ਼ੇ ਨੂੰ ਖਤਮ ਕਰਨ ਦੀ ਜ਼ਰੂਰਤ ਹੈ। ਇਸ ਵਾਸਤੇ, ਕੇਂਦਰ ਤੋਂ ਕਿਸੇ ਵੀ ਤਰ੍ਹਾਂ ਦੀ ਮਦਦ ਲੈਣ ਤੋਂ ਇਲਾਵਾ, ਪੰਜਾਬ ਦੇ ਉਨ੍ਹਾਂ ਅਮੀਰਾਂ 'ਤੇ ਵਿਸ਼ੇਸ਼ ਸੈੱਸ ਲਾਉਣ ਦੀ ਲੋੜ ਪੈ ਸਕਦੀ ਹੈ ਜਿਨ੍ਹਾਂ ਰਾਜ ਦੀਆਂ ਜ਼ਮੀਨਾਂ, ਜੰਗਲ, ਪਾਣੀ, ਪਹਾੜੀਆਂ ਅਤੇ ਕਿਰਤ ਦਾ ਸ਼ੋਸ਼ਣ ਕਰ ਕੇ ਦੌਲਤ ਇਕੱਠੀ ਕੀਤੀ ਹੈ। ਪਰਵਾਸੀ ਪੰਜਾਬੀ ਵੀ ਅਜਿਹੀ ਪਹਿਲਕਦਮੀ ਲਈ ਖੁੱਲ੍ਹੇ ਦਿਲ ਨਾਲ ਮਦਦ ਕਰਨਗੇ। ਆਲਮੀ ਪੰਜਾਬੀ ਭਾਈਚਾਰਾ, ਜਿਸ ਨੂੰ ਮੁੱਖ ਧਾਰਾ ਦੇ ਭਾਰਤੀ ਮੀਡੀਆ ਦੁਆਰਾ ਬਹੁਤ ਬਦਨਾਮ ਕੀਤਾ ਗਿਆ ਹੈ, ਆਪਣੇ ਵਤਨ ਪੰਜਾਬ ਨੂੰ ਸਮਾਜਿਕ ਤੌਰ 'ਤੇ ਪ੍ਰਗਤੀਸ਼ੀਲ ਅਤੇ ਵਾਤਾਵਰਨ ਦੇ ਪੱਖ ਤੋਂ ਖੁਸ਼ਹਾਲ ਥਾਂ ਬਣਾਉਣ ਲਈ ਯੋਗਦਾਨ ਪਾਉਣ ਦੀ ਤਾਂਘ ਰੱਖਦਾ ਹੈ।

*ਪ੍ਰੋਫੈਸਰ ਐਮੇਰਿਟਸ, ਆਕਸਫੋਰਡ ਬਰੁਕਸ ਯੂਨੀਵਰਸਿਟੀ, ਯੂ ਕੇ।

# ਕੰਧ 'ਤੇ ਉੱਕਰੇ ਬੋਲ



**ਸਿਆਣੇ ਕਹਿੰਦੇ ਹਨ ਕਿ ਸੱਚਾ ਬੰਦਾ ਹਮੇਸ਼ਾ ਇਕੱਲਾ ਰਹਿ ਜਾਂਦਾ ਹੈ, ਸੱਚ ਬੋਲਣ ਨਾਲ ਦੋਸਤੀਆਂ ਤੇ ਰਿਸ਼ਤੇ ਟੁੱਟ ਜਾਂਦੇ ਹਨ, ਦੂਜੇ ਪਾਸੇ ਝੂਠਿਆਂ ਦਾ ਹਜੂਮ ਹੁੰਦਾ ਹੈ। ਗੱਲ ਇਹਬਿਲਕੁਲ ਸੱਚੀ ਹੈ, ਪਰ ਸਾਡੇ ਵਿਚੋਂ ਬਹੁਤਿਆਂ ਨੂੰ ਸਮਝ ਉਦੋਂ ਆਉਂਦੀ ਹੈ ਜਦੋਂ ਸਾਡਾ ਬਹੁਤ ਸਾਰਾ ਨੁਕਸਾਨ ਹੋ ਜਾਂਦਾ ਹੈ, ਚਿੜੀਆਂ ਖੇਤ ਚੁਗ ਚੁੱਕੀ ਹੁੰਦੀਆਂ ਹਨ, ਝੁੱਗਾਚੌੜ ਹੋ ਚੁੱਕਾ ਹੁੰਦਾ ਹੈ ਤੇ ਸਭ ਕੁੱਝ ਲੁੱਟਿਆ ਪੁੱਟਿਆ ਜਾ ਚੁੱਕਾ ਹੁੰਦਾ ਹੈ। ਸੋਹਰ ਵਕਤ ਚੌਕੰਨੇ ਰਹੋ ਤੇ ਆਪਣਾ ਬਹੁਤ ਸਾਰਾ ਖਿਆਲ ਰੱਖੋ।**

### ਸ਼ਿੰਗਾਰਾ ਸਿੰਘ ਢਿੱਲੋਂ



ਜੇਕਰ ਭਰੋਸਾ ਆਪਣੇ ਉੱਤੇ ਰੱਖਿਆ ਜਾਵੇ ਤਾਂ ਉਹ ਸਾਡੀ ਤਾਕਤ ਬਣ ਜਾਂਦਾ ਹੈ ਤੇ ਜੇਕਰ ਦੂਜਿਆਂ 'ਤੇ ਰੱਖਿਆ ਜਾਵੇ ਤਾਂ ਉਹ ਸਾਡੀ ਕਮਜੋਰੀ ਬਣ ਜਾਂਦਾ ਹੈ। ਦੂਜੀ ਗੱਲ ਇਹ ਵੀਹੈ ਕਿ ਇਹ ਵੀ ਜਰੂਰੀ ਨਹੀਂ ਕਿ ਦੂਸਰਿਆਂ ਉੱਤੇ ਰੱਖਿਆ ਭਰੋਸਾ ਕਦੇ ਵੀ ਧੋਖਾ ਨਾਬਣੇ, ਉਹ ਭਰੋਸਾ ਕਦੇ ਵੀ ਬਿਨਾ ਕਿਸੇ ਨੋਟਿਸ ਦੇ ਧੋਖੇ ਵਿੱਚ ਬਦਲ ਸਕਦਾ ਹੈ। ਇਸ ਜ਼ਮਾਨੇ ਚ ਅਸੀਂ ਕਦੋਂ ਤੇ ਕਿਹੜੇ ਮੌਕਿਆਂ ਉੱਤੇ ਸਹੀ ਸੀ, ਇਸ ਨੂੰ ਕੋਈ ਯਾਦ ਨਹੀਂਰੱਖਦਾ ਬਲਕਿ ਅਸੀਂ ਗਲਤ ਕਿੱਥੇ ਸੀ, ਉਸ ਦੇ ਖੰਭਾਂ ਦੀਆਂ ਡਾਰਾਂ, ਅਧੂਰੀ ਜਾਣਕਾਰੀ ਹੋਣ ਦੇ ਬਾਵਜੂਦ ਵੀ, ਸਾਰੇ ਬਣਾਉਣਗੇ।

ਬੰਦੇ ਦੀ ਫਿਤਰਤ ਹੈ ਕਿ ਆਪਣੀਆਂ ਗਲਤੀਆਂ ਨੂੰ ਦੂਸਰਿਆਂ ਤੋਂ ਲੁਕਾਉਂਦਾ ਹੈ ਤੇ ਦੂਸਰਿਆਂ ਦੀਆਂ ਗਲਤੀਆਂ ਨੂੰ ਉਛਾਲ ਕੇ, ਉਹਨਾਂ ਨੂੰ ਜਿਚ ਕਰਕੇ ਖਿੱਲੀ ਉਡਾਉਂਦਾ ਤੇ ਮਜਾ ਲੈਂਦਾ ਹੈ, ਅਜਿਹਾ ਕਰਦਿਆਂ ਉਹ ਇਹ ਕਦੇ ਵੀ ਨਹੀਂ ਸੋਚਦਾ ਕਿ ਮਨੁੱਖ ਗਲਤੀਆਂ ਦਾ ਪੁੱਤਲਾ ਹੈ, ਜਾਣੇ ਅਣਜਾਣੇ ਗਲਤੀਆਂ ਹਰ ਵਿਅਕਤੀ ਕੋਲੋਂ ਹੋ ਜਾਂਦੀਆਂ ਹਨ, ਇਸ ਜਗਤ ਪਸਾਰੇ ਵਿਚ ਦੁੱਧ ਧੋਤਾ ਕੋਈ ਵੀ ਨਹੀਂ, ਹਮਾਮ ਵਿਚ ਸਭ ਨੰਗੇ ਹਨ, ਪਰ ਫਿਰ ਵੀ ਆਪਣੇ ਆਪ ਨੂੰ ਝੂਠੀ ਮੂਠੀ ਸੱਚਾ ਸੁੱਚਾ ਸਮਝਣ ਦੀ ਬਿਰਤੀ ਬਹੁਤੇ ਲੋਕਾਂ ਉੱਤੇ ਹਮੇਸ਼ਾ ਹੀ ਭਾਰੂ ਰਹਿੰਦੀ ਹੈ, ਬੇਸ਼ੱਕ ਅੰਦਰੋਂ ਉਹਨਾਂ ਨੂੰਹਮੇਸ਼ਾ ਹੀ ਇਹ ਡਰ ਵੱਢ ਵੱਢ ਖਾਂਦਾ ਰਹਿੰਦਾ ਹੈ ਕਿ ਕਿਧਰੇ ਸਾਡੇ ਝੂਠ ਤੇ ਸਾਡੀਅਸਲੀਅਤ ਦਾ ਪਰਦਾ ਫਾਸ਼ ਹੀ ਨਾ ਹੋ ਜਾਵੇ।

ਦੁਨੀਆਂ ਵਿਚ ਏਹੋ ਜਿਹਾ ਕੋਈ ਵੀ ਬੰਦਾ ਨਹੀਂ ਜਿਸ ਦੀ ਜਿੰਦਗੀ ਵਿੱਚ ਸਮੱਸਿਆਵਾਂ ਨਾਹੋਣ, ਪਰ ਦੂਸਰੇ ਪਾਸੇ ਇਹ ਗੱਲ ਵੀ ਸਹੀ ਹੈ ਕਿ ਦੁਨੀਆਂ ਵਿਚ ਕੋਈ ਸਮੱਸਿਆ ਵੀ ਅਜਿਹੀ ਨਹੀਂ ਹੈ, ਜਿਸ ਦਾ ਕੋਈ ਹੱਲ ਨਾ ਹੋਵੇ। ਮੰਜਿਲ ਜਿੰਨੀ ਮਰਜੀ ਲੰਮੀ ਹੋਵੇ, ਉਸ ਦੇ ਰਾਹ ਹਮੇਸ਼ਾ ਪੈਰਾਂ ਹੇਠਾਂ ਦੀ ਹੀ ਲੰਘਦੇਹਨ, ਇਸ ਕਰਕੇ ਪੈਰਾਂ ਦੀ ਸਫਾਈ ਤੇ ਤੰਦਰੁਸਤੀ ਦਾ ਸਰੀਰ ਦੇ ਬਾਕੀ ਅੰਗਾਂ ਵਾਂਗ ਹੀ ਧਿਆਨ ਰੱਖਿਆ ਕਰੋ ਤੇ ਇਹ ਗੱਲ ਲੜ ਬੰਨ੍ਹ ਲਓ ਕਿ ਜਵਾਨੀ ਮੂੰਹ ਤੋਂ ਸ਼ੁਰੂ ਹੁੰਦੀ ਹੈਤੇ ਬੁਢਾਪਾ ਪੈਰਾਂ ਤੋਂ। ਜੇਕਰ ਬੁਢਾਪੇ ਵਿਚ ਦੂਸਰਿਆਂ ਦੇ ਮੁਹਤਾਜ ਹੋਣ ਤੋਂ ਬਚਣਾ ਹੈ ਤੇ ਆਪਣੀ ਜਿੰਦਗੀ ਆਪਣੇ ਪੈਰਾਂ ਉੱਤੇ ਬਤੀਤ ਕਰਨੀ ਹੈ ਤਾਂ ਫਿਰ ਪੈਰਾਂ ਦੀ ਸਿਹਤ ਸੰਭਾਲ ਤੋਂ ਲਾਪ੍ਰਵਾਹੀ ਦੀ ਬਜਰ ਗਲਤੀ ਭੁੱਲਕੇ ਵੀ ਨਾ ਕਰੋ।

ਇਸ ਜਮਾਨੇ ਵਿਚ ਹਰ ਕੋਈ ਆਪਣੇ ਆਪ ਦਾ ਜਿੰਮੇਵਾਰ ਹੈ, ਬਿਮਾਰੀ ਵੇਲੇ ਓਲਾਦ ਤੇ ਸਕੇ ਸੁਹੇਲੇ ਵੀ ਕਿਸੇ ਦੀ ਜਿੰਮੇਵਾਰੀ ਨਹੀਂ ਲੈਂਦੇ। ਇਸ ਕਰਕੇ ਆਪਣਾ ਖਿਆਲ ਰੱਖੋ, ਆਪਣੀ ਕਾਇਆ ਨੂੰ ਲਗਾਤਾਰਸੋਧਦੇ ਰਹੋ। ਸਾਡੇ ਵਲੋਂ ਅਜਿਹਾ ਕਰਨ ਦਾ ਮਿੱਠਾ ਫਲ ਸਾਨੂੰ ਹੀ ਮਿਲੇਗਾ, ਕਿਸੇ ਹੋਰਨੂੰ ਨਹੀਂ। ਕੋਈ ਕਸਰ ਨਹੀਂ ਛੱਡੀ, ਆਪ ਔਖਾ ਹੋ ਕੇ ਵੀ ਸਭ ਨਾਲ ਨਿਭਾਉਂਦਾ ਰਿਹਾ, ਆਪਣਾ ਵਿਗਾੜ ਕੇਵੀ ਦੂਸਰਿਆਂ ਦਾ ਬਣਾਉਂਦਾ ਰਿਹਾ, ਹਰ ਰਿਸ਼ਤੇ ਦੇ ਕੰਮ ਆਇਆ ਤੇ ਹਰ ਰਿਸ਼ਤੇ ਨੇ ਤੈਨੂੰ ਪੂਰੀ ਤਰਾਂ ਵਰਤਿਆ ਵੀ, ਜਦ ਆਪਣੇ ਬਾਰੇ ਸੋਚਣ ਲੱਗਾ, ਤਾਂ ਉਹ ਸਭ, ਜਿਹਨਾਂ ਵਾਸਤੇਹੱਦੋਂ ਪਰੇ ਜਾ ਕੇ ਕੰਮ ਕੀਤਾ, ਇਕ ਝਟਕੇ ਨਾਲ ਦੂਰ ਹੋ ਗਏ। ਇਸ ਤਰਾਂ ਹੋਣ ਨਾਲ ਇਹਪਤਾ ਲੱਗਾ ਕਿ ਜਿੰਦਗੀ ਵਿਚ ਆਪਣੇ ਹਿਤ ਪਹਿਲਾਂ, ਦੂਸਰਿਆਂ ਦੇ ਬਾਅਦ ਵਿਚ ਰੱਖੋ। ਪਹਿਲਾਂ ਆਪ ਢਿੱਡ ਭਰਕੇ ਖਾਓ, ਫਿਰ ਦੂਸਰਿਆਂ ਬਾਰੇ ਸੋਚੋ।



ਆਪਣਾ ਖਿਆਲ ਰੱਖੋ, ਆਪਣੇ ਆਪ ਨਾਲ ਪਿਆਰ ਕਰੋ, ਦੂਸਰਿਆਂ ਕਰਕੇ ਆਪਣੇ ਹਿੱਤਾਂ ਨਾਲ ਕਦੇ ਵੀ ਸਮਝੌਤਾ ਨਾ ਕਰੋ ਕਿਉਂਕਿ ਦੂਸਰੇ ਕਦੇ ਵੀ ਆਪਣੇ ਹਿੱਤ ਤਿਆਗ ਕੇ ਤੁਹਾਡਾ ਭਲਾ ਕਰਨ ਵਾਲੇ ਨਹੀਂ। ਇਹ ਦੁਨੀਆਂ ਮਤਲਬ ਪੂਰਤੀ ਦੀਆਂ ਜੰਜੀਰਾਂ ਦਾ ਸੰਗਲੀਬੰਧ ਪਰਬੰਧ ਹੈ, "ਗੌਂ ਭੁਨਾਵੇ ਜੌਂਅ" ਦੇ ਫਲਸਫੇ ਨੂੰ ਮੰਨਦੀ ਹੈ ਤੇ ਉਸੇ 'ਤੇ ਚਲਦੀ ਹੈ। ਜਿੰਦਗੀ ਵਿਚ ਅਸੀਂ ਆਮ ਹੀ ਦੇਖਦੇ ਹਾਂ ਕਿ ਕੁੱਝ ਲੋਕ ਸਾਨੂੰ ਮਿਲਦੇ ਹਨ ਤੇ ਕੁੱਝ ਸਾਡੇ ਨਾਲ ਬਿਨਾ ਕਿਸੇ ਨੋਟਿਸ ਜਾਂ ਕਾਰਨ ਦੱਸਿਆਂ ਮਿਲਣਾ ਗਿਲਣਾ ਬੰਦ ਕਰ ਜਾਂਦੇ ਹਨ।

ਜੋ ਸਾਡੇ ਨਾਲ ਮਿਲਣਾ ਗਿਲਣਾ ਬੰਦ ਕਰ ਜਾਂਦੇ ਹਨ, ਉਹਨਾਂ ਵਿਚੋਂ ਬਹੁਤੇ ਅਜਿਹਾ ਇਸ ਲਈ ਕਰਦੇ ਹਨ ਕਿ ਸਾਡਾ ਕੱਦ/ਰੁਤਬਾ ਉਹਨਾਂ ਨਾਲੋਂ ਬਹੁਤ ਵੱਡਾ ਹੁੰਦਾ ਹੈ, ਜੋ ਅਕਸਰ ਹੀ ਉਹਨਾਂ ਵਾਸਤੇ ਹੀਣਤਾ ਤੇ ਈਰਖਾ ਦਾ ਸਬੱਬ ਬਣ ਜਾਂਦਾ ਹੈ ਜੋ ਉਹਨਾਂ ਦੀ ਬਰਦਾਸ਼ਤ ਤੋਂਬਾਹਰ ਹੁੰਦਾ ਹੈ। ਇਸ ਦੇ ਨਾਲ ਹੀ ਸਮਝਣ ਵਾਲੀ ਗੱਲ ਇਹ ਵੀ ਹੈ ਕਿ ਜੇਕਰ ਆਪ ਕਿਸੇ ਵਾਸਤੇ ਬੁਰੇ ਹੋ ਤਾਂ ਉਸ ਅੱਗੇ ਚੰਗੇ ਬਣਨ ਦੀ ਬੇਕਾਰ ਕੋਸ਼ਿਸ਼ ਕਦੇ ਵੀ ਨਾ ਕਰੋ ਕਿਉਂਕਿ ਜਿੰਨਾ ਜਿਆਦਾ ਤੁਸੀਂ ਆਪਣੇ ਆਪ ਨੂੰ ਚੰਗਾ ਸਾਬਤ ਕਰਨ ਦੀ ਕੋਸ਼ਿਸ਼ ਕਰੋਗੇ, ਤੁਹਾਨੂੰ ਬੁਰਾ ਸਮਝਣ ਵਾਲੇ ਸ਼ੱਕ ਪੱਕਾ ਹੋ ਕੇ ਯਕੀਨ ਵਿਚ ਬਦਲ ਜਾਵੇਗਾ।

ਨੇਕੀ ਕਰ ਤੇ ਦਰਿਆ 'ਚ ਸੁੱਟ, ਇਹ ਸਤਿਯੁੱਗ ਦੀਆਂ ਗੱਲਾਂ ਨੇ, 21ਵੀਂ ਸਦੀ ਇਸ ਤੋਂਬਹੁਤ ਦੂਰ ਚਲੇ ਗਈ ਏ, ਹੁਣ ਨੇਕੀ ਕਰਨ ਦਾ ਮਤਲਬ ਜਾਂ ਤਾਂ ਧੋਖਾ ਖਾਣਾ ਏ ਜਾਂ ਫਿਰਨੇਕੀ ਕਰਕੇ ਉਸ ਦਾ ਮੰਡੀਕਰਨ ਕਰਕੇ ਮੁੱਲ ਪਵਾਣਾ ਏ, ਅੱਜਕਲ੍ਹ ਨੇਕੀ ਕਰਕੇ ਕੋਈ ਦਰਿਆ ਵਿਚ ਨਹੀਂ ਸੁੱਟਦਾ, ਨੇਕੀ ਕਰਨ ਤੋਂ ਪਹਿਲਾ ਸੌਦੇਬਾਜ਼ੀ ਦਾ ਜ਼ਮਾਨਾ ਏ। ਮੈਂ ਇਹ ਨਹੀਂਕਹਿੰਦਾ ਕਿ ਨੇਕੀ ਨਾ ਕਰੋ, ਜੀ ਸਦਕੇ ਕਰੋ, ਜੰਮ ਜੰਮ ਕਰੋ, ਪਰ ਇਸ ਤਰਾਂ ਕਰਨ ਤੋਂ ਪਹਿਲਾਂ ਚੰਗੀ ਤਰਾਂ ਸੋਚੋ ਤਾਂ ਕਿ ਬਾਅਦ ਵਿਚ ਪਛਤਾਉਣਾ ਨਾ ਪਵੇ, ਮੇਰੀ ਗੱਲ ਤੁਹਾਨੂੰ ਅਟਪਟੀ ਜਰੂਰ ਲੱਗੇਗੀ, ਪਰ ਸੱਚ ਏਹੀ ਹੈ ਕਿ ਨੇਕੀ ਕਰਨ ਤੋਂ ਪਹਿਲਾਂ ਜੇਕਰ ਸੰਭਵ ਹੋਸਕੇ ਤਾਂ ਡੀਲ ਕਰ ਲਓ, ਮੁਫਤ ਦੀਆਂ ਸੱਟਾਂ ਖਾਣ ਦਾ ਕੋਈ ਫਾਇਦਾ ਨਹੀਂ, ਨਾਲੇ ਸਿਆਣੇਵੀ ਏਹੀ ਕਹਿੰਦੇ ਹਨ ਕਿ ਜਿਸ ਦਾ ਤੁਸੀਂ ਅੱਜ ਭਲਾ ਕਰ ਰਹੇ ਹੋ, ਉਹ ਕੱਲ੍ਹ ਤੁਹਾਡਾ ਦੁਸ਼ਮਣ ਬਣਕੇ ਉਭਰੇਗਾ, ਜਦ ਵੀ ਦਾਅ ਲੱਗਾ ਉਹ ਬੰਦਾ ਤੁਹਾਡਾ ਨੁਕਸਾਨ ਕਰੇਗਾ।


ਆਪਣੇ-ਆਲੇ ਦੁਆਲੇ ਨਜ਼ਰ ਮਾਰੋ, ਤੁਹਾਨੂੰ ਇਸ ਤਰਾਂ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਮਿਲਜਾਣਗੀਆਂ। ਸੋ ਬਚਕੇ ਚੱਲੋ, ਜਿੰਦਗੀ ਦੇ ਹਰ ਮੋੜ 'ਤੇ ਹੀ ਨਹੀਂ ਬਲਕਿ ਹਰ ਕਦਮ 'ਤੇ ਖਤਰਾ ਹੈ, ਕੋਸ਼ਿਸ਼ ਕਰਕੇ ਆਪਣੇ ਆਪ ਨੂੰ ਖਤਰਿਆਂ ਦਾ ਖਿਡਾਰੀ ਬਣਾਓ। ਇਹ ਇਕ ਵੱਡੀ ਕਲਾ ਹੈ ਅੱਜ ਦੇ ਸਮੇਂ ਵਿਚ, ਆਪ ਮੂਰਖ ਨਾ ਬਣੋ, ਦੂਸਰਿਆਂ ਨੂੰ ਮੂਰਖ ਬਣਾਉਣ ਤੋਂ ਵੀ ਪਰਹੇਜ਼ ਕਰੋ, ਬੱਸ ਆਪਣੇ ਆਲੇ ਦੁਆਲੇ ਤੋਂ ਚੌਕੰਨੇ ਰਹਿ ਕੇ ਹਮੇਸ਼ਾ ਆਪਣਾ ਬਚਾ ਕਰਦੇਰਹੋ। ਜੇਕਰ ਉਕਤ ਕਲਾ ਸਿੱਖ ਗਏ ਤਾਂ ਅੱਜ ਦੇ ਇਸ ਘੋਰ ਮਲੇਸ਼ ਤੇ ਲੁੱਟ ਖੋਹ ਵਾਲੇਯੁੱਗ ਵਿਚ ਬਚੇ ਰਹੋਗੇ।

ਦੋਸਤ ਬਣਾਓ, ਜੀ ਸਦਕੇ ਬਣਾਓ, ਚੰਗੇ ਬਣਾਓ, ਅੰਨ੍ਹੇਵਾਹ ਨਹੀਂ, ਪਰਖ ਨਿਰਖਕੇ ਬਣਾਓ, ਇਹ ਨਾ ਹੋਵੇ ਕਿ ਅੱਜ ਬਣਾਇਆ ਦੋਸਤ, ਕੱਲ੍ਹ ਤੁਹਾਡੀ ਜੇਬ੍ਹ 'ਤੇ ਉਸਤਰਾ ਜਾਂ ਬਲੇਡ ਫੇਰਕੇ ਰਫੂ ਚੱਕਰ ਜਾਂਨੌਂ ਦੋ ਗਿਆਰਾਂ ਹੋ ਜਾਵੇ ਤੇ ਤੁਹਾਨੂੰ ਉਹ ਜੋ ਚੂਨਾ ਲਗਾ ਗਿਆ ਹੈ, ਉਸ ਦਾ ਪਤਾ ਵੀਦੋ ਹਫਤੇ ਬਾਅਦ ਚ ਜਾ ਕੇ ਲੱਗੇ ਤੇ ਉਸ ਵੇਲੇ ਤੁਹਾਡੀ ਹਾਲਤ ਚਿੜੀਆਂ ਦੁਆਰਾ ਖੇਤ ਦੇਚੁਗੇ ਜਾਣ ਵਾਲੀ ਹੋਵੇ।

ਆਖਿਰ ਵਿਚ ਏਹੀ ਕਹਾਂਗਾ ਕੁੱਝ ਬੋਲ ਕੌੜੇ ਜਰੂਰ ਹੁੰਦੇ ਹਨ, ਪਰ ਉਹਨਾਂ ਦੀ ਇਬਾਰਤ ਕੰਧ 'ਤੇ ਲਿਖੀ ਜਾਣ ਵਾਲੀ ਹੁੰਦੀ ਹੈ, ਉਹ ਬੋਲ ਜਿੰਦਗੀ ਵਿਚ ਸਾਨੂੰ ਹਮੇਸ਼ਾ ਚੰਗੀ ਸੇਧਦੇਂਦੇ ਹਨ, ਉਹਨਾਂ ਨੂੰ ਹਮੇਸ਼ਾ ਵਾਸਤੇ ਲੜ ਬੰਨ੍ਹ ਲੈਣਾ ਸਾਡੇ ਵਾਸਤੇ ਸਮੇਂ ਸਮੇਂ ਬਹੁਤ ਲਾਹੇਵੰਦਾ ਹੁੰਦਾ ਹੈ। ਸੋ ਜੇਕਰ ਹਥਲੀ ਚਰਚਾ ਵਿਚਲੇ ਬੋਲ ਤੁਹਾਨੂੰ ਚੰਗੇ ਲੱਗੇਹੋਣ ਤਾਂ ਜਰੂਰ ਸੰਭਾਲ ਲੈਣੇ, ਜੋ ਤੁਹਾਡੀ ਸੋਚ ਦੇ ਅਨਕੂਲ ਨਾ ਹੋਣ, ਉਹਨਾਂ ਨੂੰ ਮੈਂਸੰਭਾਲ ਲਵਾਂਗਾ।

ਮੁੱਕਦੀ ਗੱਲ ਇਹ ਹੈ ਕਿ ਯਾਰ ਨਾਲ ਗਦਾਰੀ ਨਹੀ ਤੇ ਗਦਾਰ ਨਾਲ ਯਾਰੀ ਨਹੀ, ਦੂਸਰਿਆਂ ਵਿਚ ਨੁਕਸ ਕੱਢਣ ਦੀ ਬਜਾਏ ਆਪਣਾ ਅੰਦਰ ਫੋਲੋ, ਆਪਣੇ ਵੱਲ ਧਿਆਨ ਦਿਓ। ਸਿਆਣੇ ਕਹਿੰਦੇ ਹਨ ਕਿ ਸੱਚਾ ਬੰਦਾ ਹਮੇਸ਼ਾ ਇਕੱਲਾ ਰਹਿ ਜਾਂਦਾ ਹੈ, ਸੱਚ ਬੋਲਣ ਨਾਲ ਦੋਸਤੀਆਂ ਤੇ ਰਿਸ਼ਤੇ ਟੁੱਟ ਜਾਂਦੇ ਹਨ, ਦੂਜੇ ਪਾਸੇ ਝੂਠਿਆਂ ਦਾ ਹਜੂਮ ਹੁੰਦਾ ਹੈ। ਗੱਲ ਇਹਬਿਲਕੁਲ ਸੱਚੀ ਹੈ, ਪਰ ਸਾਡੇ ਵਿਚੋਂ ਬਹੁਤਿਆਂ ਨੂੰ ਸਮਝ ਉਦੋਂ ਆਉਂਦੀ ਹੈ ਜਦੋਂ ਸਾਡਾ ਬਹੁਤ ਸਾਰਾ ਨੁਕਸਾਨ ਹੋ ਜਾਂਦਾ ਹੈ, ਚਿੜੀਆਂ ਖੇਤ ਚੁਗ ਚੁੱਕੀ ਹੁੰਦੀਆਂ ਹਨ, ਝੁੱਗਾਚੌੜ ਹੋ ਚੁੱਕਾ ਹੁੰਦਾ ਹੈ ਤੇ ਸਭ ਕੁੱਝ ਲੁੱਟਿਆ ਪੁੱਟਿਆ ਜਾ ਚੁੱਕਾ ਹੁੰਦਾ ਹੈ। ਸੋਹਰ ਵਕਤ ਚੌਕੰਨੇ ਰਹੋ ਤੇ ਆਪਣਾ ਬਹੁਤ ਸਾਰਾ ਖਿਆਲ ਰੱਖੋ।

# ਪੰਜਾਬ ਨੂੰ ਤਰੱਕੀ ਦੀਆਂ ਲੀਹਾਂ ਤੇ ਲਿਜਾਣ ਵਾਲਾ ਮੁੱਖ ਮੰਤਰੀ ਸ੍ਰ. ਪਰਤਾਪ ਸਿੰਘ ਕੈਰੋਂ



## ਜਨਮ ਦਿਨ ’ਤੇ ਵਿਸ਼ੇਸ਼

ਸੁਖਵਿੰਦਰ ਸਿੰਘ ਮੁੱਲਾਂਪੁਰ
+91: 9914184794

ਭਾਰਤ ਨੂੰ ਆਜ਼ਾਦੀ ਮਿਲਣ ਤੋਂ ਬਾਅਦ ਇਸ ਨੂੰ ਤਰੱਕੀ ਤੇ ਲਿਜਾਣ ਲਈ ਚੰਗੇ ਸੂਝਵਾਨ ਲੀਡਰਾਂ ਦੀ ਲੋੜ ਸੀ ਤਾਂ ਅਣਵੰਡੇ ਪੰਜਾਬ ਜਿਸ ਵਿੱਚ ਪੰਜਾਬ ਦਾ ਸਾਰਾ ਇਲਾਕਾ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦਾ ਕੁਝ ਇਲਾਕਾ ਸੀ ਨੂੰ ਤਰੱਕੀ ਲਈ ਜੱਦੋ ਜਹਿਦ ਕਰਕੇ ਵਿਕਾਸ ਕਰਵਾਉਣ ਵਾਲਾ ਇੱਕੋ ਇੱਕ ਮੁਖ ਮੰਤਰੀ ਸੀ ਸ੍ਰ. ਪਰਤਾਪ ਸਿੰਘ ਕੈਰੋ ! ਸ੍ਰ. ਪਰਤਾਪ ਸਿੰਘ ਕੈਰੋਂ ਦਾ ਜਨਮ 1 ਅਕਤੂਬਰ 1901 ਨੂੰ ਸ੍ਰ ਨਿਹਾਲ ਸਿੰਘ ਦੇ ਘਰ ਪਿੰਡ ਕੈਰੋਂ ਜਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ ਦੇ ਪਿਤਾ ਨਿਹਾਲ ਸਿੰਘ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਸਨ।

ਇਸ ਨੇ ਮੁੱਡਲੀ ਵਿੱਦਿਆ ਕੋਲੋਨਲ ਬ੍ਰਾਊਨ ਕੈਂਬ੍ਰਿਜ ਸਕੂਲ ਦੇਹਰਾਦਨ ਤੋਂ ਪਾਸ ਕੀਤੀ। ਫਿਰ ਖ਼ਾਲਸਾ ਕਾਲਜ ਤੋਂ ਬੀ.ਏ ਕਰਕੇ ਉਚੇਰੀ ਪੜ੍ਹਾਈ ਲਈ ਅਮਰੀਕਾ ਚਲੇ ਗਏ। ਜਿੱਥੇ ਉਹਨਾਂ ਯੂਨੀਵਰਸਿਟੀ ਕੈਲੀਫ਼ੋਰਨੀਆਂ ਐਟ ਬਰਕਲੇ ਤੋਂ ਐਮ.ਏ( ਇਕਨਾਮਿਕਸ) ਅਤੇ ਯੂਨੀਵਰਸਿਟੀ ਆਫ਼ ਮਿਸ਼ੀਗਨ ਤੋਂ ਐਮ .ਏ ( ਪੋਲੀਟੀਕਲ ਸਾਇੰਸ ਦੀ ਡਿਗਰੀ) ਪ੍ਰਾਪਤ ਕਰਕੇ 1929 ਵਿੱਚ ਵਾਪਸ ਮੁੜ ਆਏ। ਇੱਥੇ ਆਕੇ ਉਹ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। 1930 ਵਿੱਚ ਅਕਾਲੀ ਦਲ ਤੋਂ ਅਸਤੀਫ਼ਾ ਦੇਕੇ ਕਾਂਗਰਸ ਵਿੱਚ ਚਲੇ ਗਏ। ਇਹਨਾਂ ਦਾ ਵਿਆਹ ਬੀਬੀ ਰਾਮ ਕੌਰ ਨਾਲ ਹੋਇਆ। ਇਹਨਾਂ ਘਰ ਤਿੰਨ ਬੱਚਿਆਂ ਸੁਰਿੰਦਰ ਸਿੰਘ ਕੈਰੋਂ, ਗੁਰਿੰਦਰ ਸਿੰਘ ਕੈਰੋਂ ਅਤੇ ਧੀ ਸਰਬਰਿੰਦਰ ਕੌਰ ਕੈਰੋਂ ਨੇ ਜਨਮ ਲਿਆ।

13 ਅਪਰੈਲ 1932 ਵਿੱਚ ਉਹਨਾਂ ਨੇ ਅੰਮ੍ਰਿਤਸਰ ਵਿੱਚ ਇੱਕ ਅੰਗਰੇਜ਼ੀ ਹਫ਼ਤਾਵਰੀ ਅਖ਼ਬਾਰ ਦ ਨਿਊ ਏਰਾ ਸ਼ੁਰੂ ਕੀਤਾ। ਪਰਤਾਪ ਸਿੰਘ ਕੈਰੋਂ ਰਾਜਨੀਤੀ ਵਿਚ ਸਰਗਰਮ ਹੋਣ ਕਰਕੇ ਉਹਨਾਂ ਨੂੰ ਅਖ਼ਬਾਰ ਬੰਦ ਕਰਨਾ ਪਿਆ। 1932 ਵਿੱਚ ਜਦ ਸਿਵਲ ਨਾ ਫੁਰਮਾਨੀ ਲਹਿਰ ਸ਼ੁਰੂ ਹੋਈ ਤਾਂ ਆਪ ਨੇ ਮੋਹਰੀ ਹੋਕੇ ਇਸ ਵਿੱਚ ਹਿੱਸਾ ਲੈ ਲਿਆ ਜਿਸ ਦੇ ਸਿੱਟੇ ਵਜੋਂ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਪੰਜ ਸਾਲ ਦੀ ਸਜਾ ਹੋਈ। 1937 ਵਿੱਚ ਫਿਰ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। 1941 ਵਿੱਚ ਫਿਰ ਕਾਂਗਰਸੀ ਬਣ ਗਏ। 1942 ਵਿੱਚ ਭਾਰਤ ਛੱਡੋ ਅੰਦੋਲਨ ਵਿੱਚ ਫਿਰ ਪੰਜ ਸਾਲ ਦੀ ਸਜਾ ਹੋਈ। 1946 ਵਿੱਚ ਆਪ ਸੰਵਿਧਾਨਿਕ ਅਸੈਂਬਲੀ ਪੱਟੀ ਹਲਕੇ ਤੋਂ ਚੁਣੇ ਗਏ। 1947 ਤੋਂ 49 ਤੱਕ ਪੰਜਾਬ ਦੇ ਵਿਕਾਸ ਅਤੇ ਮੁੜ ਵਸੇਵਾ ਮੰਤਰੀ ਰਹੇ। ਪੱਛਮੀ ਪੰਜਾਬ ਤੋਂ ਆਏ ਤੀਹ ਲੱਖ ਲੋਕਾਂ ਨੂੰ ਮੁੜ ਵਸਾਇਆ ਅਤੇ ਉਹਨਾਂ ਨੂੰ ਜਮੀਨਾਂ ਅਤੇ ਘਰ ਅਲਾਟ ਕੀਤੇ। ਆਪ 1952 ਤੋਂ 57 ਅਤੇ 1957 ਤੋਂ 62 ਤੱਕ ਸਰਹਾਲੀ ਹਲਕੇ ਤੋਂ ਐਮ ਐਲ ਏ ਰਹੇ। 1962 ਵਿੱਚ ਫਿਰ ਸਰਹਾਲੀ ਹਲਕੇ ਤੋਂ ਐਮ ਐਲ ਏ ਚੁਣੇ ਗਏ।

ਸ੍ਰ.ਪਰਤਾਪ ਸਿੰਘ ਕੈਰੋਂ 23 ਜਨਵਰੀ 1956 ਤੋਂ 21 ਜੂਨ 1964 ਤੱਕ ਲਗਾਤਾਰ ਅੱਠ ਸਾਲ ਤੋਂ ਵੱਧ ਸਮਾਂ ਪੰਜਾਬੀ ਸੂਬਾ ਬਣਨ ਤੋਂ ਪਹਿਲਾਂ ਜਦੋਂ ਪੰਜਾਬ ਵਿੱਚ ਹਰਿਆਣਾ ਅਤੇ ਕੁਝ ਇਲਾਕਾ ਹਿਮਾਚਲ ਦਾ ਪੰਜਾਬ ਵਿੱਚ ਸੀ ਉਸ ਟਾਇਮ ਪੰਜਾਬ ਦੇ ਮੁੱਖ ਮੰਤਰੀ ਰਹੇ। ਇਹਨਾਂ ਮੁੱਖ ਮੰਤਰੀ ਹੁੰਦਿਆਂ ਪੰਜਾਬ ਦਾ ਬਹੁਤ ਵਿਕਾਸ ਕਰਵਾਇਆ। ਪੰਜਾਬ ਦੀ ਹਰ ਵੱਡੀ ਸੰਸਥਾ ਬਣਾਉਣ ਦਾ ਸਿਹਰਾ ਪਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਦੇ ਹਿੱਸੇ ਆਉਂਦਾ ਹੈ ਜਿਵੇਂ ਚੰਡੀਗੜ੍ਹ ਸ਼ਹਿਰ, ਭਾਖੜਾ ਡੈਮ (ਨੰਗਲ), ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਕੁਰੂਕਸ਼ੇਤਰ ਯੂਨੀਵਰਸਿਟੀ (ਕੁਰੂਕਸ਼ੇਤਰ), ਪੀ, ਜੀ ਆਈ ਚੰਡੀਗੜ੍ਹ, ਵੇਰਕਾ ਮਿਲਕ ਪਲਾਂਟ ਵੇਰਕਾ, ਮੈਡੀਕਲ ਕਾਲਜ ਰੋਹਤਕ,ਆਦਿ ਬਹੁਤ ਸਾਰੀਆਂ ਸੰਸਥਾਵਾਂ ਦਾ ਨਿਰਮਾਣ ਕੀਤਾ।

ਮੁਖ ਮੰਤਰੀ ਕੈਰੋਂ ਨੇ ਪੰਜਾਬ ਵਿੱਚ ਜ਼ਮੀਨਾਂ ਦੀ ਮੁਰੱਬੇਬੰਦੀ ਕਰਵਾ ਕੇ ਹਰ ਕਿਸਾਨ ਦੀ ਜ਼ਮੀਨ ਇੱਕ ਥਾਂ ਇਕੱਠੀ ਕੀਤੀ। ਆਪਦੇ ਉੱਪਰ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਜਿਸ ਕਰਕੇ ਪੜਤਾਲੀਆ ਕਮਿਸ਼ਨ ਬਣਾਇਆ ਗਿਆ। ਪੜਤਾਲੀਆ ਕਮਿਸ਼ਨ ਕੋਈ ਦੋਸ਼ ਸਾਬਤ ਨਾ ਕਰ ਸਕਿਆ। ਆਖ਼ਰ ਦਾਸ ਕਮਿਸ਼ਨ ਬੈਠਾ ਉਹ ਇਹ ਸਾਬਤ ਕਰ ਸਕਿਆ ਕਿ ਮੁੱਖ ਮੰਤਰੀ ਕੈਰੋਂ ਸ਼ੂਗਰ ਦਾ ਮਰੀਜ਼ ਹੋਣ ਕਰਕੇ 1956 ਦੀਆਂ ਚੋਣਾਂ ਦੌਰਾਨ ਦੌਰਿਆਂ ਸਮੇਂ ਅਸਿਸਟੈਂਟ ਸਰਜਨ ਡਾ ਢਿੱਲੋਂ ਨੂੰ ਆਪਣੇ ਨਾਲ ਰੱਖਦਾ ਸੀ। ਡਾ.ਢਿੱਲੋਂ ਨੇ ਆਪਣੇ ਦਫ਼ਤਰੋਂ ਛੁੱਟੀ ਨਹੀਂ ਲਈ ਸੀ।


ਮੁੱਖ ਮੰਤਰੀ ਕੈਰੋਂ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦਾ ਬਹੁਤ ਨਜ਼ਦੀਕੀ ਬੰਦਾ ਸੀ। ਪੰਡਤ ਨਹਿਰੂ ਦੀ 27 ਮਈ 1964 ਨੂੰ ਮੌਤ ਹੋ ਗਈ। ਆਪਣੀ ਜ਼ਿੰਮੇਵਾਰੀ ਸਮਝਦਿਆਂ ਕੈਰੋਂ ਨੇ 21 ਜੂਨ 1964 ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਮੁੱਖ ਮੰਤਰੀ ਕੈਰੋਂ ਦੇ ਨਾਓਂ ਦੀ 2005 ਵਿੱਚ ਡਾਕ ਟਿਕਟ ਜਾਰੀ ਕੀਤੀ ਗਈ।

6 ਫ਼ਰਵਰੀ 1965 ਨੂੰ ਪੰਡਤ ਨਹਿਰੂ ਦੀ ਮੌਤ ਤੋਂ ਬਾਅਦ ਦੇਸ਼ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੂੰ ਮਿਲ ਕੇ ਜਦ ਪਰਤਾਪ ਸਿੰਘ ਕੈਰੋਂ ਵਾਪਸ ਦਿੱਲੀ ਤੋਂ ਚੰਡੀਗੜ੍ਹ ਨੂੰ ਆ ਰਹੇ ਸਨ ਤਾਂ ਜੀ ਟੀ ਰੋਡ ਤੇ ਸੋਨੀਪਤ ਜਿਲ੍ਹੇ ਦੇ ਪਿੰਡ ਰਸੋਈ ਨੇੜੇ ਉਸ ਦੀ ਉਡੀਕ ਕਰ ਰਹੇ ਚਾਰ ਕਾਤਲਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਚਾਰੇ ਕਾਤਲ ਫੜੇ ਗਏ ਤਿੰਨ ਕਾਤਲਾਂ ਨੂੰ ਫਾਂਸੀ ਲਾ ਦਿੱਤਾ ਗਿਆ ਅਤੇ ਚੋਥੇ ਕਾਤਲ ਦਯਾ ਸਿੰਘ ਨੂੰ ਬਰੀ ਕਰ ਦਿੱਤਾ ਗਿਆ। ਪੰਜਾਬ ਨੂੰ ਮੁੜ ਅਜਿਹਾ ਤਰੱਕੀ ਦੇ ਰਾਹ ਲਿਜਾਣ ਵਾਲਾ ਪੜਿਆ ਲਿਖਿਆ ਸੂਝਬਾਨ ਮੁੱਖ ਮੰਤਰੀ ਨਹੀਂ ਮਿਲਿਆ। ਹਜੇ ਵੀ ਪਰਤਾਪ ਸਿੰਘ ਕੈਰੋਂ ਦਾ ਨਾਮ ਰਾਜਨੀਤਕ ਤੌਰ ਤੇ ਬੜੇ ਪਿਆਰ ਨਾਲ ਲਿਆ ਜਾਂਦਾ ਹੈ।

## ARTHRITIS AWARENESS MONTH 2025

### SELF-CARE TIPS ENCYCLOPEDIA

By DR. ANIL DHEER
Columnist. Social activist and Certified by W.H.O – UNICEF anil.dheer@yahoo.com



**Health media Canada :** Weight loss. If you are overweight, losing weight can be effective in easing arthritis pain, particularly for osteoarthritis of the knee. Even losing a small amount can help. But for those who are significantly overweight, losing a bit more is best. One study of 240 overweight or obese adults who lost 20% or more of their body weight had significantly lower levels of blood markers for inflammation and reported less pain and could walk farther in a six-minute test than those who lost less than 5% of their body weight.

**A healthy diet:** A healthy diet may not directly affect your joint pain, but a diet rich in whole foods including fruits, vegetables, fish, nuts and beans, but low in processed foods and saturated fat, can be helpful for managing inflammatory arthritis. This in turn, can reduce pain. Some people say that eating certain foods causes pain to flare. If you suspect that a particular food is causing you pain, try eliminating solely that food from your diet. Eliminating multiple foods at once will make it difficult to determine if your suspected food is the culprit and eliminating too many foods or whole groups of foods could keep you from getting all of the nutrients you need.

**Fish oil:** The polyunsaturated omega-3 fatty acids found in fish have potent anti-inflammatory properties. Research has shown that in people with RA omega-3 supplements reduced joint pain, stiffness and swelling.

**Curcumin:** Curcumin is the active compound in turmeric, a staple of Indian curries, which has been shown to have pain-and inflammation-relieving effects. In one study of patients with knee OA, a 1,500 mg daily dose of curcumin extract was as effective as 1,200 mg a day of ibuprofen.

## ਬਾਰ, ਦੁਆਬੇ ਅਤੇ ਕੈਲੇਫੋਰਨੀਆਂ ਦੀ ਕਾਹੀ !



ਕਦੇ ਕਦੇ ਅੱਖਾਂ ਦੁਆਰਾ ਅਚਾਨਕ ਦੇਖਿਆ ਕੋਈ ਦ੍ਰਿਸ਼, ਮਨ-ਮਸਤਿਕ ਵਿਚ ਪਈਆਂ ਯਾਦਾਂ ਨੂੰ ਐਸਾ ਹਲੂਣਾ ਦੇ ਦਿੰਦਾ ਹੈ ਕਿ ਬੰਦੇ ਦੀ ਸੋਚ-ਉਡਾਰੀ ਪਲਾਂ ਵਿਚ ਹੀ ਕਿਤੇ ਦੀ ਕਿਤੇ ਪਹੁੰਚ ਜਾਂਦੀ ਹੈ ! ਲੰਘੇ 10 ਅੱਸੂ ਨਾਨਕਸ਼ਾਹੀ ਸੰਮਤ 557 ਵਾਲ਼ੇ ਦਿਨ ਸਵੇਰੇ ਸਵੇਰੇ ਸਤਲੁਜ ਵੱਲ੍ਹ ਸੈਰ ਕਰਨ ਜਾ ਰਿਹਾ ਸਾਂ। ਰਾਹ ਦੇ ਨਾਲ਼ ਕਾਹੀ ਦੇ ਚਿੱਟੇ ਫੁੱਲਾਂ ਜਿਹੇ ਸਿੱਟੇ ਦੇਖ ਕੇ ਮੈਨੂੰ ਗੁਰੂ ਨਾਨਕ ਸਾਹਿਬ ਵਲੋਂ ਉਚਾਰੀ ਬਾਰਹਮਾਹ ਤੁਖਾਰੀ ਦੀਆਂ ਕਈ ਤੁਕਾਂ ਯਾਦ ਆ ਗਈਆਂ। ਜਿਨ੍ਹਾਂ ਵਿਚ ਗੁਰੂ ਸਾਹਿਬ ਨੇ ਅੱਸੂ ਮਹੀਨੇ ਦੀ ਰੁੱਤੇ ਕਾਹੀ ਦੇ ਖਿੜੇ ਸਿੱਟਿਆਂ ਨੂੰ ਚੇਤੇ ਕੀਤਾ ਹੋਇਆ ਹੈ।

ਇਤਹਾਸਕਾਰ ਦੱਸਦੇ ਨੇ ਚਾਰੇ ਉਦਾਸੀਆਂ ਦੀ ਸਮਾਪਤੀ ਉਪਰੰਤ ਗੁਰੂ ਸਾਹਬ ਜੀ ਨੇ ‘ਬਾਰ’ ਛੱਡ ਕੇ ਸ੍ਰੀ ਕਰਤਾਰ ਪੁਰ ਆਣ ਵਾਸਾ ਕੀਤਾ। ਜਿੱਥੇ ਜੋਤੀ ਜੋਤ ਸਮਾਉਣ ਤੋਂ ਕੁੱਝ ਚਿਰ ਪਹਿਲਾਂ ਰਾਗ ਤੁਖਾਰੀ ਵਿੱਚ ਇਹ ਬਾਰਹਮਾਹ ਦੀ ਬਾਣੀ ਉਚਾਰੀ। ਇੱਥੇ ਨਿਵਾਸ ਕਰਦਿਆਂ ਗੁਰੂ ਮਹਾਰਾਜ ਨੂੰ ਬਚਪਨ ਵੇਲੇ ਰਾਇ ਭੋਇੰ ਦੀ ਤਲਵੰਡੀ ਦੀ ਜੂਹ ਵਿਚ ਚਾਰੀਆਂ ਮੱਝਾਂ ਅਤੇ ਵੱਖ ਵੱਖ ਰੁੱਤਾਂ ਦੇ ਚੌਗਿਰਦੇ ਵਾਲੇ ਦ੍ਰਿਸ਼ ਜਰੂਰ ਚੇਤੇ ਆਏ ਹੋਣਗੇ ਅੰਬਾਂ ਦੇ ਮੌਸਮ ਵਿਚ ਕੋਇਲ ਦੀ ਕੂ ਕੂ, ਸੌਣ-ਭਾਦੋਂ ਵਿਚ ਚੜ੍ਹ ਚੜ੍ਹ ਆਉਂਦੀਆਂ ਕਾਲ਼ੀਆਂ ਘਟਾਵਾਂ, ਗਰਜਦੇ ਬੱਦਲ਼, ਡੰਗਦੇ ਮੱਛਰ ਦੀ ‘ਭੀਂ...ਭੀਂ’ ਅਤੇ ਬਿੰਡੇ ਦੀ ‘ਟੀਂ...ਟੀਂ’ ਦਾ ਵਰਨਣ ਕਰਦਿਆਂ ਗੁਰੂ ਜੀ ਨੇ ਦੋ ਵਾਰੀ ‘ਬਾਰ’ ਇਲਾਕੇ ਦਾ ਜਿਕਰ ਕੀਤਾ ਹੈ:-

*‘ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ ॥’*

*‘ਰਥੁ ਫਿਰੈ ਛਾਇਆ ਧਨ ਤਾਕੈ ਟੀਡ ਲਵੈ ਮੰਝਿ ਬਾਰੇ ॥’*

ਅਤੇ ਕਾਹੀ ਦੇ ਖਿੜੇ ਹੋਏ ਚਿੱਟੇ ਸਿੱਟਿਆਂ ਬਾਰੇ ਫੁਰਮਾਇਆ:-

*‘ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ ॥’* (ਸ੍ਰੀ ਗੁਰੂ ਗ੍ਰੰਥ ਸਾਹਿਬ-ਅੰਗ 1107)

ਅੱਜ ਆਪਣੇ ਪਿੰਡ ਲਾਗੇ ਕਾਹੀ ਦੇ ਕੂਲ਼ੇ ਕੂਲ਼ੇ ਸਫੈਦ ਸਿੱਟੇ ਦੇਖ ਕੇ ਮੈਨੂੰ ਯਾਦ ਆਇਆ ਕਿ ਪਿਛਲੇ ਸਾਲ ਇਸੇ ਰੁੱਤ ਵਿਚ ਮੈਂ ਕੈਲੇਫੋਰਨੀਆਂ ਦੇ ਸ਼ਹਿਰ ਸੈਨਹੋਜ਼ੇ ਵਿਚ ਕਾਹੀ ਵਰਗੇ ਸਰਵ੍ਹਾੜ ਦੇ ਸਿੱਟੇ ਦੇਖੇ ਸਨ। ਉਹ ਫੋਟੋ ਮੈਂ ਇਹ ਸੋਚ ਕੇ ਸਾਂਭ ਲਈ ਸੀ ਕਿ ਕਿਤੇ ਸਮਾਂ ਮਿਲ਼ਿਆ ਤਾਂ ਇਨ੍ਹਾਂ ਦਾ ਆਪਣੇ ਦੁਆਬੇ ਦੀ ਕਾਹੀ ਦੇ ਸਿੱਟਿਆਂ ਨਾਲ ਟਾਕਰਾ ਕਰਾਂ ਗਾ !

*‘ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥’*

*-ਤਰਲੋਚਨ ਸਿੰਘ ‘ਦੁਪਾਲ ਪੁਰ’ 001-408-915-1268 tsdupalpuir@yahoo.com*

# Punjab Must Return to the Spirit of the Eleven-Point Programme

– ਲੇਖਕ –
ਇਕਬਾਲ ਸਿੰਘ
ਲਾਲਪੁਰਾ
ਫੋਨ: 91 97800 03333



Punjab has always been guided by the message of Guru Nanak Dev Ji: "Apna meet hum sab ko kina, hum sabna ke sajan"—we are all friends, relatives, and share a common DNA. He reminded the world: "Eko hai Bhai, Eko hai"—there is only One God, one humanity, one destiny. This spirit of unity is not only spiritual but also deeply political, for it has repeatedly inspired Punjabis to rise above divisions and act as one family. In 1967, Punjab's first non-Congress government under Justice Gurnam Singh came to power with support from the Akali Dal, Jan Sangh, Communists, other parties, and independents. To sustain this broad coalition, they adopted an Eleven-Point Programme. That document was not an Akali programme, nor a Jan Sangh manifesto, nor a Communist agenda—it was a common Punjabi programme drafted and adopted with consensus to develop Punjab. Even today, nearly sixty years later, it offers Punjab a roadmap out of its current crises.

Punjab today faces economic slowdown, drug menace, large-scale migration, agricultural stagnation, political disillusionment, and a deepening trust deficit between communities. While leaders argue about identity politics, water disputes, or short-term electoral gains, the basic issues of governance, prosperity, and social harmony remain unattended. This is why returning to the spirit of the Eleven-Point Programme is not nostalgia—it is necessity.

The first point was Hindu–Sikh unity and communal harmony. This was the foremost need in 1967, and it remains the foremost need in 2025. Punjab's stability depends on Hindu–Sikh trust, for they are not two separate peoples but one family. Every crisis of Punjab in the last century—from Partition violence to terrorism—was worsened when this unity cracked. Yet, deceitful conversions, identity-based mistrust, and divisive propaganda are once again eroding the social fabric. To honour Guru Nanak's teaching of universal friendship, Punjab must actively rebuild this trust as the foundation of peace and progress. Without Hindu–Sikh amity, no programme of development can succeed.

The second point was the release of political prisoners and withdrawal of false cases. In 1967, the demand was justice for those booked under politically motivated charges. Today, the principle translates into ensuring impartial courts, fair trials, and speedy justice. Punjab's youth, farmers, and minorities all need assurance that the law is not an instrument of revenge. If people lose faith in the fairness of law, discontent festers, and agitation becomes the only outlet. Rule of law, applied equally, is the strongest guarantee of peace.

The third was the promotion of Punjabi language and culture. The 1967 programme called for Punjabi to flourish as a language of governance, literature, and education. Sadly, Punjabi still struggles in schools and administration, while English and Hindi dominate. If Israel could revive Hebrew, and Ireland could protect Gaelic, why should Punjabi decline in its own land? Our writers, singers, diaspora, and educators must unite for cultural revival. It cannot be left only to government—it must become a people's movement. Punjabi is not just a language, it is the heartbeat of Punjab's identity.

The fourth point was strengthening agriculture. Punjab's farmers once fed the nation, but today they are trapped in debt and monoculture. In 1967, the focus was irrigation, cheap credit, and fair prices. Today, the vision must expand to diversification, food processing, water conservation, and global market linkages. Without modernisation, Punjab's economy will collapse further. Farmers must be supported to move from wheat–paddy cycles to fruits, vegetables, organic farming, and agri-business ventures. The green revolution must be followed by a second revolution of sustainability.

The fifth was employment for youth. In 1967, educated unemployed youth were a concern. In 2025, the crisis is alarming. Migration has become compulsion rather than choice. Lakhs of young Punjabis leave every year, draining both talent and money. Punjab must invest in skills, IT hubs, green technologies, and entrepreneurship. Only when youth find dignified livelihoods at home will the drug menace decline. No society can prosper if its brightest children seek a future only outside its borders.

The sixth was industrialisation. The 1967 coalition wanted agro-based industries to absorb rural labour. Today, Amritsar, Jalandhar, and Ludhiana's industry is struggling. Small-scale units are closing, investments are stagnant, and red tape chokes entrepreneurship. Punjab must offer infrastructure, electricity, connectivity, and ease of doing business. If the state becomes an innovation hub, not just a land of remittances, it can regain pride. Without industry, agriculture alone cannot sustain Punjab.

The seventh was eradication of corruption. In 1967, it was rising; in 2025, it is an epidemic. Allegations extend right up to the Chief Minister's office, senior officers, and contractors, while the small employee is scapegoated. Unless accountability begins at the top, the system cannot be cleansed. Transparency, strong vigilance, and public participation are the only answers. Corruption not only drains money but destroys faith in governance.

The eighth was revival of cooperatives. In the 1960s, cooperatives empowered farmers, women, and weaker sections. Today, cooperative banks, dairies, and mills are collapsing. Reviving them can give rural Punjab both economic strength and community solidarity. Cooperatives are not just financial units—they are schools of democracy, where trust and self-help grow. The ninth was reforms in local self-government. Panchayats and municipalities were to be empowered in 1967. Today, power is still over-centralised. If local bodies are strengthened, villages can manage water, waste, schools, and health centres better than distant bureaucrats. True democracy means power in the hands of people, not only in the secretariat.

The tenth was education. In 1967, the United Front wanted more schools and colleges, especially in rural areas. Six decades later, Punjab faces declining standards, drug abuse among students, and a rush for foreign education. What is worse, education is no longer seen as a government service but as a private business. This erodes equality and leaves rural and poor families behind. Punjab needs quality public schools and universities where every child, rich or poor, has equal chance to succeed.

The eleventh was protection of democratic rights. Freedom of press, assembly, and association were central in 1967. Today, these freedoms must be safeguarded from both state pressure and extremist threats. Democracy grows only when people feel safe to speak and organise peacefully. Punjab must never again allow an atmosphere where free voices are silenced—whether by state power or militant intimidation.

When we read these eleven points today, they do not sound outdated but prophetic. Yet Punjab's politics took another direction. Why did Congress not allow Justice Gurnam Singh's Ministry to complete its term? How did Naxalism reach Punjab? Why could Punjabi not be taught in every school? In 1973, the Anandpur Sahib Resolution shifted focus to identity and autonomy, sidelining the broad social programme. The result was decades of unrest and lost opportunities. Almost all the signatories and the visionaries of 1967 have left this world, but their wisdom remains.

Now, when Punjab faces a triple crisis of economy, society, and politics, it is time to return to the spirit of 1967. A new people's programme is needed, updated with present concerns—drug menace, environmental degradation, migration, and loss of trust in institutions. The recent decrease in the number of Punjabi officers due to new government policies is another warning sign. A state whose very identity rests on being the homeland of Sikhs and the culture inspired by Jagat Guru Nanak cannot afford to see Punjabi representation in services diluted. This will hurt both Punjab and India.

Let Guru Nanak's universal message be our guide: we are all one family, sharing common DNA. Blaming others has never been the Gurmat way. Dialogue, self-reflection, and collective effort are the true path forward. Punjab must rediscover its unity and courage, for the sake of future generations. Let all Punjabis across the world adopt an updated Eleven-Point Programme and make Punjab a peaceful, progressive, and prosperous state once again.

Former Chairman
National Commission for Minorities
Govt of India

ਗੁਰਮੀਤ ਸਿੰਘ ਪਲਾਹੀ
-9815802070

# ਆਪਣਾ ਦੇਸ਼ ਪਰਾਏ ਲੋਕ

**ਅਮਰੀਕਾ, ਕੈਨੇਡਾ, ਅਸਟਰੇਲੀਆ ਅਤੇ ਯੂਰਪ ਦੇ ਦੇਸ਼ਾਂ ਵਿੱਚ ਧਰੁਵੀਕਰਨ, ਪ੍ਰਵਾਸ-ਵਿਰੋਧੀ ਭਾਵਨਾ ਤਿੱਖੇ ਟਕਰਾਅ 'ਚ ਪ੍ਰਫੁੱਲਤ ਹੋ ਰਹੀ ਹੈ। ਭਾਵੇਂ ਪੱਛਮ ਵਿੱਚ ਸਮਾਜਿਕ ਸਮੂਹਾਂ ਵਿੱਚ ਵੱਡੇ ਪੈਮਾਨੇ 'ਤੇ ਹਿੰਸਕ ਟਕਰਾਅ ਨਹੀਂ ਹੈ। ਲੇਕਿਨ ਧਰੁਵੀਕਰਨ 'ਚ ਬਿਆਨਬਾਜੀ-ਯੁੱਧ ਸਿਖ਼ਰਾਂ 'ਤੇ ਪੁੱਜਾ ਹੈ। ਇਹ ਵਿਸ਼ਵ ਨਾਗਰਿਕਾਂ ਦੇ ਹਿਮੈਤੀਆਂ ਦੇ ਵਿਰੁੱਧ ਹਥਿਆਰ ਚੁੱਕਣ ਦਾ ਨਾਹਰਾ ਬੁਲੰਦ ਕਰਦੇ ਹਨ ਅਤੇ ਪ੍ਰਵਾਸੀਆਂ 'ਚ ਡਰ ਪੈਦਾ ਕਰਨ ਲਈ ਹਰ ਉਹ ਕਾਰਵਾਈ ਕਰਨ ਦੇ ਹਾਮੀ ਹਨ, ਜਿਸ ਨਾਲ ਦੇਸ਼ ਵਿੱਚ ਗ੍ਰਹਿ-ਯੁੱਧ ਜਿਹੇ ਹਾਲਾਤ ਪੈਦਾ ਹੋਣ।**



ਹਰ ਪਾਸੇ ਪ੍ਰਵਾਸੀਆਂ ਲਈ ਸਰਹੱਦਾਂ ਉਤੇ ਰੋਕ ਲਾਈ ਜਾ ਰਹੀ ਹੈ। ਪ੍ਰਵਾਸ-ਕਾਨੂੰਨ ਸਖ਼ਤ ਹੋ ਰਹੇ ਹਨ। ਗ਼ੈਰ-ਨਾਗਰਿਕਾਂ ਨੂੰ ਦੇਸ਼ 'ਚੋਂ ਬਾਹਰ ਕੱਢਣ ਦਾ ਦਬਾਅ ਵਧਦਾ ਜਾ ਰਿਹਾ ਹੈ। ਦੇਸ਼ਾਂ ਦੇ ਦੇਸ਼ ਪ੍ਰਵਾਸੀਆਂ ਵਿਰੁੱਧ ਉਬਾਲ ਵਿੱਚ ਹਨ। ਆਨੇ-ਬਹਾਨੇ ਪ੍ਰਵਾਸੀਆਂ ਵਿਰੁੱਧ ਨਫ਼ਰਤ ਵਧ ਰਹੀ ਹੈ। ਮਨੁੱਖ ਨੂੰ ਮਨੁੱਖ ਨਾ ਸਮਝਣਾ ਕਿੰਨਾ ਘਾਤਕ ਹੈ!

ਯੂਰਪ ਵਿੱਚ ਕੱਟੜਪੰਥੀ ਦਲ ਸਿਆਸਤ ਵਿੱਚ ਜ਼ੋਰ ਫੜਦੇ ਜਾ ਰਹੇ ਹਨ। 2024 'ਚ ਫਰਾਂਸ 'ਚ ਨੈਸ਼ਨਲ ਪਾਰਟੀ ਅਤੇ ਜਰਮਨੀ ਵਿੱਚ ਕੱਟੜਪੰਥੀ "ਆਊ" ਜਿਹੇ ਬਣੇ ਸਿਆਸੀ ਦਲ ਚੋਣਾਂ 'ਚ ਇੱਕ ਤਿਹਾਈ ਸੀਟਾਂ ਜਿੱਤ ਗਏ। ਇਹ ਸਿਆਸੀ ਦਲ ਬਿਆਨਬਾਜੀ ਕਰਦੇ ਹਨ। ਪ੍ਰਵਾਸ ਨੂੰ ਅਪਰਾਧ ਗਿਣਦੇ ਹਨ।

ਅਸਟਰੀਆ ਦੀ ਫਰੀਡਮ ਪਾਰਟੀ 30 ਫ਼ੀਸਦੀ ਵੋਟਾਂ ਲੈ ਗਈ। ਯੂਰਪ ਦੇ ਦੇਸ਼ਾਂ ਫਰਾਂਸ, ਇਟਲੀ, ਜਰਮਨੀ 'ਚ ਫ਼ਾਸ਼ੀਵਾਦੀ ਵਿਚਾਰਾਂ ਵਾਲੇ ਲੋਕਾਂ ਦਾ ਬੋਲਬਾਲਾ ਵਧਿਆ ਹੈ, ਜਿਹੜੇ ਪ੍ਰਵਾਸੀਆਂ ਵਿਰੁੱਧ ਇੱਕ ਲਹਿਰ ਖੜੀ ਕਰਨ 'ਚ ਕਾਮਯਾਬੀ ਹਾਸਲ ਕਰ ਰਹੇ ਹਨ। ਕੀ ਇਹ ਨਫ਼ਰਤੀ ਵਰਤਾਰਾ ਮਨੁੱਖਤਾ ਖਿਲਾਫ਼ ਵੱਡੀ ਜੰਗ ਨਹੀਂ ਹੈ? ਪ੍ਰਮਾਣੂ ਜੰਗ ਤੋਂ ਵੀ ਵੱਡੀ।

ਕੈਨੇਡਾ ਜਿਹੜਾ ਲੰਮੇਂ ਸਮੇਂ ਤੱਕ ਪ੍ਰਵਾਸੀਆਂ ਨੂੰ ਆਪਣੀ ਹਿੱਕ ਨਾਲ ਲਾਉਂਦਾ ਰਿਹਾ ਹੈ। ਉਸਨੂੰ ਉਥੇ ਵੱਡੇ ਤਣਾਅ ਦਾ ਸਹਾਮਣਾ ਕਰਨਾ ਪਿਆ ਹੈ। ਕੈਨੇਡਾ ਦੇ ਕਨਜ਼ਰਵੇਟਿਵ ਨੇਤਾ ਪਿਅਰੇ ਪਾਈਲਿਵਰੇ ਨੇ ਪ੍ਰਵਾਸੀਆਂ ਨੂੰ ਕੈਨੇਡਾ 'ਚ ਵਧ ਰਹੀਆਂ ਨੌਕਰੀਆਂ 'ਚ ਸਮੱਸਿਆਵਾਂ ਲਈ ਜ਼ੁੰਮੇਵਾਰ ਕਰਾਰ ਦਿੱਤਾ। ਕੈਨੇਡਾ 'ਚ ਇੰਮੀਗਰੇਸ਼ਨ ਕਾਨੂੰਨ 'ਚ ਸਖ਼ਤੀ ਦੇਖਣ ਨੂੰ ਮਿਲ ਰਹੀ ਹੈ। ਹਾਲਾਂਕਿ ਕੈਨੇਡਾ ਐਡਾ ਵੱਡਾ ਦੇਸ਼ ਹੈ, ਜਿਥੇ ਅਥਾਹ ਪ੍ਰਵਾਸੀ ਸਮਾਅ ਸਕਦੇ ਹਨ, ਚੰਗਾ ਗੁਜ਼ਰ-ਵਸਰ ਕਰ ਸਕਦੇ ਹਨ।

ਅਸਟਰੇਲੀਆ ਵਿੱਚ ਵੀ ਪ੍ਰਵਾਸੀਆਂ ਪ੍ਰਤੀ ਨੀਤੀਆਂ 'ਚ ਬਦਲਾਅ ਹੈ ਅਤੇ ਹਜ਼ਾਰਾਂ ਲੋਕ ਪ੍ਰਵਾਸੀਆਂ ਵਿਰੁੱਧ ਵਿਖਾਵੇ ਕਰਨ ਲਈ ਅੱਗੇ ਆਏ ਹਨ, ਪ੍ਰਦਰਸ਼ਨ ਹੋ ਰਹੇ ਹਨ। 'ਨਓ-ਨਾਜ਼ੀ' ਨਾਲ ਜੁੜੇ ਵੱਡੇ ਪ੍ਰਦਰਸ਼ਨ ਪ੍ਰਵਾਸੀਆਂ ਨੂੰ ਦੇਸ਼ ਤੋਂ ਬਾਹਰ ਕੱਢਣ ਲਈ ਕੀਤੇ ਗਏ। ਅਮਰੀਕਾ 'ਚ ਟਰੰਪ ਦੀ ਜਿੱਤ ਨੇ ਪ੍ਰਵਾਸੀਆਂ ਵਿਰੁੱਧ ਮਿੱਥ ਕੇ ਜਿਸ ਢੰਗ ਨਾਲ 'ਰਾਸ਼ਟਰਵਾਦ' ਦੇ ਨਾਂਅ ਉਤੇ ਨਫ਼ਰਤੀ ਵਰਤਾਰਾ ਸਿਰਜਿਆ ਹੈ, ਉਸ ਦਾ ਦੁਨੀਆਂ ਭਰ 'ਚ ਖ਼ਾਸ ਕਰਕੇ ਯੂਰਪ 'ਚ ਪ੍ਰਭਾਵ ਪ੍ਰਤੱਖ ਦਿੱਖ ਰਿਹਾ ਹੈ। ਕੀ ਇਹ ਭਰਾਤਰੀਭਾਵ ਉਤੇ ਵੱਡੀ ਸੱਟ ਨਹੀਂ ਹੈ?

ਦੁਨੀਆ ਭਰ ਵਿੱਚ ਪ੍ਰਵਾਸੀਆਂ ਵਿਰੁੱਧ ਅੰਦੋਲਨਾਂ 'ਚ ਵਾਧਾ ਵੇਖਿਆ ਜਾ ਰਿਹਾ ਹੈ। ਇਹ ਅੰਦੋਲਨ ਹਾਸ਼ੀਏ 'ਚ ਨਹੀਂ ਸਗੋਂ ਮੁੱਖ ਧਾਰਾ ਬਣਦਾ ਜਾ ਰਿਹਾ ਹੈ। ਜਿਸ ਨਾਲ ਸਿਆਸੀ ਨੇਤਾਵਾਂ, ਰਾਸ਼ਟਰਵਾਦੀ ਪਾਰਟੀਆਂ ਅਤੇ ਇਥੋਂ ਤੱਕ ਕਿ ਐਲਨ ਮਸਕ ਜਿਹੇ ਵਿਸ਼ਵ ਪ੍ਰਸਿੱਧੀ ਪ੍ਰਾਪਤ ਪ੍ਰਭਾਵਸ਼ਾਲੀ ਲੋਕਾਂ ਦੀ ਚੜ੍ਹਤ ਹੋਈ ਹੈ।

ਡੋਨਲਡ ਟਰੰਪ ਦੇ ਸੱਜੇ ਹੱਥ ਕੱਟੜਪੰਥੀ "ਕਿਰਕ" ਦੇ ਕਤਲ ਨੇ ਅੱਗ 'ਚ ਘਿਓ ਪਾਉਣ ਦਾ ਕੰਮ ਕੀਤਾ। ਜਿਸਦਾ ਸਿੱਟਾ ਬਰਤਾਨੀਆਂ 'ਚ ਦਿਖਿਆ। ਉਥੇ ਡੇਢ ਲੱਖ ਲੋਕ ਪ੍ਰਵਾਸੀ ਨੀਤੀਆਂ ਅਤੇ ਪ੍ਰਵਾਸੀਆਂ ਦੇ ਵਿਰੁੱਧ ਲੰਦਨ 'ਚ ਸੜਕਾਂ 'ਤੇ ਉਤਰ ਆਏ। ਐਲਨ ਮਸਕ ਦਾ ਇਹ ਬਿਆਨ ਕਿ ਪ੍ਰਵਾਸੀਆਂ ਨੂੰ ਸ਼ਰਨ ਦੇਣਾ ਦੇਸ਼ ਧਰੋਹ ਕਾਰਵਾਈ ਹੈ, ਨਾਲ ਇਹ ਰਾਸ਼ਟਰਵਾਦੀ ਨੇਤਾ ਮਜ਼ਬੂਤ ਹੋ ਰਹੇ ਹਨ। ਕੀ ਇਸ ਨਾਲ ਹਿਟਲਰੀ ਸੋਚ ਵਾਲੇ ਲੋਕਾਂ ਦਾ ਦਬਾਅ ਨਹੀਂ ਵਧੇਗਾ?

20 ਵੀਂ ਸਦੀ 'ਚ ਇੱਕ ਨਾਹਰਾ ਗੂੰਜਿਆ ਸੀ। ਵਿਸ਼ਵ ਨਾਗਰਿਕਤਾ ਨੂੰ ਹੁਲਾਰਾ ਮਿਲਿਆ ਸੀ। "ਵਿਸ਼ਵਵਾਦ" ਸੁਰਖੀਆਂ 'ਚ ਆਇਆ ਸੀ। ਪਰ ਹੁਣ ਇਸੇ ਨਾਹਰੇ ਨੂੰ, ਜੋ ਮਨੁੱਖਤਾ ਦੇ ਹਿੱਤ ਵਾਲਾ ਵੱਡਾ ਕਾਰਜ ਸੀ, ਨੂੰ ਪੈਰਾਂ ਹੇਠ ਮਿੱਧਣ ਲਈ ਕੱਟੜਪੰਥੀ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ। ਇਸ ਨਾਹਰੇ ਦੇ ਅਸਲ ਮਨੁੱਖਵਾਦੀ ਤੱਤਾਂ ਨੂੰ ਖ਼ਾਰਜ ਕਰਕੇ "ਆਪਣਾ ਦੇਸ਼ ਪਰਾਏ ਲੋਕ" ਦਾ ਨਾਹਰਾ ਹਰਮਨ ਪਿਆਰਾ ਕੀਤਾ ਜਾ ਰਿਹਾ ਹੈ ਅਤੇ ਇਸ ਦਾ ਨਾਹਰੇ ਦੇ ਤਹਿਤ "ਪ੍ਰਵਾਸੀਆਂ ਨੂੰ ਦੇਸ਼ 'ਚੋਂ ਕੱਢੋ", "ਸੂਬਿਆਂ 'ਚੋਂ ਕੱਢੋ" ਦਾ ਨਾਹਰਾ ਅੰਦੋਲਨ ਬੁਲੰਦ ਹੋ ਰਿਹਾ ਹੈ।

ਅਮਰੀਕਾ, ਕੈਨੇਡਾ, ਅਸਟਰੇਲੀਆ ਅਤੇ ਯੂਰਪ ਦੇ ਦੇਸ਼ਾਂ ਵਿੱਚ ਧਰੁਵੀਕਰਨ, ਪ੍ਰਵਾਸ-ਵਿਰੋਧੀ ਭਾਵਨਾ ਤਿੱਖੇ ਟਕਰਾਅ 'ਚ ਪ੍ਰਫੁੱਲਤ ਹੋ ਰਹੀ ਹੈ। ਭਾਵੇਂ ਪੱਛਮ ਵਿੱਚ ਸਮਾਜਿਕ ਸਮੂਹਾਂ ਵਿੱਚ ਵੱਡੇ ਪੈਮਾਨੇ 'ਤੇ ਹਿੰਸਕ ਟਕਰਾਅ ਨਹੀਂ ਹੈ। ਲੇਕਿਨ ਧਰੁਵੀਕਰਨ 'ਚ ਬਿਆਨਬਾਜੀ-ਯੁੱਧ ਸਿਖ਼ਰਾਂ 'ਤੇ ਪੁੱਜਾ ਹੈ। ਇਹ ਵਿਸ਼ਵ ਨਾਗਰਿਕਾਂ ਦੇ ਹਿਮੈਤੀਆਂ ਦੇ ਵਿਰੁੱਧ ਹਥਿਆਰ ਚੁੱਕਣ ਦਾ ਨਾਹਰਾ ਬੁਲੰਦ ਕਰਦੇ ਹਨ ਅਤੇ ਪ੍ਰਵਾਸੀਆਂ 'ਚ ਡਰ ਪੈਦਾ ਕਰਨ ਲਈ ਹਰ ਉਹ ਕਾਰਵਾਈ ਕਰਨ ਦੇ ਹਾਮੀ ਹਨ, ਜਿਸ ਨਾਲ ਦੇਸ਼ ਵਿੱਚ ਗ੍ਰਹਿ-ਯੁੱਧ ਜਿਹੇ ਹਾਲਾਤ ਪੈਦਾ ਹੋਣ।

ਪ੍ਰਵਾਸ ਵਿਰੋਧੀ ਇਹ ਕੱਟੜਪੰਥੀ, ਸਰਕਾਰੀ ਪ੍ਰਵਾਸ ਨੀਤੀਆਂ ਅਤੇ ਪ੍ਰਵਾਸੀਆਂ ਪ੍ਰਤੀ ਗੁੱਸੇ ਅਤੇ ਨਫ਼ਰਤ ਵਾਲੀ ਭਾਸ਼ਾ ਵਰਤਦੇ ਹਨ। ਉਹਨਾ ਵਿਰੁੱਧ ਹਥਿਆਰ ਚੁੱਕਣ ਦਾ ਹੋਕਾ ਦਿੰਦੇ ਹਨ ਅਤੇ ਟਰੰਪ ਜਿਹੇ ਨੇਤਾਵਾਂ ਦੇ ਹੱਥ ਮਜ਼ਬੂਤ ਕਰਦੇ ਹਨ, ਜਿਸਨੇ ਅੰਤਰਰਾਸ਼ਟਰੀ ਸੰਸਥਾਵਾਂ ਯੂ. ਐੱਸ. ਏ. ਆਈ. ਡੀ. ਆਦਿ ਜਿਹੀਆਂ ਸੰਸਥਾਵਾਂ ਨੂੰ ਖ਼ਤਮ ਕਰ ਦਿੱਤਾ, ਜਿਹੜਾ ਇਸ ਗੱਲ ਦਾ ਮੁਦੱਈ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਜਿਹੜੀਆਂ ਸੰਸਥਾਵਾਂ ਨੂੰ ਪੈਸੇ ਦਿੱਤੇ ਜਾਂਦੇ ਹਨ, ਉਹ ਦੇਸ਼ ਦੇ ਟੈਕਸ ਦੇਣ ਵਾਲੇ ਲੋਕਾਂ ਦੇ ਹਨ। ਇਹ ਪੈਸੇ ਦੀ ਨਜਾਇਜ਼ ਵਰਤੋਂ ਹੈ। ਉਹਨਾ ਨੂੰ 'ਅਮਰੀਕਾ ਫਸਟ' ਜਾਂ 'ਯੂਨਾਇਟ ਦਾ ਕਿੰਗਡਮ' ਜਿਹੇ ਨਾਹਰੇ ਪਸੰਦ ਹਨ, ਜਿਹੜੇ ਰਾਸ਼ਟਰਵਾਦ ਨੂੰ ਉਤਸ਼ਾਹਤ ਕਰਦੇ ਹਨ ਅਤੇ ਅੰਤਰਰਾਸ਼ਟਰੀ ਮੁਲਾਂ ਤੇ ਮਨੁੱਖਤਾਵਾਦੀ ਕਦਰਾਂ-ਕੀਮਤਾਂ ਨੂੰ ਨਕਾਰਦੇ ਹਨ।

ਖੁੱਲ੍ਹੇ ਵਿਚਾਰਾਂ ਵਾਲੇ ਉਦਾਰਵਾਦੀ ਸਾਸ਼ਕ ਖੁੱਲ੍ਹੀਆਂ ਸਰਹੱਦਾਂ ਦੇ ਹਿਮਾਇਤੀ ਹਨ। ਉਹ ਸਸਤੀ ਲੇਬਰ ਨੂੰ ਪੂੰਜੀਵਾਦੀ ਹਿੱਤਾਂ ਦੀ ਪੂਰਤੀ ਦੇ ਪਾਲਕ ਮੰਨਦੇ ਹਨ। ਉਹ ਵੱਡੇ ਪੈਮਾਨੇ 'ਤੇ ਪ੍ਰਵਾਸੀਆਂ ਦੇ ਹੱਕ 'ਚ ਖੜਦੇ ਹਨ, ਕਿਉਂਕਿ ਉਹ ਘੱਟ ਵੇਤਨ ਲਈ ਪ੍ਰਵਾਸੀਆਂ ਦੀ ਵਰਤੋਂ ਕਰਦੇ ਹਨ ਭਾਵੇਂ ਕਿ ਬਹੁਤੇ ਥਾਵਾਂ 'ਤੇ ਇਹ ਸਿਧਾਂਤ ਸਮਾਜਿਕ ਏਕਤਾ ਨੂੰ ਖ਼ਤਮ ਕਰਦਾ ਹੈ।

ਇਸਦੇ ਉਲਟ ਕੱਟੜਪੰਥੀ ਰਾਸ਼ਟਰਵਾਦੀ ਇਹ ਦੋਸ਼ ਲਗਾਉਂਦੇ ਹਨ ਕਿ ਸਥਾਨਕ ਅਬਾਦੀ ਦੀ ਥਾਂ ਪ੍ਰਦੇਸੀਆਂ ਨੂੰ ਲਿਆਉਣਾ ਉਥੋਂ ਦੇ ਵਾਸਨੀਕਾਂ ਦੇ ਹਿੱਤਾਂ ਦੇ ਉਲਟ ਹੈ। ਉਹ ਇਹ ਵੀ ਕਹਿੰਦੇ ਹਨ ਕਿ ਇਹ ਜਾਣ ਬੁੱਝਕੇ ਕੀਤਾ ਜਾ ਰਿਹਾ ਹੈ ਅਤੇ ਦੇਸੀ ਲੋਕਾਂ ਦੀਆਂ ਨੌਕਰੀਆਂ ਨੂੰ ਖੋਰਾ ਲਾਕੇ ਆਊਟ ਸੋਰਸ ਰਾਹੀਂ ਭਰਿਆ ਜਾ ਰਿਹਾ ਹੈ। ਜਿਸ ਨਾਲ ਸਥਾਨਕ ਲੋਕਾਂ ਦੇ ਮਨਾਂ 'ਚ ਗੁੱਸਾ ਹੈ। ਉਹ ਇਸ ਗੁੱਸੇ ਦੀ ਵਰਤੋਂ ਆਪਣੇ ਹਿੱਤ ਲਈ ਕਰਦੇ ਹਨ।

ਦੇਸ਼ ਭਾਰਤ ਦੇ ਕਿਰਤੀ-ਕਾਮਿਆਂ, ਪੇਸ਼ੇਵਰਾਂ ਨੂੰ 1960 ਦੇ ਦਹਾਕੇ 'ਚ ਖੁਲ੍ਹੀ ਅਵਾਸ ਨੀਤੀ ਦਾ ਫ਼ਾਇਦਾ ਹੋਇਆ। ਜਿਸ ਨਾਲ ਭਾਰਤੀ ਪੇਸ਼ੇਵਰ ਅਤੇ ਕਾਮੇ ਵੱਡੀ ਸੰਖਿਆ 'ਚ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਹੋਰ ਦੇਸ਼ਾਂ 'ਚ ਜਾਕੇ ਰੋਟੀ ਕਮਾਉਣ ਲੱਗੇ। ਇਹ ਵਰਤਾਰਾ ਲਗਾਤਾਰ ਜਾਰੀ ਰਿਹਾ। ਪਰ ਹੁਣ ਭਾਰਤ ਅਤੇ ਉਸਦੇ ਪ੍ਰਵਾਸੀਆਂ ਦੇ ਖਿਲਾਫ਼ ਇਕ ਮੁਹਿੰਮ ਵਿੱਢੀ ਜਾ ਚੁੱਕੀ ਹੈ, ਜੋ ਲਗਾਤਾਰ ਵੱਧ ਰਹੀ ਹੈ। ਇਹ ਵਰਤਾਰਾ ਭਾਰਤ ਲਈ ਨੁਕਸਾਨਦਾਇਕ ਹੈ, ਕਿਉਂਕਿ ਭਾਰਤ ਪਹਿਲਾਂ ਹੀ ਬੇਰੁਜ਼ਗਾਰੀ ਨਾਲ ਭੰਨਿਆ ਪਿਆ ਹੈ, ਜੋ ਪ੍ਰਵਾਸੀਆਂ ਦੀ ਵਾਪਸੀ ਦਾ ਦਬਾਅ ਸਹਿ ਨਹੀਂ ਸਕਦਾ।

ਪ੍ਰਵਾਸ ਦੁਨੀਆਂ 'ਚ ਨਵਾਂ ਵਰਤਾਰਾ ਨਹੀਂ ਹੈ, ਇੱਕ ਥਾਂ ਤੋਂ ਦੂਜੇ ਥਾਂ ਜਾਣਾ ਮਨੁੱਖ ਦੀ ਪ੍ਰਵਿਰਤੀ ਰਹੀ ਹੈ। ਜੰਗਲਾਂ ਤੋਂ ਬਾਹਰ ਨਿਕਲਣਾ, ਬਸਤੀਆਂ ਵਸਾਉਣਾ ਤੇ ਉਥੇ ਸਮੂਹਿਕ ਤੌਰ 'ਤੇ ਰਹਿਣਾ ਮਨੁੱਖ ਦੀ ਪ੍ਰਵਿਰਤੀ ਰਹੀ ਹੈ। ਉਹ ਲਗਾਤਾਰ ਸਥਾਨ ਬਦਲਦਾ ਰਿਹਾ ਹੈ।

ਪ੍ਰਵਾਸ ਕਿਸੇ ਵਿਅਕਤੀ ਵਲੋਂ ਆਪਣੀ ਭੂਗੋਲਿਕ ਇਕਾਈ ਨੂੰ ਛੱਡ ਦੇਣ ਨੂੰ ਕਹਿੰਦੇ ਹਨ, ਜਿਸਦਾ ਉਹ ਮੂਲ ਨਿਵਾਸੀ ਹੁੰਦਾ ਹੈ। ਜੇਕਰ ਕੋਈ ਵਿਅਕਤੀ ਭਾਰਤ ਛੱਡਕੇ ਬਰਤਾਨੀਆ ਚਲਾ ਜਾਵੇ ਅਤੇ ਉਥੇ ਦਾ ਨਾਗਰਿਕ ਬਣ ਜਾਏ ਤਾਂ ਉਹ ਬਰਤਾਨੀਆ ਦਾ ਪ੍ਰਵਾਸੀ ਕਹਾਏਗਾ। ਸਾਲ 1970 ਦੇ ਦਹਾਕੇ 'ਚ ਬਹੁਤ ਲੋਕ ਪੂਰਬੀ ਜਰਮਨੀ ਛੱਡਕੇ ਪੱਛਮ ਜਰਮਨੀ 'ਚ ਜਾਣਾ ਚਾਹੁੰਦੇ ਸਨ ਅਤੇ ਉਹਨਾ ਨੂੰ ਜ਼ਬਰਦਸਤੀ ਰੋਕਣ ਲਈ ਬਰਲਿਨ ਦੀ ਦੀਵਾਰ ਖੜੀ ਕਰ ਦਿੱਤੀ ਗਈ। ਉਂਜ ਹਰ ਦੇਸ਼ ਨੇ ਪ੍ਰਵਾਸੀਆਂ ਨੂੰ ਰੋਕਣ ਲਈ ਕਾਨੂੰਨ ਬਣਾਇਆ ਹੋਇਆ ਹੈ, ਭਾਰਤ 'ਚ ਇੰਮੀਗਰੇਸ਼ਨ ਅਤੇ ਫਾਰਨਰ ਐਕਟ-2025 ਸਤੰਬਰ 2025 ਤੋਂ ਲਾਗੂ ਕੀਤਾ ਗਿਆ, ਜੋ ਪਹਿਲੇ ਇੰਮੀਗਰੇਸ਼ਨ ਕਾਨੂੰਨਾਂ ਦੀ ਥਾਂ ਲਵੇਗਾ।

ਭਾਰਤ 'ਚ 1991 ਦੇ ਆਰਥਿਕ ਸੁਧਾਰਾਂ ਦੇ ਬਾਅਦ ਅੰਦਰੂਨੀ ਅਤੇ ਵਿਸ਼ਵੀ ਪ੍ਰਵਾਸ 'ਚ ਵਾਧਾ ਵੇਖਿਆ ਗਿਆ ਹੈ, ਜਿਸ ਨਾਲ ਸ਼ਹਿਰੀਕਰਨ ਅਤੇ ਪ੍ਰਵਾਸ ਨਾਲ ਜੁੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਭਾਰਤ ਦਾ ਪ੍ਰਵਾਸੀ ਇਤਿਹਾਸ ਵੱਡਾ ਹੈ, ਜਿਸ ਨਾਲ ਭਾਰਤੀ ਭਾਸ਼ਾਵਾਂ ਅਤੇ ਸਭਿਆਚਾਰ ਉਤੇ ਵੱਡੇ ਅਸਰ ਪਏ। ਇਥੇ ਹਮਲਾਵਰ ਆਏ ਅਤੇ ਵਸ ਗਏ। ਮੌਜੂਦਾ ਦੌਰ 'ਚ ਭਾਰਤ ਅੰਤਰਰਾਸ਼ਟਰੀ ਪ੍ਰਵਾਸੀਆਂ ਦਾ ਸਭ ਤੋਂ ਵੱਡਾ ਸਰੋਤ ਹੈ।

ਪਿਛਲੇ ਦਹਾਕਿਆਂ ਭਾਰਤ 'ਚ ਕਰੋੜਾਂ ਦੀ ਗਿਣਤੀ 'ਚ ਲੋਕ ਪ੍ਰਵਾਸ ਕਰ ਚੁੱਕੇ ਹਨ ਅਤੇ ਲਗਭਗ ਅੱਧੀ ਤੋਂ ਵੱਧ ਦੁਨੀਆ ਦੇ ਦੇਸ਼ਾਂ 'ਚ ਇਥੋਂ ਦੇ ਵਸਨੀਕ ਵਸ ਚੁੱਕੇ ਹਨ। ਅੰਦਰੂਨੀ ਪ੍ਰਵਾਸ ਨੂੰ ਵਾਚੀਏ ਤਾਂ ਜਿਹੜੇ ਸੂਬੇ ਆਰਥਿਕ ਤੌਰ 'ਤੇ ਮਜ਼ਬੂਤ ਹਨ, ਖ਼ਾਸ ਤੌਰ 'ਤੇ ਖੇਤੀ ਪ੍ਰਧਾਨ ਜਾਂ ਉਦਯੋਗ ਨਾਲ ਭਰੇ ਪਏ ਹਨ, ਉਥੇ ਦੂਜੇ ਸੂਬਿਆਂ ਦੇ ਲੋਕ ਆਉਂਦੇ ਹਨ। ਪ੍ਰਵਾਸ ਹੁੰਦਾ ਹੈ। ਸਥਾਨਕ ਵਸੋਂ ਨਾਲ ਪ੍ਰਵਾਸੀਆਂ ਦਾ ਇੱਟ-ਖੜਿਕਾ ਚੱਲਦਾ ਹੈ। ਮਹਾਂਰਾਸ਼ਟਰ ਅਤੇ ਪੰਜਾਬ ਇਸਦੀ ਉਦਾਹਰਨ ਹੈ। ਜਿਥੇ ਪ੍ਰਵਾਸੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ, ਜੋ ਇਥੋਂ ਦੇ ਅਰਥਚਾਰੇ ਦੀ ਵੱਡੀ ਲੋੜ ਬਣ ਚੁੱਕੇ ਹਨ। ਪਰ ਸਥਾਨਕ ਲੇਬਰ ਦੇ ਮੁਕਾਬਲੇ ਪ੍ਰਵਾਸੀਆਂ ਦੀ ਸਸਤੀ ਲੇਬਰ ਮਿਲਣ ਕਾਰਨ , ਆਪਸੀ ਵਿਰੋਧ ਵਧਦਾ ਵੇਖਿਆ ਜਾ ਰਿਹਾ ਹੈ।

ਪਰ ਦੁਖਾਂਤ ਇਹ ਹੈ ਕਿ ਮਨੁੱਖ ਜਿਸ ਦੇਸ਼ ਨੂੰ ਆਪਣਾ ਨਵਾਂ ਦੇਸ਼ ਮੰਨਕੇ ਉਥੋਂ ਦੀ ਤਰੱਕੀ ਲਈ ਕੰਮ ਕਰਦਾ ਹੈ, ਉਹੋ ਦੇਸ਼ ਉਸ ਲਈ ਪਰਾਇਆ ਬਣਾਇਆ ਜਾ ਰਿਹਾ ਹੈ। ਬੀਮਾਰ ਸੋਚ ਵਾਲੇ ਲੋਕ ਨਫ਼ਰਤੀ ਵਰਤਾਰਾ ਵਧਾ ਰਹੇ ਹਨ ਅਤੇ ਜਿਸ ਨਾਲ ਲੱਖਾਂ ਨਹੀਂ ਕਰੋੜਾਂ ਲੋਕ ਇਹ ਦੁਖਾਂਤ ਝੱਲ ਰਹੇ ਹਨ। "ਟਰੰਪੀ ਸੋਚ" ਨੇ ਵਿਸ਼ਵ ਭਰ 'ਚ ਪ੍ਰਵਾਸੀਆਂ ਦੇ ਦੁੱਖਾਂ 'ਚ ਵਾਧਾ ਕੀਤਾ ਹੈ ਅਤੇ ਉਹਨਾ ਨੂੰ ਪਰਾਏਪਨ ਦਾ ਅਹਿਸਾਸ ਕਰਵਾਇਆ ਹੈ।

– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ–13**

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਪੁਰਾਤਨ ਲਿਖਤਾਂ ਵਿੱਚੋਂ ਕਈ ਲਿਖਤਾਂ ਦੀਆਂ ਤਸਵੀਰਾਂ ਪ੍ਰਾਪਤ ਕਰਕੇ, ਮਸਾਲੇ ਦੀ ਪੁਣਛਾਣ ਕੀਤੀ ਹੈ । ਪ੍ਰਾਪਤ ਕੀਤੇ ਮਸਾਲੇ ਵਿੱਚੋਂ ਕਾਫੀ ਕੁਝ ਹਾਲਾਂ ਭੀ ਅਣਵਰਤਿਆ ਪਿਆ ਹੈ । ਜਿਸ ਤੋਂ ਉਸੇ ਮੱਤ ਦੀ ਪ੍ਰੋੜਤਾ ਹੁੰਦੀ ਹੈ, ਜੋ ਇਸ ਪੁਸਤਕ ਦਾ ਮੁੱਖ ਆਸ਼ਾ ਗੁਰੂ ਨਾਨਕ ਜੀ ਦੀ ਮਹਾਨਤਾ ਦਰਸਾਉਣਾ ਹੈ । ਨਾਮਦੇਵ ਜੀ ਦੀਆਂ ਗਾਥਾਂ ਦੀਆਂ ਭਿੰਨ ਭਿੰਨ ਭਾਂਤ ਦੀਆਂ ਜਿਲਦਾਂ, ਉਨ੍ਹਾਂ ਸੰਬੰਧੀ ਗ੍ਰੰਥ ਖਾਸ ਕਰਕੇ, ਗਿਆਨੇਸ਼੍ਵਰ–ਗਿਆਨਦੇਵ ਵਾਲੀ ਚਰਚਾ ਦੀ ਮੂਲ ਸਮੱਗਰੀ ਪ੍ਰਾਪਤ ਕਰਕੇ ਘੋਖੀ ਹੈ । ਜਿਸ ਅਨੁਸਾਰ ਨਾਮਦੇਵ, ਸ਼ੈਵਮਤੀ ਗਿਆਨੇਸ਼੍ਵਰ ਦੇ ਨਹੀਂ, ਵੈਸ਼ਣਵ ਗਿਆਨ ਦੇਵ ਦੇ ਸਮਕਾਲੀ ਹੋਣ ਦੇ ਨਿਰਣੇ 'ਤੇ ਪੁੱਜੇ ਹਾਂ ।**

## ਪਹਿਲਾ ਨਿਰਗੁਣਵਾਦੀ ਕੌਣ ?

ਭਗਤੀ ਮਤ ਬਾਰੇ ਕਿਤਾਬਾਂ ਲਿਖਣ ਵਾਲਿਆਂ ਨੇ ਕਬੀਰ ਜੀ ਨੂੰ ਨਿਰਗੁਣਵਾਦੀ ਭਗਤੀ ਦਾ ਮੋਢੀ ਕਰਾਰ ਦਿੱਤਾ ਹੈ, ਹਾਲਾਂਕਿ ਕਬੀਰ ਨੇ ਨਾਮਦੇਵ ਨੂੰ ਪ੍ਰਮੁੱਖਤਾ ਦਿੱਤੀ ਹੈ। ਕਈਆਂ ਨੇ ਕਬੀਰ ਜੀ ਤੋਂ ਪ੍ਰਭਾਵੀ ਪ੍ਰਚਾਰੇ ਗੁਰੂ ਨਾਨਕ ਜੀ ਦੱਸੇ ਹਨ। ਇਸ ਦਾ ਫੈਸਲਾ ਦੋਵਾਂ–ਜੇ ਨਾਮਦੇਵ ਜੀ ਭੀ ਮਿਲਾਏ ਜਾਣ, ਤਾਂ ਤਿੰਨਾਂ ਦੀ ਬਾਣੀ ਤੋਂ ਲੱਗ ਸਕਦਾ ਹੈ। ਜੇ ਗੁਰੂ ਨਾਨਕ ਜੀ ਪਹਿਲਾਂ ਸਰਗੁਣਵਾਦੀ ਸਨ, ਪਿੱਛੋਂ ਨਿਰਗੁਣਵਾਦੀ ਬਣੇ ਤਾਂ ਇਸ ਕਥਨ ਵਿੱਚ ਕੋਈ ਵਜ਼ਨ ਮੰਨਿਆ ਜਾ ਸਕਦਾ ਸੀ। ਜੇ ਕਬੀਰ ਜੀ ਪਹਿਲਾਂ ਸਰਗੁਣਵਾਦੀ ਸਨ, ਨਿਰਗੁਣਵਾਦੀ ਪਿੱਛੋਂ ਬਣੇ ਤਾਂ ਗੱਲ ਉਲਟ ਜਾਂਦੀ ਹੈ।

ਗੁਰੂ ਨਾਨਕ ਜੀ ਨੇ ਕਿਸੇ ਭੀ ਪੱਧਰ ਉੱਤੇ ਸਰਗੁਣ ਭਗਤੀ, ਅਵਤਾਰ ਪ੍ਰਸਤੀ ਨੂੰ ਮਾਨਤਾ ਨਹੀਂ ਦਿੱਤੀ ਹੈ। ਇਸ ਪੁਸਤਕ ਵਿੱਚੋਂ ਆਪ ਅੱਗੇ ਦਿੱਤੇ ਹਵਾਲਿਆਂ ਤੋਂ ਪੜ੍ਹੋਗੇ, ਕਬੀਰ ਜੀ ਪਹਿਲਾਂ ਝੂੰਸੀ ਵਾਲੇ ਮੁਸਲਮਾਨ ਪੀਰਾਂ ਦੇ ਚੇਲੇ ਬਣੇ, ਫਿਰ ਅਵਤਾਰ ਪੂਜ ਰਾਮਾਨੰਦ ਦੇ ਗੁਸਾਈ ਪੰਥੀ ਵੈਸ਼ਣਵ ਬਣਕੇ, ਕ੍ਰਿਸ਼ਨ ਜੀ ਦੇ ਗੀਤ ਗਾਉਣ ਲੱਗੇ। ਆਸ ਪਾਸ ਘਨ ਤੁਰਸੀ ਕਾ ਬਿਰਵਾ ਰਾਜਨ ਕਉਨ ਤੁਮਾਰੈ ਆਵੈ॥ ਇਸ ਤੱਥ ਦੇ ਪ੍ਰਮਾਣ ਹਨ ਕਿ ਕਬੀਰ ਜੀ ਪਹਿਲਾਂ ਤੋਂ ਹੀ ਨਿਰਗੁਣਵਾਦੀ ਨਹੀਂ, ਅਵਤਾਰ ਪ੍ਰਸਤ ਸਨ। ਭਗਤੀ ਮਤ ਦੇ ਖੋਜੀਆਂ ਦੀ ਇਹ ਮਾਨਤਾ ਕਿ ਨਿਰਗੁਣ ਮਤ ਕਬੀਰ ਜੀ ਨੇ ਚਲਾਇਆ, ਉਨ੍ਹਾਂ ਦੀ ਬਾਣੀ ਦੇ ਉਲਟ ਹੈ। ਗੁਰੂ ਨਾਨਕ ਜੀ ਆਰੰਭ ਤੋਂ ਤਤ ਨਿਰੰਜਨ ਜੋਤ ਸਬਾਈ– ਦੇ ਅਰਾਧਕ ਸਨ। ਕਬੀਰ ਜੀ ਅੰਦਰ ਪਲਟਾ ਆਇਆ ਤਾਂ ਉਨ੍ਹਾਂ ਕਿਹਾ, ਗੁਰ ਪ੍ਰਸਾਦਿ ਅਕਲਿ ਭਈ ਅਵਰੈ ਨ ਤਰੁ ਥਾ ਬੈਗਾਨਾ ਆਦਿ ਸ਼ਬਦਾਂ ਰਾਹੀਂ ਸਵੀਕਾਰ ਕੀਤਾ। ਜੋ ਪਹਿਲਾਂ ਗੋਪੀਆਂ ਨਾਲ ਸੁਰ ਮਿਲਾ ਕੇ ਗਾਉਂਦੇ ਸੀ ਮੋਕਉ ਛੋਡ ਆਉ ਨ ਜਾਉ ਰੇ। ਪੁਕਾਰ ਉਠੇ, ਦਾਸ ਕਬੀਰ ਕਾ ਐਸਾ ਠਾਕਰੁ ਜਾ ਕਾ ਮਾਈ ਨ ਬਾਪੋ ਰੇ। ਨਿਰਗੁਣਵਾਦ ਗੁਰੂ ਨਾਨਕ ਜੀ ਦੀ ਦੇਣ ਹੈ। ਇਹ ਸੱਚਾਈ ਉਨ੍ਹਾਂ ਦੀ ਬਾਣੀ ਅਤੇ ਜੀਵਨ ਤੋਂ ਸਿੱਧ ਹੈ। ਦਾਦੂ ਪੰਥੀਆਂ ਦਾ ਨਿਰਗੁਣਵਾਦੀ ਪੰਥ ਹੈ। ਉਨ੍ਹਾਂ ਆਪਣੇ ਪੰਥ ਦੀ ਭਗਤ ਮਾਲਾ ਵਿੱਚ ਨਿਰਗੁਣਵਾਦੀ ਪੰਥਾਂ ਦਾ ਢੁੱਕਵਾਂ ਵਰਨਣ ਕੀਤਾ ਹੈ, ਇਹ ਵੀ ਦੱਸਿਆ ਹੈ ਕਿ ਪਹਿਲਾਂ ਨਿਰਗੁਣਵਾਦੀ ਕੇਹੜਾ ਸੀ, ਜਿਸ ਦਾ ਪੂਰਾ ਵੇਰਵਾ ਅੱਗੇ ਆਵੇਗਾ, ਟੂਕ ਮਾਤਰ ਏਥੇ ਸੰਬੰਧਿਤ ਵਾਕ ਦਿੱਤਾ ਜਾਂਦਾ ਹੈ।

ਨਾਨਕ ਸੂਰਜ ਰੂਪ ਭੂਪ ਸਾਰੇ ਪ੍ਰਕਾਸੇ॥
ਮਘਵਾ ਦਾਸ ਕਬੀਰ ਉਸਰ ਸੁਸਰ ਬਰਸਾਸੈ॥
ਦਾਦੂ ਚੰਦ ਸਰੂਪ ਅਮੀ ਕਰਿ ਸਭ ਕੋ ਪੋਖੈ॥
ਬਰਨ ਨਿਰੰਜਨੀ ਮਨੋਤ੍ਰਿਖਾ ਹੋਰ ਜੀਵ ਸੰਤੋਸੇ॥


ਸ੍ਰੀ ਮਦ ਭਾਗਵਤ ਨੇ ਭਗਤੀ ਦੇ ਨੌ ਪ੍ਰਕਾਰ ਇਹ ਦੱਸੇ ਹਨ:–

ਸ੍ਰਵਣ ਕਰਨਾ, ਕੀਰਤਨ, ਸਿਮਰਣ, ਚਰਨ ਸੇਵਾ, ਅਰਚਾ ਬੰਦਨਾ, ਦਾਸ ਭਾਵ, ਸਖਾ ਭਾਵ, ਆਤਮ ਨਿਵੇਦਨ।

## ਪੁਸਤਕ ਦਾ ਪ੍ਰੀਚਯ

ਇਹ ਯਤਨ, ਜੋ ਸਮੱਗਰੀ, ਘੁੰਮ ਫਿਰਕੇ ਖੋਜ ਪੜਤਾਲ ਕੇ ਲੱਭੀ ਹੈ, ਉਸ ਨੂੰ ਥਾਂ ਸਿਰ ਬੀੜਨ ਅਤੇ ਇਕ ਸੁਰ ਕਰਨ ਦਾ ਮੁੱਖ ਕੰਮ ਆਪ ਜੀ ਦੇ ਸਾਹਮਣੇ ਹੈ। ਇੰਝ ਕਰਨ ਵੇਲੇ, ਕਿਸੇ ਕਿਸਮ ਦੀ ਖਿੱਚਾ–ਖਿੱਚੀ ਤੋਂ ਪ੍ਰਹੇਜ਼ ਕੀਤਾ ਹੈ। ਇਤਿਹਾਸਕ ਪੱਖ ਲਈ ਸੰਬੰਧਿਤ ਗ੍ਰੰਥਾਂ ਅਤੇ ਇਤਿਹਾਸਕਾਰਾਂ ਦੇ ਕਥਨਾਂ ਨੂੰ ਮੁੱਖ ਮੰਨਿਆ ਹੈ। ਭਾਸ਼ਾ ਵਿਗਿਆਨੀਆਂ ਦੇ ਕੱਢੇ ਸਿੱਟੇ ਸਾਹਮਣੇ ਲਿਆਂਦੇ ਹਨ। ਮੂਲ ਅਧਾਰ ਗੁਰਬਾਣੀ ਅਤੇ ਭਗਤ ਬਾਣੀ ਦੇ ਸੰਕੇਤ ਭਰੇ ਪ੍ਰਮਾਣ ਹਨ। ਭਗਤ ਸਾਹਿਬਾਨ ਦੀ ਬਾਣੀ ਗੁਰੂ ਨਾਨਕ ਜੀ ਦੀ ਆਪਣੀ ਬਾਣੀ ਵਿੱਚ ਆਏ ਖਿਆਲਾਂ ਦੇ ਅਧਾਰ 'ਤੇ ਵਿਕਸਤ ਭਾਵਾਂ ਦੀ ਵਿਆਖਿਆ ਹੈ।

ਭਗਤਾਂ ਦੇ ਸਮੇਂ ਬਾਰੇ, ਗੁਰੂ ਨਾਨਕ ਜੀ ਤੋਂ ਪ੍ਰਭਾਵਤ ਹੋਣ ਦੇ ਪ੍ਰਮਾਣਾਂ ਲਈ ਗੁਰੂ ਅਮਰਦਾਸ ਜੀ ਦਾ ਵਾਕ ਪੂਰੇ ਗੁਰ ਤੇ ਗਤਿ ਪਾਈ ਅਤੇ ਗੋਇੰਦਵਾਲ ਵਾਲੀਆਂ ਪ੍ਰਾਚੀਨ ਪੋਥੀਆਂ ਤੋਂ ਮਿਲਦੀਆਂ ਸੂਚਨਾਵਾਂ ਕੇਂਦਰੀ ਧੁਰਾ ਹਨ। ਮੱਧਕਾਲੀਨ ਇਤਿਹਾਸ ਅਤੇ ਭਗਤੀ ਸਾਹਿਤ ਦੀਆਂ ਜੀਵਨੀਆਂ ਦੇ ਹਾਲਾਤ, ਟਿਕਾਣਿਆਂ 'ਤੇ ਜਾ ਕੇ ਖੋਜੇ ਹਨ। ਭਗਤਾਂ ਬਾਰੇ ਸੰਬੰਧਿਤ ਸਾਹਿਤ ਤੇ ਗ੍ਰੰਥ, ਖੋਜ–ਨਿਬੰਧ, ਮਾਸਕ ਪਤਰਾਂ ਦੇ ਵਿਸ਼ੇਸ਼ ਅੰਕਾਂ ਤੋਂ ਜਿਥੇ ਕੁਝ ਮਿਲਦਾ ਸੀ ਪ੍ਰਾਪਤ ਕਰਕੇ ਵਾਚਿਆ ਹੈ। ਰਾਜਸਥਾਨ, ਪੂਨੇ, ਬੰਬਈ, ਇਲਾਹਾਬਾਦ, ਬਨਾਰਸ, ਸ਼ਾਂਤੀ ਨਿਕੇਤਨ, ਕਲਕੱਤੇ ਦੀ




ਏਸ਼ੀਆਟਿਕ ਸੁਸਾਇਟੀ ਆਦਿ ਲਾਇਬ੍ਰੇਰੀਆਂ ਵਿੱਚੋਂ ਲੋੜੀਂਦੀ ਲਿਖਤੀ ਸਮੱਗਰੀ ਪੜਤਾਲੀ ਹੈ। ਪੁਰਾਤਨ ਬੀੜਾਂ ਅਤੇ ਲਿਖਤਾਂ ਦੇ ਨਾਲ ਨਾਲ ਭਗਤੀ ਮਤ ਅਤੇ ਭਗਤਾਂ ਬਾਰੇ ਭੀ, ਚਾਲੀ ਕੁ ਸਾਲ ਤੋਂ ਇਕੱਠਾ ਕੀਤਾ ਜਾਂਦਾ ਰਿਹਾ ਮਸਾਲਾ ਅਤੇ ਗ੍ਰੰਥ ਪ੍ਰਾਪਤ ਕੀਤੇ ਹਨ। ਭਗਤਾਂ ਦੀਆਂ ਬਾਹਰਲੀਆਂ ਬਾਣੀਆਂ ਜਿਥੇ ਪਤਾ ਲੱਗਿ–ਆ, ਪੂਨੇ, ਬੰਬਈ, ਖਾਸ ਕਰ ਰਾਜਸਥਾਨ ਵਿੱਚ ਜੈਪੁਰ ਅਤੇ ਜੋਧਪੁਰ ਦੇ ਪ੍ਰਾਚੀਨ ਪ੍ਰਤਿਸ਼ਠਾਨ ਵਿੱਚੋਂ ਨਕਲ ਕੀਤੀਆਂ ਅਤੇ ਕਰਾ ਕੇ ਰਚਨਾਵਾਂ ਸੰਚਤ ਕੀਤੀਆਂ ਹਨ। ਇੰਗਲੈਂਡ ਤੋਂ ਭੀ ਕੁਝ ਲਿਖਤਾਂ ਦੇ ਫੋਟੋ ਮੰਗਾ ਕੇ ਵਰਤੇ ਹਨ। ਭਗਤਾਂ ਨਾਲ ਸੰਬੰਧਿਤ ਸੰਸਥਾਵਾਂ ਦੇ ਪੱਤਰਾਂ ਪੱਤ੍ਰਿਕਾਵਾਂ ਰਸਾਲਿਆਂ ਨੂੰ ਭੀ ਵਾਚਿਆ ਹੈ। ਯੂਨੀਵਰਸਿਟੀਆਂ ਦੇ ਖੋਜ ਪੱਤਰਾਂ ਤੋਂ ਭੀ ਸਹਾਇਤਾ ਮਿਲੀ ਹੈ।

ਪੁਰਾਤਨ ਲਿਖਤਾਂ ਵਿੱਚੋਂ ਕਈ ਲਿਖਤਾਂ ਦੀਆਂ ਤਸਵੀਰਾਂ ਪ੍ਰਾਪਤ ਕਰਕੇ, ਮਸਾਲੇ ਦੀ ਪੁਣਛਾਣ ਕੀਤੀ ਹੈ। ਪ੍ਰਾਪਤ ਕੀਤੇ ਮਸਾਲੇ ਵਿੱਚੋਂ ਕਾਫੀ ਕੁਝ ਹਾਲਾਂ ਭੀ ਅਣਵਰਤਿਆ ਪਿਆ ਹੈ। ਜਿਸ ਤੋਂ ਉਸੇ ਮੱਤ ਦੀ ਪ੍ਰੋੜਤਾ ਹੁੰਦੀ ਹੈ, ਜੋ ਇਸ ਪੁਸਤਕ ਦਾ ਮੁੱਖ ਆਸ਼ਾ ਗੁਰੂ ਨਾਨਕ ਜੀ ਦੀ ਮਹਾਨਤਾ ਦਰਸਾਉਣਾ ਹੈ। ਨਾਮਦੇਵ ਜੀ ਦੀਆਂ ਗਾਥਾਂ ਦੀਆਂ ਭਿੰਨ ਭਿੰਨ ਭਾਂਤ ਦੀਆਂ ਜਿਲਦਾਂ, ਉਨ੍ਹਾਂ ਸੰਬੰਧੀ ਗ੍ਰੰਥ ਖਾਸ ਕਰਕੇ, ਗਿਆਨੇਸ਼੍ਵਰ–ਗਿਆਨਦੇਵ ਵਾਲੀ ਚਰਚਾ ਦੀ ਮੂਲ ਸਮੱਗਰੀ ਪ੍ਰਾਪਤ ਕਰਕੇ ਘੋਖੀ ਹੈ। ਜਿਸ ਅਨੁਸਾਰ ਨਾਮਦੇਵ, ਸ਼ੈਵਮਤੀ ਗਿਆਨੇਸ਼੍ਵਰ ਦੇ ਨਹੀਂ, ਵੈਸ਼ਣਵ ਗਿਆਨ ਦੇਵ ਦੇ ਸਮਕਾਲੀ ਹੋਣ ਦੇ ਨਿਰਣੇ 'ਤੇ ਪੁੱਜੇ ਹਾਂ। ਕਬੀਰ ਜੀ ਸਬੰਧੀ ਉਨ੍ਹਾਂ ਦੇ ਉਤਰਾਧਿਕਾਰੀਆਂ ਦੇ ਡੇਰੇ, ਬਨਾਰਸ, ਕਬੀਰ ਚੌਰੇ ਖੋਜ ਕੀਤੀ ਹੈ। ਕਬੀਰ ਜੀ ਦੇ ਦੂਜੇ ਵੱਡੇ ਡੇਰਿਆਂ ਬੁਰਹਾਨਪੁਰ ਤੀਜੇ ਕੇਂਦਰ ਜਗਨਨਾਥ ਪੁਰੀ ਜਿਥੇ ਕਬੀਰ ਜੀ ਦੀ ਇਕ ਸਮਾਧੀ ਹੋਣ ਦਾ ਦਾਅਵਾ ਹੈ, ਦੀ ਭੀ ਯਾਤਰਾ ਕੀਤੀ ਹੈ। ਰਵਿਦਾਸ ਜੀ ਦੇ ਸਥਾਨ ਦੀ ਬਨਾਰਸ ਵਿੱਚ ਯਾਤਰਾ ਅਤੇ ਸਾਹਿਤ ਨੂੰ ਸੰਚਤ ਕਰਕੇ ਜਾਣਿਆ ਅਤੇ ਹੋਰ ਸੰਬੰਧਿਤ ਸਾਹਿਤ ਪੜ੍ਹਨ ਵਿਚਾਰਨ ਦਾ ਲਾਭ ਉਠਾਇਆ ਹੈ।

*ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ*

**ਨਾਨਕਸਰ ਗੁਰਦੁਆਰਾ ਪਲੈਕ, ਵਾਲਸਾਲ ਵਿਖੇ ਇਕ ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ**

ਨਾਨਕਸਰ ਗੁਰਦੁਆਰਾ ਸਾਹਿਬ ਪਲੈਕ, ਵਾਲਸਾਲ ਵਿਖੇ 1 ਕੀਰਤਨੀ ਸਿੰਘ ਦੀ ਲੋੜ ਹੈ, ਜੋ ਹਰਮੋਨੀਅਮ ਦੇ ਨਾਲ–ਨਾਲ ਤਬਲਾ ਵੀ ਚੰਗੀ ਤਰ੍ਹਾਂ ਜਾਣਦਾ ਹੋਵੇ । ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸੁਖਆਸਣ, ਨਿੱਤਨੇਮ, ਸੁਖਮਨੀ ਸਾਹਿਬ, ਰਹਿਰਾਸ, ਸੰਗਤ ਵਿਚ ਕੀਰਤਨ ਕਰਨ ਦੇ ਨਾਲ ਗੁਰੂ ਘਰ ਦੀਆਂ ਹੋਰ ਸੇਵਾਵਾਂ ਵੀ ਨਿਭਾਅ ਸਕਣ ਦੇ ਯੋਗ ਹੋਵੇ। ਸਿੱਖੀ ਸਿਧਾਂਤਾਂ ਅਨੁਸਾਰ ਜੀਵਨ ਵਾਲੇ ਸੇਵਾਦਾਰਾਂ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਦਾ ਵਧੀਆ ਗਿਆਨ ਹੋਣਾ ਵੀ ਲਾਜ਼ਮੀ ਹੈ। ਸੇਵਾਦਾਰ ਦੀ ਜਿੰਮੇਵਾਰੀ ਸਾਰੀਆਂ ਧਾਰਮਿਕ ਸੇਵਾਵਾਂ ਕਰਨ ਅਤੇ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਵਿੱਚ ਸਹਿਯੋਗ ਦੇਣ ਦੀ ਹੋਵੇਗੀ। ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਅਤੇ ਕੰਮ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।

**ਆਪਣੀ ਅਰਜ਼ੀ ਪੂਰੇ ਵੇਰਵੇ ਸਮੇਤ ਹੇਠਾਂ ਦਿੱਤੇ ਪਤੇ 'ਤੇ ਡਾਕ ਰਾਹੀਂ ਜਾਂ ਈਮੇਲ ਰਾਹੀਂ**
**24 ਅਕਤੂਬਰ 2025 ਤੱਕ ਭੇਜੋ ਜਾਂ ਹੋਰ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ**

**1 VACANCY for Temporary Religious Worker (Tier 5)**

THE DUTIES OF THE RELIGIOUS WORKER SHALL CONSIST OF THOSE NON PASTORAL RELIGIOUS AND OTHER DUTIES CUSTOMARILY PERFORMED BY A RELIGIOUS WORKER OF THE SIKH RELIGION. RECITAL OF GURU GRANTH SAHIB DURING AKHAND PATHS AND SAHIJ PATHS. PERFORM KIRTAN AFTER EACH RECITAL AS AND WHEN REQUIRED. PERFORM AT SIKH WEDDINGS, BLESSINGS AND FUNERAL SERVICES. PREPARE PRASHAD (BLESSED FOOD) AND SERVE TO THE CONGREGATION. ENSURE GURDWARA REMAINS CLEAN AND TIDY WITH SPECIAL ATTENTION TO THE MAIN PRAYER HALL. TO OPEN THE GURDWARA PREMISES IN THE MORNING AND LOCK UP AT NIGHT. FROM TIME TO TIME TO UNDERTAKE OTHER DUTIES TO MEET THE NEEDS OF THE CHARITY. THE TEMPORARY RELIGIOUS WORKER WILL UNDERTAKE NON-PASTORAL WORK AND SUPPORT THE RELIGIOUS ACTIVITIES OF THE GURDWARA, TO ASSIST THE HEAD GRANTHI (MINISTER OF RELIGION) AS AND WHEN REQUIRED. THIS IS NOT A PASTORAL ROLE AND DUTIES WILL NOT INCLUDE LEADING A CONGREGATION.

**Closing date for Applications : 24th October 2025**

*Please send your application to the president or vice president by post or via email*

**NANAKSAR GURDWARA PLECK**

**4 Wellington Street, Pleck, Walsall WS2 9QR**

**President: Karamjeet Singh Dhillon - 01922 641040**
**Vice President: Jurloden Singh - 01922 641040**
**Email:gurdwara.pleck@gmail.com**

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਅੰਮ੍ਰਿਤਸਰ ਦੇ ਗੁਰਦੁਆਰੇ

ਇਸ ਦੀਆਂ ਤਿੰਨ ਮੰਜ਼ਲਾਂ ਵੱਡੀਆਂ ਅਤੇ ਤਿੰਨ ਛੋਟੀਆਂ ਹਨ। ਸ. ਦੇਸਾ ਸਿੰਘ ਮਜੀਠੀਆ ਨੇ ਗੁੰਬਦਾਂ ਉਪਰ ਸੋਨੇ ਦਾ ਕੰਮ ਕਰਾਇਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵਿਚਕਾਰ ਇਕ ਛੋਟੇ ਕਮਰੇ ਵਿੱਚ ਕੀਤਾ ਗਿਆ ਹੈ। ਉਪਰਲੀਆਂ ਮੰਜ਼ਲਾਂ ਦੀਆਂ ਦੀਵਾਰਾਂ 'ਤੇ ਪ੍ਰਸਿੱਧ ਨਕਾਸ਼ਾਂ ਵੱਲੋਂ ਸਿੱਖ ਇਤਿਹਾਸ ਦੇ ਸੁੰਦਰ ਚਿੱਤਰ ਬਣਾਏ ਹੋਏ ਹਨ।

ਪੁਰਾਣੇ ਸਮਿਆਂ ਵਿੱਚ ਇਸ ਅਸਥਾਨ ਦੇ ਆਸ-ਪਾਸ ਪ੍ਰਸਿੱਧ ਸਰਦਾਰਾਂ, ਸੰਤਾਂ ਅਤੇ ਜਰਨੈਲਾਂ ਦੇ ਸੰਸਕਾਰ ਕੀਤੇ ਜਾਂਦੇ ਸਨ ਅਤੇ ਸਮਾਧਾਂ ਬਣਾਈਆਂ ਗਈਆਂ ਸਨ। 1921 ਅਗਸਤ ਨੂੰ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੇਠ ਆਉਣ ਨਾਲ ਪ੍ਰਕਰਮਾ ਦਾ ਵਿਸਥਾਰ ਕੀਤਾ ਗਿਆ ਤਾਂ ਬਹੁਤ ਸਾਰੀਆਂ ਸਮਾਧਾਂ ਵੀ ਹਟਾਈਆਂ ਗਈਆਂ। ਜੋ ਸਮਾਧਾਂ ਬਚੀਆਂ ਰਹੀਆਂ ਉਨ੍ਹਾਂ ਵਿੱਚ ਸ. ਜੱਸਾ ਸਿੰਘ ਆਹਲੂਵਾਲੀਆ, ਨਵਾਬ ਕਪੂਰ ਸਿੰਘ ਦੀਆਂ ਹਨ। ਇਸ ਗੁਰਦੁਆਰੇ ਨਾਲ ਇਕ ਕਹਾਵਤ ਵੀ ਜੁੜੀ ਹੈ, ਬਾਬਾ ਅਟੱਲ ਪੱਕੀਆਂ ਪਕਾਈਆਂ ਘੱਲ। ਇਥੇ ਸੰਗਤਾਂ ਘਰਾਂ ਤੋਂ ਲੰਗਰ ਪਕਾ ਕੇ ਲਿਆਉਂਦੀਆਂ ਹਨ। ਇਸੇ ਥਾਂ ਨੂੰ ਅੰਮ੍ਰਿਤਸਰ ਦਾ ਥਾਣੇਦਾਰ (ਕੋਤਵਾਲ) ਵੀ ਕਿਹਾ ਜਾਂਦਾ ਹੈ ਕਿਉਂਕਿ ਉਪਰਲੀ ਛੱਤ 'ਤੇ ਖੜ੍ਹੇ ਹੋ ਕੇ ਸਾਰਾ ਅੰਮ੍ਰਿਤਸਰ ਸ਼ਹਿਰ ਵੇਖਿਆ ਜਾ ਸਕਦਾ ਹੈ।

**7. ਗੁਰਦੁਆਰਾ ਕੌਲਸਰ ਸਾਹਿਬ:**

ਇਹ ਅਸਥਾਨ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਦੇ ਲਾਗੇ ਹੈ। ਇਹ ਅਸਥਾਨ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮ ਹੇਠ ਸ਼ੁਰੂ ਕੀਤਾ ਅਤੇ 1627 ਵਿੱਚ ਮੁਕੰਮਲ ਹੋ ਗਿਆ। ਇਹ ਗੁਰਦੁਆਰਾ ਮਾਈ ਕੌਲਾਂ ਦੇ ਅਸਥਾਨ ਨਾਲ ਵੀ ਪ੍ਰਸਿੱਧ ਹੈ। ਸਿੱਖ ਰਵਾਇਤ ਅਨੁਸਾਰ ਬੀਬੀ ਕੌਲਾਂ ਮੁਜੰਗ ਦੇ ਕਾਜ਼ੀ ਰੁਸਤਮ ਖਾਨ ਮੁਜੰਗ ਵਾਲੇ (ਲਾਹੌਰ) ਦੀ ਬੇਟੀ ਸੀ ਅਤੇ ਸਾਈਂ ਮੀਆਂ ਮੀਰ (ਮੁਹੰਮਦ) ਦੀ ਮੁਰੀਦ ਸੀ।

ਬੀਬੀ ਕੌਲਾਂ ਸ਼ੁਰੂ ਤੋਂ ਹੀ ਧਾਰਮਿਕ ਬਿਰਤੀ ਵਾਲੀ ਸੀ। ਉਹ ਗੁਰੂ ਸਾਹਿਬਾਨ ਦੀ ਬਾਣੀ ਵੱਲ ਖਿੱਚੀ ਗਈ ਤਾਂ ਗੁਰੂ ਹਰਿਗੋਬਿੰਦ ਸਾਹਿਬ ਦੀ ਸ਼ਰਧਾਲੂ ਬਣ ਗਈ। ਇਹ ਸਭ ਕੁਝ ਉਸ ਦੇ ਪਿਤਾ ਰੁਸਤਮ ਖਾਨ, ਮੌਲਵੀਆਂ ਤੇ ਕਾਜ਼ੀਆਂ ਨੂੰ ਚੰਗਾ ਨਹੀਂ ਲੱਗਾ। ਇਥੋਂ ਤੱਕ ਕਿ ਆਪਣੀ ਸ਼ਰ੍ਹਾ ਮੁਤਾਬਿਕ ਬੀਬੀ ਕੌਲਾਂ ਨੂੰ ਕਤਲ ਕਰਨ ਦਾ ਫ਼ਤਵਾ ਵੀ ਦਿੱਤਾ ਗਿਆ। ਬੀਬੀ ਕੌਲਾਂ ਆਪਣੇ ਘਰ ਤੋਂ ਭੱਜ ਕੇ ਅੰਮ੍ਰਿਤਸਰ ਗੁਰੂ ਹਰਿਗੋਬਿੰਦ ਸਾਹਿਬ ਦੀ ਸ਼ਰਨ ਆ ਗਈ। ਇਹ ਬਾਤ 1621 ਦੀ ਹੈ। ਹਰਿਮੰਦਰ ਸਾਹਿਬ ਦੇ ਕੋਲ ਹੀ ਇਕ ਵੱਖ ਥਾਂ 'ਤੇ ਬੀਬੀ ਕੌਲਾਂ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ ਤਾਂ ਜੋ ਉਹ ਗੁਰਬਾਣੀ ਦਾ ਅਨੰਦ ਮਾਣ ਸਕੇ।



ਗੁਰਦੁਆਰਾ ਕੌਲਸਰ ਸਾਹਿਬ ਜੀ

ਬਾਬਾ ਅਟੱਲ ਰਾਏ ਜੀ ਆਪਣੀ ਬਾਲ ਅਵਸਥਾ ਵਿੱਚ ਬੱਚਿਆਂ ਨਾਲ ਖੇਡਣ ਲਈ ਉਸ ਦੇ ਵਿਹੜੇ ਵੱਲ ਜਾਂਦੇ ਅਤੇ ਖੇਡਦੇ। ਬੀਬੀ ਜੀ ਨੂੰ ਬਾਬਾ ਅਟੱਲ ਰਾਏ ਜੀ ਨਾਲ ਬਹੁਤ ਪਿਆਰ ਸੀ। ਕੁਝ ਸਮੇਂ ਬਾਅਦ ਬੀਬੀ ਕੌਲਾਂ ਨੂੰ ਕਰਤਾਰਪੁਰ (ਨੇੜੇ ਜਲੰਧਰ) ਰੱਖਿਆ ਗਿਆ ਜਿਥੇ ਉਸ ਦਾ ਦੇਹਾਂਤ 4 ਜੁਲਾਈ 1629 ਨੂੰ ਹੋਇਆ। ਉਥੇ ਉਸ ਦੀ ਯਾਦਗਾਰ ਬਣੀ ਹੋਈ ਹੈ। ਕੌਲਸਰ ਸਰੋਵਰ ਗੁਰੂ ਹਰਿਗੋਬਿੰਦ ਸਾਹਿਬ ਦੀ ਨਿਗਰਾਨੀ ਹੇਠ ਤਿਆਰ ਹੋਇਆ। ਇਸ ਦੀ ਸਫਾਈ 1872 ਵਿੱਚ ਕਰਾਈ ਗਈ। ਹੰਸਲੀ ਨਹਿਰ ਰਾਹੀਂ 1884 ਵਿੱਚ ਦਰਿਆ ਰਾਵੀ ਦਾ ਪਾਣੀ ਅੰਮ੍ਰਿਤਸਰ ਦੇ ਸਰੋਵਰਾਂ ਵਾਸਤੇ ਲਿਆ ਗਿਆ ਸੀ।

**8. ਗੁਰਦੁਆਰਾ ਬਿਬੇਕਸਰ ਸਾਹਿਬ:**

ਇਹ ਗੁਰਦੁਆਰਾ ਪਵਿੱਤਰ ਸਰੋਵਰ ਦੇ ਪੂਰਬੀ ਸਿਰੇ ਵੱਲ, ਰਾਮਸਰ ਰੋਡ 'ਤੇ ਗੁਰਦੁਆਰਾ ਰਾਮਸਰ ਸਾਹਿਬ ਦੇ ਸਾਹਮਣੇ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ 1727-28 ਵਿੱਚ ਯਾਤਰੂਆਂ ਅਤੇ ਸਿੱਖ ਸੰਗਤਾਂ ਵਾਸਤੇ ਬਹੁਤ ਵੱਡਾ ਸਰੋਵਰ, ਪ੍ਰਮੁੱਖ ਗੁਰਦੁਆਰੇ ਵਾਤਾਵਰਣ ਨੂੰ ਹੋਰ ਰਮਣੀਕ ਬਣਾਉਣ ਵਾਸਤੇ ਤਿਆਰ ਕਰਾਇਆ। ਇਸ ਛਾਉਣੀ ਅਤੇ ਗੁਰਦੁਆਰਾ ਸਾਹਿਬ ਦੀ ਨੀਂਹ ਭਾਈ ਗੁਰਦਾਸ ਜੀ ਨੇ 1622 ਵਿੱਚ ਰੱਖੀ ਸੀ। ਪੁਰਾਤਨ ਯਾਦਗਾਰੀ ਇਕ ਕਰੀਰ ਦਾ ਦਰੱਖਤ ਵੀ ਹੈ। ਇਹ ਗੁਰਦੁਆਰਾ ਉੱਤਰ-ਪੂਰਬ ਵੱਲ ਰਾਮਸਰ ਤੋਂ ਚਾਟੀਵਿੰਡ ਅਤੇ ਸੁਲਤਾਨਵਿੰਡ ਦਰਵਾਜ਼ਿਆਂ ਵਿੱਚਕਾਰ ਸ਼ਹਿਰ ਅੰਦਰ ਆਉਂਦਾ ਹੈ। ਇਸ ਗੁਰ-ਦੁਆਰੇ ਦੀ ਇਮਾਰਤ ਮਹਾਰਾਜਾ ਰਣਜੀਤ ਸਿੰਘ ਨੇ 1833 ਵਿੱਚ ਦੁਬਾਰਾ ਬਣਾਈ ਸੀ। ਗੁਰਦੁਆਰੇ ਨਾਲ ਗੁਰੂ ਕਾ ਲੰਗਰ ਅਤੇ ਖੂਹ 1905-06 ਵਿੱਚ ਬਣਾਇਆ ਗਿਆ। 11 ਜੁਲਾਈ 1993 ਨੂੰ ਕਾਰ ਸੇਵਾ ਵਾਲੇ ਬਾਬਿਆਂ ਸਰੋਵਰ ਦੀ ਕਾਰ-ਸੇਵਾ ਕਰਾਈ। ਇਥੇ ਸ਼ਸਤਰ ਸਿੱਖਿਆ ਵੀ ਦਿੱਤੀ ਜਾਂਦੀ ਹੈ। ਪਹਿਲਾਂ ਇਸ ਗੁਰਦੁਆਰੇ ਦਾ ਪ੍ਰਬੰਧ ਨਿਹੰਗ ਸਿੰਘ ਕਰਦੇ ਸਨ ਪਰ 1925 ਤੋਂ ਬਾਅਦ ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਕਰਦੀ ਆ ਰਹੀ ਹੈ।

**9. ਗੁਰਦੁਆਰਾ ਰਾਮਸਰ ਸਾਹਿਬ:**

ਇਹ ਗੁਰਦੁਆਰਾ ਚਾਟੀਵਿੰਡ ਗੇਟ ਦੇ ਅੰਦਰ ਰਾਮਸਰ ਸਰੋਵਰ ਦੇ ਕੰਢੇ, ਚਾਰ ਦੀਵਾਰੀ ਸ਼ਹਿਰ ਦੇ ਦੱਖਣ ਪੂਰਬ ਵੱਲ ਸਥਿਤ ਹੈ। ਹਰਿਮੰਦਰ ਸਾਹਿਬ ਨੂੰ ਮੁਕੰਮਲ ਕਰਨ ਤੋਂ ਬਾਅਦ ਗੁਰੂ ਅਰਜਨ ਸਾਹਿਬ ਨੇ ਆਦਿ-ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਸੰਪਾਦਨਾ ਦਾ ਕੰਮ ਇਸੇ ਥਾਂ ਕੀਤਾ। ਇਸ ਕੰਮ ਲਈ ਗੁਰੂ ਸਾਹਿਬ ਨੇ ਇਕਾਂਤ ਥਾਂ ਚੁਣੀ ਜੋ ਸ਼ਹਿਰ ਦੀ ਚਹਿਲ-ਪਹਿਲ ਤੋਂ ਇਕ ਕਿਲੋਮੀਟਰ ਦੂਰ ਸੀ। ਇਸ ਦੇ ਆਸ-ਪਾਸ ਨੂੰ ਹੋਰ ਰਮਣੀਕ ਬਣਾਉਣ ਵਾਸਤੇ ਗੁਰੂ ਅਰਜਨ ਸਾਹਿਬ ਨੇ 1602 ਵਿੱਚ ਸਰੋਵਰ ਤਿਆਰ ਕਰਵਾਇਆ। ਇਸ ਸਰੋਵਰ ਦਾ ਨਾਂ ਗੁਰੂ ਰਾਮਦਾਸ ਸਾਹਿਬ ਦੇ ਨਾਂ 'ਤੇ ਰਾਮਸਰ ਰੱਖਿਆ ਗਿਆ। ਇਥੇ ਹੀ ਗੁਰੂ ਅਰਜਨ ਸਾਹਿਬ ਨੇ ਆਪਣੀ ਇਲਾਹੀ ਬਾਣੀ ਸੁਖਮਨੀ ਸਾਹਿਬ ਦੀ ਰਚਨਾ ਕੀਤੀ। ਪਹਿਲਾਂ ਇਸ ਅਸਥਾਨ 'ਤੇ ਪੰਚਵਟੀ (ਬੇਰੀ, ਬੋਹੜ, ਪਿੱਪਲ, ਟਾਹਲੀ ਅਤੇ ਅੰਬ) ਦੇ ਦਰਖ਼ਤ ਹੁੰਦੇ ਸਨ। ਗੁਰੂ ਸਾਹਿਬ ਨੇ ਬੇਰੀ ਦੇ ਦਰਖ਼ਤ ਹੇਠਾਂ ਹੀ ਮੰਜੀ ਸਾਹਿਬ ਵਾਲੀ ਥਾਂ 'ਤੇ ਬਾਣੀ ਦਾ ਉਚਾਰਨ ਕੀਤਾ ਸੀ। ਆਦਿ ਗ੍ਰੰਥ ਸਾਹਿਬ ਦੀ 1603-04 ਵਿੱਚ ਸੰਪਾਦਨਾ ਇਸੇ ਥਾਂ ਹੋਈ ਸ੍ਰੀ। ਅਜੋਕੀ ਇਮਾਰਤ ਵਿੱਚ ਸੰਗਮਰਮਰ ਦਾ ਛੋਟਾ ਹਾਲ ਜੋ ਗੁੰਬਦਨੁਮਾ, ਕੰਵਲ ਆਕਾਰ ਦਾ ਹੈ। 1855 ਵਿੱਚ ਬਣਾਇਆ ਗਿਆ ਜੋ ਗੁਰੂ ਸਾਹਿਬ ਦੀ ਮਿਹਨਤ ਦਾ ਪ੍ਰਤੱਖ ਪ੍ਰਮਾਣ ਹੈ। ਬਾਬਾ ਖੜਕ ਸਿੰਘ ਜੀ ਨੇ ਇਸੇ ਥਾਂ ਛੇ-ਮੰਜ਼ਲਾ ਸੁੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਉਸਾਰਿਆ ਹੈ ਗੁੰਬਦਾਂ ਵਾਲਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗੋਲਡਨ ਆਫਸੈੱਟ ਪ੍ਰੈਸ ਵੀ ਇਥੇ ਹੀ ਹੈ।

**10-ਗੁਰਦੁਆਰਾ ਟਾਹਲੀ ਸਾਹਿਬ (ਸੰਤੋਖਸਰ):**

ਇਹ ਗੁਰਦੁਆਰਾ ਸਾਹਿਬ ਨਗਰ ਪਾਲਿਕਾ ਕਾਰਪੋਰੇਸ਼ਨ ਦੇ ਦਫ਼ਤਰ ਦੇ ਸਾਹਮਣੇ ਹੈ। ਗੁਰੂ ਰਾਮਦਾਸ ਸਾਹਿਬ ਨੇ ਇਸ ਇਲਾਕੇ ਵਿਚ 1564 ਨੂੰ ਇਕ ਸਰੋਵਰ ਬਣਾਉਣ ਲਈ ਟੱਕ ਲਗਾਇਆ ਸੀ ਅਤੇ ਗੁਰੂ ਅਰਜਨ ਸਾਹਿਬ ਨੇ 1586 ਵਿੱਚ ਇਸੇ ਥਾਂ ਸਰੋਵਰ ਦਾ ਕੰਮ ਸ਼ੁਰੂ ਕਰਵਾਇਆ। ਇਹ ਸਰੋਵਰ 489 ਫੁੱਟ ਲੰਬਾ ਅਤੇ 362 ਫੁੱਟ ਚੌੜਾ ਹੈ। ਇਹ ਸਰੋਵਰ 1588 ਵਿੱਚ ਮੁਕੰਮਲ ਹੋਇਆ।

ਅਠ੍ਹਾਰਵੀਂ ਸਦੀ ਵਿੱਚ ਇਸ ਸਰੋਵਰ ਵੱਲ ਕਿਸੇ ਧਿਆਨ ਨਾ ਦਿੱਤਾ ਅਤੇ 1903 ਵਿੱਚ ਲੋਕਾਂ ਦਾ ਧਿਆਨ ਉਸ ਸਮੇਂ ਗਿਆ ਜਦੋਂ ਨਗਰ ਪਾਲਿਕਾ ਕਾਰਪੋਰੇਸ਼ਨ ਨੇ ਇਸ ਨੂੰ ਸਿਹਤ ਲਈ ਖ਼ਤਰਨਾਕ ਗਰਦਾਨਿਆ ਅਤੇ ਇਸ ਨੂੰ ਪੂਰਣ ਦਾ ਫੈਸਲਾ ਕੀਤਾ। ਭਾਵੇਂ 1824 ਵਿੱਚ ਇਸ ਸਰੋਵਰ ਨੂੰ ਵੀ ਹੰਸਲੀ ਨਹਿਰ ਨਾਲ ਜੋੜਿਆ ਗਿਆ ਸੀ ਪਰ ਬਾਅਦ ਵਿੱਚ ਇਸ ਨੂੰ ਸ਼ਹਿਰੀ ਗੰਦਗੀ ਲਈ ਵਰਤਿਆ ਜਾਂਦਾ ਸੀ। 1918-19 ਵਿੱਚ ਇਸ ਸਰੋਵਰ ਦੀ ਕਾਰ-ਸੇਵਾ ਸੰਤ ਸ਼ਾਮ ਸਿੰਘ ਅਤੇ ਸੰਤ ਗੁਰਮੁੱਖ ਸਿੰਘ ਦੀ ਨਿਗਰਾਨੀ ਹੇਠ ਹੋਈ। ਇਸ ਅਸਥਾਨ 'ਤੇ ਇਕ ਪੁਰਾਤਨ ਟਾਹਲੀ ਦਾ ਦਰਖ਼ਤ ਹੈ, ਜਿਸ ਦੀ ਛਾਂ ਹੇਠ ਬੈਠ ਕੇ ਗੁਰੂ ਰਾਮਦਾਸ ਸਾਹਿਬ, ਗੁਰੂ ਅਰਜਨ ਸਾਹਿਬ ਅਤੇ ਬਾਬਾ ਬੁੱਢਾ ਸਾਹਿਬ ਜੀ ਸਰੋਵਰ ਦੀ ਕਾਰ-ਸੇਵਾ ਦੀ ਨਿਗਰਾਨੀ ਕਰਦੇ ਸਨ। ਟਾਹਲੀ ਦੇ ਦਰਖ਼ਤ ਨੂੰ ਅੰਗ੍ਰੇਜ਼ੀ ਵਿੱਚ Dableagia Sisoo ਆਖਦੇ ਹਨ। ਹੁਣ ਕੇਵਲ ਮੁੱਖ ਦਰਵਾਜ਼ੇ ਕੋਲ ਟਾਹਲੀ ਦੇ ਦਰਖ਼ਤ ਦੇ ਕੁਝ ਹਿੱਸੇ ਨਜ਼ਰ ਆਉਂਦੇ ਹਨ।

ਗੁਰਦੁਆਰਾ ਸਾਹਿਬ ਵਿੱਚ ਇਕ ਚਕੋਰ ਹਾਲ, ਸੰਤੋਖਸਰ ਦੇ ਪੱਛਮੀ ਸਿਰੇ ਵੱਲ, ਟਾਹਲੀ ਸਾਹਿਬ ਦਰਖ਼ਤ ਦੇ ਕੋਲ ਹੀ ਅਹਾਤੇ ਅੰਦਰ ਸਰੋਵਰ ਤੇ ਗੁਰਦੁਆਰਾ ਸਾਹਿਬ ਆਉਂਦਾ ਹੈ। ਉਸਾਰੀ ਦੇ ਕਾਰਜ ਸੰਤ ਬਾਬਾ ਜੀਵਨ ਸਿੰਘ, ਬਾਬਾ ਹਰੀ ਸਿੰਘ ਅਤੇ ਬਾਬਾ ਜਗਤਾਰ ਸਿੰਘ ਕਾਰ-ਸੇਵਾ ਵਾਲਿਆਂ ਵੱਲੋਂ ਕਰਾਏ ਗਏ। ਗੁਰੂ ਕਾ ਲੰਗਰ ਵਾਸਤੇ ਵੀ ਅਸਥਾਨ ਬਣਾਏ ਗਏ। ਫੱਗਣ ਦੀ ਪਹਿਲੀ ਤਰੀਕ ਨੂੰ ਭਾਰੀ ਜੋੜ-ਮੇਲਾ ਹੁੰਦਾ ਹੈ।

**11.ਗੁਰਦੁਆਰਾ ਚੁਰਸਤੀ ਅਟਾਰੀ ਸਾਹਿਬ:**

ਇਹ ਗੁਰਦੁਆਰਾ ਗੁਰੂ ਬਜ਼ਾਰ ਦੇ ਅਖ਼ੀਰ ਵਿੱਚ ਸੱਜੇ ਹੱਥ ਮੋੜ 'ਤੇ ਹੈ। ਇਸ ਦੇ ਸੱਜੇ ਹੱਥ ਵੱਲ ਬਜ਼ਾਰ ਲੋਹਗੜ੍ਹ ਹੈ। ਇਹ ਅਸਲੋਂ ਪੁਰਾਣੇ ਸ਼ਹਿਰ ਦੇ ਵਿੱਚਕਾਰ ਆਉਂਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਬਾਈ ਹੱਟਾ ਬਜ਼ਾਰ ਆਬਾਦ ਕੀਤਾ। ਇਥੇ ਗੁਰੂ ਸਾਹਿਬ ਆ ਕੇ ਅਰਾਮ ਕਰਦੇ ਸਨ। ਸੰਗਤਾਂ ਨੂੰ ਦਰਸ਼ਨ ਹੋਣ ਵਾਸਤੇ ਇਕ ਬੜ੍ਹੇ ਉਪਰ ਬੈਠਦੇ ਸਨ। ਚਾਰੇ ਪਾਸੇ ਬਜ਼ਾਰਾਂ ਦੇ ਰਸਤੇ ਹੋਣ ਕਾਰਨ, ਨਾਮ ਚੁਰਸਤੀ ਅਟਾਰੀ ਮਕਬੂਲ ਹੋ ਗਿਆ। ਜਦੋਂ ਗਵਾਲੀਅਰ ਦੇ ਕਿਲ੍ਹੇ ਤੋਂ ਬੰਦੀ ਛੋੜ ਪ੍ਰਸਿੱਧ ਹੋ ਕੇ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਪਹੁੰਚੇ ਤਾਂ ਗੁਰੂ ਸਾਹਿਬ ਨੇ ਇਸ ਅਸਥਾਨ 'ਤੇ ਅਰਾਮ ਕੀਤਾ ਸੀ। 1629 ਵਿੱਚ ਸ਼ਾਹੀ ਫੌਜਾਂ ਦਾ ਗੁਰੂ ਸਾਹਿਬ ਨਾਲ ਯੁੱਧ ਹੋਇਆ ਤਾਂ ਗੁਰੂ ਸਾਹਿਬ ਇਸੇ ਰਸਤੇ ਥਾਣੀਂ ਲੋਹਗੜ੍ਹ ਪਹੁੰਚੇ। ਗੁਰੂ ਬਾਜ਼ਾਰ ਦੇ ਸ਼ਰਧਾਲੂ ਸਿੱਖਾਂ ਵੱਲੋਂ ਇਕ ਲੱਕੜੀ ਦੀ ਇਕ-ਮੰਜ਼ਲਾ ਅਟਾਰੀ ਬਣਾਈ ਗਈ, ਜੋ 5 ਜੂਨ 1984 ਨੂੰ ਫੌਜੀ ਹਮਲੇ ਦੌਰਾਨ ਸੜ ਗਈ ਸੀ। ਹੁਣ ਦੋ ਮੰਜ਼ਲਾਂ ਵਾਲੀ ਸੰਗਮਰਮਰ ਦੀ ਅਟਾਰੀ ਗੁੰਬਦ ਨੁਮਾ ਬਣੀ ਹੈ। ਇਸ ਅਸਥਾਨ 'ਤੇ ਕੁਝ ਸੁਨਹਿਰੀ ਚਿੱਤਰ ਲੱਗੇ ਹੋਏ ਹਨ।

ਇਸ ਅਸਥਾਨ ਨੂੰ ਪਹਿਲਾਂ ਜਨ-ਸਥਾਨ ਹੋਣ ਕਾਰਨ ਪੁਰਾਤਨ ਘਰ ਅੰਗ੍ਰੇਜ਼ ਅਫ਼ਸਰਾਂ ਦੇ ਹੁਕਮਾਂ ਨਾਲ ਹਟਾ ਦਿੱਤਾ ਗਿਆ ਸੀ ਤਾਂ ਜੋ ਉਹ ਜਨ-ਸਥਾਨ ਨੂੰ ਵਡੇਰਾ ਕਰ ਸਕਣ। ਅਜੋਕੀ ਇਮਾਰਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੇਠਲੀ ਮੰਜ਼ਲ ਵਿੱਚ ਕੀਤਾ ਜਾਂਦਾ ਹੈ। ਰੋਜ਼ ਨਿਤਨੇਮ ਤੋਂ ਇਲਾਵਾ ਭਾਰੀ ਦੀਵਾਨ ਪ੍ਰਮੁੱਖ ਗੁਰਪੁਰਬਾਂ 'ਤੇ ਲੱਗਦੇ ਹਨ।

ਬਾਕੀ ਅਗਲੇ ਹਫ਼ਤੇ ਪੜ੍ਹੋ

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਯੂਕਰੇਨ ਦੇ ਡਰੋਨ ਹਮਲਿਆਂ ਕਾਰਣ ਰੂਸ ਦੇ 100 ਬਿਲੀਅਨ ਡਾਲਰ ਦੀ ਹੋਈ ਤਬਾਹੀ

## ✪ ਜ਼ੇਲੰਸਕੀ ਨੇ ਖੇਡੀ ਰਣਨੀਤੀ, ਪੁਤਿਨ ਦੀ ਅਰਥ-ਵਿਵਸਥਾ ਨੂੰ ਝੰਜੋੜਨ ਵਾਲਾ ਕੀਤਾ ਵਾਰ ✪ ਰੂਸ ਦਾ ਜਵਾਬੀ ਹਮਲਾ, ਯੂਕਰੇਨ ਦੇ ਊਰਜਾ ਤੰਤਰ ਨੂੰ ਬਣਾਇਆ ਨਿਸ਼ਾਨਾ ✪ ਕੀ ਇਹ ਰੁਕੇਗੀ ਇਹ ਜੰਗ ? ਕੀ ਹੈ ਵਿਸ਼ਵ ਅਖ਼ਬਾਰਾਂ ਦੀਆਂ ਰਾਏ



ਯੂਕਰੇਨ ਅਤੇ ਰੂਸ ਵਿਚਕਾਰ ਚੱਲ ਰਹੀ ਲੜਾਈ ਹੁਣ ਤਿੰਨ ਸਾਲ ਤੋਂ ਜ਼ਿਆਦਾ ਸਮੇਂ ਤੱਕ ਚੱਲ ਰਹੀ ਹੈ। ਇਸ ਵਾਰ ਯੂਕਰੇਨ ਨੇ ਆਪਣੀ ਰਣਨੀਤੀ ਵਿਚ ਇੱਕ ਨਵਾਂ ਮੋੜ ਲਿਆ ਹੈ। ਰਾਸ਼ਟਰਪਤੀ ਵਲੋਦੀਮੀਰ ਜ਼ੇਲੰਸਕੀ ਨੇ ਰੂਸ ਦੇ ਤੇਲ ਅਤੇ ਗੈਸ ਵਾਲੇ ਵੱਡੇ ਸਾਮਰਾਜ ਨੂੰ ਨਿਸ਼ਾਨਾ ਬਣਾਉਣ ਲਈ ਲੰਮੀ ਦੂਰੀ ਵਾਲੇ ਡਰੋਨ ਹਮਲੇ ਸ਼ੁਰੂ ਕਰ ਦਿੱਤੇ ਹਨ। ਇਹ ਹਮਲੇ ਰੂਸ ਦੀ ਅਰਥ-ਵਿਵਸਥਾ ਦੀ ਰੀੜ੍ਹ ਦੀ ਹੱਡੀ ਨੂੰ ਤੋੜਨ ਵਾਲੇ ਹਨ। ਰੂਸ ਦੇ ਤੇਲ ਰਿਫਾਈਨਰੀਆਂ ਅਤੇ ਗੈਸ ਪਲਾਂਟਾਂ ਨੂੰ ਨਿਸ਼ਾਨਾ ਬਣਾ ਕੇ ਯੂਕਰੇਨ ਨੇ ਰੂਸ ਨੂੰ ਘੱਟੋ ਘੱਟ 100 ਬਿਲੀਅਨ ਡਾਲਰ ਦਾ ਨੁਕਸਾਨ ਪਹੁੰਚਾਇਆ ਹੈ। ਇਹ ਨੁਕਸਾਨ ਨਾ ਸਿਰਫ਼ ਰੂਸ ਦੀ ਯੁੱਧ ਵਾਲੇ ਯੰਤਰਾਂ ਨੂੰ ਕਮਜ਼ੋਰ ਕਰ ਰਿਹਾ ਹੈ, ਸਗੋਂ ਉਸ ਦੀ ਆਮ ਜਨਤਕ ਜ਼ਿੰਦਗੀ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਯੂਕਰੇਨੀ ਫੌਜ ਨੇ ਅਗਸਤ 2025 ਤੋਂ ਸੈਪਟੈਂਬਰ ਤੱਕ ਰੂਸ ਦੀਆਂ 16 ਤੋਂ ਵੱਧ ਰਿਫਾਈਨਰੀਆਂ ਨੂੰ ਨਿਸ਼ਾਨਾ ਬਣਾਇਆ ਹਸੀ, ਜਿਸ ਨਾਲ ਰੂਸ ਦੀ ਡੀਜ਼ਲ ਨਿਰਯਾਤ 2020 ਤੋਂ ਘੱਟ ਪੱਧਰ ਤੇ ਆ ਗਈ ਸੀ। ਇਹ ਹਮਲੇ ਰੂਸ ਦੇ ਤੇਲ ਨੂੰ ਕੱਚੇ ਤੇਲ ਤੋਂ ਤਿਆਰ ਮਾਲ ਵਿਚ ਬਦਲਣ ਵਾਲੀਆਂ ਵਡੀਆਂ ਯੂਨਿਟਾਂ ਨੂੰ ਤਬਾਹ ਕਰ ਰਹੇ ਹਨ, ਜਿਨ੍ਹਾਂ ਦੀ ਮੁੜ ਨਿਰਮਾਣ ਲਈ ਪੱਛਮੀ ਤਕਨੀਕ ਦੀ ਲੋੜ ਹੈ। ਰੂਸ ਉਪਰ ਪੱਛਮੀ ਪਾਬੰਦੀਆਂ ਕਾਰਨ ਇਹ ਪੁਰਜੇ ਨਹੀਂ ਮਿਲ ਰਹੇ। ਇੱਕ ਸਸਤਾ ਯੂਕਰੇਨੀ ਡਰੋਨ ਵੀ ਇੱਕ ਰਿਫਾਈਨਰੀ ਨੂੰ ਮਹੀਨਿਆਂ ਲਈ ਬੰਦ ਕਰ ਸਕਦਾ ਹੈ ਅਤੇ ਅਰਬਾਂ ਡਾਲਰ ਦਾ ਨੁਕਸਾਨ ਪਹੁੰਚਾ ਸਕਦਾ ਹੈ। ਇਸ ਨਾਲ ਰੂਸ ਨੂੰ ਆਪਣੇ ਨਿਰਯਾਤ ਰੋਕਣੇ ਪਏ ਅਤੇ ਘਰੇਲੂ ਬਾਜ਼ਾਰ ਨੂੰ ਸਥਿਰ ਕਰਨ ਲਈ ਸਖਤ ਫ਼ੈਸਲੇ ਲੈਣੇ ਪਏ। ਯੂਕਰੇਨ ਦੇ ਡਰੋਨ ਹਮਲੇ ਰੂਸ ਦੇ ਵੱਡੇ ਤੇਲ ਅਤੇ ਗੈਸ ਸਾਮਰਾਜ ਨੂੰ ਤਬਾਹ ਕਰ ਰਹੇ ਹਨ। ਇਹ ਰਣਨੀਤੀ ਰੂਸ ਦੀ ਲਾਈਫ਼ਲਾਈਨ ਨੂੰ ਤੋੜਨ ਵਾਲੀ ਹੈ, ਜੋ ਉਸ ਦੇ ਯੁੱਧ ਨੂੰ ਚਲਾਉਂਦੀ ਹੈ।

ਰੂਸ ਦੀ ਅਰਥਵਿਵਸਥਾ ਤੇਲ ਅਤੇ ਗੈਸ ਨਿਰਯਾਤ ਤੇ ਨਿਰਭਰ ਹੈ। ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਰੂਸ ਦੇ ਕੁੱਲ ਬਜਟ ਦਾ 40 ਫ਼ੀਸਦੀ ਹਿੱਸਾ ਤੇਲ ਅਤੇ ਗੈਸ ਵੇਚ ਕੇ ਆਉਂਦਾ ਸੀ। ਹੁਣ ਵੀ ਇਹ ਹਿੱਸਾ 30 ਫ਼ੀਸਦੀ ਹੈ। ਇਸ ਲਈ ਯੂਕਰੇਨ ਨੇ ਰੂਸ ਦੇ ਊਰਜਾ ਪਲਾਂਟਾਂ ਨੂੰ ਨਿਸ਼ਾਨਾ ਬਣਾਇਆ ਹੈ।

ਯੂਕਰੇਨ ਨੇ ਅਗਸਤ ਵਿਚ ਨੋਵੋਕੁਇਬੀਸ਼ੇਵਸਕ (ਸਮਾਰਾ) ਰਿਫਾਈਨਰੀ ਤੇ ਹਮਲਾ ਕੀਤਾ, ਜਿਸ ਨਾਲ 300 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ ਸੀ। 4 ਅਗਸਤ ਨੂੰ ਰਿਆਜ਼ਾਨ (ਰੋਸਨੈਫਟ) ਤੇ ਹਮਲੇ ਨਾਲ 500 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ ਸੀ। 15 ਅਗਸਤ ਨੂੰ ਸਿਜ਼ਰਾਨ (ਸਮਾਰਾ) ਵਿਚ 30 ਦਿਨ ਉਤਪਾਦਨ ਬੰਦ ਰਿਹਾ ਸੀ, 280 ਮਿਲੀਅਨ ਡਾਲਰ ਨੁਕਸਾਨ ਹੋਇਆ ਸੀ। 29 ਅਗਸਤ ਨੂੰ ਕੁਇਬੀਸ਼ੇਵਸਕ (ਸਮਾਰਾ) ਵਿਚ ਵੀ ਨੁਕਸਾਨ ਹੋਇਆ ਸੀ। 14 ਸੈਪਟੈਂਬਰ ਨੂੰ ਕਿਰੀਸ਼ੀ (ਲੈਨਿੰਗਰਾਦ) ਵਿਚ 30 ਦਿਨ ਬੰਦ ਰਿਹਾ ਸੀ, 800 ਮਿਲੀਅਨ ਡਾਲਰ ਨੁਕਸਾਨ ਹੋਇਆ ਸੀ। 18 ਅਤੇ 24 ਸੈਪਟੈਂਬਰ ਨੂੰ ਸਲਾਵਾਤ (ਬਸ਼ਕੋਰਟੋਸਤਾਨ) ਤੇ ਹਮਲੇ ਨਾਲ 300 ਮਿਲੀਅਨ ਡਾਲਰ ਨੁਕਸਾਨ ਹੋਇਆ ਸੀ। 23 ਸੈਪਟੈਂਬਰ ਨੂੰ ਅਸਟ੍ਰਾਖਾਨ ਗੈਸ ਪਲਾਂਟ ਵਿਚ ਆਪ੍ਰੇਸ਼ਨ ਰੁਕ ਗਿਆ ਸੀ, ਸੈਂਕੜੇ ਮਿਲੀਅਨ ਦਾ ਝਟਕਾ ਲਗਾ ਸੀ। ਸਲਾਵਾਤ ਰਿਫਾਈਨਰੀ ਰੂਸ ਦੀ ਊਰਜਾ ਪ੍ਰਣਾਲੀ ਦੀ ਮਹੱਤਵਪੂਰਨ ਕੜੀ ਹੈ, ਜਿਸ ਨੂੰ ਦੋ ਵਾਰ ਨਿਸ਼ਾਨਾ ਬਣਾਇਆ ਗਿਆ ਸੀ। ਇਹ ਹਮਲੇ ਰੂਸ ਦੀ ਅਰਥਵਿਵਸਥਾ ਉਪਰ ਸਿੱਧਾ ਹਮਲਾ ਹਨ। ਰੂਸ ਵਿਚ ਪੈਟਰੋਲ ਪੰਪਾਂ ਤੇ ਲੰਮੀਆਂ ਕਤਾਰਾਂ ਲੱਗ ਰਹੀਆਂ ਹਨ ਅਤੇ ਈਂਧਣ ਦੀਆਂ ਕੀਮਤਾਂ ਵਧ ਰਹੀਆਂ ਹਨ। ਇਹ ਸਭ ਪੁਤਿਨ ਦੀਆਂ ਕਮਜ਼ੋਰ ਨਸਾਂ ਤੇ ਵਾਰ ਹਨ, ਜੋ ਉਸ ਨੂੰ ਗੱਲਬਾਤ ਦੀ ਮੇਜ਼ ਤੇ ਲਿਆਉਣ ਲਈ ਕੀਤੇ ਜਾ ਰਹੇ ਹਨ।

ਯੂਕਰੇਨ ਦੇ ਡਰੋਨ ਹਮਲਿਆਂ ਨੂੰ ਜਵਾਬ ਵਿਚ ਰੂਸ ਨੇ ਵੀ ਯੂਕਰੇਨ ਦੇ ਊਰਜਾ ਪਲਾਂਟਾਂ ਤੇ ਵੱਡੇ ਹਮਲੇ ਕੀਤੇ ਹਨ। ਅਗਸਤ 2025 ਤੋਂ ਰੂਸ ਨੇ ਯੂਕਰੇਨ ਦੇ ਗੈਸ ਨੈੱਟਵਰਕ ਅਤੇ ਪਾਵਰ ਸਟੇਸ਼ਨਾਂ ਤੇ ਹਮਲੇ ਵਧਾ ਦਿੱਤੇ ਹਨ। ਇੱਕ ਹਫ਼ਤੇ ਵਿਚ ਯੂਕਰੇਨ ਨੇ ਰੂਸੀ ਰਿਫਾਈਨਰੀਆਂ ਨੂੰ ਅੱਗ ਲਗਾਈ, ਤਾਂ ਰੂਸ ਨੇ ਜਵਾਬ ਵਿਚ ਯੂਕਰੇਨ ਦੇ ਛੇ ਖੇਤਰਾਂ ਵਿਚ ਊਰਜਾ ਸਹੂਲਤਾਂ ਨੂੰ ਨਿਸ਼ਾਨਾ ਬਣਾਇਆ ਸੀ। 27 ਅਗਸਤ ਨੂੰ ਰੂਸ ਨੇ ਯੂਕਰੇਨ ਦੇ ਓਡੇਸਾ ਖੇਤਰ ਵਿਚ ਚਾਰ ਊਰਜਾ ਸਹੂਲਤਾਂ ਤੇ ਡਰੋਨ ਹਮਲੇ ਕੀਤੇ ਸਨ, ਜਿਸ ਨਾਲ 29,000 ਲੋਕਾਂ ਨੂੰ ਬਿਜਲੀ ਤੋਂ ਵਾਂਝਾ ਕਰ ਦਿੱਤਾ ਗਿਆ ਸੀ। ਚੇਰਨੀਹਿਵ ਖੇਤਰ ਵਿਚ ਵੀ ਹਮਲੇ ਹੋਏ ਸਨ, ਜਿਸ ਨਾਲ 30,000 ਘਰਾਂ ਨੂੰ ਬਿਜਲੀ ਨਹੀਂ ਮਿਲੀ। ਰੂਸ ਨੇ ਮਾਰਚ 2025 ਤੋਂ ਯੂਕਰੇਨ ਦੀਆਂ ਊਰਜਾ ਸਹੂਲਤਾਂ ਤੇ 2,900 ਵਾਰ ਹਮਲੇ ਕੀਤੇ ਹਨ। ਇਹ ਹਮਲੇ ਯੂਕਰੇਨ ਨੂੰ ਹਨੇਰੇ ਅਤੇ ਠੰਡ ਵਿਚ ਧੱਕੇਲਣ ਲਈ ਹਨ, ਜੋ ਉਸ ਦੀ ਆਰਥਿਕਤਾ ਨੂੰ ਤੋੜਨ ਅਤੇ ਜਨਤਾ ਦਾ ਹੌਂਸਲਾ ਤੋੜਨ ਲਈ ਹਨ। ਰੂਸ ਨੇ ਯੂਕਰੇਨ ਦੇ ਡਰੂਜ਼ਬਾ ਆਇਲ ਪਾਈਪਲਾਈਨ ਨੂੰ ਵੀ ਨਿਸ਼ਾਨਾ ਬਣਾਇਆ ਸੀ, ਜਿਸ ਨਾਲ ਹੰਗਰੀ ਅਤੇ ਸਲੋਵਾਕੀਆ ਨੂੰ ਰੂਸੀ ਤੇਲ ਨਹੀਂ ਮਿਲਿਆ। ਇਹ ਜਵਾਬੀ ਕਾਰਵਾਈ ਯੂਕਰੇਨ ਨੂੰ ਗੱਲਬਾਤ ਲਈ ਮਜਬੂਰ ਕਰਨ ਵਾਲੀ ਹੈ। ਪੁਤਿਨ ਨੇ ਅਮਰੀਕਾ ਨਾਲ ਗੱਲਬਾਤ ਵਿਚ ਖੁੱਲ੍ਹੇਪਣ ਦਾ ਦਾਅਵਾ ਕੀਤਾ ਹੈ, ਪਰ ਉਸ ਨੇ ਯੂਕਰੇਨ ਨੂੰ ਆਪਣੇ ਖੇਤਰਾਂ ਨੂੰ ਛੱਡਣ ਲਈ ਕਿਹਾ ਸੀ। ਰੂਸ ਨੇ ਯੂਕਰੇਨ ਦੇ ਹਮਲਿਆਂ ਨੂੰ ਜਵਾਬ ਵਿਚ ਡਰੋਨ ਅਤੇ ਮਿਸਾਈਲ ਹਮਲੇ ਵਧਾ ਦਿੱਤੇ ਹਨ, ਜਿਸ ਨਾਲ ਯੂਕਰੇਨ ਵਿਚ ਵਿਦਿਆਰਥੀਆਂ ਅਤੇ ਨਾਗਰਿਕਾਂ ਨੂੰ ਨੁਕਸਾਨ ਹੋ ਰਿਹਾ ਹੈ। ਯੂਕਰੇਨ ਤੇ ਰੂਸ ਵਿਚਾਲੇ ਯੁੱਧ ਦਾ ਇਹ ਨਵਾਂ ਪੜਾਅ ਹੈ, ਜਿੱਥੇ ਦੋਵੇਂ ਪਾਸੇ ਊਰਜਾ ਨੂੰ ਹਥਿਆਰ ਬਣਾ ਰਹੇ ਹਨ। ਰੂਸ ਨੇ ਯੂਕਰੇਨ ਨੂੰ ਚਿਤਾਵਨੀ ਵੀ ਦਿੱਤੀ ਹੈ ਕਿ ਜੇ ਉਹ ਰੂਸੀ ਊਰਜਾ ਨੂੰ ਨਿਸ਼ਾਨਾ ਬਣਾਏਗਾ, ਤਾਂ ਰੂਸ ਵੀ ਵਧੇਰੇ ਸਖ਼ਤ ਜਵਾਬ ਦੇਵੇਗਾ।

ਯੂਕਰੇਨ ਨੂੰ ਫੌਜੀ ਮਦਦ ਵਿਚ ਅਮਰੀਕਾ ਅੱਗੇ ਹੈ। ਫ਼ਰਵਰੀ 2022 ਤੋਂ ਅਮਰੀਕਾ ਨੇ 66.9 ਬਿਲੀਅਨ ਡਾਲਰ ਦੀ ਫੌਜੀ ਮਦਦ ਦਿੱਤੀ ਹੈ, ਜੋ 2014 ਤੋਂ 69.7 ਬਿਲੀਅਨ ਹੈ। ਯੂਰਪ ਨੇ 132 ਬਿਲੀਅਨ ਯੂਰੋ ਦੀ ਮਦਦ ਦਿੱਤੀ ਹੈ। ਕੁੱਲ 41 ਦੇਸ਼ਾਂ ਨੇ 309 ਬਿਲੀਅਨ ਯੂਰੋ ਦੀ ਮਦਦ ਦਿੱਤੀ ਹੈ। ਨੈਟੋ ਨੇ ਪਹਿਲੀ ਵਾਰ ਯੂਕਰੇਨ ਲਈ ਹਥਿਆਰ ਖਰੀਦੇ ਹਨ। ਨੀਦਰਲੈਂਡ ਨੇ ਅਮਰੀਕੀ ਹਥਿਆਰਾਂ ਲਈ 10 ਮਿਲੀਅਨ ਯੂਰੋ ਦਿੱਤੇ ਹਨ। ਇਜ਼ਰਾਈਲ ਨੇ ਅਗਸਤ ਵਿਚ ਪੈਟ੍ਰੀਅਟ ਸਿਸਟਮ ਦਿੱਤਾ ਅਤੇ ਹੋਰ ਦੋ ਪੈਟ੍ਰੀਅਟ ਸਰਦੀ ਵਿਚ ਮਿਲਣਗੇ। ਯੂਰਪੀ ਯੂਨੀਅਨ ਨੇ ਰੂਸੀ ਗੈਸ ਬੰਦ ਕਰਨ ਲਈ ਨਵੇਂ ਪਾਬੰਦੀਆਂ ਲਾਈਆਂ ਹਨ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਯੂਕਰੇਨ ਨੂੰ ਟੋਮਾਹਾਵਕ ਮਿਸਾਈਲਾਂ ਮੰਗੀਆਂ ਹਨ। ਯੂਕਰੇਨ ਨੇ ਆਪਣੇ ਡਰੋਨ ਉਤਪਾਦਨ ਵਧਾ ਲਏ ਹਨ ਅਤੇ ਅਮਰੀਕੀ ਹਥਿਆਰਾਂ ਨਾਲ ਰੂਸ ਨੂੰ ਚੁਣੌਤੀ ਦਿੱਤੀ ਹੈ।

ਆਈਐੱਮਐੱਫ ਨੇ ਅੰਦਾਜ਼ਾ ਲਗਾਇਆ ਹੈ ਕਿ ਇਹ ਯੁੱਧ 2025 ਜਾਂ 2026 ਵਿਚ ਖ਼ਤਮ ਹੋ ਸਕਦਾ ਹੈ। ਟਰੰਪ ਦੇ ਦੂਜੇ ਟਰਮ ਵਿਚ ਸ਼ਾਂਤੀ ਗੱਲਾਂ ਵਧਣਗੀਆਂ।

ਵਿਸ਼ਵ ਅਖ਼ਬਾਰਾਂ ਵਿਚ ਯੂਕਰੇਨ-ਰੂਸ ਯੁੱਧ ਬਾਰੇ ਵੱਖ-ਵੱਖ ਰਾਏ ਹਨ। ਬੀਬੀਸੀ ਨੇ ਲਿਖਿਆ ਕਿ ਟਰੰਪ ਦੇ ਟਰਮ ਵਿਚ ਯੁੱਧ 2025 ਵਿਚ ਖ਼ਤਮ ਹੋ ਸਕਦਾ ਹੈ। ਵਾਸ਼ਿੰਗਟਨ ਪੋਸਟ ਨੇ ਕਿਹਾ ਕਿ ਰੂਸ ਯੂਕਰੇਨ ਦੇ ਊਰਜਾ ਤੇ ਹਮਲੇ ਵਧਾ ਰਿਹਾ ਹੈ, ਪਰ ਯੂਕਰੇਨ ਵੀ ਜਵਾਬੀ ਹਮਲੇ ਕਰ ਰਿਹਾ ਹੈ। ਰਾਇਟਰਜ਼ ਨੇ ਦੱਸਿਆ ਕਿ ਯੂਕਰੇਨ ਨੇ ਰੂਸੀ ਰਿਫਾਈਨਰੀਆਂ ਨੂੰ ਨਿਸ਼ਾਨਾ ਬਣਾ ਕੇ ਗਲੋਬਲ ਆਇਲ ਮਾਰਕੀਟ ਨੂੰ ਪ੍ਰਭਾਵਿਤ ਕੀਤਾ ਹੈ। ਗਾਰਡੀਅਨ ਨੇ ਕਿਹਾ ਕਿ ਰੂਸ ਨੇ ਸਾਰਾਟੋਵ ਰਿਫਾਈਨਰੀ ਨੂੰ ਦੋ ਵਾਰ ਨਿਸ਼ਾਨਾ ਬਣਾਇਆ, ਪਰ ਯੂਕਰੇਨ ਨੇ ਵੀ ਜਵਾਬ ਦਿੱਤਾ।

# ਗੈਂਗਸਟਰਾਂ ਨੇ ਆਈਟੀ ਕੰਪਨੀ ਦੇ ਮਾਲਕ ਤੋਂ 5 ਕਰੋੜ ਰੁਪਏ ਮੰਗੇ

## ✪ ਵਿਦੇਸ਼ੀ ਨੰਬਰਾਂ ਤੋਂ ਲਗਾਤਾਰ ਆ ਰਹੀਆਂ ਨੇ ਧਮਕੀਆਂ; ਦਹਿਸ਼ਤ ਵਿਚ ਪਰਿਵਾਰ

ਐੱਸਏਐੱਸ ਨਗਰ-ਮੁਹਾਲੀ ਵਿਚ ਆਈਟੀ ਕੰਪਨੀ ਚਲਾਉਣ ਵਾਲੇ ਗੁਰਜੋਤ ਸਿੰਘ ਨੂੰ ਵਿਦੇਸ਼ੀ ਨੰਬਰਾਂ ਤੋਂ ਲਗਾਤਾਰ ਫਿਰੌਤੀ ਲਈ ਕਾਲਾਂ ਆ ਰਹੀਆਂ ਹਨ। ਗੈਂਗਸਟਰ ਹੋਣ ਦਾ ਦਾਅਵਾ ਕਰਨ ਵਾਲੇ ਵਿਅਕਤੀਆਂ ਨੇ ਉਸ ਤੋਂ 5 ਕਰੋੜ ਰੁਪਏ ਦੀ ਮੰਗ ਕੀਤੀ ਹੈ। ਪੈਸੇ ਨਾ ਦੇਣ ’ਤੇ ਉਸਨੂੰ ਅਤੇ ਉਸਦੇ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ ਹਨ। ਗੁਰਜੋਤ ਸਿੰਘ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਇਹ ਧਮਕੀਆਂ ਕਾਰਨ ਉਸਦਾ ਪਰਿਵਾਰ ਬਹੁਤ ਘਬਰਾਏ ਹੋਏ ਹਨ ਅਤੇ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਕਾਲ ਕਰਨ ਵਾਲੇ ਕਹਿ ਰਹੇ ਹਨ ਕਿ ਜੇਕਰ ਉਹ ਪੈਸੇ ਨਹੀਂ ਦੇਵੇਗਾ ਤਾਂ ਉਸਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਉਸਨੇ ਸੁਰੱਖਿਆ ਅਤੇ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ। ਪੁਲਿਸ ਨੇ ਸ਼ਿਕਾਇਤ ਦੇ ਆਧਾਰ ’ਤੇ ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ ਕਰ ਲਿਆ ਹੈ। ਸਾਈਬਰ ਸੈੱਲ ਦੀ ਮਦਦ ਨਾਲ ਕਾਲ ਕਰਨ ਵਾਲਿਆਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸਨੂੰ ਪਹਿਲੀ ਵਾਰ 12 ਸਤੰਬਰ ਨੂੰ ਕਾਲ ਆਈ ਸੀ। ਕਾਲ ਕਰਨ ਵਾਲੇ ਨੇ



ਆਪਣੀ ਪਛਾਣ ਗੋਲਡੀ ਬਰਾੜ ਵਜੋਂ ਦੱਸ ਕੇ 5 ਕਰੋੜ ਰੁਪਏ ਦੀ ਮੰਗ ਕੀਤੀ। ਉਸ ਤੋਂ ਬਾਅਦ 14 ਸਤੰਬਰ ਨੂੰ ਇਕ ਹੋਰ ਕਾਲ ਵਿਚ ਉਸਨੇ ਆਪਣਾ ਨਾਮ ਗੋਲਡੀ ਢਿੱਲੋਂ ਦੱਸਿਆ ਅਤੇ ਫਿਰੌਂ ਉਹੀ ਮੰਗ ਦੁਹਰਾਈ। ਉਸਨੇ ਦੱਸਿਆ ਕਿ 18 ਸਤੰਬਰ ਨੂੰ ਉਸਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਅਤੇ ਕਿਹਾ ਗਿਆ ਕਿ ਮੌਤ ਤੋਂ ਬਾਅਦ ਵੀ ਉਸਦੇ ਪਰਿਵਾਰ ਤੋਂ ਫਿਰੌਤੀ ਵਸੂਲੀ ਜਾਵੇਗੀ।

# ਲੱਦਾਖ ਵਿਚ ਹਿੰਸਾ: ਸੋਨਮ ਵਾਂਗਚੁਕ ਦੀ ਗ੍ਰਿਫਤਾਰੀ ਨੇ ਭੜਕਾਇਆ ਵਿਵਾਦ

## ✪ ਰਾਜ ਦੀ ਮੰਗ ਨੇ ਲਈ ਹਿੰਸਕ ਮੋੜ, ਲੇਹ ਵਿਚ ਕਰਫਿਊ ਨੇ ਵਧਾਇਆ ਤਣਾਅ ✪ ਰਾਹੁਲ ਗਾਂਧੀ ਦਾ ਸਰਕਾਰ 'ਤੇ ਹਮਲਾ: 'ਲੱਦਾਖ ਦੀ ਆਵਾਜ਼ ਨੂੰ ਦਬਾਉਣਾ ਬੰਦ ਕਰੋ' ✪ ਮੋਦੀ ਸਰਕਾਰ ਦੇ ਲਗਾਏ ਦੋਸ਼ ਕਿੰਨੇ ਕੁ ਸੱਚੇ

### ਨਿਊਜ਼ ਵਿਸ਼ਲੇਸ਼ਣ

ਲੱਦਾਖ, ਜੋ ਕਦੇ ਸ਼ਾਂਤੀ ਦਾ ਪ੍ਰਤੀਕ ਸੀ, ਹੁਣ ਹਿੰਸਾ ਅਤੇ ਅਸ਼ਾਂਤੀ ਦੀ ਲਪੇਟ ਵਿੱਚ ਆ ਗਿਆ ਹੈ। ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ ਵਿੱਚ ਰਾਜ ਦੇ ਦਰਜੇ ਅਤੇ ਸੰਵਿਧਾਨ ਦੀ ਛੇਵੀਂ ਅਨੁਸੂਚੀ ਦੀ ਮੰਗ ਨੂੰ ਲੈ ਕੇ ਪਿਛਲੇ ਕੁਝ ਸਮੇਂ ਤੋਂ ਅੰਦੋਲਨ ਚੱਲ ਰਿਹਾ ਸੀ, ਜੋ ਹੁਣ ਹਿੰਸਕ ਰੂਪ ਧਾਰਨ ਕਰ ਗਿਆ। ਇਸ ਅੰਦੋਲਨ ਦੇ ਨੇਤਾ, ਪ੍ਰਸਿੱਧ ਵਾਤਾਵਰਣ ਕਾਰਕੁੰਨ ਸੋਨਮ ਵਾਂਗਚੁਕ ਦੀ ਗ੍ਰਿਫਤਾਰੀ ਅਤੇ ਰਾਸ਼ਟਰੀ ਸੁਰੱਖਿਆ ਕਾਨੂੰਨ (ਐਨ.ਐਸ.ਏ.) ਅਧੀਨ ਜੋਧਪੁਰ ਜੇਲ੍ਹ ਭੇਜਣ ਕਾਰਣ ਸਥਿਤੀ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਇਸ ਦੇ ਨਾਲ ਹੀ, ਸਰਕਾਰ ਅਤੇ ਵਿਰੋਧੀ ਧਿਰਾਂ ਵਿਚਕਾਰ ਦੋਸ਼-ਪ੍ਰਤੀਦੋਸ਼ ਦਾ ਦੌਰ ਵੀ ਸ਼ੁਰੂ ਹੋ ਗਿਆ ਹੈ।

#### ਮੋਦੀ ਸਰਕਾਰ ਵਲੋਂ ਲੱਦਾਖ ਦੀਆਂ ਮੰਗਾਂ ਦਾ ਅਖੋਂ ਪਰੋਖੇ ਕਰਨਾ

ਲੱਦਾਖ ਨੂੰ 2019 ਵਿੱਚ ਜੰਮੂ-ਕਸ਼ਮੀਰ ਤੋਂ ਵੱਖ ਕਰਕੇ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਇਆ ਗਿਆ ਸੀ, ਜਦੋਂ ਧਾਰਾ 370 ਅਤੇ 35ਏ ਨੂੰ ਰੱਦ ਕੀਤਾ ਗਿਆ। ਇਸ ਨਾਲ ਲੱਦਾਖ ਦੇ ਲੋਕ ਖੁਸ਼ ਸਨ , ਕਿਉਂਕਿ ਉਹ ਜੰਮੂ-ਕਸ਼ਮੀਰ ਦੀ ਸਿਆਸੀ ਅਤੇ ਸੱਭਿਆਚਾਰਕ ਪਛਾਣ ਤੋਂ ਵੱਖਰੀ ਪਛਾਣ ਚਾਹੁੰਦੇ ਸਨ।

ਪਰ ਜਲਦੀ ਹੀ ਬੇਚੈਨੀ ਨੇ ਜਨਮ ਲੈ ਲਿਆ, ਕਿਉਂਕਿ ਲੱਦਾਖ ਨੂੰ ਵਿਧਾਨ ਸਭਾ ਦਾ ਅਧਿਕਾਰ ਨਹੀਂ ਦਿੱਤਾ ਗਿਆ। ਇਸ ਦੇ ਨਾਲ ਹੀ, ਸੰਵਿਧਾਨ ਦੀ ਛੇਵੀਂ ਅਨੁਸੂਚੀ ਅਧੀਨ ਸਥਾਨਕ ਲੋਕਾਂ ਨੂੰ ਜ਼ਮੀਨ, ਜੰਗਲ, ਪਾਣੀ ਅਤੇ ਸੱਭਿਆਚਾਰਕ ਸੁਰੱਖਿਆ ਦੀ ਮੰਗ ਵੀ ਅਣਸੁਣੀ ਰਹੀ।

2022 ਤੋਂ, ਲੇਹ ਅਪੈਕਸ ਬਾਡੀ (ਐਲ.ਏ.ਬੀ.) ਅਤੇ ਕਾਰਗਿਲ ਡੈਮੋਕਰੈਟਿਕ ਅਲਾਇੰਸ (ਕੇ.ਡੀ.ਏ.) ਨੇ ਇਨ੍ਹਾਂ ਮੰਗਾਂ ਨੂੰ ਲੈ ਕੇ ਸੰਘਰਸ਼ ਸ਼ੁਰੂ ਕੀਤਾ। ਇਨ੍ਹਾਂ ਸੰਗਠਨਾਂ ਨੇ ਰਾਜ ਦਾ ਦਰਜਾ, ਵਿਧਾਨ ਸਭਾ, ਅਤੇ ਸੰਵਿਧਾਨ ਦੀ ਛੇਵੀਂ ਅਨੁਸੂਚੀ ਦੀ ਮੰਗ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ।

ਸੋਨਮ ਵਾਂਗਚੁਕ, ਜੋ ਲੱਦਾਖ ਦੀ ਸਿੱਖਿਆ ਅਤੇ ਵਾਤਾਵਰਣ ਸੁਰੱਖਿਆ ਦੇ ਮੋਹਰੀ ਕਾਰਕੁੰਨ ਹਨ, ਨੇ 10 ਸਤੰਬਰ 2025 ਤੋਂ ਭੁੱਖ ਹੜਤਾਲ ਸ਼ੁਰੂ ਕੀਤੀ ਸੀ, ਜਿਸ ਨੂੰ ਵੱਡੇ ਪੱਧਰ 'ਤੇ ਸਮਰਥਨ ਮਿਲਿਆ ਸੀ। ਪਰ 23 ਸਤੰਬਰ ਨੂੰ ਅੰਦੋਲਨਕਾਰੀਆਂ ਦੀ ਸਿਹਤ ਵਿਗੜਨ ਨਾਲ ਸਥਿਤੀ ਬੇਕਾਬੂ ਹੋ ਗਈ ਸੀ। ਹਜ਼ਾਰਾਂ ਨੌਜਵਾਨ ਸੜਕਾਂ 'ਤੇ ਉਤਰ ਆਏ, ਅਤੇ ਪ੍ਰਦਰਸ਼ਨ ਹਿੰਸਕ ਹੋ ਗਿਆ। ਭੀੜ ਨੇ ਭਾਜਪਾ ਦੇ ਸਥਾਨਕ ਦਫਤਰ ਨੂੰ ਅੱਗ ਲਗਾਈ, ਪੱਥਰਬਾਜ਼ੀ ਕੀਤੀ, ਅਤੇ ਪੁਲਿਸ ਨਾਲ ਝੜਪਾਂ ਹੋਈਆਂ। ਪੁਲਿਸ ਦੀ ਗੋਲੀਬਾਰੀ



ਵਿੱਚ 4 ਲੋਕ ਮਾਰੇ ਗਏ ਅਤੇ 80 ਤੋਂ ਵੱਧ ਜ਼ਖਮੀ ਹੋਏ।

#### ਸੋਨਮ ਵਾਂਗਚੁਕ ਦੀ ਗ੍ਰਿਫਤਾਰੀ ਅਤੇ ਜੋਧਪੁਰ ਭੇਜਣ ਦਾ ਵਿਵਾਦ ਛਿੜਿਆ

ਸੋਨਮ ਵਾਂਗਚੁਕ ਦੀ ਗ੍ਰਿਫਤਾਰੀ ਨੇ ਲੱਦਾਖ ਦੇ ਅੰਦੋਲਨ ਨੂੰ ਹੋਰ ਭਖਾ ਦਿੱਤਾ। ਸਰਕਾਰ ਨੇ ਉਨ੍ਹਾਂ 'ਤੇ ਹਿੰਸਾ ਭੜਕਾਉਣ ਦਾ ਦੋਸ਼ ਲਗਾਇਆ ਅਤੇ ਐਨ.ਐਸ.ਏ. ਅਧੀਨ ਜੋਧਪੁਰ ਜੇਲ੍ਹ ਭੇਜ ਦਿੱਤਾ। ਸਰਕਾਰ ਨੇ ਵਾਂਗਚੁਕ ਦੇ ਸੰਸਥਾਨ ਸੀਮੋਲ ਦਾ ਐਫਸੀਆਰਏ ਲਾਇਸੰਸ ਵੀ ਰੱਦ ਕਰ ਦਿੱਤਾ, ਜਿਸ ਨੂੰ ਵਿਦੇਸ਼ੀ ਫੰਡਿੰਗ ਨਾਲ ਜੋੜਿਆ ਗਿਆ। ਇਸ ਤੋਂ ਇਲਾਵਾ, ਲੱਦਾਖ ਦੇ ਡੀ.ਜੀ.ਪੀ. ਐਸ.ਡੀ. ਸਿੰਘ ਜਾਮਵਾਲ ਨੇ ਦਾਅਵਾ ਕੀਤਾ ਕਿ ਪਾਕਿਸਤਾਨ ਦੇ ਇੱਕ ਖੁਫੀਆ ਅਧਿਕਾਰੀ ਨਾਲ ਵਾਂਗਚੁਕ ਦੇ ਸੰਪਰਕ ਸਨ। ਇਹ ਦੋਸ਼ ਵਿਵਾਦ ਦਾ ਕਾਰਨ ਬਣੇ, ਕਿਉਂਕਿ ਵਾਂਗਚੁਕ ਨੇ ਸਪੱਸ਼ਟ ਕੀਤਾ ਕਿ ਉਹ ਸ਼ਾਂਤੀਪੂਰਨ ਅੰਦੋਲਨ ਦੇ ਸਮਰਥਕ ਹਨ ਅਤੇ ਹਿੰਸਾ ਨੇ ਉਨ੍ਹਾਂ ਦੇ 5 ਸਾਲਾਂ ਦੇ ਯਤਨਾਂ ਨੂੰ ਨੁਕਸਾਨ ਪਹੁੰਚਾਇਆ।

ਵਾਂਗਚੁਕ ਦੇ ਘਰ ਦੀ ਤਲਾਸ਼ੀ ਅਤੇ ਗ੍ਰਿਫਤਾਰੀ ਨੂੰ ਸਰਕਾਰ ਨੇ "ਸੁਰੱਖਿਆ ਕਾਰਨਾਂ" ਨਾਲ ਜੋੜਿਆ, ਪਰ ਵਿਰੋਧੀ ਧਿਰਾਂ ਨੇ ਇਸ ਨੂੰ ਲੋਕਤੰਤਰ 'ਤੇ ਹਮਲਾ ਕਰਾਰ ਦਿੱਤਾ। ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਵਾਂਗਚੁਕ ਲੱਦਾਖ ਦੀ ਆਵਾਜ਼ ਹਨ, ਅਪਰਾਧੀ ਨਹੀਂ। ਉਨ੍ਹਾਂ ਨੇ ਇਸ ਗ੍ਰਿਫਤਾਰੀ ਨੂੰ ਕਾਨੂੰਨ ਦੀ ਉਲੰਘਣਾ ਅਤੇ ਲੋਕਤੰਤਰ ਦੀ ਕਮਜ਼ੋਰੀ ਦਾ ਪ੍ਰਤੀਕ ਦੱਸਿਆ। ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸਵਾਦੀ-ਲੈਨਿਨਵਾਦੀ) ਨੇ ਵੀ ਇਸ ਨੂੰ ਸਰਕਾਰ ਦੀ ਦਮਨਕਾਰੀ ਨੀਤੀਆਂ ਦਾ ਹਿੱਸਾ ਕਿਹਾ।

ਕਾਂਗਰਸ ਨੇਤਾ ਅਤੇ ਸੰਸਦ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਲੱਦਾਖ ਦੇ ਅੰਦੋਲਨ ਨੂੰ ਪੂਰਨ ਸਮਰਥਨ ਦਿੱਤਾ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਭਾਜਪਾ ਅਤੇ ਆਰ.ਐਸ.ਐਸ. 'ਤੇ ਲੱਦਾਖ ਦੀ ਸੱਭਿਆਚਾਰਕ ਪਛਾਣ 'ਤੇ ਹਮਲਾ ਕਰਨ ਦਾ ਦੋਸ਼ ਲਗਾਇਆ। ਰਾਹੁਲ ਨੇ ਕਿਹਾ, "ਲੱਦਾਖ ਦੇ ਲੋਕਾਂ ਨੇ ਆਪਣੇ ਮੁਦੇ ਉਠਾਏ, ਪਰ ਭਾਜਪਾ ਨੇ ਚਾਰ ਨੌਜਵਾਨਾਂ ਦੀ ਹੱਤਿਆ ਕੀਤੀ ਅਤੇ ਸੋਨਮ ਵਾਂਗਚੁਕ ਨੂੰ ਜੇਲ੍ਹ ਵਿੱਚ ਡੱਕ ਦਿੱਤਾ।" ਉਨ੍ਹਾਂ ਨੇ ਸਰਕਾਰ ਨੂੰ ਤੁਰੰਤ ਗੱਲਬਾਤ ਸ਼ੁਰੂ ਕਰਕੇ ਲੱਦਾਖ ਨੂੰ ਛੇਵੀਂ ਅਨੁਸੂਚੀ ਅਤੇ ਰਾਜ ਦਾ ਦਰਜਾ ਦੇਣ ਦੀ ਮੰਗ ਕੀਤੀ।

ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਵੀ ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤੀਪੂਰਨ ਰਾਹ ਅਪਣਾਉਣ ਦੀ ਅਪੀਲ ਕੀਤੀ ਅਤੇ ਸਰਕਾਰ ਨੂੰ ਮੰਗਾਂ 'ਤੇ ਧਿਆਨ ਦੇਣ ਲਈ ਕਿਹਾ। ਲੱਦਾਖ ਦੇ ਸੰਸਦ ਮੈਂਬਰ ਮੁਹੰਮਦ ਹਨੀਫਾ ਨੇ 24 ਸਤੰਬਰ ਦੀ ਹਿੰਸਾ ਦੀ ਪੂਰੀ ਜਾਂਚ ਦੀ ਮੰਗ ਕੀਤੀ। ਭਾਜਪਾ ਨੇ ਇਸ ਦੇ ਜਵਾਬ ਵਿੱਚ ਕਾਂਗਰਸ 'ਤੇ ਹਿੰਸਾ ਭੜਕਾਉਣ ਦਾ ਦੋਸ਼ ਲਗਾਇਆ।

#### ਕੀ ਚੀਨ ਦੀ ਘੁਸਪੈਠ ਜਾਂ ਨੌਜਵਾਨਾਂ ਦੀ ਨਿਰਾਸ਼ਤਾ ?

ਸਰਕਾਰ ਦੇ ਦਾਅਵੇ ਕਿ ਅੰਦੋਲਨ ਵਿੱਚ ਪਾਕਿਸਤਾਨ ਜਾਂ ਚੀਨ ਵਰਗੀਆਂ ਵਿਦੇਸ਼ੀ ਸ਼ਕਤੀਆਂ ਦੀ ਸ਼ਮੂਲੀਅਤ ਹੈ, ਨੇ ਵਿਵਾਦ ਨੂੰ ਹੋਰ ਵਧਾ ਦਿੱਤਾ। ਲੱਦਾਖ, ਜੋ ਚੀਨ ਅਤੇ ਪਾਕਿਸਤਾਨ ਦੀ ਸਰਹੱਦ ਨਾਲ ਲਗਦਾ ਹੈ, ਰਣਨੀਤਕ ਤੌਰ 'ਤੇ ਅਹਿਮ ਹੈ। ਪਰ ਸੋਨਮ ਵਾਂਗਚੁਕ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਅੰਦੋਲਨ ਨੌਜਵਾਨਾਂ ਦੀ ਨਿਰਾਸ਼ਤਾ ਅਤੇ ਸਰਕਾਰ ਦੀਆਂ ਅਣਪੂਰੀਆਂ ਵਾਅਦਿਆਂ ਦਾ ਨਤੀਜਾ ਹੈ। ਉਨ੍ਹਾਂ ਅਨੁਸਾਰ, ਬੇਰੁਜ਼ਗਾਰੀ, ਸੱਭਿਆਚਾਰਕ ਪਛਾਣ ਦਾ ਸੰਕਟ, ਅਤੇ ਵਾਤਾਵਰਣਕ ਸੁਰੱਖਿਆ ਦੀ ਘਾਟ ਨੇ ਨੌਜਵਾਨਾਂ ਨੂੰ ਸੜਕਾਂ 'ਤੇ ਉਤਾਰਿਆ ਹੈ।

ਮਨੁੱਖੀ ਅਧਿਕਾਰ ਸੰਗਠਨਾਂ ਦਾ ਮੰਨਣਾ ਹੈ ਕਿ ਵਿਦੇਸ਼ੀ ਸ਼ਕਤੀਆਂ ਦੀ ਸ਼ਮੂਲੀਅਤ ਦੇ ਦਾਅਵਿਆਂ ਦੀ ਕੋਈ ਠੋਸ ਸਬੂਤ ਨਹੀਂ ਮਿਲੇ। ਮਾਹਿਰਾਂ ਦਾ ਮੰਨਣਾ ਹੈ ਕਿ ਸਰਕਾਰ ਇਨ੍ਹਾਂ ਦੋਸ਼ਾਂ ਨਾਲ ਅੰਦੋਲਨ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਲੱਦਾਖ ਦੀ 97% ਆਬਾਦੀ ਆਦਿਵਾਸੀ ਹੈ, ਅਤੇ ਉਹ ਆਪਣੀ ਜ਼ਮੀਨ, ਸੱਭਿਆਚਾਰ, ਅਤੇ ਕੁਦਰਤੀ ਸਰੋਤਾਂ 'ਤੇ ਨਿਯੰਤਰਣ ਚਾਹੁੰਦੇ ਹਨ। ਇਸ ਲਈ, ਮੋਦੀ ਸਰਕਾਰ ਨੂੰ ਚਾਹੀਦਾ ਹੈ ਕਿ ਅੰਦੋਲਨ ਨੂੰ ਵਿਦੇਸ਼ੀ ਸਾਜ਼ਿਸ਼ ਨਾਲ ਜੋੜਨ ਦੀ ਬਜਾਏ ਸਥਾਨਕ ਮੁੱਦਿਆਂ 'ਤੇ ਧਿਆਨ ਦੇਣ ਦੀ ਲੋੜ ਹੈ। ਲੱਦਾਖ ਦੇ ਅੰਦੋਲਨ ਦਾ ਹੱਲ ਸਿਰਫ ਸਰਕਾਰ ਅਤੇ ਸਥਾਨਕ ਸੰਗਠਨਾਂ ਵਿਚਕਾਰ ਸਾਰਥਕ ਗੱਲਬਾਤ ਵਿੱਚ ਹੀ ਸੰਭਵ ਹੈ। ਮਾਹਿਰਾਂ ਅਨੁਸਾਰ, ਸਰਕਾਰ ਨੂੰ ਤੁਰੰਤ ਗੱਲਬਾਤ ਸ਼ੁਰੂ ਕਰਕੇ ਲੱਦਾਖ ਦੀਆਂ ਮੰਗਾਂ ਨੂੰ ਪੂਰਾ ਕਰਨਾ ਚਾਹੀਦਾ, ਨਹੀਂ ਤਾਂ ਇਹ ਅੰਦੋਲਨ ਨੇਪਾਲ ਜਾਂ ਬੰਗਲਾਦੇਸ਼ ਵਰਗੀਆਂ ਘਟਨਾਵਾਂ ਵੱਲ ਜਾ ਸਕਦਾ ਹੈ।

ਕੇਂਦਰ ਸਰਕਾਰ ਨੂੰ ਚੀਨ ਦੀ ਸਰਹੱਦ ਨਾਲ ਲਗਦੇ ਇਸ ਅਹਿਮ ਖੇਤਰ ਦੀ ਸੁਰੱਖਿਆ ਅਤੇ ਸਥਾਨਕ ਲੋਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਸੰਤੁਸ਼ਟੀਜਨਕ ਹੱਲ ਲੱਭਣ ਦੀ ਲੋੜ ਹੈ। ਲੱਦਾਖ ਦੀ ਵਿਲੱਖਣ ਸੱਭਿਆਚਾਰਕ ਅਤੇ ਵਾਤਾਵਰਣਕ ਪਛਾਣ ਨੂੰ ਬਚਾਉਣ ਲਈ ਸੰਵਿਧਾਨਕ ਸੁਰੱਖਿਆ ਅਤੇ ਸਵੈ-ਸ਼ਾਸਨ ਦੀ ਗਾਰੰਟੀ ਜ਼ਰੂਰੀ ਹੈ। ਜੇ ਸਰਕਾਰ ਸਮੇਂ ਸਿਰ ਕਦਮ ਨਾ ਚੁੱਕੇ, ਤਾਂ ਇਹ ਅੰਦੋਲਨ ਮੁੜ ਭਖ ਸਕਦਾ ਹੈ, ਜਿਸ ਦੇ ਦੂਰਗਾਮੀ ਨਤੀਜੇ ਹੋ ਸਕਦੇ ਹਨ।

# ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ 2027 ਦੀ ਵਿਧਾਨ ਸਭਾ ਚੋਣ ਲੜਨਗੇ

ਮਾਨਸਾ-ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ 2027 ਦੀ ਵਿਧਾਨ ਸਭਾ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਨੇ ਮਾਨਸਾ ਵਿੱਚ ਇੱਕ ਸਮਾਗਮ ਦੌਰਾਨ ਕਿਹਾ ਕਿ ਉਹ ਚੋਣ ਲੜਨਗੇ ਅਤੇ ਜਿੱਤ ਹਾਸਲ ਕਰਨਗੇ। ਬਲਕੌਰ ਸਿੰਘ ਨੇ ਕਿਹਾ, "ਅਸੀਂ ਚੋਣ ਲੜਾਂਗੇ ਅਤੇ ਜਿੱਤਾਂਗੇ। ਮੈਨੂੰ ਤੁਹਾਡੇ ਸਹਿਯੋਗ ਦੀ ਲੋੜ ਹੈ।" ਹਾਲਾਂਕਿ ਇਹ ਹਾਲੇ ਸਪਸ਼ਟ ਨਹੀਂ ਹੈ ਕਿ ਉਹ ਕਿਸ ਪਾਰਟੀ ਤੋਂ ਚੋਣ ਲੜਨਗੇ, ਪਰ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਉਨ੍ਹਾਂ ਦੀ ਨਜ਼ਦੀਕੀ ਦੇ ਕਾਰਨ ਉਨ੍ਹਾਂ ਨੂੰ ਕਾਂਗਰਸ ਵੱਲੋਂ ਟਿਕਟ ਮਿਲਣ ਦੀ ਸੰਭਾਵਨਾ ਜ਼ਾਹਿਰ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਵੀ ਉਨ੍ਹਾਂ ਦੇ ਬਠਿੰਡਾ ਲੋਕ ਸਭਾ ਸੀਟ ਤੋਂ ਚੋਣ ਲੜਨ ਦੀਆਂ ਚਰਚਾਵਾਂ ਰਹੀਆਂ, ਪਰ ਬਲਕੌਰ ਸਿੰਘ ਨੇ ਉਸ ਵੇਲੇ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਨੇ ਕਿਹਾ, "ਸਿੱਧੂ ਦਾ ਸੁਪਨਾ ਸੀ ਕਿ ਉਹ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹੇ। ਹੁਣ ਅਸੀਂ ਸਿੱਧੂ ਦੀ ਤਸਵੀਰ ਨੂੰ ਦਿਲ ਵਿੱਚ ਰੱਖ ਕੇ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹਾਂਗੇ। ਇਹ ਲੜਾਈ ਵੱਡੀ ਹੈ ਪਰ ਅਸੀਂ ਇਹ ਲੜਾਈ ਲੜਾਂਗੇ।"



# ਸ੍ਰੀ ਗੁਰੂ ਰਾਮਦਾਸ ਦੇ ਉਪਦੇਸ਼ ਜੀਵਨ ਨੂੰ ਅੰਮ੍ਰਿਤਮਈ ਬਣਾਉਣ ਵਾਲੇ ਹਨ

## ਪ੍ਰਕਾਸ਼ ਦਿਵਸ 'ਤੇ ਵਿਸ਼ੇਸ਼

**ਹਰਜਿੰਦਰ ਸਿੰਘ ਧਾਮੀ**



ਸ੍ਰੀ ਗੁਰੂ ਰਾਮਦਾਸ ਜੀ ਨੇ ਪਵਿੱਤਰ ਗੁਰਬਾਣੀ ਦੀ ਰਚਨਾ ਕਰਦਿਆਂ ਅਮੁੱਲ ਤੇ ਵੱਡਾ ਭੰਡਾਰ ਮਨੁੱਖਤਾ ਦੀ ਝੋਲੀ ਪਾਇਆ। ਗੁਰੂ ਪਾਤਸ਼ਾਹ ਦੀ ਪਾਵਨ ਬਾਣੀ ਮਨੁੱਖ ਮਾਤਰ ਲਈ ਸੁੱਖਾਂ ਦਾ ਖ਼ਜ਼ਾਨਾ ਤੇ ਆਤਮਿਕ ਆਨੰਦ ਪ੍ਰਦਾਨ ਕਰਨ ਵਾਲੀ ਹੈ। ਇਸ ਵਿਚ ਮਨੁੱਖ ਮਾਤਰ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਮੌਜੂਦ ਹੈ। ਸ੍ਰੀ ਗੁਰੂ ਰਾਮਦਾਸ ਦੇ ਉਪਦੇਸ਼ ਜੀਵਨ ਨੂੰ ਅੰਮ੍ਰਿਤਮਈ ਬਣਾਉਣ ਵਾਲੇ ਹਨ।

ਸ੍ਰੀ ਗੁਰੂ ਰਾਮਦਾਸ ਜੀ ਦੀ ਵਡਿਆਈ ਵੱਡੀ ਹੈ। ਆਪ ਜੀ ਵੱਲੋਂ ਸੱਚੇ ਸਿਦਕ ਨਾਲ ਨਿਭਾਈ ਨਿਸ਼ਕਾਮ ਸੇਵਾ ਵਰਗੀ ਦੁਨੀਆ ਦੇ ਇਤਿਹਾਸ ਅੰਦਰ ਕਿਧਰੇ ਹੋਰ ਮਿਸਾਲ ਨਹੀਂ ਮਿਲਦੀ। ਗੁਰੂ-ਜੋਤਿ ਦੇ ਚੌਥੇ ਵਾਰਸ ਪਾਤਸਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਲੋਕਾਈ ਨੂੰ ਆਤਮਿਕ, ਧਾਰਮਿਕ, ਸਮਾਜਿਕ ਤੌਰ 'ਤੇ ਰੋਸ਼ਨ ਕੀਤਾ ਭਾਵ ਜੀਵਨ ਦੇ ਹਰ ਪੱਖ ਨੂੰ ਸਾਰਥਕ ਬਣਾਉਣ ਲਈ ਜੁਗਤਿ ਸਮਝਾਈ। ਆਪ ਜੀ ਦੇ ਪਵਿੱਤਰ ਜੀਵਨ ਦੀ ਵਡਿਆਈ ਨੂੰ ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਨੇ ਇਸ ਤਰ੍ਹਾਂ ਬਿਆਨ ਕੀਤਾ

ਧੰਨੁ ਧੰਨੁ ਰਾਮਦਾਸ ਗੁਰੁ  
ਜਿਨਿ ਸਿਰਿਆ ਤਿਨੈ ਸਵਾਰਿਆ॥  
ਪੂਰੀ ਹੋਈ ਕਰਾਮਾਤਿ  
ਆਪਿ ਸਿਰਜਣਹਾਰੈ ਧਾਰਿਆ॥  
ਸਿਖੀ ਅਤੈ ਸੰਗਤੀ  
ਪਾਰਬ੍ਰਹਮੁ ਕਰਿ ਨਮਸਕਾਰਿਆ॥  
ਅਟਲੁ ਅਥਾਹੁ ਅਤੋਲੁ ਤੂ  
ਤੇਰਾ ਅੰਤੁ ਨ ਪਾਰਾਵਾਰਿਆ॥  
(ਅੰਗ 968)

ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਚੂਨਾ ਮੰਡੀ ਲਾਹੌਰ ਦੇ ਵਸਨੀਕ ਸ੍ਰੀ ਹਰਿਦਾਸ ਜੀ ਦੇ ਗ੍ਰਹਿ ਵਿਖੇ ਮਾਤਾ ਦਇਆ ਕੌਰ ਜੀ ਦੀ ਕੁੱਖੋਂ ਕੱਤਕ ਵਦੀ 2, ਸੰਮਤ 1591 (ਸੰਨ 1534) ਨੂੰ ਹੋਇਆ। ਪਰਿਵਾਰ ਨੇ ਆਪ ਜੀ ਦਾ ਨਾਮ ਜੇਠਾ ਰੱਖਿਆ। ਬਾਲ ਅਵਸਥਾ ਵਿਚ ਹੀ ਆਪ ਦੇ ਸਿਰ ਤੋਂ ਮਾਤਾ-ਪਿਤਾ ਦਾ ਸਾਇਆ ਉੱਠ ਗਿਆ। ਮਾਤਾ-ਪਿਤਾ ਦੇ ਚਲਾਣੇ ਉਪਰੰਤ ਆਪ ਦੇ ਬਚਪਨ ਦਾ ਬਹੁਤਾ ਸਮਾਂ ਨਾਨਕੇ ਘਰ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਬੀਤਿਆ ਜਿੱਥੇ ਆਪ ਘੁੰਗਣੀਆਂ ਵੇਚ ਕੇ ਘਰ ਦੇ ਨਿਰਬਾਹ ਵਿਚ ਹਿੱਸਾ ਪਾਉਂਦੇ ਰਹੇ। ਬਾਸਰਕੇ ਪਿੰਡ ਸ੍ਰੀ ਗੁਰੂ ਅਮਰਦਾਸ ਜੀ ਦੀ ਨਗਰੀ ਸੀ ਜਿੱਥੋਂ ਅਕਸਰ ਸੰਗਤ ਗੁਰੂ ਜੀ ਦੇ ਦਰਸ਼ਨਾਂ ਨੂੰ ਗੋਇੰਦਵਾਲ ਜਾਇਆ ਕਰਦੀ ਸੀ। ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਦੀ ਤਾਂਘ ਸਦਕਾ ਆਪ ਵੀ ਬਾਸਰਕੇ ਗਿੱਲਾਂ ਤੋਂ ਸ੍ਰੀ ਗੋਇੰਦਵਾਲ ਸਾਹਿਬ ਆ ਗਏ। ਗੁਰੂ-ਦਰਬਾਰ ਵਿਚ ਸਵੇਰੇ-ਸ਼ਾਮ ਕਥਾ-ਕੀਰਤਨ ਸਰਵਣ ਕਰਦਿਆਂ ਆਪ ਗੁਰੂ ਘਰ ਦੀ ਨਿਸ਼ਕਾਮ ਸੇਵਾ ਵੀ ਡਟ ਕੇ ਕਰਦੇ। ਇਸ ਦੌਰਾਨ ਭਾਈ ਜੇਠਾ ਜੀ ਨੇ ਆਪਣੇ ਨਿਰਬਾਹ ਲਈ ਘੁੰਗਣੀਆਂ



ਵੇਚਣ ਦੀ ਕਾਰ ਵੀ ਜਾਰੀ ਰੱਖੀ। ਆਪ ਦੀ ਨਿਮਰਤਾ, ਸੇਵਾ-ਸਿਮਰਨ, ਕਿਰਤ ਅਤੇ ਨੇਕ ਸੁਭਾਅ ਨੂੰ ਵੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਰਿਸ਼ਤਾ ਆਪ ਜੀ ਨਾਲ ਕਰ ਦਿੱਤਾ। ਗੁਰੂ-ਘਰ ਦਾ ਦਾਮਾਦ ਬਣ ਕੇ ਵੀ ਭਾਈ ਜੇਠਾ ਜੀ ਨੇ ਲੋਕ-ਲਾਜ ਦੀ ਪਰਵਾਹ ਨਾ ਕੀਤੀ ਅਤੇ ਦਿਨ-ਰਾਤ ਗੁਰੂ-ਘਰ ਦੀ ਸੇਵਾ ਵਿਚ ਤਤਪਰ ਰਹੇ। ਸ੍ਰੀ ਗੁਰੂ ਅਮਰਦਾਸ ਜੀ ਭਾਈ ਜੇਠਾ ਜੀ ਦਾ ਸੇਵਾ ਭਾਵ ਤੇ ਅਣਥੱਕ ਘਾਲ ਵੇਖ ਕੇ ਬਹੁਤ ਪ੍ਰਸੰਨ ਸਨ। ਆਪ ਜੀ ਭਾਈ ਜੇਠਾ ਜੀ ਨੂੰ ਪਿਆਰ ਨਾਲ ਰਾਮਦਾਸ ਕਹਿ ਕੇ ਬਲਾਉਂਦੇ ਸਨ ਜਿਸ ਤੋਂ ਸੰਗਤ ਵਿਚ ਉਨ੍ਹਾਂ ਦਾ ਨਾਮ ਸ੍ਰੀ ਰਾਮਦਾਸ ਪੱਕ ਗਿਆ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਤੋਂ ਬਾਅਦ ਗੁਰਿਆਈ ਲਈ ਯੋਗ ਜਾਣਦਿਆਂ ਆਪ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪੀ।

ਗੁਰਗੱਦੀ 'ਤੇ ਸੁਭਾਇਮਾਨ ਹੋਣ ਤੋਂ ਬਾਅਦ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੀ ਬੁਲੰਦੀ ਤੇ ਚੜ੍ਹਦੀ ਕਲਾ ਲਈ ਅਨੇਕਾਂ ਕਾਰਜ ਕੀਤੇ। ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ਆਪ ਜੀ ਦਾ ਇਕ ਅਹਿਮ ਕਾਰਜ ਹੈ। ਸ੍ਰੀ ਗੁਰੂ ਰਾਮਦਾਸ ਜੀ ਤੀਸਰੇ ਪਾਤਸ਼ਾਹ ਜੀ ਦੇ ਹੁਕਮ ਨਾਲ ਇੱਥੇ ਆਏ ਅਤੇ ਸਰੋਵਰ ਦੀ ਖੁਦਵਾਈ ਆਰੰਭ ਕਰਵਾਈ। ਇਹ ਸਰੋਵਰ ਸੰਤੋਖਸਰ ਦੇ ਨਾਂ ਨਾਲ ਪ੍ਰਸਿੱਧ ਹੋਇਆ। ਆਪ ਨੇ ਨਗਰ 'ਗੁਰੂ ਕਾ ਚੱਕ' ਵਸਾਇਆ ਜੋ ਬਾਅਦ ਵਿਚ 'ਰਾਮਦਾਸਪੁਰ/ਚੱਕ ਰਾਮਦਾਸ' ਦੇ ਨਾਂ ਨਾਲ ਜਾਣਿਆ ਗਿਆ ਅਤੇ ਫਿਰ 'ਸ੍ਰੀ ਅੰਮ੍ਰਿਤਸਰ' ਵਜੋਂ ਮਸ਼ਹੂਰ ਹੋਇਆ। ਆਪ ਨੇ ਇੱਥੇ ਵਸਣ ਲਈ ਸੰਗਤਾਂ ਨੂੰ ਪ੍ਰੇਰਿਆ। ਇਸ ਨਗਰ ਨੂੰ ਆਬਾਦ ਕਰਨ ਲਈ ਆਪ ਨੇ ਵੱਖ-ਵੱਖ ਹੁਨਰਾਂ ਦੇ ਕਿਰਤੀਆਂ ਨੂੰ ਇੱਥੇ ਵਸਾਇਆ। ਇਤਿਹਾਸ ਅਨੁਸਾਰ ਇਹ ਵੱਖ-ਵੱਖ ਤਰ੍ਹਾਂ ਦੇ 52 ਕਿੱਤਿਆਂ ਨਾਲ ਸਬੰਧਤ ਲੋਕ ਸਨ। ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਵਸਾਇਆ ਇਹ ਨਗਰ ਮਨੁੱਖੀ ਬਰਾਬਰੀ ਅਤੇ ਭਰਾਤਰੀ ਭਾਵ ਦੀ ਇਕ ਮਿਸਾਲ ਬਣਿਆ। ਆਪ ਨੇ ਇੱਥੇ ਵੱਖ-ਵੱਖ ਸ਼੍ਰੇਣੀਆਂ ਦੇ ਲੋਕ ਵਸਾਏ ਸਨ। 'ਮਸੰਦ' ਪ੍ਰਣਾਲੀ ਦਾ ਆਰੰਭ ਵੀ ਆਪ ਦਾ ਇਕ ਅਹਿਮ ਫ਼ੈਸਲਾ ਸੀ। ਮਸੰਦਾਂ ਨੇ ਗੁਰੂ ਘਰ ਦੇ ਪ੍ਰਚਾਰ-ਪ੍ਰਸਾਰ ਲਈ ਅਹਿਮ ਭੂਮਿਕਾ ਨਿਭਾਈ। ਮਸੰਦ ਸਿੱਖੀ ਦੇ ਉਹ ਪ੍ਰਚਾਰਕ ਸਨ ਜੋ ਸੰਗਤਾਂ ਤੋਂ ਗੁਰੂ-ਘਰ ਲਈ ਭੇਟਾ ਇਕੱਠੀ ਕਰਦੇ ਅਤੇ ਸਿੱਖੀ ਦਾ ਪ੍ਰਚਾਰ ਕਰਦੇ ਸਨ। ਇਸੇ ਤਰ੍ਹਾਂ ਹੀ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖੀ ਦੀਆਂ ਪਰੰਪਰਾਵਾਂ ਦੇ ਪਾਲਣ ਲਈ ਸੰਗਤਾਂ ਨੂੰ ਪ੍ਰੇਰਿਆ ਅਤੇ ਸਿੱਖੀ ਮਰਿਆਦਾ ਨੂੰ ਹੋਰ ਪੱਕਿਆਂ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਆਰੰਭ ਕੀਤੀ ਗਈ ਲੰਗਰ ਦੀ ਮਰਿਆਦਾ ਨੂੰ ਅੱਗੇ ਤੋਰਨ ਵਿਚ ਵੀ ਆਪ ਦਾ ਵਡਮੁੱਲਾ ਯੋਗਦਾਨ ਹੈ।

ਸ੍ਰੀ ਗੁਰੂ ਰਾਮਦਾਸ ਜੀ ਨੇ ਪਵਿੱਤਰ ਗੁਰਬਾਣੀ ਦੀ ਰਚਨਾ ਕਰਦਿਆਂ ਅਮੁੱਲ ਤੇ ਵੱਡਾ ਭੰਡਾਰ ਮਨੁੱਖਤਾ ਦੀ ਝੋਲੀ ਪਾਇਆ। ਗੁਰੂ ਪਾਤਸ਼ਾਹ ਦੀ ਪਾਵਨ ਬਾਣੀ ਮਨੁੱਖ ਮਾਤਰ ਲਈ ਸੁੱਖਾਂ ਦਾ ਖ਼ਜ਼ਾਨਾ ਤੇ ਆਤਮਿਕ ਆਨੰਦ ਪ੍ਰਦਾਨ ਕਰਨ ਵਾਲੀ ਹੈ। ਇਸ ਵਿਚ ਮਨੁੱਖ ਮਾਤਰ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਮੌਜੂਦ ਹੈ। ਸ੍ਰੀ ਗੁਰੂ ਰਾਮਦਾਸ ਦੇ ਉਪਦੇਸ਼ ਜੀਵਨ ਨੂੰ ਅੰਮ੍ਰਿਤਮਈ ਬਣਾਉਣ ਵਾਲੇ ਹਨ।


ਉਨ੍ਹਾਂ ਦੇ ਕਾਰਜ ਮਨੁੱਖ ਨੂੰ ਆਤਮਿਕ ਤੇ ਸਮਾਜਿਕ ਵਿਕਾਸ ਤੇ ਵਿਗਾਸ ਦਾ ਰਾਹ ਦਿਖਾਉਂਦੇ ਹਨ। ਅੱਜ ਦੇ ਪਦਾਰਥਵਾਦੀ ਯੁੱਗ 'ਚ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦਾ ਮਹੱਤਵ ਹੋਰ ਵੀ ਵਧੇਰੇ ਹੈ। ਆਪ ਜੀ ਦੇ ਪਾਵਨ ਪ੍ਰਕਾਸ਼ ਪੁਰਬ ਮੌਕੇ ਮੇਰੀ ਸਮੂਹ ਸਿੱਖ ਜਗਤ ਨੂੰ ਅਪੀਲ ਹੈ ਕਿ ਆਓ, ਆਪਾਂ ਸਾਰੇ ਗੁਰੂ ਸਾਹਿਬ ਦੇ ਮਹਾਨ ਜੀਵਨ ਨੂੰ ਯਾਦ ਕਰਦਿਆਂ ਆਪਣੇ ਅੰਦਰ ਨਿਮਰਤਾ, ਸੇਵਾ ਤੇ ਸਿਮਰਨ ਦੇ ਭਾਵ ਪੈਦਾ ਕਰਦੇ ਹੋਏ ਸਿੱਖ-ਪੰਥ ਦੇ ਸਿਧਾਂਤਾਂ ਨੂੰ ਵਿਵਹਾਰਕ ਜੀਵਨ ਦਾ ਹਿੱਸਾ ਬਣਾਈਏ।


-(ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ


ਭਾਈ ਘਨ੍ਹਈਆ ਜੀ ਅਤੇ ਉਹਨਾਂ ਦੇ 4 ਪੁੱਤਰਾਂ ਦੀ ਯਾਦ ਵਿੱਚ

**ਚਮਕੌਰ ਸਾਹਿਬ ਵਿਖੇ ਸ਼ਹੀਦੀ ਸਮਾਗਮ**

ਭਾਈ ਬੁੱਧੂ ਜੀ ਸੇਵਾ ਸੋਸਾਇਟੀ ਵੱਲੋਂ 1 ਦਸੰਬਰ 2025 ਨੂੰ ਕਰਵਾਏ ਜਾਣਗੇ





ਗੁਰੂ ਪਿਆਰੀ ਸਾਧ ਸੰਗਤ ਜੀ, ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥ ਸਿੱਖ ਪੰਥ ਦੇ ਬਹੁਤ ਹੀ ਅਨੋਖੇ ਸੇਵਾਦਾਰ ਭਾਈ ਘਨਈਆ ਜੀ, ਜਿਹਨਾਂ ਨੇ ਗੁਰੂ ਸਾਹਿਬਾਨ ਦੇ ਉਪਦੇਸ਼ ਅਤੇ ਹੁਕਮਾਂ ਤੇ ਚੱਲਦਿਆਂ ਆਪਣੇ ਤੇ ਬੇਗਾਨੇ ਦਾ ਜੰਗ ਦੇ ਮੈਦਾਨ ਵਿੱਚ ਵੀ ਕੋਈ ਫ਼ਰਕ ਨਾ ਕੀਤਾ। ਸਭੇ ਸਾਂਝੀਵਾਲ ਸਦਾਇਨ ਅਨੁਸਾਰ ਸਭ ਨੂੰ ਪ੍ਰਮਾਤਮਾ ਦੇ ਬੰਦੇ ਸਮਝ ਕੇ ਸੇਵਾ ਕੀਤੀ। ਭਾਈ ਘਨਈਆ ਜੀ ਅਤੇ ਉਹਨਾਂ ਦੇ ਚਾਰ ਪੁੱਤਰਾਂ ਨੇ ਸ੍ਰੀ ਚਮਕੌਰ ਸਾਹਿਬ ਦੀ ਜੰਗ ਵਿੱਚ ਸ਼ਹੀਦੀ ਪਾਈ। ਭਾਈ ਸਾਹਿਬ ਜੀ ਦਾ ਪਰਿਵਾਰ ਪਿੰਡ ਮੂਲੋਵਾਲ, ਜ਼ਿਲ੍ਹਾ ਸੰਗਰੂਰ ਤੋਂ ਸੀ ਤੇ ਉਹ ਪਰਜਾਪਤਿ ਭਾਈਚਾਰੇ ਨਾਲ ਸੰਬੰਧ ਰੱਖਦੇ ਸਨ। ਇਹ ਇਤਿਹਾਸ 1960 – 1965 ਦੌਰਾਨ ਪੰਜਾਬ ਵਿੱਚ ਅੱਠਵੀਂ ਜਮਾਤ ਦੀ ਇਤਿਹਾਸ ਦੀ ਕਿਤਾਬ ਵਿੱਚ ਪੜ੍ਹਾਇਆ ਜਾਂਦਾ ਸੀ। ਇਸ ਇਤਿਹਾਸ ਦਾ ਮੁੱਖ ਸ੍ਰੋਤ ਕਵੀ ਸੰਤੋਖ ਸਿੰਘ ਜੀ ਦੁਆਰਾ ਰਚਿਤ "ਗੁਰ ਪ੍ਰਤਾਪ ਸੂਰਜ ਪ੍ਰਕਾਸ਼" ਦਸਾਂ ਪਾਤਿਸ਼ਾਹੀਆਂ ਦਾ ਜੀਵਨ ਇਤਿਹਾਸਕ ਗ੍ਰੰਥ ਹੈ। ਇਹਨਾਂ ਸ਼ਹੀਦਾਂ ਦਾ ਮਹਾਨ ਇਤਿਹਾਸਕ ਦਿਹਾੜਾ, 1 ਦਸੰਬਰ 2025 ਨੂੰ ਸ੍ਰੀ ਚਮਕੌਰ ਸਾਹਿਬ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਪੰਜਵੇਂ ਪਾਤਿਸ਼ਾਹ ਦੇ ਸੇਵਕ ਭਾਈ ਬੁੱਧੂ ਜੀ ਦੀ ਯਾਦ ਵਿੱਚ ਸੇਵਾ ਕਰਨ ਵਾਲੀ ਸੰਸਥਾ ਭਾਈ ਬੁੱਧੂ ਜੀ ਸੇਵਾ ਸੋਸਾਇਟੀ ਵੱਲੋਂ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਸ੍ਰੀ ਚਮਕੌਰ ਸਾਹਿਬ ਵਿਖੇ ਸ਼ਹੀਦੀ ਸਮਾਗਮ ਵਿੱਚ ਸੰਗਤਾਂ ਨੂੰ ਪਹੁੰਚਣ ਲਈ ਸਨਿਮਰ ਬੇਨਤੀ ਕੀਤੀ ਜਾਂਦੀ ਹੈ।

ਨੋਟ:– ਭਾਈ ਬੁੱਧੂ ਜੀ ਸੇਵਾ ਸੋਸਾਇਟੀ ਵੱਲੋਂ 1 ਅਕਤੂਬਰ ਬੁੱਧਵਾਰ ਨੂੰ ਸ਼ਹੀਦਾਂ ਦੀ ਯਾਦ ਵਿੱਚ ਪੀ.ਬੀ.ਸੀ. ਟੀਵੀ ਚੈਨਲ ਤੇ ਸੁਖਮਨੀ ਸਾਹਿਬ ਦੇ ਪਾਠ ਵੀ ਕਰਵਾਏ ਗਏ।

**ਬੇਨਤੀ ਕਰਤਾ – ਭਾਈ ਬੁੱਧੂ ਜੀ ਸੇਵਾ ਸੋਸਾਇਟੀ**

ਵਧੇਰੇ ਜਾਣਕਾਰੀ ਸੰਪਰਕ: ਪਵਿੱਤਰ ਸਿੰਘ – 07502 314452

# ਕਾਵਿ-ਕਿਆਰੀ

## ਕੁਰਸੀ ਤੇ ਦਿਲ

ਹਸਪਤਾਲ ਦੇ ਬਿਸਤਰ ਉੱਤੇ,
ਇਕ ਬੰਦਾ ਹੋ ਗਿਆ ਪੂਰਾ।
ਜਮਦੂਤਾਂ ਨੇ ਲਾ ਲਿਆ ਅੱਗੇ,
ਜੋ ਬਣਦਾ ਸੀ ਬੜਾ ਸੂਰਾ।
ਤੂੜੀ ਦੀ ਪੰਡ ਵਾਂਗੂੰ ਸੁੱਟਿਆ,
ਉਨ੍ਹੀਂ ਧਰਮ ਰਾਜ ਦੇ ਅੱਗੇ।
ਕਹਿੰਦੇ ਐਡੀ ਲਾਸ਼ ਧੂਣ ਨੂੰ,
ਕਈ ਘੰਟੇ ਸਾਨੂੰ ਘੰਟੇ ਲੱਗੇ।

ਲੋਹਾ ਲਾਖਾ ਧਰਮ ਰਾਜ,
ਓਏ ਆਹ ਕੀ ਚੁੱਕ ਲਿਆਏ,
ਦਿਲ ਕਿੱਥੇ ਰੱਖ ਆਏ ਏਹਦਾ?
ਖਾਲੀ ਪਿੰਜਰ ਹੀ ਲੈ ਆਏ।
ਹਸਪਤਾਲ ਨੂੰ ਫੂਨ ਲਗਾ ਕੇ,
ਗੱਲ ਧਰਮਰਾਜ ਨੇ ਪੁੱਛੀ।
ਮਰਨ ਵਾਲਾ ਕੀ ਕੰਮ ਕਰਦਾ ਸੀ?
ਤੇ ਖੁੱਲ੍ਹ ਗਈ ਸਾਰੀ ਗੁੱਥੀ।

ਪਤਾ ਲੱਗਾ ਮਨਿਸਟਰ ਸੀ ਉਹ,
ਕਰਦਾ ਸੀ ਵੱਡੇ ਘੁਟਾਲੇ।
ਦਲ ਬਦਲੂ ਸੀ ਰੱਜ ਕੇ ਪੂਰਾ,
ਬੜੇ ਪੁੱਠੇ ਸੀ ਇਹਦੇ ਚਾਲੇ।
ਚੋਣਾਂ ਵੇਲੇ ਉਧਰ ਹੁੰਦਾ,
ਜਿਧਰ ਪੱਲੜਾ ਭਾਰੀ।
ਜੋੜ-ਤੋੜ ਵਿਚ ਸ਼ਾਤਰ ਪੂਰਾ,
ਜਿੱਤ ਲੈਂਦਾ ਬਾਜ਼ੀ ਹਾਰੀ।

ਦੀਨ ਈਮਾਨ ਵੇਚ ਕੇ ਖਾਂਦਾ,
ਹੰਢਿਆ ਹੋਇਆ ਸ਼ਿਕਾਰੀ,
ਹਰ ਸਰਕਾਰ 'ਚ ਬਣੇ ਮੰਤਰੀ,
ਇਹਨੂੰ ਕੁਰਸੀ ਬੜੀ ਪਿਆਰੀ,

ਧਰਮ ਰਾਜ ਕਹਿੰਦਾ ਜਮਦੂਤੋ,
ਤੁਸੀਂ ਦਫ਼ਤਰ ਇਹਦੇ ਜਾਉ।
ਦਿਲ ਇਹਦਾ ਕੁਰਸੀ ਵਿਚ ਫ਼ਸਿਆ,
ਉੱਥੋਂ ਚੁੱਕ ਲਿਆਉ।


ਨਿਰਮਲ ਸਿੰਘ
ਕੰਧਾਲਵੀ



## ਗ਼ਜ਼ਲ

'ਨਾ ਰੱਖੀਂ ਯਾਦ ਮੈਨੂੰ' ਕਹਿ ਗਿਆ ਹੈ,
ਉਹ ਤਾਂ ਹੀ ਮੇਰੇ ਮਨ ਤੋਂ ਲਹਿ ਗਿਆ ਹੈ।
ਕਿਸੇ ਮੰਜ਼ਿਲ ਤੇ ਉਸ ਨੇ ਪਹੁੰਚਣਾ ਕੀ,
ਜੋ ਰਾਹੀ ਰਾਹ ਦੇ ਵਿੱਚ ਹੀ ਬਹਿ ਗਿਆ ਹੈ।
ਕਦੇ ਉਹ ਪੁੱਤ ਵਧ ਨ੍ਹੀ ਸਕਦਾ ਅੱਗੇ,
ਕਮਾਈ ਪਿਉ ਦੀ ਤੇ ਜੋ ਬਹਿ ਗਿਆ ਹੈ।
ਤਿਜਾਰਤ ਪਿਆਰ ਨੂੰ ਜੋ ਸਮਝਦਾ ਸੀ,
ਉਹ ਕੱਲਾ ਜ਼ਿੰਦਗੀ ਵਿੱਚ ਰਹਿ ਗਿਆ ਹੈ।
ਉਹ ਹਰ ਵੇਲੇ ਦਿਸੇ ਚਿੰਤਾ 'ਚ ਡੁੱਬਿਆ,
ਉਦ੍ਹੇ ਦਿਲ ਵਿੱਚ ਕੁਝ ਤਾਂ ਬਹਿ ਗਿਆ ਹੈ।
ਉਦ੍ਹਾ ਤੇਰੇ ਬਿਨਾਂ ਸਰਨਾ ਨਹੀਂ ਸੀ,
ਉਹ ਤਾਂ ਹੀ ਜ਼ੁਲਮ ਤੇਰਾ ਸਹਿ ਗਿਆ ਹੈ।
ਉਦੋਂ ਦਾ ਭਾਰ ਲੱਗੇ ਉਹ ਪੁੱਤਾਂ ਨੂੰ,
ਜਦੋਂ ਦਾ ਮੰਜੀ ਤੇ ਪਿਉ ਬਹਿ ਗਿਆ ਹੈ।

ਮਹਿੰਦਰ ਸਿੰਘ ਮਾਨ



## ਢੀਠ

ਹੈ ਬੜੇ ਹੀ ਭਾਗਾਂ ਵਾਲੇ,
ਜਿਨ੍ਹਾਂ ਨੂੰ ਢੀਠ ਹੋਣ ਦਾ ਵਰ ਮਿਲਿਆ,
ਨਾ ਹਿੱਸੇ ਉਨ੍ਹਾਂ ਦੇ ਸ਼ਰਮ ਆਈ,
ਨਾ ਬੇਇਜ਼ਤੀ ਦਾ ਕੋਈ ਡਰ ਮਿਲਿਆ।

ਸਦਾ ਢੋਲੇ ਦੀਆਂ ਗਾਉਂਦੇ ਨੇ,
'ਤੇ ਚੜ੍ਹੀ ਲੱਥੀ ਦੀ ਨਹੀਂ ਪਰਵਾਹ,
ਜੇ ਚਾਰ ਕੋਈ ਮਾਰ ਵੀ ਦੇਵੇ,
ਫੇਰ ਵੀ ਕਹਿੰਦੇ ਵਾਹ ਜੀ ਵਾਹ।

ਚਮੜੀ ਇਨ੍ਹਾਂ ਦੀ ਸਖ਼ਤ ਹੁੰਦੀ,
'ਤੇ ਸੱਟ ਇਨ੍ਹਾਂ ਦੇ ਲੱਗਦੀ ਨਹੀਂ,
ਬਿਨਾ ਖਾਧਿਉਂ ਕੁੱਟ ਇਨ੍ਹਾਂ ਨੂੰ,
ਰੋਟੀ ਖਾਧੀ ਵੀ ਪਚਦੀ ਨਹੀਂ।

ਬੇ ਹਿਆਈ ਦੇ ਸਿਰ 'ਤੇ ਹੀ,
ਸਦਾ ਦੁੱਧ ਮਲਾਈਆਂ ਖਾਂਦੇ ਨੇ,
ਸ਼ਰਮਾਵਣ ਵਾਲੇ ਸ਼ਰੀਫਾਂ ਨੂੰ,
ਰੱਜ ਕੇ ਠੁੱਠ ਦਿਖਾਉਂਦੇ ਨੇ।


ਜਿੱਧਰ ਜਾਵਣ ਚਾਰੇ ਪਾਸੇ,
ਮਸ਼ਹੂਰੀ ਆਪਣੀ ਕਰਾ ਬਹਿੰਦੇ,
ਨਾਮ ਭਾਵੇਂ ਕਿਤੇ ਨਾ ਵੀ ਬਣੇ,
ਬਦਨਾਮ ਹੋ ਕੇ ਵੀ ਖੁਸ਼ ਰਹਿੰਦੇ।

ਹੋਵੇ ਭਾਵੇਂ ਅਨਪੜ੍ਹ ਕੋਈ,
ਜਾਂ ਕੋਈ ਹੋਵੇ ਪੀ ਐਚ ਡੀ,
ਇਨ੍ਹਾਂ ਦੀ ਆਪਣੀ ਹੀ ਡਿਗਰੀ ਹੈ,
ਜੋ ਸਭ ਡਿਗਰੀਆਂ ਤੋਂ ਉੱਪਰ ਜੀ।

ਆਪਣਾ ਉੱਲੂ ਸਿਧਾ ਕਰਨੇ ਲਈ,
ਇਹ ਹੱਦਾਂ ਸਾਰੀਆਂ ਪਾਰ ਕਰਨ,
ਬੁਰੇ ਦੇ ਘਰ ਤੱਕ ਪਹੁੰਚਣ ਤੋਂ,
ਇਹ ਕਿਸੇ ਵੀ ਵੇਲੇ ਕਦੀ ਨਾ ਡਰਨ।

ਇੱਕ ਕੰਨ ਪਾ ਕੇ ਦੂਜੇ ਤੋਂ ਕੱਢਣੀ,
ਇਹ ਇਨ੍ਹਾਂ ਦੀ ਆਦਤ ਹੈ,
ਅਕਲ ਦੀ ਗੱਲ ਨੇੜਿਉਂ ਨਾ ਲੰਘੇ,
ਐਸੀ ਇਨ੍ਹਾਂ ਦੀ ਜ਼ਲਾਲਤ ਹੈ।

ਹੇਠੀ ਦਾ ਗਹਿਣਾ ਸਜੇ ਸਦਾ,
ਇਨ੍ਹਾਂ ਦੀਆਂ ਸ਼ਖ਼ਸੀਅਤਾਂ 'ਤੇ,
ਭਾਵੇਂ ਨੱਕ ਵੀ ਕੱਟਿਆ ਜਾਵੇ ਕਿਤੇ,
'ਤੇ ਰੁਲ ਜਾਵਣ ਪੁੱਛ ਪਰਤੀਤਾਂ ਜੇ।



ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ ਯੂ ਕੇ

## ਕਵਿਤਾ

ਉਮਰ ਪੁੱਗੀ 'ਤੇ ਆਵੇ ਜਦੋਂ ਧਰਮਰਾਜ ਦੀ ਚਿੱਠੀ,
ਕੌਣ ਕਰ ਸਕਦਾ ਫੇਰ ਸਾਹਵਾਂ ਦੀ ਰਾਖੀ।

ਪੱਤ ਝੜ ਆਈ 'ਤੇ ਰੁੱਖ ਰੁੰਡ ਮਰੁੰਡ ਹੋਵਣ,
ਕੌਣ ਕਰਦਾ ਫੇਰ ਧੁੱਪੇ 'ਤੇ ਛਾਵਾਂ ਦੀ ਰਾਖੀ।

ਰਾਹ ਤੱਕਦਿਆਂ ਤੱਕਦਿਆਂ ਸੱਜਣ ਮੁੜੇ ਨਾ,
ਕਾਹਦੀ ਕਰਦਾ ਹੁਣ ਰਾਹਵਾਂ ਦੀ ਰਾਖੀ।

ਚੜ੍ਹਦੀ ਉਮਰੇ ਜਦੋਂ ਸੂਰਮੇ ਸ਼ਹੀਦੀ ਜਾਮ ਪੀਂਦੇ,
ਕੌਣ ਕਰਦਾ ਫੇਰ ਉਹਨੇ ਦੇ ਪ੍ਰੀਵਾਰ ਦੀ ਰਾਖੀ।

ਨਹਾ ਧੋ ਕੇ ਜਿਹੜਾ ਪਵਿੱਤਰ ਬਣ ਜਾਂਦਾ,
ਕੌਣ ਕਰ ਸਕਦਾ ਫੇਰ ਉਹਦੇ ਗੁਨਾਹਾ ਦੀ ਰਾਖੀ।

ਪੱਥਰ ਪਾੜ ਦੇਣ ਨਜ਼ਰਾਂ ਜਿਸ ਦੀਆਂ,
ਕੌਣ ਕਰ ਸਕਦਾ ਫੇਰ ਉਸ ਨਿਗਾਹਾਂ ਦੀ ਰਾਖੀ।

ਜਿਹਨਾਂ ਸੋਚਿਆ ਹੋਵੇ ਪੂਰ ਡਬੋ ਦੇਣਾ,
ਕੌਣ ਕਰ ਸਕਦਾ ਫੇਰ ਉਹਨਾਂ ਮਲਾਹਾਂ ਦੀ ਰਾਖੀ।

ਲੜ ਪੈਣ ਜਦੋਂ ਆਪਸ ਵਿੱਚ ਬਜ਼ੁਰਗ ਘਰ ਦੇ,
ਕੌਣ ਕਰ ਸਕਦਾ ਫੇਰ ਉਹਨਾਂ ਬੁਲਾਵਾ ਦੀ ਰਾਖੀ।

ਲਾਸ਼ਾਂ ਨਾਲ ਜਦੋਂ ਭਰ ਜਾਵਣ ਸਿਵੇ,
ਕੌਣ ਕਰ ਸਕਦਾ ਫੇਰ ਉੱਥੇ ਕਾਵਾ ਦੀ ਰਾਖੀ।


ਉੱਜੜ ਜਾਂਦੇ ਜਦੋਂ ਗਰਾਂ 'ਤੇ ਲੋਕ,
ਕੌਣ ਕਰਦਾ ਫੇਰ ਉਹਨਾਂ ਥਾਵਾਂ ਦੀ ਰਾਖੀ।

ਕੁੱਤੇ ਜਦੋਂ ਰਲ ਜਾਂਦੇ ਚੋਰਾਂ ਨਾਲ,
"ਰਾਣਾ ਸਿਆਂ" ਕੌਣ ਕਰ ਸਕਦਾ
ਉਹਨਾਂ ਗਰਾਵਾਂ ਦੀ ਰਾਖੀ।



ਰਣਵੀਰ ਸਿੰਘ ਰਾਣਾ

## ਠਾਣੇਦਾਰ ਵਿਸ਼ਵ ਦਾ ?



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਛੱਡ ਕੇ 'ਦੇਸ' ਪਰਦੇਸਾਂ ਦੇ ਵੱਲ੍ਹ ਜਾਣਾ
ਆਈ ਮੁੱਢੋਂ ਹੀ ਚੱਲਦੀ 'ਰੀਤ' ਹੈ ਜੀ।
ਨਾਲ਼ੇ 'ਸੈਰ ਤੇ ਨਾਲੇ ਰੁਜ਼ਗਾਰ' ਵਾਲ਼ਾ
ਖੱਟਣ ਅਤੇ ਕਮਾਉਣ ਦਾ ਗੀਤ ਹੈ ਜੀ।
'ਭੇੜ' ਸੱਭਿਆਚਾਰਾਂ ਦਾ ਹੋਣ ਲਗਦਾ
ਡੈਮੋਗ੍ਰਾਫੀ ਜਦ ਹੋਵੇ 'ਵਿਪਰੀਤ' ਹੈ ਜੀ।
'ਤੜਫਣ' ਲੱਗਦੇ ਉੱਥੋਂ ਦੇ 'ਮੂਲ ਵਾਸੀ'
ਹੁੰਦੀ ਜਿਨ੍ਹਾਂ ਨੂੰ 'ਵਤਨ ਦੀ ਪ੍ਰੀਤ' ਹੈ ਜੀ।
ਮੁਖੀ ਦੇਸਾਂ ਦੇ 'ਯੂ.ਐੱਸ.ਏ' ਵੱਲ੍ਹ ਦੇਖਣ
ਜਿਵੇਂ ਨ੍ਹੇਰੇ ਵਿਚ ਜਗ ਰਿਹਾ 'ਲੈਂਪ' ਹੋਵੇ।
ਠਾਣੇਦਾਰ ਹੁਣ ਦੁਨੀਆਂ ਦਾ ਜਾਪਦਾ ਏ
'ਚੌਹਾਂ ਕੂੰਟਾਂ' ਵਿਚ 'ਟਰੰਪ-ਟਰੰਪ' ਹੋਵੇ !
-ਤਰਲੋਚਨ ਸਿੰਘ ਦੁਪਾਲ ਪੁਰ

# 73 ਸਾਲਾ ਹਰਜੀਤ ਕੌਰ ਦਾ ਅਮਰੀਕਾ ਤੋਂ ਦੇਸ ਨਿਕਾਲਾ: ਅਖੇ 'ਜੇਲ੍ਹ ਵਾਲੀ ਡਰੈੱਸ ਮੇਰੇ ਦਿਮਾਗ ਵਿੱਚੋਂ ਨਹੀਂ ਨਿਕਲਦੀ



**ਮੁੱਖ ਸਫ਼ੇ ਦੀ ਖ਼ਬਰ ਦਾ ਬਾਕੀ ਹਿਸਾ**

**ਹਰਜੀਤ ਕੌਰ ਦੀ ਜ਼ਿੰਦਗੀ ਅਤੇ ਅਮਰੀਕਾ ਵਿੱਚ ਰਹਿਣ ਦਾ ਸਫ਼ਰ**

ਹਰਜੀਤ ਕੌਰ ਦਾ ਜਨਮ ਪੰਜਾਬ ਦੇ ਤਰਨ ਤਾਰਨ ਜ਼ਿਲ੍ਹੇ ਵਿੱਚ ਹੋਇਆ ਸੀ। 1991 ਵਿੱਚ ਉਨ੍ਹਾਂ ਨੇ ਆਪਣੇ ਪਤੀ ਸੁਖਵਿੰਦਰ ਸਿੰਘ ਦੇ ਮੌਤ ਤੋਂ ਬਾਅਦ ਆਪਣੇ ਦੋ ਪੁੱਤਰਾਂ ਨਾਲ ਅਮਰੀਕਾ ਦਾ ਰੁਖ ਕੀਤਾ। ਉਸ ਸਮੇਂ ਪੰਜਾਬ ਵਿੱਚ ਰਾਜਨੀਤਿਕ ਉਥਲ-ਪੁਥਲ ਅਤੇ ਸਿੱਖਾਂ ਉੱਤੇ ਹੋ ਰਹੇ ਅੱਤਿਆਚਾਰਾਂ ਕਾਰਨ ਉਹ ਆਪਣੇ ਬੱਚਿਆਂ ਨੂੰ ਬਚਾਉਣ ਲਈ ਭੱਜ ਗਏ। ਅਮਰੀਕਾ ਪਹੁੰਚ ਕੇ ਉਨ੍ਹਾਂ ਨੇ ਈਸਟ ਬੇਅ ਖੇਤਰ, ਕੈਲੀਫੋਰਨੀਆ ਵਿੱਚ ਇੱਕ ਸਟੋਰ ਵਿੱਚ ਸਿਲਾਈ ਦਾ ਕੰਮ ਕਰਕੇ ਉਨ੍ਹਾਂ ਨੇ ਦੋ ਦਹਾਕਿਆਂ ਤੱਕ ਆਪਣਾ ਗੁਜ਼ਾਰਾ ਚਲਾਇਆ। ਉਨ੍ਹਾਂ ਨੇ ਟੈਕਸ ਭਰੇ, ਵਰਕ ਪਰਮਿਟ ਤੇ ਡਰਾਈਵਿੰਗ ਲਾਇਸੈਂਸ ਲਿਆ ਅਤੇ ਆਪਣੀ ਗੱਡੀ ਖ਼ੁਦ ਚਲਾ ਕੇ ਕੰਮ ਉੱਤੇ ਜਾਂਦੇ ਰਹੇ।

ਪਨਾਹ ਦੀ ਅਰਜ਼ੀ ਰੱਦ ਹੋਣ ਤੋਂ ਬਾਅਦ ਵੀ ਉਹ ਅਮਰੀਕੀ ਕਾਨੂੰਨਾਂ ਦੀ ਪਾਲਣਾ ਕਰਦੇ ਰਹੇ। 2012 ਤੋਂ ਲੈ ਕੇ ਹਰ ਛੇ ਮਹੀਨੇ ਬਾਅਦ ਆਈਸੀਈ ਨੂੰ ਰਿਪੋਰਟ ਕਰਦੇ ਰਹੇ। ਉਨ੍ਹਾਂ ਨੇ 9ਵੀਂ ਸਰਕਟ ਕੋਰਟ ਆਫ਼ ਅਪੀਲ ਤੱਕ ਕਈ ਅਪੀਲਾਂ ਦਾਇਰ ਕੀਤੀਆਂ ਪਰ ਹਰ ਵਾਰ ਹਾਰ ਗਏ। ਆਈਸੀਈ ਨੇ ਦੱਸਿਆ ਕਿ ਹਰਜੀਤ ਕੌਰ 1991 ਤੋਂ ਗੈਰ-ਕਾਨੂੰਨੀ ਪਰਵਾਸੀ ਸਨ ਅਤੇ 2005 ਵਿੱਚ ਇੱਕ ਇਮੀਗ੍ਰੇਸ਼ਨ ਜੱਜ ਨੇ ਉਨ੍ਹਾਂ ਨੂੰ ਵਾਪਸ ਭੇਜਣ ਦਾ ਹੁਕਮ ਦਿੱਤਾ ਸੀ, ਜਿਸ ਨੂੰ ਉਨ੍ਹਾਂ ਨੇ ਨਹੀਂ ਮੰਨਿਆ। ਉਹ ਸਾਰੇ ਕਾਨੂੰਨੀ ਰਸਤੇ ਖ਼ਤਮ ਕਰ ਚੁੱਕੇ ਹਨ, ਇਸ ਲਈ ਅਸੀਂ ਅਮਰੀਕੀ ਕਾਨੂੰਨ ਲਾਗੂ ਕਰ ਰਹੇ ਹਾਂ।

ਹਰਜੀਤ ਕੌਰ ਨੇ ਗੱਲਬਾਤ ਵਿੱਚ ਕਿਹਾ, "ਮੇਰੇ ਕੋਲ ਗ੍ਰੀਨ ਕਾਰਡ ਨਹੀਂ ਸੀ ਪਰ ਸਾਰੇ ਅਧਿਕਾਰ ਸਨ। ਵਰਕ ਪਰਮਿਟ, ਆਈਡੀ, ਡਰਾਈਵਿੰਗ ਲਾਇਸੈਂਸ - ਸਭ ਕੁਝ ਸੀ। 30 ਸਾਲ ਕੰਮ ਕੀਤਾ, ਟੈਕਸ ਭਰੇ। ਗ੍ਰੀਨ ਕਾਰਡ ਹੁੰਦਾ ਤਾਂ ਮੈਂ ਭਾਰਤ ਆਉਂਦੀ-ਜਾਂਦੀ। ਪਾਸਪੋਰਟ ਨਾ ਹੋਣ ਕਾਰਨ ਕਦੇ ਵਾਪਸ ਨਹੀਂ ਆਈ।" ਉਨ੍ਹਾਂ ਨੇ ਭਾਵੁਕ ਹੁੰਦੇ ਹੋਏ ਕਿਹਾ ਕਿ ਉਨ੍ਹਾਂ ਦੇ ਪੋਤੇ-ਪੋਤਰੀਆਂ ਨਾਲ ਵਿਛੋੜਾ ਬਹੁਤ ਦੁਖਦਾਈ ਹੈ। "ਮੇਰੇ ਬੱਚੇ ਰਾਤ-ਦਿਨ ਫ਼ੋਨ ਕਰਦੇ ਹਨ। ਉਮਰ ਦੇ ਇਸ ਪੜਾਅ ਉੱਤੇ ਪਰਿਵਾਰ ਤੋਂ ਦੂਰ ਰਹਿਣਾ ਔਖਾ ਹੈ।"

**ਡਿਪੋਰਟੇਸ਼ਨ ਦਾ ਘਟਨਾਕ੍ਰਮ: ਬੇੜੀਆਂ ਅਤੇ ਜੇਲ੍ਹ ਵਾਲੀ ਡਰੈੱਸ ਵਿੱਚ ਸਫ਼ਰ**

8 ਸਤੰਬਰ ਨੂੰ ਸੈਨ ਫਰਾਂਸਿਸਕੋ ਵਿੱਚ ਰੁਟੀਨ ਚੈੱਕ-ਇਨ ਤੋਂ ਬਾਅਦ ਹਰਜੀਤ ਕੌਰ ਨੂੰ ਅਚਾਨਕ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਨੂੰ ਕੋਈ ਕਾਰਨ ਨਹੀਂ ਦੱਸਿਆ ਗਿਆ। ਉਨ੍ਹਾਂ ਨੂੰ ਸੈਨ ਫਰਾਂਸਿਸਕੋ ਤੋਂ ਫਰੀਜ਼ਨੋ, ਫਿਰ ਬੇਕਰਸਫੀਲਡ ਅਤੇ ਓਰੇਜ਼ੋਨਾ ਭੇਜਿਆ ਗਿਆ। ਵਕੀਲ ਦੀਪਕ ਆਹਲੂਵਾਲੀਆ ਨੇ ਦੱਸਿਆ ਕਿ 19 ਸਤੰਬਰ ਨੂੰ ਉਨ੍ਹਾਂ ਨੂੰ ਲਾਸ ਏਂਜਲਸ ਰਾਹੀਂ ਜਾਰਜੀਆ ਭੇਜਿਆ ਗਿਆ, ਜਿੱਥੋਂ ਚਾਰਟਰਡ ਪਲੇਨ ਨਾਲ ਭਾਰਤ ਭੇਜਿਆ।ਉਨ੍ਹਾਂ ਨੂੰ ਪਰਿਵਾਰ ਨਾਲ ਵਿਦਾਇਗੀ ਵੀ ਨਹੀਂ ਕਰਨ ਦਿੱਤੀ। ਹੱਥਕੜੀਆਂ ਅਤੇ ਪੈਰਾਂ ਵਿੱਚ ਬੇੜੀਆਂ ਪਾ ਕੇ ਲਿਜਾਇਆ ਗਿਆ।

ਹਰਜੀਤ ਕੌਰ ਨੇ ਆਪਣੀ ਯਾਤਰਾ ਨੂੰ ਯਾਦ ਕਰਦੇ ਹੋਏ ਕਿਹਾ, "ਮੈਨੂੰ ਫ਼ਲਾਈਟ ਤੋਂ ਅੱਧਾ ਘੰਟਾ ਪਹਿਲਾਂ ਕਿਹਾ ਗਿਆ ਕਿ ਤਿਆਰ ਹੋ ਜਾਓ।" ਉਨ੍ਹਾਂ ਨੂੰ ਜੇਲ੍ਹ ਵਾਲੀ ਡਰੈੱਸ ਪਾ ਕੇ ਹੀ ਭੇਜਿਆ ਗਿਆ, ਜੋ ਉਨ੍ਹਾਂ ਨੂੰ ਸਭ ਤੋਂ ਵੱਧ ਪਰੇਸ਼ਾਨ ਕਰ ਰਹੀ ਹੈ। ਉਹਨਾਂ ਕਿਹਾ ਕਿ ਜੇਲ੍ਹ ਵਾਲੀ ਡਰੈੱਸ ਮੇਰੇ ਦਿਮਾਗ ਵਿੱਚੋਂ ਨਿਕਲਦੀ ਨਹੀਂ। ਸਾਰਿਆਂ ਨੂੰ ਪਤਾ ਲੱਗ ਰਿਹਾ ਸੀ ਕਿ ਡਿਪੋਰਟ ਕਰਕੇ ਭੇਜਿਆ ਜਾ ਰਿਹਾ ਹੈ, ਹਾਲਾਂਕਿ ਸਾਰਿਆਂ ਨੂੰ ਉਹੀ ਡਰੈੱਸ ਪਾਈ ਹੋਈ ਸੀ।" ਯਾਤਰਾ ਵਿੱਚ ਦੋ ਵਾਰ ਫ਼ਲਾਈਟ ਰੁਕੀ ਅਤੇ ਕੁੱਲ 18-19 ਘੰਟੇ ਲੱਗ ਗਏ। "

ਡਿਟੇਨਸ਼ਨ ਸੈਂਟਰ ਵਿੱਚ ਵੀ ਉਨ੍ਹਾਂ ਨਾਲ ਬੁਰੀ ਤਰ੍ਹਾਂ ਦੁਰਵਿਹਾਰ ਕੀਤਾ ਗਿਆ। ਉਹ 4 ਦਿਨ ਤੱਕ ਨਹਾ ਨਹੀਂ ਸਕੀ। ਕਮਰੇ ਵਿੱਚ ਸੌਣ ਲਈ ਜਗ੍ਹਾ ਨਹੀਂ ਸੀ। ਸਟੀਲ ਦੀ ਛੋਟੀ ਬੰਨੀ ਉੱਤੇ ਬੈਠ ਕੇ ਰਾਤਾਂ ਕੱਟੀਆਂ," ਸ਼ਾਕਾਹਾਰੀ ਹੋਣ ਕਾਰਨ ਖਾਣਾ ਵੀ ਨਹੀਂ ਖਾ ਸਕੀ। ਉਹ ਨਾਨ-ਵੈਜ ਖਾਣਾ ਦਿੰਦੇ ਸਨ ਅਤੇ ਕੋਈ ਵਿਆਖਿਆ ਨਹੀਂ ਕਰਦੇ ਸਨ। ਦਵਾਈ ਲਈ ਪਾਣੀ ਵੀ ਨਹੀਂ ਮਿਲਿਆ।" ਆਹਲੂਵਾਲੀਆ ਨੇ ਦੱਸਿਆ ਕਿ ਉਨ੍ਹਾਂ ਨੂੰ ਰੈਗੂਲਰ ਦਵਾਈਆਂ ਵੀ ਨਹੀਂ ਦਿੱਤੀਆਂ ਗਈਆਂ ਅਤੇ ਫ਼ਲਾਈਟ ਵਿੱਚ ਆਈਸੀਈ ਅਧਿਕਾਰੀ ਨੇ ਉਨ੍ਹਾਂ ਨੂੰ ਬੇੜੀਆਂ ਪਾਉਣਾ ਚਾਹੁੰਦਾ ਸੀ ਪਰ ਉਮਰ ਵੇਖ ਕੇ ਰੋਕ ਦਿੱਤਾ।

ਪਰਿਵਾਰ ਨਾਲ ਸੰਪਰਕ ਬਾਰੇ ਉਨ੍ਹਾਂ ਨੇ ਕਿਹਾ, "ਹੱਥਕੜੀਆਂ ਲਗਾਉਂਦੇ ਸਮੇਂ ਬੇਟੀ ਨੂੰ ਫ਼ੋਨ ਕੀਤਾ ਅਤੇ ਦੱਸਿਆ ਕਿ ਕਿੱਥੇ ਲੈ ਜਾ ਰਹੇ ਹਨ ਪਰ ਪਤਾ ਨਹੀਂ ਸੀ। ਫ਼ਲਾਈਟ ਦਿੱਲੀ, ਮੁੰਬਈ ਜਾਂ ਅੰਮ੍ਰਿਤਸਰ ਕਿੱਥੇ ਜਾਵੇਗੀ, ਕੁਝ ਨਹੀਂ ਪਤਾ। ਇਸ ਲਈ ਰਿਸ਼ਤੇਦਾਰ ਤਿੰਨਾਂ ਏਅਰਪੋਰਟਾਂ ਉੱਤੇ ਮੌਜੂਦ ਸਨ।"

ਹਰਜੀਤ ਕੌਰ ਦੇ ਵਕੀਲ ਅਤੇ ਪਰਿਵਾਰ ਦਾ ਕਹਿਣਾ: 'ਇਹ ਨਸਲਵਾਦੀ ਵਿਵਹਾਰ ਹੈ' ਹਰਜੀਤ ਨੂੰ 60-70 ਘੰਟੇ ਬਿਨਾਂ ਬਿਸਤਰੇ ਫ਼ਲੋਰ ਉੱਤੇ ਸੌਣਾ ਪਿਆ ਅਤੇ ਨਹਾਉਣ ਦੀ ਸਹੂਲਤ ਵੀ ਨਹੀਂ ਮਿਲੀ। । ਉਹ 73 ਸਾਲਾਂ ਦੀ ਔਰਤ ਹਨ, ਜਿਨ੍ਹਾਂ ਨੇ ਅਮਰੀਕਾ ਵਿਚ ਟੈਕਸਾਂ ਨਾਲ ਯੋਗਦਾਨ ਪਾਇਆ। ਉਨ੍ਹਾਂ ਨੂੰ ਪਰਿਵਾਰ ਨਾਲ ਵਿਦਾਇਗੀ ਵੀ ਨਹੀਂ ਕਰਨ ਦਿੱਤੀ। ਆਹਲੂਵਾਲੀਆ ਨੇ ਹਰਜੀਤ ਨੂੰ ਵਾਪਸ ਲਿਆਉਣ ਲਈ ਕਾਨੂੰਨੀ ਕਾਰਵਾਈ ਕਰਨ ਦਾ ਐਲਾਨ ਕੀਤਾ ਹੈ।

ਹਰਜੀਤ ਦੇ ਪਰਿਵਾਰ ਨੇ ਵੀ ਦੁੱਖ ਜ਼ਾਹਰ ਕੀਤਾ। ਉਨ੍ਹਾਂ ਦੀ ਭੂਣੇਵੀਂ ਮਨਜੀਤ ਕੌਰ ਨੇ ਕਿਹਾ, "ਉਹ ਆਪਣੇ ਪੁੱਤਰਾਂ ਨੂੰ ਬਚਾਉਣ ਲਈ ਅਮਰੀਕਾ ਭੱਜੀ ਸੀ। 13 ਸਾਲਾਂ ਤੋਂ ਹਰ ਛੇ ਮਹੀਨੇ ਰਿਪੋਰਟ ਕਰਦੀ ਰਹੀ। ਅਸੀਂ ਖ਼ੁਦ ਛੱਡ ਕੇ ਆਉਣਾ ਚਾਹੁੰਦੇ ਸੀ ਪਰ ਇਹ ਤਰੀਕਾ ਗਲਤ ਹੈ।" ਰਿਸ਼ਤੇਦਾਰ ਕੁਲਵੰਤ ਸਿੰਘ ਨੇ ਕਿਹਾ, "ਇਹ ਦੁਖਦਾਈ ਹੈ। ਅਸੀਂ ਪੰਜਾਬ ਵਿੱਚ ਉਸ ਦਾ ਖਿਆਲ ਰੱਖਾਂਗੇ ਪਰ ਪਰਿਵਾਰ ਤੋਂ ਵਿਛੋੜਾ ਦੁਖਦਾਈ ਹੈ।"

**ਹਰਜੀਤ ਕੌਰ ਦਾ ਕਸੂਰ: ਗੈਰ-ਕਾਨੂੰਨੀ ਪਰਵਾਸ, ਪਰ ਕੋਈ ਅਪਰਾਧ ਨਹੀਂ**

ਹਰਜੀਤ ਕੌਰ ਉੱਤੇ ਕੋਈ ਕ੍ਰਿਮੀਨਲ ਚਾਰਜ ਨਹੀਂ ਹੈ। ਉਨ੍ਹਾਂ ਦਾ ਕਸੂਰ ਸਿਰਫ਼ ਗੈਰ-ਕਾਨੂੰਨੀ ਪਰਵਾਸ ਹੈ। 1991 ਵਿੱਚ ਅਸਾਈਲਮ ਅਰਜ਼ੀ ਦਿੱਤੀ ਪਰ ਰੱਦ ਹੋ ਗਈ। 2005 ਵਿੱਚ ਡਿਪੋਰਟੇਸ਼ਨ ਆਰਡਰ ਆਇਆ ਪਰ ਉਹ ਨਹੀਂ ਮੰਨਿਆ ਅਤੇ ਅਪੀਲਾਂ ਕੀਤੀਆਂ। ਆਈਸੀਈ ਨੇ ਕਿਹਾ ਕਿ ਉਹ 34 ਸਾਲਾਂ ਤੋਂ ਕੇਸ ਲੜ ਰਹੇ ਹਨ ਅਤੇ ਹੁਣ ਸਾਰੇ ਰਸਤੇ ਖ਼ਤਮ ਹੋ ਗਏ ਹਨ। ਹਰਜੀਤ ਨੇ ਖ਼ੁਦ ਕਿਹਾ, "ਮੈਨੂੰ ਨਹੀਂ ਪਤਾ ਕਿਉਂ ਇਸ ਵਾਰ ਡਿਪੋਰਟ ਕੀਤਾ। ਮੈਂ ਕਦੇ ਗਲਤੀ ਨਹੀਂ ਕੀਤੀ।"

ਇਹ ਮਾਮਲਾ ਅਮਰੀਕੀ ਟਰੰਪ ਪ੍ਰਸ਼ਾਸਨ ਦੀ ਗੈਰ-ਕਾਨੂੰਨੀ ਪਰਵਾਸੀਆਂ ਵਿਰੁੱਧ ਸਖ਼ਤ ਨੀਤੀ ਦਾ ਹਿੱਸਾ ਹੈ। ਜਨਵਰੀ 2025 ਤੋਂ ਹੁਣ ਤੱਕ 2417 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਗਿਆ ਹੈ, ਜਿਨ੍ਹਾਂ ਵਿੱਚੋਂ ਬਹੁਤੇ ਪੰਜਾਬੀ ਹਨ। ਫ਼ਰਵਰੀ ਵਿੱਚ ਅੰਮ੍ਰਿਤਸਰ ਆਇਆ ਇੱਕ ਮਿਲਟਰੀ ਫਲਾਈਟ ਵਿੱਚ 104 ਡਿਪੋਰਟ ਲੋਕ ਸਨ, ਜਿਸ ਨੂੰ ਬੇੜੀਆਂ ਪਾ ਕੇ ਲਿਆਂਦਾ ਗਿਆ।

**ਭਾਰਤ ਸਰਕਾਰ ਦਾ ਕਹਿਣਾ: ਗੈਰ-ਕਾਨੂੰਨੀ ਪਰਵਾਸ ਨੂੰ ਨਹੀਂ ਸਹਿਣਗੇ**

ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਇੱਕ ਮੀਡੀਆ ਬ੍ਰੀਫਿੰਗ ਵਿੱਚ ਕਿਹਾ, "ਅਸੀਂ ਗੈਰ-ਕਾਨੂੰਨੀ ਪਰਵਾਸ ਵਿਰੋਧੀ ਹਾਂ। ਜਨਵਰੀ 2025 ਤੋਂ 2417 ਲੋਕ ਅਮਰੀਕਾ ਵਿੱਚੋਂ ਵਾਪਸ ਆ ਚੁੱਕੇ ਹਨ। ਅਸੀਂ ਕਾਨੂੰਨੀ ਤਰੀਕੇ ਨੂੰ ਉਤਸ਼ਾਹਿਤ ਕਰਦੇ ਹਾਂ। ਜਦੋਂ ਵੀ ਅਮਰੀਕਾ ਨਾਲ ਰਾਬਤਾ ਕੀਤਾ ਜਾਂਦਾ ਹੈ, ਅਸੀਂ ਨਾਗਰਿਕਤਾ ਵੈਰੀਫਾਈ ਕਰਕੇ ਵਾਪਸ ਲਿਆਉਂਦੇ ਹਾਂ।" ਜੈਸਵਾਲ ਨੇ ਕਿਹਾ ਕਿ ਭਾਰਤ ਸਰਕਾਰ ਪੰਜਾਬ ਸਮੇਤ ਸੂਬਾ ਸਰਕਾਰਾਂ ਨਾਲ ਮਿਲ ਕੇ ਗੈਰ-ਕਾਨੂੰਨੀ ਪਰਵਾਸ ਨੂੰ ਰੋਕਣ ਲਈ ਕੰਮ ਕਰ ਰਹੀ ਹੈ। "ਅਸੀਂ ਡਿਪੋਰਟੀਆਂ ਨੂੰ ਵਾਪਸ ਆਉਣ ਦਿੰਦੇ ਹਾਂ ਪਰ ਗੈਰ-ਕਾਨੂੰਨੀ ਤਰੀਕੇ ਨੂੰ ਨਹੀਂ ਮਨਜ਼ੂਰ ਕਰਦੇ।"

**ਪਰਵਾਸੀ ਸਿੱਖ ਭਾਈਚਾਰੇ ਦੀ ਪ੍ਰਤੀਕਿਰਿਆ**

ਇਸ ਘਟਨਾ ਨੇ ਅਮਰੀਕਾ ਅਤੇ ਕੈਨੇਡਾ ਵਿੱਚ ਰਹਿੰਦੇ ਪਰਵਾਸੀ ਸਿੱਖ ਭਾਈਚਾਰੇ ਵਿੱਚ ਭਾਰੀ ਗੁੱਸਾ ਪੈਦਾ ਕੀਤਾ ਹੈ। ਕੈਲੀਫੋਰਨੀਆ ਦੇ ਈਲ ਸੋਬਰੈਂਟੋ ਵਿੱਚ ਸੈਂਕੜੇ ਲੋਕਾਂ ਨੇ "ਹੈਂਡਜ਼ ਆਫ਼ ਅਰ ਗ੍ਰੈਨੀ" ਅਤੇ "ਹਰਜੀਤ ਕੌਰ ਬਿਲੌਂਗਜ਼ ਹੀਅਰ" ਵਾਲੇ ਬੈਨਰ ਨਾਲ ਵਿਖਾਵਾ ਕੀਤਾ। । ਕੈਲੀਫੋਰਨੀਆ ਸਟੇਟ ਸੈਨੇਟਰ ਜੈਸੀ ਅਰੈਗੁਇਨ ਨੇ ਕਿਹਾ, "70 ਫ਼ੀਸਦੀ ਗ੍ਰਿਫ਼ਤਾਰੀਆਂ ਬਿਨਾਂ ਕ੍ਰਾਈਮ ਵਾਲੀਆਂ ਹਨ।" ਕਾਂਗਰੈਸਮੈਨ ਜੌਨ ਗ੍ਰਮੈਂਡੀ ਨੇ ਵੀ ਆਈਸੀਈ ਨੂੰ ਪੱਤਰ ਲਿਖ ਕੇ ਰਿਹਾਈ ਦੀ ਮੰਗ ਕੀਤੀ।

ਸਿੱਖ ਪ੍ਰੈੱਸ ਐਸੋਸੀਏਸ਼ਨ (ਸਿੱਖਪੀਏ) ਨੇ ਟਵੀਟ ਕੀਤਾ, "ਹਰਜੀਤ ਨੂੰ ਵਿਦਾਇਗੀ ਵੀ ਨਹੀਂ ਕਰਨ ਦਿੱਤੀ। ਇਹ ਮਨੁੱਖੀ ਅਧਿਕਾਰਾਂ ਵਿਰੋਧੀ ਕਾਰਵਾਈ ਹੈ।" ਐਕਸ (ਪਹਿਲਾਂ ਟਵਿੱਟਰ) ਉੱਤੇ #ਓਰਜਿਟਖਉਰ ਅਤੇ #ਸ਼ਿਕਹਛੋਮਮੁਨਿਟੇ ਵਾਲੇ ਹੈਸ਼ਟੈਗ ਟ੍ਰੈਂਡ ਕਰ ਰਹੇ ਹਨ। ਇੱਕ ਯੂਜ਼ਰ ਨੇ ਲਿਖਿਆ, "ਇਹ ਸਿਸਟਮੈਟਿਕ ਕਰੂਲਟੀ ਹੈ। ਹਰਜੀਤ ਸਾਰੀ ਕਮਿਊਨਿਟੀ ਦੀ ਦਾਦੀ ਹੈ।"

ਸਿੱਖ ਐਡਵੋਕੇਸੀ ਗਰੁੱਪਾਂ ਨੇ ਇਸ ਨੂੰ "ਇਨਹਿਊਮੇਨ" ਕਿਹਾ ਅਤੇ ਅਮਰੀਕੀ ਨੀਤੀ ਵਿਰੁੱਧ ਅਵਾਜ਼ ਉਠਾਈ। ਪਰਵਾਸੀ ਸਿੱਖਾਂ ਨੇ ਕਿਹਾ ਕਿ ਅਜਿਹੇ ਮਾਮਲੇ ਪੰਜਾਬੀਆਂ ਨੂੰ ਡਰਾਉਣ ਲਈ ਹਨ ਅਤੇ ਟਰੰਪ ਦੀ ਨੀਤੀ ਨੇ ਹਜ਼ਾਰਾਂ ਨੂੰ ਪ੍ਰਭਾਵਿਤ ਕੀਤਾ ਹੈ।

# ਪੰਜਾਬ ਦਾ ਪਾਣੀ-ਹਵਾ ਜ਼ਹਿਰੀਲੇ: ਸੀਸਾ, ਯੂਰੇਨੀਅਮ ਨੇ ਵਧਾਈ ਸਿਹਤ ਦੀ ਚਿੰਤਾ

## ✪ ਰੋਪੜ ਵਿਚ ਸੀਸੇ ਦਾ ਪੱਧਰ 80 ਗੁਣਾ ਵੱਧ: ਬੱਚਿਆਂ ਦੇ ਖ਼ੂਨ ਵਿਚ ਜ਼ਹਿਰ ਦੀ ਘੁਸਪੈਠ ✪ ਬਠਿੰਡਾ ਵਿਚ ਯੂਰੇਨੀਅਮ ਦਾ ਖ਼ਤਰਾ: ਥਰਮਲ ਪਲਾਂਟਾਂ ਦੀ ਰਾਖ ਨੇ ਸਾਹ ਘੁੱਟਿਆ ✪ ਸਰਕਾਰ 'ਤੇ ਦਬਾਅ: ਵਾਤਾਵਰਨ ਸੰਕਟ ਲਈ ਤੁਰੰਤ ਕਾਰਵਾਈ ਦੀ ਮੰਗ





ਪੰਜਾਬ ਦੇ ਹਰੇ-ਭਰੇ ਖੇਤਾਂ ਅਤੇ ਨਦੀਆਂ ਵਾਲੇ ਸੂਬੇ ਵਿੱਚ ਹੁਣ ਜ਼ਹਿਰ ਨਾਲ ਭਰੀਆਂ ਹਵਾਵਾਂ, ਪਾਣੀ ਅਤੇ ਮਿੱਟੀ ਨੇ ਲੋਕਾਂ ਦੀ ਜ਼ਿੰਦਗੀ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ। ਇੱਕ ਨਵੀਂ ਰਿਪੋਰਟ ਨੇ ਖੁਲਾਸਾ ਕੀਤਾ ਹੈ ਕਿ ਬਠਿੰਡਾ, ਰੋਪੜ ਅਤੇ ਚੰਡੀਗੜ੍ਹ ਵਿੱਚ ਬੱਚਿਆਂ ਦੇ ਖ਼ੂਨ ਵਿੱਚ ਸੀਸਾ (ਲੈੱਡ) ਅਤੇ ਯੂਰੇਨੀਅਮ ਵਰਗੇ ਭਾਰੀ ਧਾਤੂ ਦੇ ਪੱਧਰ ਮਨੁੱਖੀ ਸਰੀਰ ਤੱਕ ਪਹੁੰਚ ਗਏ ਹਨ। ਬੱਚਿਆਂ ਦੇ ਵਾਲਾਂ ਅਤੇ ਖ਼ੂਨ ਵਿੱਚ ਵੀ ਇਹਨਾਂ ਤੱਤਾਂ ਦੀ ਮੌਜੂਦਗੀ ਨੇ ਸਾਬਤ ਕੀਤਾ ਕਿ ਇਹ ਜ਼ਹਿਰ ਸਿੱਧੇ ਮਨੁੱਖੀ ਸਰੀਰ ਵਿੱਚ ਪਹੁੰਚ ਰਹੇ ਹਨ।

ਇਹ ਰਿਪੋਰਟ ਪੰਜਾਬ ਯੂਨੀਵਰਸਿਟੀ ਦੇ ਜੀਓ-ਐਨਵਾਇਰਨਮੈਂਟਲ ਰਿਸਰਚ ਲੈਬੋਰੇਟਰੀ ਅਤੇ ਫ਼ਰੀਦਕੋਟ ਦੇ ਬਾਬਾ ਫ਼ਰੀਦ ਸੈਂਟਰ ਫਾਰ ਸਪੈਸ਼ਲ ਚਿਲਡਰਨ (ਐਨਜੀਓ) ਵੱਲੋਂ ਸਾਂਝੇ ਤੌਰ ਤੇ ਕੀਤੇ ਗਏ ਪਾਇਲਟ ਸਟੱਡੀ ਦਾ ਹਿੱਸਾ ਹੈ। ਇਸ ਨੇ ਨਾ ਸਿਰਫ਼ ਲੋਕਾਂ ਵਿੱਚ ਡਰ ਪੈਦਾ ਕੀਤਾ ਹੈ, ਸਗੋਂ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਵੀ ਇਸ ਨੂੰ ਚਿੰਤਾਜਨਕ ਕਰਾਰ ਦਿੰਦਿਆਂ ਸਰਕਾਰ ਤੋਂ ਵਿਸਥਾਰ ਨਾਲ ਜਵਾਬ ਮੰਗ ਲਿਆ ਹੈ। ਇਹ ਸਥਿਤੀ ਪੰਜਾਬ ਦੇ ਵਾਤਾਵਰਨ ਨੂੰ ਜ਼ਹਿਰੀਲਾ ਬਣਾਉਣ ਵਾਲੀਆਂ ਕਾਰਣਾਂ ਨੂੰ ਉਜਾਗਰ ਕਰਦੀ ਹੈ, ਜਿਵੇਂ ਰਸਾਇਣਕ ਖਾਦਾਂ, ਉਦਯੋਗਿਕ ਕੂੜਾ, ਪਾਵਰ ਪਲਾਂਟਾਂ ਦੀ ਉੱਡਦੀ ਰਾਖ ਅਤੇ ਵਾਹਨਾਂ ਦੇ ਧੂੰਏਂ। ਇਹ ਰਿਪੋਰਟ 28 ਸਤੰਬਰ 2025 ਨੂੰ ਜਾਰੀ ਹੋਈ, ਜਿਸ ਵਿੱਚ ਬੱਚਿਆਂ ਦੇ 149 ਖ਼ੂਨ ਦੇ ਨਮੂਨੇ, 137 ਵਾਲਾਂ ਦੇ ਨਮੂਨੇ ਅਤੇ 37 ਭੂਜਲ ਪਾਣੀ ਦੇ ਨਮੂਨਿਆਂ ਦੀ ਜਾਂਚ ਕੀਤੀ ਗਈ। ਨਤੀਜੇ ਡਰਾਉਣੇ ਹਨ। ਬਠਿੰਡਾ ਵਿੱਚ 32.62 ਫ਼ੀਸਦੀ ਬੱਚਿਆਂ ਦੇ ਖ਼ੂਨ ਵਿੱਚ ਸੀਸੇ ਦਾ ਪੱਧਰ ਵਿਸ਼ਵ ਸਿਹਤ ਸੰਗਠਨ (ਡਬਲਯੂਐੱਚਓ) ਦੀ ਸੀਮਾ ਤੋਂ ਵੱਧ ਮਿਲਿਆ, ਜਦਕਿ ਰੋਪੜ ਵਿੱਚ 19.35 ਫ਼ੀਸਦੀ ਅਤੇ ਚੰਡੀਗੜ੍ਹ ਵਿੱਚ 26.32 ਫ਼ੀਸਦੀ ਨਮੂਨੇ ਅਸੁਰੱਖਿਅਤ ਨਿਕਲੇ। ਜ਼ਮੀਨ ਦੋਜ ਪਾਣੀ ਵਿੱਚ ਯੂਰੇਨੀਅਮ ਦਾ ਪੱਧਰ ਬਠਿੰਡਾ ਵਿੱਚ ਡਬਲਯੂਐੱਚਓ ਦੀ 30 ਮਾਈਕ੍ਰੋਗ੍ਰਾਮ ਪ੍ਰਤੀ ਲੀਟਰ ਵਾਲੀ ਹੱਦ ਤੋਂ 5.9 ਗੁਣਾ ਵੱਧ ਮਿਲਿਆ। ਇਸ ਨਾਲ ਬੱਚਿਆਂ ਵਿੱਚ ਨਿਊਰੋਲਾਜੀਕਲ ਸਮੱਸਿਆਵਾਂ, ਕਿਡਨੀ ਦੀਆਂ ਬਿਮਾਰੀਆਂ ਅਤੇ ਕੈਂਸਰ ਵਰਗੇ ਖ਼ਤਰੇ ਵਧ ਗਏ ਹਨ। ਪੰਜਾਬ ਹਿਊਮਨ ਰਾਈਟਸ ਕਮਿਸ਼ਨ ਨੇ ਇਸ ਨੂੰ 'ਗੰਭੀਰ ਜਨ ਸਿਹਤ ਸੰਕਟ' ਕਿਹਾ ਹੈ ਅਤੇ ਸਰਕਾਰ ਨੂੰ ਤੁਰੰਤ ਕਾਰਵਾਈ ਦੇ ਹੁਕਮ ਦਿੱਤੇ ਹਨ।

ਪੰਜਾਬ ਸਰਕਾਰ ਨੂੰ ਹੁਣ ਤੁਰੰਤ ਕਾਰਵਾਈ ਕਰਨੀ ਪਵੇਗੀ, ਨਹੀਂ ਤਾਂ ਇਹ ਜ਼ਹਿਰੀਲਾਪਣ ਪੂਰੇ ਸੂਬੇ ਨੂੰ ਗੰਭੀਰ ਸਿਹਤ ਸੰਕਟ ਵਿੱਚ ਧਕੇਲ ਦੇਵੇਗਾ। ਪੰਜਾਬ ਹਿਊਮਨ ਰਾਈਟਸ ਕਮਿਸ਼ਨ ਨੇ ਚੀਫ਼ ਸਕੱਤਰਾਂ ਨੂੰ ਹੁਕਮ ਦਿੱਤੇ ਹਨ ਕਿ ਭਾਰੀ ਧਾਤੂ ਦੇ ਪ੍ਰਦੂਸ਼ਣ ਨੂੰ ਖੋਜਣ ਲਈ ਵਿਸਥਾਰ ਵਾਲੀ ਯੋਜਨਾ ਬਣਾਈ ਜਾਵੇ, ਜਿਸ ਵਿੱਚ ਹੌਟਸਪੌਟਸ ਦੀ ਪਛਾਣ, ਟੈਸਟਿੰਗ ਪ੍ਰੋਟੋਕਾਲ ਅਤੇ ਰਿਮੀਡੀਅਲ ਐਕਸ਼ਨ ਲਈ ਸਮਾਂ-ਸਾਰਣੀ ਸ਼ਾਮਲ ਹੋਵੇ। ਹੈਲਥ ਵਿਭਾਗ ਨੂੰ ਚੈਲੇਸ਼ਨ ਥੈਰੇਪੀ ਦਵਾਈਆਂ ਜ਼ਰੂਰੀ ਤੌਰ ਤੇ ਉਪਲਬਧ ਕਰਵਾਉਣੀਆਂ ਪੈਣਗੀਆਂ ਅਤੇ ਜ਼ਿਲ੍ਹਾ ਹਸਪਤਾਲਾਂ ਵਿੱਚ ਟੌਕਸੀਕੋਲੋਜੀ ਵਿਭਾਗ ਖੋਲ੍ਹਣੇ ਪੈਣਗੇ।

ਆਂਗਣਵਾੜੀਆਂ ਅਤੇ ਪੇਂਡੂ ਘਰਾਂ ਵਿੱਚ ਆਰਓ ਸਿਸਟਮਾਂ ਦੀ ਜਾਂਚ ਅਤੇ ਰੱਖ-ਰਖਾਵ ਕਰਨਾ ਹੋਵੇਗਾ। ਉਦਯੋਗਾਂ ਅਤੇ ਥਰਮਲ ਪਲਾਂਟਾਂ ਦੀ ਜਾਂਚ ਕਰਕੇ ਉੱਡਦੀ ਰਾਖ ਨੂੰ ਕੰਟਰੋਲ ਕਰਨ ਲਈ ਸਖ਼ਤ ਨਿਯਮ ਲਾਗੂ ਕਰਨੇ ਪੈਣਗੇ। ਖੇਤੀ ਵਿੱਚ ਰਸਾਇਣਕ ਖਾਦਾਂ ਦੀ ਵਰਤੋਂ ਘਟਾਉਣ ਲਈ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਵਾਲੀਆਂ ਨੀਤੀਆਂ ਬਣਾਈਆਂ ਜਾਣ। ਵਿਸ਼ਵ ਬੈਂਕ ਵਰਗੇ ਪ੍ਰੋਜੈਕਟਾਂ ਨੂੰ ਵਧਾ ਕੇ ਆਇਨ ਐਕਸਚੇਂਜ ਅਤੇ ਏ ਐੱਮ ਆਰ ਆਈ ਟੀ ਤਕਨੀਕਾਂ ਨਾਲ ਪਾਣੀ ਨੂੰ ਸ਼ੁੱਧ ਕੀਤਾ ਜਾਵੇ। ਇਸ ਤੋਂ ਇਲਾਵਾ, ਨਾਈਟ੍ਰੇਟ ਅਤੇ ਹੋਰ ਪ੍ਰਦੂਸ਼ਕਾਂ ਲਈ ਬਾਇਓਚਾਰ ਫਿਲਟਰੇਸ਼ਨ ਨੂੰ ਅਪਣਾਇਆ ਜਾਵੇ, ਜੋ ਖੇਤੀਬਾੜੀ ਰਹਿੰਦਾਂ ਤੋਂ ਬਣੇ ਹੁੰਦੇ ਹਨ। ਸਰਕਾਰ ਨੂੰ ਇੱਕ ਵਿਸ਼ੇਸ਼ ਬਜਟ ਵੀ ਬਣਾਉਣਾ ਚਾਹੀਦਾ ਹੈ, ਜਿਵੇਂ ਪਹਿਲਾਂ ਆਰਸੈਨਿਕ ਅਤੇ ਫਲੋਰਾਈਡ ਲਈ ਕੀਤਾ ਗਿਆ ਸੀ।

### ਪੰਜਾਬੀ ਵਾਤਾਵਰਨ ਨੂੰ ਬਚਾਉਣ ਲਈ ਸਾਂਝਾ ਯਤਨ ਜ਼ਰੂਰੀ

ਪੰਜਾਬ ਦਾ ਵਾਤਾਵਰਨ ਜ਼ਹਿਰੀਲਾ ਹੋਣ ਦੇ ਮੂਲ ਕਾਰਨਾਂ ਵਿੱਚ ਖੇਤੀਬਾੜੀ ਵਿੱਚ ਵੱਧ ਰਸਾਇਣਕ ਖਾਦਾਂ ਦੀ ਵਰਤੋਂ, ਉਦਯੋਗਾਂ ਤੋਂ ਨਿਕਲਣ ਵਾਲਾ ਕੂੜਾ, ਥਰਮਲ ਪਲਾਂਟਾਂ ਦੀ ਉੱਡਦੀ ਰਾਖ ਅਤੇ ਵੱਡੇ ਸ਼ਹਿਰਾਂ ਵਿੱਚ ਵਾਹਨਾਂ ਦੇ ਧੂੰਏਂ ਨੂੰ ਮੰਨਿਆ ਜਾਂਦਾ ਹੈ। ਬਠਿੰਡਾ ਵਿੱਚ ਥਰਮਲ ਪਲਾਂਟਾਂ ਨੇ ਹਵਾ ਨੂੰ ਇੰਨਾ ਗੰਦਾ ਕਰ ਦਿੱਤਾ ਹੈ ਕਿ ਔਰਤਾਂ ਛੱਤਾਂ ਤੇ ਕੱਪੜੇ ਨਹੀਂ ਸੁਕਾਉਂਦੀਆਂ, ਕਿਉਂਕਿ ਰਾਖ ਚਿਪਕ ਜਾਂਦੀ ਹੈ। ਲੁਧਿਆਣਾ ਦੇ ਬੁੱਢਾ ਨਾਲੇ ਵਿੱਚ ਉਦਯੋਗਿਕ ਰਹਿੰਦਾਂ ਨੇ ਪਾਣੀ ਨੂੰ ਜ਼ਹਿਰੀਲਾ ਬਣਾ ਦਿੱਤਾ ਹੈ, ਜੋ ਸਤਲੁਜ ਨਦੀ ਵਿੱਚ ਮਿਲ ਜਾਂਦੀ ਹੈ। ਇਹ ਸਭ ਵਿਕਾਸ ਦੀ ਦੌੜ ਵਿੱਚ ਹੋਇਆ ਹੈ, ਪਰ ਹੁਣ ਸਮਾਂ ਹੈ ਕਿ ਸਾਡੀਆਂ ਨੀਤੀਆਂ ਵਾਤਾਵਰਨ ਨੂੰ ਬਚਾਉਣ ਵਾਲੀਆਂ ਬਣਨ। ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਕੇ ਅਤੇ ਉਦਯੋਗਾਂ ਲਈ ਸਖ਼ਤ ਨਿਯਮ ਲਾਗੂ ਕਰਕੇ ਅਸੀਂ ਇਸ ਨੂੰ ਰੋਕ ਸਕਦੇ ਹਾਂ। ਸਰਕਾਰ, ਐਨਜੀਓਜ਼ ਅਤੇ ਲੋਕਾਂ ਨੂੰ ਮਿਲ ਕੇ ਇੱਕ ਸਾਫ਼ ਅਤੇ ਸਿਹਤਮੰਦ ਪੰਜਾਬ ਬਣਾਉਣਾ ਹੋਵੇਗਾ।

# ਹਾਈ ਕੋਰਟ ਨੇ ਦਿੱਤੀ ਮਜੀਠੀਆ ਨੂੰ ਰਾਹਤ

## ✪ ਕਿਸੇ ਵੀ ਕਾਰਵਾਈ ਤੋਂ ਪਹਿਲਾਂ 7 ਦਿਨਾਂ ਦਾ ਅਗਾਊਂ ਨੋਟਿਸ ਮਿਲੇਗਾ

ਚੰਡੀਗੜ੍ਹ-ਬਿਕਰਮ ਸਿੰਘ ਮਜੀਠੀਆ ਦੀ 31 ਜੁਲਾਈ ਨੂੰ ਦਰਜ ਐੱਫ. ਆਈ. ਆਰ. 'ਚ ਅਗਾਊਂ ਜ਼ਮਾਨਤ ਪਟੀਸ਼ਨ ਦਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਨਿਪਟਾਰਾ ਕਰ ਦਿੱਤਾ ਹੈ। ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਇਸ ਮਾਮਲੇ ਵਿਚ ਕੋਈ ਵੀ ਕਾਰਵਾਈ ਹੋਣ 'ਤੇ ਮਜੀਠੀਆ ਨੂੰ 7 ਦਿਨਾਂ ਦਾ ਅਗਾਊਂ ਨੋਟਿਸ ਦੇਣ ਦਾ ਵਾਅਦਾ ਕੀਤਾ ਹੈ। ਮਜੀਠੀਆ ਦੀ ਤਰਫ਼ੋਂ ਅਦਾਲਤ ਨੂੰ ਦੱਸਿਆ ਗਿਆ ਕਿ ਐੱਫ. ਆਈ. ਆਰ. 'ਚ ਲਗਾਏ ਗਏ ਸਾਰੇ ਦੋਸ਼ ਬੇਬੁਨਿਆਦ ਹਨ। ਉਨ੍ਹਾਂ ਕਿਹਾ ਕਿ ਜਿਸ ਸਮੇਂ ਦਾ ਹਵਾਲਾ ਪੁਲਿਸ ਵਲੋਂ ਦਿੱਤਾ ਜਾ ਰਿਹਾ ਹੈ, ਉਸ ਸਮੇਂ ਦੀ ਪੂਰੀ ਘਟਨਾ ਦੀ ਇਕ ਵੀਡੀਓ ਉਪਲਬਧ ਹੈ, ਜਿਸ ਵਿਚ ਮਜੀਠੀਆ ਪੁਲਿਸ ਜਾਂ ਵਿਜੀਲੈਂਸ ਵਿਭਾਗ ਦੇ ਕੰਮ 'ਚ ਕੋਈ ਦਖ਼ਲਅੰਦਾਜ਼ੀ ਕਰਦੇ ਨਹੀਂ ਦਿਖਾਈ ਦੇ ਰਹੇ,



ਸਗੋਂ ਉਹ ਉਸ ਸਮੇਂ ਆਪਣੀ ਕੁਰਸੀ 'ਤੇ ਬੈਠੇ ਤੇ ਗੱਲਬਾਤ ਕਰਦੇ ਦਿਖਾਈ ਦੇ ਰਹੇ ਹਨ। ਐੱਫ. ਆਈ. ਆਰ. 'ਚ ਇਹ ਵੀ ਦੋਸ਼ ਲਗਾਇਆ ਗਿਆ ਹੈ ਕਿ ਮਜੀਠੀਆ ਨੇ ਉਸ ਸਮੇਂ 'ਆਪਣੀਆਂ ਮੁੱਛਾਂ ਮਰੋੜੀਆਂ' ਸਨ, ਜਿਸ ਨੂੰ ਪੁਲਿਸ ਨੇ ਧਮਕੀ ਭਰੇ ਇਸ਼ਾਰੇ ਵਜੋਂ ਸਮਝਿਆ। ਬਚਾਅ ਪੱਖ ਨੇ ਦਲੀਲ ਦਿੱਤੀ ਕਿ ਅਜਿਹੇ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਹਨ। ਮਜੀਠੀਆ ਦੇ ਵਕੀਲ ਨੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਜਾਣਬੁੱਝ ਕੇ ਇਸ ਮਾਮਲੇ ਵਿਚ ਉਨ੍ਹਾਂ ਦੀ ਗ੍ਰਿਫ਼ਤਾਰੀ ਨਹੀਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਰਾਦਾ ਸਪੱਸ਼ਟ ਹੈ ਕਿ ਜੇਕਰ ਉਨ੍ਹਾਂ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਹਾਈ ਕੋਰਟ ਤੋਂ ਜ਼ਮਾਨਤ ਮਿਲ ਜਾਂਦੀ ਹੈ ਤਾਂ ਉਨ੍ਹਾਂ ਨੂੰ ਇਸ ਨਵੇਂ ਮਾਮਲੇ 'ਚ ਬਾਅਦ ਵਿਚ ਗ੍ਰਿਫ਼ਤਾਰ ਕੀਤਾ ਜਾ ਸਕੇ। ਸੁਣਵਾਈ ਦੌਰਾਨ ਹਾਈ ਕੋਰਟ ਨੇ ਸਰਕਾਰ ਨੂੰ ਸਵਾਲ ਕੀਤਾ ਕਿ ਇਸ ਮਾਮਲੇ ਵਿਚ ਕੋਈ ਗ੍ਰਿਫ਼ਤਾਰੀ ਕਿਉਂ ਨਹੀਂ ਕੀਤੀ ਗਈ ਤੇ ਸਰਕਾਰ ਕਿਸ ਗੱਲ ਦੀ ਉਡੀਕ ਕਰ ਰਹੀ ਹੈ। ਸਰਕਾਰ ਨੇ ਅਦਾਲਤ ਨੂੰ ਭਰੋਸਾ ਦਿੱਤਾ ਕਿ ਜਦੋਂ ਵੀ ਕੋਈ ਕਾਰਵਾਈ ਕੀਤੀ ਜਾਵੇਗੀ ਤਾਂ ਮਜੀਠੀਆ ਨੂੰ 7 ਦਿਨਾਂ ਦਾ ਅਗਾਊਂ ਨੋਟਿਸ ਦਿੱਤਾ ਜਾਵੇਗਾ।

# ਅੰਮ੍ਰਿਤਸਰ ਵਿੱਚ ਖਾਲਿਸਤਾਨੀ ਨਾਹਰੇ ਲਿਖਣ ਵਾਲਿਆਂ ਦਾ ਪੁਲਿਸ ਐਨਕਾਊਂਟਰ: ਸਵਾਲ ਉੱਠੇ

## ਕੀ ਖਾਲਿਸਤਾਨੀ ਨਾਰੇ ਲਿਖਣਾ ਕਿਵੇਂ ਹੈ ਅਪਰਾਧ, ਕੀ ਐਨਕਾਊਂਟਰ ਗੈਰ-ਕਾਨੂੰਨੀ ਨਹੀਂ ? ਅਦਾਲਤਾਂ ਦੀ ਚੁੱਪੀ ਕਿਉਂ ?

ਅੰਮ੍ਰਿਤਸਰ-ਸ਼ਹਿਰ ਦੀ ਕਚਹਿਰੀ ਨੇੜੇ ਪੁਲਿਸ ਕੁਆਰਟਰਾਂ ਦੇ ਇੱਕ ਸੁੰਨਸਾਨ ਇਲਾਕੇ ਵਿੱਚ ਬੀਤੇ ਐਤਵਾਰ ਨੂੰ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਖਾਲਿਸਤਾਨੀ ਗਤੀਵਿਧੀਆਂ ਨਾਲ ਜੁੜੇ ਦੋ ਲੋਕਾਂ ਦਾ ਐਨਕਾਊਂਟਰ ਕੀਤਾ। ਇਸ ਵਿੱਚ ਇੱਕ ਮੁਲਜ਼ਮ ਦੇ ਪੈਰ ਵਿੱਚ ਗੋਲੀ ਲੱਗੀ ਅਤੇ ਉਹ ਜ਼ਖ਼ਮੀ ਹੋ ਗਿਆ। ਉਸ ਨੂੰ ਨੇੜਲੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ, ਜਦਕਿ ਦੂਜਾ ਗ੍ਰਿਫ਼ਤਾਰ ਕਰ ਲਿਆ। ਪੁਲਿਸ ਅਧਿਕਾਰੀਆਂ ਅਨੁਸਾਰ, ਇਹ ਦੋਵੇਂ ਸਿੱਖਸ ਫਾਰ ਜਸਟਿਸ (ਐਸਐਫ਼ਜੇ) ਦੇ ਮੁਖੀ ਗੁਰਪਤਵੰਤ ਸਿੰਘ ਪੰਨੂੰ ਦੇ ਨੇੜਲੇ ਸਹਿਯੋਗੀ ਹਨ, ਜੋ ਕੈਨੇਡਾ ਵਿੱਚ ਬੈਠੇ ਹੋਏ ਪੰਜਾਬ ਵਿੱਚ ਅਸ਼ਾਂਤੀ ਫੈਲਾਉਣ ਦੀਆਂ ਸਾਜ਼ਿਸ਼ਾਂ ਰਚ ਰਹੇ ਹਨ। ਪੁਲਿਸ ਦਾ ਦਾਅਵਾ ਹੈ ਕਿ ਇਹ ਮੁਲਜ਼ਮ ਅੰਮ੍ਰਿਤਸਰ ਦੇ ਵੱਖ-ਵੱਖ ਇਲਾਕਿਆਂ ਦੀਆਂ ਦੀਵਾਰਾਂ 'ਤੇ ਖਾਲਿਸਤਾਨੀ ਨਾਰੇ ਲਿਖਣ ਦੇ ਕੰਮ ਵਿੱਚ ਸ਼ਾਮਲ ਸਨ, ਜੋ ਪੰਨੂੰ ਦੇ ਇਸ਼ਾਰੇ 'ਤੇ ਕੀਤੇ ਜਾ ਰਹੇ ਸਨ।

ਪਰ ਇਸ ਘਟਨਾ ਨੇ ਕਈ ਗੰਭੀਰ ਸਵਾਲ ਉਠਾਏ ਹਨ। ਪਹਿਲਾਂ ਤਾਂ, ਕੀ ਦੀਵਾਰਾਂ 'ਤੇ ਨਾਰੇ ਲਿਖਣਾ ਅਪਰਾਧ ਕਿਥੇ ਹੈ ਕਿ ਉਸ ਨੂੰ ਗੋਲੀ ਮਾਰਨ ਦੀ ਨੌਬਤ ਆ ਜਾਵੇ ? ਭਾਰਤੀ ਕਾਨੂੰਨ ਅਨੁਸਾਰ, ਖਾਲਿਸਤਾਨੀ ਨਾਰੇ ਲਿਖਣਾ ਅਪਰਾਧ ਨਹੀਂ, ਪਰ ਭਾਵਨਾਵਾਂ ਨੂੰ ਭੜਕਾਉਣਾ ਅਪਰਾਧ ਹੋ ਸਕਦਾ ਹੈ। ਪੰਨੂ ਨਾਲ ਜੁੜੇ ਹੋਣ ਕਾਰਣ ਇਹ ਲੋਕ ਪੁਲਿਸ ਦੀਆਂ ਨਜ਼ਰਾਂ ਵਿਚ ਅਪਰਾਧੀ ਹੋ ਸਕਦੇ ਹਨ,ਪਰ ਇਹ ਗੈਰ-ਕਾਨੂੰਨੀ ਹੈ, ਕਿਉਂਕਿ ਐਸਐਫ਼ਜੇ ਨੂੰ ਭਾਰਤ ਸਰਕਾਰ ਨੇ ਬੈਨ ਕਰ ਦਿੱਤਾ ਹੈ ਅਤੇ ਪੰਨੂੰ ਨੂੰ ਅੱਤਵਾਦੀ ਘੋਸ਼ਿਤ ਕੀਤਾ ਗਿਆ ਹੈ। ਪਰ ਕੀ ਇਹ ਅਪਰਾਧ ਐਨਕਾਊਂਟਰ ਨੂੰ ਜਾਇਜ਼ ਠਹਿਰਾਉਂਦਾ ਹੈ ? ਨਹੀਂ।



ਪੰਜਾਬ ਵਿੱਚ ਅੱਜਕੱਲ੍ਹ ਹਥਿਆਰਬੰਦ ਲਹਿਰ ਨਹੀਂ ਚੱਲ ਰਹੀ। ਨਾ ਹੀ ਇਹਨਾਂ ਲੋਕਾਂ ਨੇ ਕਿਸੇ ਹਮਲੇ ਦੀ ਧਮਕੀ ਦਿੱਤੀ ਸੀ। ਉਹਨਾਂ ਨੇ ਸਿਰਫ਼ ਨਾਰੇ ਲਿਖੇ ਸਨ। ਫਿਰ ਰੂਪੋਸ਼ ਗਏ। ਫਿਰ ਪੁਲਿਸ ਨੇ ਉਨ੍ਹਾਂ ਨੂੰ ਗੋਲੀ ਮਾਰਨੀ ਕਿਉਂ ਸੀ ? ਇਹ ਐਨਕਾਊਂਟਰ ਵਧੇਰੇ ਜ਼ੋਰ ਨਾਲ ਪੁਲਿਸ ਦੀ ਬੇ-ਇਨਸਾਫ਼ੀ ਨੂੰ ਉਜਾਗਰ ਕਰਦਾ ਹੈ। ਪੰਜਾਬ ਵਿੱਚ ਪਿਛਲੇ ਸਾਲਾਂ ਵਿੱਚ ਅਜਿਹੇ ਐਨਕਾਊਂਟਰਾਂ ਦੀ ਗਿਣਤੀ ਵਧੀ ਹੈ, ਜਿਨ੍ਹਾਂ ਵਿੱਚ ਬਹੁਤੇ ਲੋਕ ਨਿਰਦੋਸ਼ ਸਾਬਤ ਹੋਏ। ਮਨੁੱਖ ਅਧਿਕਾਰ ਸੰਸਥਾਵਾਂ ਨੇ ਵਾਰ-ਵਾਰ ਪੁਲਿਸ 'ਤੇ ਗੈਰਕਨੂੰਨੀ ਤਾਕਤ ਵਰਤਣ ਦਾ ਇਲਜ਼ਾਮ ਲਗਾਇਆ ਹੈ। ਇਸ ਵਾਰ ਵੀ, ਜੇਕਰ ਇਹ ਨੌਜਵਾਨ ਸਿਰਫ਼ ਨਾਰੇ ਲਿਖਣ ਵਾਲੇ ਸਨ, ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕਰਨਾ ਚਾਹੀਦਾ ਸੀ, ਨਾ ਕਿ ਗੋਲੀ ਮਾਰਨੀ ਚਾਹੀਦੀ ਸੀ। ਐਡਵੋਕੇਟ ਨਵਕਿਰਨ ਸਿੰਘ ਅਨੁਸਾਰ ਪੁਲਿਸ ਦੀ ਇਹ ਕਾਰਵਾਈ ਨਾ ਸਿਰਫ਼ ਬੇਲੋੜੀ ਹੈ, ਸਗੋਂ ਉਹ ਲੋਕਾਂ ਵਿੱਚ ਡਰ ਪੈਦਾ ਕਰਦੀ ਹੈ ਅਤੇ ਅਸ਼ਾਂਤੀ ਨੂੰ ਹੋਰ ਵਧਾਉਂਦੀ ਹੈ।

ਅਦਾਲਤਾਂ ਨੇ ਪਿਛਲੇ ਸਾਲਾਂ ਵਿੱਚ ਅਜਿਹੇ ਐਨਕਾਊਂਟਰਾਂ 'ਤੇ ਨਿਰਪੱਖ ਜਾਂਚ ਦੇ ਹੁਕਮ ਦਿੱਤੇ ਹਨ, ਪਰ ਅੱਜਕੱਲ੍ਹ ਚੁੱਪ ਹਨ। ਕੀ ਉਹ ਪੁਲਿਸ ਨੂੰ ਖੁੱਲ੍ਹਾ ਛੱਡ ਰਹੀਆਂ ਹਨ ? ਜੇਕਰ ਨਾਰੇ ਲਿਖਣਾ ਗੈਰ-ਕਾਨੂੰਨੀ ਹੈ, ਤਾਂ ਉਸ ਨੂੰ ਨਿਯੰਤਰਣ ਕਰਨ ਲਈ ਅਦਾਲਤੀ ਕਾਰਵਾਈ ਹੋਣੀ ਚਾਹੀਦੀ, ਨਾ ਕਿ ਗੋਲੀ ਮਾਰਨੀ ਚਾਹੀਦੀ ਹੈ। ਪੰਜਾਬ ਵਿੱਚ ਖਾੜਕੂਵਾਦ ਖ਼ਤਮ ਹੋ ਚੁੱਕਾ ਹੈ, ਫਿਰ ਐਨਕਾਊਂਟਰਾਂ ਦਾ ਰਾਜ ਕਿਉਂ ? ਇਹ ਪੁਲਿਸ ਦੀ ਵਹਿਸ਼ੀਆਨਾ ਕਨੂੰਨ ਵਿਰੋਧੀ ਕਾਰਵਾਈ ਨੂੰ ਦਰਸਾਉਂਦਾ ਹੈ।


ਨਵੇਂ ਸਾਲ ਦੇ ਖ਼ੂਬਸੂਰਤ ਕੈਲੰਡਰਾਂ ਦੀ ਤਿਆਰੀ

TO BUY OR PRINT YOUR OWN NEW YEAR'S CALANDERS
PLEASE CONTACT US ON: 07966 388 388

ਨਵੇਂ ਸਾਲ 2026 ਦੇ ਕੈਲੰਡਰਾਂ ਲਈ ਆਰਡਰ ਲਏ ਜਾ ਰਹੇ ਹਨ
ਨਵੇਂ ਸਾਲ ਦੇ ਕੈਲੰਡਰਾਂ ਵਾਸਤੇ ਆਰਡਰ ਦੇਣ ਲਈ ਉੱਪਰ ਦਿੱਤੇ ਨੰਬਰ 'ਤੇ ਸੰਪਰਕ ਕਰੋ ਜੀ

ਪੰਜਾਬ ਟਾਈਮਜ਼ ਵੱਲੋਂ ਨਵੇਂ ਸਾਲ 2026 ਦੇ ਬਹੁਤ ਸੋਹਣੇ ਕੈਲੰਡਰ ਬਣਾਏ ਜਾ ਰਹੇ ਹਨ। ਵਪਾਰਕ ਅਦਾਰਿਆਂ ਲਈ ਆਪਣੇ ਕਾਰੋਬਾਰ ਨੂੰ ਵਧਾਉਣ ਦਾ ਇਹ ਬਹੁਤ ਵਧੀਆ ਮੌਕਾ ਹੁੰਦਾ ਹੈ। ਕੈਲੰਡਰ ਹਰ ਘਰ ਵਿਚ ਸਾਰਾ ਸਾਲ ਲੱਗਾ ਰਹਿੰਦਾ ਹੈ, ਜਿਸ ਨਾਲ ਸਬੰਧਿਤ ਸੰਸਥਾ ਜਾਂ ਕੰਪਨੀ ਨਾਲ ਲੋਕਾਂ ਦਾ ਰਾਬਤਾ ਬਣਿਆ ਰਹਿੰਦਾ ਹੈ। ਤੁਸੀਂ ਆਪਣੇ ਕੈਲੰਡਰ ਛਪਵਾ ਕੇ ਕਾਰੋਬਾਰ ਵਿਚ ਚੋਖਾ ਵਾਧਾ ਕਰ ਸਕਦੇ ਹੋ। ਸੋ ਦੇਰ ਨਾ ਕਰੋ, ਜਿਹੜਾ ਕੈਲੰਡਰ ਪਹਿਲਾਂ ਮਿਲ ਜਾਵੇ ਲੋਕ ਉਹੀ ਘਰ ਵਿੱਚ ਲਗਾ ਲੈਂਦੇ ਹਨ, ਫਿਰ ਦੇਰ ਨਾਲ ਮਿਲਣ ਵਾਲੇ ਕੈਲੰਡਰਾਂ ਵੱਲ ਕੋਈ ਧਿਆਨ ਨਹੀਂ ਦਿੰਦਾ।

ਵਿਸ਼ੇਸ਼ ਨੋਟ :- ਤੁਸੀਂ ਆਪਣੀ ਸੰਸਥਾ, ਕੰਪਨੀ ਨਾਲ ਸਬੰਧਿਤ ਜਾਂ ਕੋਈ ਪਰਿਵਾਰਕ ਫੋਟੋ ਜਾਂ ਹੋਰ ਕੋਈ ਵੀ ਆਪਣੀ ਮਨਪਸੰਦ ਫੋਟੋ ਆਪਣੇ ਕੈਲੰਡਰ ਉੱਤੇ ਛਪਵਾ ਸਕਦੇ ਹੋ।

* ਗੁਰੂ ਘਰਾਂ ਦੇ ਸਾਲਾਨਾ ਕੈਲੰਡਰ ਛਾਪਣ ਲਈ ਵਿਸ਼ੇਸ਼ ਰਿਆਇਤੀ ਦਰਾਂ ਹਨ, ਜਾਨਣ ਲਈ ਫ਼ੋਨ ਕਰੋ;

What's App Contact: 07966 388 388




Specialist in Full Colour and all other Commercial Printing.


ਅਸੀਂ ਹਰ ਤਰ੍ਹਾਂ ਦੇ ਵੱਖ-ਵੱਖ ਸਾਈਜ਼ਾਂ 'ਚ ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਬਹੁਤ ਹੀ ਸਸਤੇ ਭਾਅ 'ਤੇ ਛਾਪਦੇ ਹਾਂ।

CALL NOW AND SPEAK TO MANINDER SINGH OR HARJINDER SINGH MANDER ON: 01332-372851

# ਸਾਰਿਆਂ ਨੂੰ ਰਲ ਮਿਲ ਕੇ ਹੜ੍ਹ ਪੀੜ੍ਹਤਾਂ ਦੀ ਮਦਦ ਕਰਨੀ ਚਾਹੀਦੀ ਹੈ

## ਪਾਠਕਾਂ ਦੇ ਪੱਤਰ

ਇਤਿਹਾਸ ਦੇਖ ਲਵੋ ਅਸੀਂ ਤੁਹਮਤ ਲਾਉਣੀ ਨਾਲ ਕਾਣੀ ਵੰਡ ਕਰਨੀ ਇਹ ਹੁੰਦੀ ਆਈ ਹੈ। ਸਿਰਫ਼ ਪੰਜਾਬ ਦੀ ਹੜ੍ਹਾਂ ਦੀ ਗੱਲ ਨਹੀਂ ਹਰ ਪਾਸੇ ਇਸੇ ਤਰ੍ਹਾਂ ਹੁੰਦੀ ਹੈ, ਹੁਣ ਦੇਖੋ ਅਸੀਂ ਹਰ ਪਾਸੇ ਪੜ੍ਹ ਰਹੇ ਹਾਂ ਦੇਖ ਰਹੇ ਹਾਂ ਸਭਾ ਸੋਸਾਇਟੀ ਚਾਹੇ ਹਿੰਦੂ ਹੈ ਮੁਸਲਮਾਨ ਹਨ ਈਸਾਈ ਹਨ ਸਾਰਿਆਂ ਵੱਲੋਂ ਜੋ ਹੋ ਸਕਦਾ ਹੈ ਪੰਜਾਬ ਦੇ ਹੜ੍ਹ ਪੀੜਤਾਂ ਲਈ ਅੱਗੇ ਆ ਰਹੇ ਹਨ, ਚਾਹੇ ਬੀ. ਜੇ. ਪੀ. ਦਾ ਪ੍ਰਧਾਨ ਦੇਖੋ, ਇਕ ਬੀ. ਜੇ. ਪੀ. ਆਗੂ ਨੇ ਮੇਰੇ ਖਿਆਲ ਮੁਤਾਬਕ ਅਸਤੀਫਾ ਭੀ ਦਿੱਤਾ ਹੈ। ਸਾਡੇ ਹਰ ਇਕ ਦੇ ਖਿਆਲ ਵੱਖਰੇ ਹਨ ਜਦੋਂ ਹੜ੍ਹ ਆਇਆ ਪਾਣੀ ਨੇ ਹਿੰਦੂ ਜਾਂ ਸਿੱਖ ਦਾ ਘਰ ਨਹੀਂ ਦੇਖਿਆ, ਪਾਣੀ ਨੇ ਮਾਰ ਹਰ ਇਕ ਦੀ ਕੀਤੀ ਹੈ, ਇਸੇ ਤਰ੍ਹਾਂ ਹਰ ਪੰਜਾਬੀ ਨੇ ਭਾਵੇਂ ਕਿਤੇ ਵੱਸ ਰਿਹਾ ਹੈ ਉਸ ਨੇ ਜੋ ਹੋ ਸਕਿਆ ਮਦਦ ਲਈ ਅੱਗੇ ਆਇਆ, ਕਿਸੇ ਨੇ ਫੋਟੋ ਖਿਚਾ ਕੇ ਅੱਗੇ ਆਏ ਹਨ ਪਰ ਉਹ ਦੇਖੋ 4-5 ਫੁੱਟ ਪਾਣੀ ਵਿੱਚ ਬੱਚੇ ਬੁੱਢੇ ਹਿੰਦੂ ਹੈ ਸਿੱਖ ਹੈ ਬੰਨ ਬੰਨਣ ਲਈ ਮੋਹਰੇ ਆਏ ਹਨ, ਲਿਖਣ ਵਿੱਚ ਜਾਂ ਜਿਵੇਂ ਕਿਸੇ ਦੀ ਕਲਮ ਹੈ ਜਾਂ ਖਿਆਲ ਹੈ ਉਹ ਲਿਖ ਰਿਹਾ ਹੈ ਜਾਂ ਕਰ ਰਿਹਾ ਹੈ ਪਰ ਇਕ ਨੂੰ ਅਗਰ ਲਿਖਣਾ ਭੀ ਹੈ ਥੋੜ੍ਹਾ ਠਹਿਰ ਲਵੋ ਦੋ-ਚਾਰ ਮਹੀਨੇ ਬਾਅਦ ਆਪਣੇ ਖਿਆਲ ਦੇਵੋ, ਇਸ ਵਕਤ ਸਿਰਫ਼ ਸੇਵਾ ਦਾ ਸਮਾਂ ਹੈ ਜੋ ਹੋ ਸਕਦਾ, ਗਰੀਬ ਕੁੜੀਆਂ ਦੇ ਵਿਆਹ, ਦਵਾਈਆਂ, ਡੰਗਰ ਲਈ ਚਾਰਾ, ਤਰਪਾਲ, ਮੱਛਰਦਾਨੀਆਂ, ਹੋਰ ਸਮਾਨ ਲੈ ਕੇ ਅੱਗੇ ਆਵੋ ਨਾ ਲਿਖੋ ਹਿੰਦੂ ਸਿੱਖ ਮੁਸਲਮਾਨ ਵਗੈਰਾ ਲਈ ਲਿਖਣ ਲਈ ਬਹੁਤ ਸਮਾਂ ਪਿਆ ਹੈ, ਸਿਰਫ਼ ਹਰ ਇਕ ਅੱਗੇ ਬੇਨਤੀ ਕਰੋ ਭਰਾਵੋ ਹਿੰਦੂ ਸਭਾਵਾਂ ਜ਼ਿਆਦਾ ਮੋਹਰੇ ਆਵੋ। ਸਿੱਖ ਮੋਹਰੇ ਆਵੋ। ਜੋ ਕੋਈ ਮਦਦ ਕਰ ਰਿਹਾ ਹੈ ਉਹ ਠੀਕ ਹੈ, ਹੁਣ ਗੱਲ ਕਰੀਏ ਦਾਨ ਕਰਨ ਵਾਲੇ ਬਹੁਤ ਹਨ ਪਰ ਉਥੇ ਛਕਣ ਛਕਾਉਣ ਵਾਲੇ ਘੱਟ ਨਹੀਂ, ਕਈਆਂ ਦੀ ਰੋਜ਼ੀ ਇਸੇ ਚੀਜ਼ 'ਤੇ ਚੱਲ ਰਹੀ ਹੈ, ਦੇਣਾ ਭੀ ਛਕਣਾ ਭੀ ਹੈ ਸੋ ਇਹ ਚੱਲਿਆ ਆਇਆ ਹੈ ਚੱਲੀ ਜਾਣਾ ਹੈ, ਇਸ ਵਿੱਚ ਨੁਕਤਾਚੀ-ਨੀ ਦਾ ਵਕਤ ਨਹੀਂ, ਦੇਣ ਵਾਲੇ ਦੇਈ ਜਾਣਾ ਹੈ ਛਕਣ ਵਾਲੇ ਛਕੀ ਜਾਣਾ ਹੈ, ਚਾਹੇ ਹਿੰਦੂ ਹੈ ਸਿੱਖ ਜਾਂ ਕੋਈ ਭੀ ਹੈ, ਅੱਗੇ ਗੱਲ ਕਰੀਏ ਵੰਡ ਦੀ, ਅਸੀਂ ਕਦੀ ਭੀ ਭੂਆ-ਭਤੀਜੀ ਦੇ ਰਿਸ਼ਤੇ ਨੂੰ ਭੁੱਲ ਨਹੀਂ ਸਕਦੇ, ਪਹਿਲਾਂ ਅਸੀਂ ਆਪਣਾ ਸੋਚਦੇ ਹਾਂ ਫਿਰ ਦੂਸਰੇ ਦੀ ਵਾਰੀ ਪਾਉਂਦੇ ਹਾਂ, ਯਾਰ ਦੋਸਤ ਮਿੱਤਰ ਸੱਜਣ ਇਕ ਦੀ ਵਾਰੀ ਪਹਿਲਾਂ ਹੁੰਦੀ ਹੈ, ਜਿਸ ਨਾਲ ਜਰਾ ਭੀ ਨਰਾਜ਼ਗੀ ਹੁੰਦੀ ਹੈ ਉਸ ਦੀ ਵਾਰੀ ਫਿਰ ਹੁੰਦੀ ਹੈ। ਇਹ ਹੁੰਦੀ ਆਈ ਹੈ ਹੁੰਦੀ ਰਹਿਣੀ ਹੈ, ਇਸ ਬਾਰੇ ਬਹਿਸ ਕਰਨੀ ਜਾਂ ਲਿਖਣਾ ਹੁਣ ਦੇ ਸਮੇਂ ਮੁਤਾਬਕ ਠੀਕ ਨਹੀਂ, ਸਿਰਫ਼ ਬੇਨਤੀ ਲਿਖੋ ਵੱਧ ਤੋਂ ਵੱਧ ਮਦਦ ਲੋੜਵੰਦਾਂ ਨੂੰ ਮਿਲੇ। ਇਹ ਸਭ ਕੁਝ ਠੀਕ ਹੋ ਜਾਵੇ। ਸਾਰੇ ਆਪੋ ਆਪਣੇ ਥਾਂ ਫਿਰ ਰਾਜ਼ੀ ਖੁਸ਼ੀ ਵੱਸਣ, ਉਨ੍ਹਾਂ ਦਾ ਨੁਕਸਾਨ ਵਿੱਚ ਵਾਹਿਗੁਰੂ ਸਹਾਈ ਹੋਵੇ, ਹਰ ਇਕ ਦੀ ਇਕੋ ਅਰਦਾਸ ਹੋਣੀ ਚਾਹੀਦੀ, ਵਾਹਿਗੁਰੂ ਭਲੀ ਕਰੇ। ਗਲਤੀ ਮੁਆਫ਼



ਆਪ ਦਾ ਦਾਸ- K.Jogi


**CHANGE OF NAME**

Please one tick box
☐ £30 Print in UK only
☐ £60 Print UK & India
☐ £80 Print UK & India (Express)

NOTE: Please allow 28 days for publication in India

I MR / MRS / MISS ____
SON / DAUGHTER / WIFE OF MR ____
WHOSE PERMANENT ADDRESS IN INDIA IS ____
AND IS NOW LIVING AT ____
____ HEREBY GIVE NOTICE OF MY INTENTION
TO CHANGE MY NAME TO ____
TEL ____

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

TO PAY BY CREDIT CARD TEL: 01332-372851

Account Name: Punjab Times Trust Ltd
Account No: 20853011 Sort Code: 20-25-85


# ਟਰੰਪ ਦਾ ਟੈਰਿਫ ਬੰਬ: ਵਿਦੇਸ਼ੀ ਫਿਲਮਾਂ 'ਤੇ 100% ਟੈਕਸ ਦੀ ਧਮਕੀ

### ✪ ਹਾਲੀਵੁੱਡ 'ਤੇ ਸੰਕਟ ਛਾਏਗਾ, ਬਾਲੀਵੁੱਡ ਨੂੰ ਵੀ ਝਟਕਾ ਲਗੇਗਾ

ਵਾਸ਼ਿੰਗਟਨ-ਬੀਤੇ ਦਿਨੀਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ ਤੇ ਇੱਕ ਵੱਡਾ ਐਲਾਨ ਕਰਦਿਆਂ ਕਿਹਾ ਸੀ ਕਿ ਉਹ ਸੰਯੁਕਤ ਰਾਜ ਤੋਂ ਬਾਹਰ ਬਣੀਆਂ ਹਰ ਤਰ੍ਹਾਂ ਦੀਆਂ ਫਿਲਮਾਂ ਤੇ 100 ਫੀਸਦੀ ਟੈਰਿਫ ਲਗਾਉਣਗੇ। ਇਸ ਨਾਲ ਨਾ ਸਿਰਫ ਹਾਲੀਵੁੱਡ ਨੂੰ ਝਟਕਾ ਲੱਗੇਗਾ, ਸਗੋਂ ਭਾਰਤੀ ਬਾਲੀਵੁੱਡ ਵਰਗੇ ਉਦਯੋਗਾਂ ਨੂੰ ਵੀ ਨੁਕਸਾਨ ਹੋਣ ਦਾ ਡਰ ਹੈ। ਟਰੰਪ ਨੇ ਇਸ ਨੂੰ ਅਮਰੀਕੀ ਫਿਲਮ ਨਿਰਮਾਣ ਨੂੰ ਵਾਪਸ ਲਿਆਉਣ ਵਾਲੀ ਕਾਰਵਾਈ ਦੱਸਿਆ ਹੈ, ਪਰ ਇਹ ਫੈਸਲਾ ਵਿਸ਼ਵ ਵਪਾਰ ਨੂੰ ਹੋਰ ਵਿਗਾੜ ਸਕਦਾ ਹੈ। ਟਰੰਪ ਨੇ ਆਪਣੀ ਪੋਸਟ ਵਿੱਚ ਲਿਖਿਆ, "ਅਮਰੀਕਾ ਦਾ ਫਿਲਮ ਨਿਰਮਾਣ ਕਾਰੋਬਾਰ ਹੋਰ ਦੇਸ਼ਾਂ ਨੇ ਚੋਰੀ ਕਰ ਲਿਆ ਹੈ। ਕੈਲੀਫੋਰਨੀਆ, ਜਿੱਥੇ ਗਵਰਨਰ ਗੈਵਿਨ ਨਿਊਸਮ ਵਰਗੇ ਕਮਜ਼ੋਰ ਆਗੂ ਕਾਰਨ ਇਹ ਸਭ ਹੋਇਆ, ਨੂੰ ਵਿਸ਼ੇਸ਼ ਤੌਰ ਤੇ ਨੁਕਸਾਨ ਹੋਇਆ ਹੈ। ਇਸ ਲੰਮੇ ਸਮੇਂ ਨੂੰ ਹੱਲ ਕਰਨ ਲਈ, ਮੈਂ ਸੰਯੁਕਤ ਰਾਜ ਤੋਂ ਬਾਹਰ ਬਣੀਆਂ ਹਰ ਫਿਲਮ ਤੇ 100 ਫੀਸਦੀ ਟੈਰਿਫ ਲਗਾਵਾਂਗਾ।" ਇਹ ਐਲਾਨ ਮਈ ਵਿੱਚ ਵੀ ਕੀਤਾ ਗਿਆ ਸੀ, ਪਰ ਹੁਣ ਇਸ ਨੂੰ ਅਮਲ ਵਿੱਚ ਲਿਆਉਣ ਦਾ ਸੰਕੇਤ ਦਿੱਤਾ ਗਿਆ ਹੈ। ਰਾਸ਼ਟਰਪਤੀ ਨੇ ਕਿਹਾ ਕਿ ਵੇਰਵੇ ਜਲਦੀ ਸਾਂਝੇ ਕੀਤੇ ਜਾਣਗੇ, ਪਰ ਅਜੇ ਤੱਕ ਇਹ ਸਪੱਸ਼ਟ ਨਹੀਂ ਕਿ ਇਹ ਟੈਰਿਫ ਡਿਜੀਟਲ ਸਟ੍ਰੀਮਿੰਗ ਤੇ ਵੀ ਲੱਗੇਗਾ ਜਾਂ ਨਹੀਂ। ਇਸ ਤੋਂ ਪਹਿਲਾਂ ਹੀ ਹਾਲੀਵੁੱਡ ਸੰਕਟ ਵਿੱਚ ਘਿਰਿਆ ਹੋਇਆ ਹੈ। ਪਿਛਲੇ ਕੁਝ ਸਾਲਾਂ ਵਿੱਚ ਨੈੱਟਫਲਿਕਸ ਵਰਗੇ ਸਟ੍ਰੀਮਿੰਗ ਪਲੇਟਫਾਰਮਾਂ ਨੇ ਦਰਸ਼ਕਾਂ ਨੂੰ ਸਿਨੇਮਾ ਘਰਾਂ ਤੋਂ ਦੂਰ ਕਰ ਦਿੱਤਾ ਹੈ, ਜਿਸ ਨਾਲ ਬਾਕਸ ਆਫਿਸ ਕਲੈਕਸ਼ਨ ਵਿੱਚ 30 ਫੀਸਦੀ ਤੋਂ ਵੱਧ ਗਿਰਾਵਟ ਆਈ ਹੈ। 2023 ਅਤੇ 2024 ਵਿੱਚ ਰਾਈਟਰਜ਼ ਗਿਲਡ ਅਤੇ ਐਕਟਰਜ਼ ਯੂਨੀਅਨ ਦੀਆਂ ਹੜਤਾਲਾਂ ਨੇ ਉਦਯੋਗ ਨੂੰ $5 ਬਿਲੀਅਨ ਦਾ ਨੁਕਸਾਨ ਪਹੁੰਚਾਇਆ। ਰਿਪੋਰਟਾਂ ਮੁਤਾਬਕ, ਹੜਤਾਲ ਕਾਰਨ ਗੁਆਚੀਆਂ ਹਜ਼ਾਰਾਂ ਨੌਕਰੀਆਂ ਅਜੇ ਤੱਕ ਵਾਪਸ ਨਹੀਂ ਆਈਆਂ। ਹੁਣ ਇਸ ਟੈਰਿਫ ਨਾਲ ਹਾਲੀਵੁੱਡ ਨੂੰ ਹੋਰ ਝਟਕਾ ਲੱਗੇਗਾ, ਕਿਉਂਕਿ ਅਮਰੀਕੀ ਫਿਲਮਾਂ ਦਾ ਵੱਡਾ ਹਿੱਸਾ ਵਿਦੇਸ਼ਾਂ ਵਿੱਚ ਫਿਲਮਾਇਆ ਜਾਂਦਾ ਹੈ। ਕੈਨੇਡਾ, ਬ੍ਰਿਟੇਨ ਅਤੇ ਆਸਟ੍ਰੇਲੀਆ ਵਰਗੇ ਦੇਸ਼ ਟੈਕਸ ਛੋਟਾਂ ਨਾਲ ਨਿਰਮਾਣ ਨੂੰ ਆਕਰਸ਼ਿਤ ਕਰਦੇ ਹਨ। ਇੱਕ ਅਮਰੀਕੀ ਫਿਲਮ ਯੂਨੀਅਨ ਨੇ ਕਿਹਾ, "ਇਹ ਟੈਰਿਫ ਖਪਤਕਾਰਾਂ ਲਈ ਫਿਲਮਾਂ ਦੀਆਂ ਕੀਮਤਾਂ ਵਧਾਏਗਾ ਅਤੇ ਨੌਕਰੀਆਂ ਨੂੰ ਹੋਰ ਘਟਾਏਗਾ।"

# ਅਫਗਾਨਿਸਤਾਨ ਵਿੱਚ ਤਾਲਿਬਾਨ ਨੇ ਲਗਾਈ ਇੰਟਰਨੈੱਟ ਉਪਰ ਪਾਬੰਦੀ

### ✪ 43 ਮਿਲੀਅਨ ਲੋਕਾਂ ਦੀ ਦੁਨੀਆਂ ਨਾਲ ਸੰਪਰਕ ਟੁਟੇਗਾ




ਅਫਗਾਨਿਸਤਾਨ ਵਿੱਚ ਤਾਲਿਬਾਨ ਨੇ ਇੱਕ ਵਾਰ ਫਿਰ ਆਪਣੀ ਦਮਨਕਾਰੀ ਨੀਤੀ ਨੂੰ ਅਮਲ ਵਿੱਚ ਲਿਆਂਦਾ ਹੈ। 43 ਮਿਲੀਅਨ ਤੋਂ ਵੱਧ ਨਾਗਰਿਕਾਂ ਨੂੰ ਦੁਨੀਆਂ ਨਾਲ ਜੋੜਨ ਵਾਲੀ ਇੰਟਰਨੈੱਟ ਸੇਵਾ 'ਤੇ ਪੂਰਨ ਪਾਬੰਦੀ ਲਾ ਦਿੱਤੀ ਗਈ ਹੈ। ਇੰਟਰਨੈੱਟ ਨਿਗਰਾਨੀ ਸੰਸਥਾ ਨੈੱਟਬਲਾਕਸ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਟੈਲੀਫੋਨ ਸੇਵਾਵਾਂ ਦੇ ਨਾਲ-ਨਾਲ ਦੇਸ਼ ਵਿੱਚ ਇੰਟਰਨੈੱਟ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ। ਤਾਲਿਬਾਨ ਨੇ ਇਸ ਨੂੰ 'ਨੈਤਿਕਤਾ ਸੰਬੰਧੀ ਉਪਾਅ' ਦੱਸਿਆ ਹੈ।

ਤਾਲਿਬਾਨ ਦੇ ਸਰਵਉੱਚ ਆਗੂ ਮੌਲਵੀ ਹਿਬਤੁੱਲਾ ਅਖੁੰਦਜਾਦਾ ਦੇ ਹੁਕਮ ਨਾਲ 'ਫਾਈਬਰ-ਆਪਟਿਕ ਕੇਬਲ' 'ਤੇ ਪੂਰਨ ਪਾਬੰਦੀ ਲਾਈ ਗਈ ਹੈ। ਉੱਤਰੀ ਬਾਲਖ ਸੂਬੇ ਦੇ ਗਵਰਨਰ ਹਾਜੀ ਜੈਦ ਨੇ ਕਿਹਾ ਕਿ ਇਹ ਪਾਬੰਦੀ 'ਅਨੈਤਿਕ ਗਤੀਵਿਧੀਆਂ' ਰੋਕਣ ਲਈ ਹੈ, ਪਰ ਇਹਨਾਂ ਗਤੀਵਿਧੀਆਂ ਦੀ ਸਪੱਸ਼ਟ ਵਿਆਖਿਆ ਨਹੀਂ ਕੀਤੀ। ਇਸ ਨਾਲ ਮੀਡੀਆ ਅਤੇ ਆਮ ਲੋਕ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਕਾਬੁਲ ਦੇ ਟੋਲੋ ਨਿਊਜ਼ ਟੀਵੀ ਨੇ ਦੱਸਿਆ ਕਿ ਇਸ ਬਲੈਕਆਊਟ ਨੇ ਮੀਡੀਆ ਸੰਸਥਾਵਾਂ ਦੀ ਕਾਰਜਪ੍ਰਣਾਲੀ ਨੂੰ ਬੁਰੀ ਤਰ੍ਹਾਂ ਠੱਪ ਕਰ ਦਿੱਤਾ। ਵਿਦੇਸ਼ਾਂ ਵਿੱਚ ਰਹਿਣ ਵਾਲੇ ਅਫਗਾਨ ਆਪਣੇ ਪਰਿਵਾਰਾਂ ਨਾਲ ਸੰਪਰਕ ਨਹੀਂ ਕਰ ਸਕਦੇ।

ਸਭ ਤੋਂ ਵੱਡਾ ਝਟਕਾ ਅਫਗਾਨ ਕੁੜੀਆਂ ਦੀ ਸਿੱਖਿਆ ਨੂੰ ਲੱਗਾ ਹੈ। ਤਾਲਿਬਾਨ ਦੇ ਛੇਵੀਂ ਜਮਾਤ ਤੋਂ ਅੱਗੇ ਕੁੜੀਆਂ ਦੀ ਸਿੱਖਿਆ 'ਤੇ ਪਾਬੰਦੀ ਤੋਂ ਬਾਅਦ, ਬਹੁਤ ਸਾਰੀਆਂ ਕੁੜੀਆਂ ਵਿਦੇਸ਼ੀ ਅਧਿਆਪਕਾਂ ਜਾਂ ਸੰਸਥਾਵਾਂ ਦੀਆਂ ਔਨਲਾਈਨ ਕਲਾਸਾਂ 'ਤੇ ਨਿਰਭਰ ਸਨ। ਇੰਟਰਨੈੱਟ ਬੰਦ ਹੋਣ ਨਾਲ ਇਹ ਰਾਹ ਵੀ ਬੰਦ ਹੋ ਗਿਆ।

'ਵੂਮੈਨ ਫਾਰ ਅਫਗਾਨ ਵੂਮੈਨ' ਸੰਸਥਾ ਨੇ ਚਿਤਾਵਨੀ ਦਿੱਤੀ ਕਿ ਇਹ ਬਲੈਕਆਊਟ ਨਾ ਸਿਰਫ ਅਫਗਾਨਾਂ ਨੂੰ ਚੁੱਪ ਕਰਵਾ ਰਿਹਾ ਹੈ, ਸਗੋਂ ਉਹਨਾਂ ਦੀ ਜੀਵਨ ਰੇਖਾ ਨੂੰ ਵੀ ਤੋੜ ਰਿਹਾ ਹੈ। ਇਸਦਾ ਮੀਡੀਆ, ਸਿੱਖਿਆ ਅਤੇ ਮਨੁੱਖੀ ਅਧਿਕਾਰਾਂ 'ਤੇ ਇਸ ਦਾ ਗੰਭੀਰ ਅਸਰ ਪਵੇਗਾ। ਤਾਲਿਬਾਨ ਦੀ ਇਹ ਨੀਤੀ ਦੇਸ਼ ਨੂੰ 'ਡਿਜੀਟਲ ਹਨੇਰੇ' ਵਿੱਚ ਧੱਕਣ ਦੀ ਕੋਸ਼ਿਸ਼ ਹੈ, ਜਿਸ ਨਾਲ ਲੋਕਾਂ ਦੀ ਆਵਾਜ ਅਤੇ ਅਜਾਦੀ ਹੋਰ ਸੁੰਗੜ ਜਾਵੇਗੀ।

# ਰੁਪਿੰਦਰ ਕੌਰ ਪੰਧੇਰ ਦੇ ਪਰਵਾਰ ਨੂੰ ਮਿਲਣ ਲੱਗੀਆਂ ਧਮਕੀਆਂ



ਲੁਧਿਆਣਾ : ਤੀਜਾ ਵਿਆਹ ਕਰਵਾਉਣ ਅਮਰੀਕਾ ਤੋਂ ਪੰਜਾਬ ਪੁੱਜੀ ਰੁਪਿੰਦਰ ਕੌਰ ਪੰਧੇਰ ਉਰਫ਼ ਰੂਪੀ ਦੇ ਕਤਲ ਮਾਮਲੇ ਵਿਚ ਪੰਜਾਬ ਪੁਲਿਸ ਉਤੇ ਸਵਾਲ ਉਠਣੇ ਸ਼ੁਰੂ ਹੋ ਗਏ ਹਨ ਅਤੇ ਅਮਰੀਕਾ ਰਹਿੰਦੀ ਭੈਣ ਕਮਲਦੀਪ ਕੌਰ ਖਹਿਰਾ ਨੇ ਦੋਸ਼ ਲਾਇਆ ਕਿ ਤਿੰਨ ਜਣਿਆਂ ਵਿਰੁੱਧ ਕਤਲ ਕੇਸ ਦਰਜ ਹੋਣ ਦੇ ਬਾਵਜੂਦ ਹੁਣ ਤੱਕ ਸਿਰਫ਼ ਇਕ ਗ੍ਰਿਫ਼ਤਾਰੀ ਕੀਤੀ ਗਈ ਹੈ। ਕਮਲਦੀਪ ਕੌਰ ਨੇ ਕਿਹਾ ਕਿ ਜਾਂਚ ਅਧਿਕਾਰੀ ਸ਼ੱਕੀਆਂ ਨੂੰ ਬਚਾਉਣ ਦੇ ਯਤਨ ਕਰ ਰਹੇ ਹਨ ਅਤੇ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਸ਼ੱਕੀਆਂ ਨੂੰ ਸਬੂਤ ਮਿਟਾਉਣ ਦਾ ਮੌਕਾ ਮਿਲ ਰਿਹਾ ਹੈ। ਸਿਰਫ਼ ਐਨਾ ਹੀ ਨਹੀਂ, ਸ਼ੱਕੀਆਂ ਵੱਲੋਂ ਧਮਕੀਆਂ ਦਿਤੀਆਂ ਜਾ ਰਹੀਆਂ ਹਨ ਕਿ ਜੇ ਕੇਸ ਅੱਗੇ ਵਧਾਇਆ ਤਾਂ ਖਤਰਨਾਕ ਸਿੱਟੇ ਭੁਗਤਣਗੇ ਹੋਣਗੇ। ਅਮਰੀਕਾ ਰਹਿੰਦੀ ਭੈਣ ਨੇ ਪੰਜਾਬ ਪੁਲਿਸ ’ਤੇ ਲਾਏ ਗੰਭੀਰ ਦੋਸ਼ ਉਧਰ ਸਹਾਇਕ ਪੁਲਿਸ ਕਮਿਸ਼ਨਰ ਹਰਜਿੰਦਰ ਸਿੰਘ ਗਿੱਲ ਨੇ ਦੋਸ਼ਾਂ ਨੂੰ ਰੱਦ ਕਰਦਿਆਂ ਦਾਅਵਾ ਕੀਤਾ ਕਿ ਪੁਲਿਸ ਸ਼ੱਕੀਆਂ ਨੂੰ ਕਾਬੂ ਕਰਨ ਅਤੇ ਰੁਪਿੰਦਰ ਕੌਰ ਨਾਲ ਸਬੰਧਤ ਵਸਤਾਂ ਬਰਾਮਦ ਕਰਨ ਦਾ ਹਰ ਸੰਭਵ ਯਤਨ ਕਰ ਰਹੀ ਹੈ। ਕਮਲਦੀਪ ਕੌਰ ਦਾ ਕਹਿਣਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਡੀ. ਜੀ. ਪੀ. ਗੌਰਵ ਯਾਦਵ ਅਤੇ ਮਹਿਲਾ ਕਮਿਸ਼ਨ ਦੀ ਮੁਖੀ ਰਾਜ ਗਿੱਲ ਨੂੰ ਈਮੇਲਜ਼ ਭੇਜ ਕੇ ਮਾਮਲੇ ਵਿਚ ਦਖਲ ਦੇਣ ਦੀ ਅਪੀਲ ਕੀਤੀ ਗਈ ਪਰ ਕੋਈ ਫਾਇਦਾ ਨਾ ਹੋਇਆ। ਇਥੇ ਦਸਣਾ ਬਣਦਾ ਹੈ ਕਿ ਕਿਲਾਰਾਏਪੁਰ ਦੇ ਵਸਨੀਕ ਅਤੇ ਰੁਪਿੰਦਰ ਕੌਰ ਦੇ ਰਿਸ਼ਤੇਦਾਰ ਪੁਲਿਸ ਦੀ ਕਹਾਣੀ ਉਤੇ ਯਕੀਨ ਕਰਨ ਨੂੰ ਤਿਆਰ ਨਹੀਂ। ਉਨ੍ਹਾਂ ਦਾ ਕਹਿਣਾ ਹੈ ਕਿ ਪਿੰਡ ਦੇ ਐਨ ਵਿਚਕਾਰ ਸਥਿਤ ਘਰ ਵਿਚ ਇਕ ਔਰਤ ਦਾ ਕਤਲ ਕਰ ਕੇ ਉਸ ਦੀ ਲਾਸ਼ ਸਾੜਨਾ ਸੌਖਾ ਕੰਮ ਨਹੀਂ। ਘਰ ਵਿਚੋਂ ਉਠਣ ਵਾਲੇ ਧੂੰਏਂ ਰਾਹੀਂ ਆਂਢ-ਗੁਆਂਢ ਦੇ ਲੋਕਾਂ ਨੂੰ ਤੁਰੰਤ ਪਤਾ ਲੱਗ ਜਾਂਦਾ ਪਰ ਇਥੇ ਕਿਸੇ ਨੂੰ ਕੰਨੋ ਕੰਨ ਖ਼ਬਰ ਨਾ ਹੋਈ।

## ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ ’ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....

**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ’ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ ’ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਤਿੰਨ ਜਾਂ ਇਸ ਤੋਂ ਜ਼ਿਆਦਾਂ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...

### ਘਰ ਦਾ ਕੰਮ

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Take a Punjabi news paper or a Punjabi book, find & write three letter mukta words which have either of the following letters in it.
ੳ, ਅ, ੲ, ਸ, ਹ

*"ੳ" ਅਤੇ "ੲ" ਨਾਲ ਮੁਕਤਾ ਸ਼ਬਦ ਨਹੀਂ ਬਣਦੇ ।*

ਸਿੱਖਿਆ - ਗੁਰਮੁਖੀ Page 37 Level I

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਨਵੀਂ ਕਮੇਟੀ ਦੀਆਂ 5 ਅਕਤੂਬਰ 2025 ਨੂੰ ਹੋ ਰਹੀਆਂ ਚੋਣਾਂ ਦੌਰਾਨ ਸ਼ੇਰ ਗਰੁੱਪ ਦੇ 21 ਉਮੀਦਵਾਰਾਂ ਨੂੰ ਵੋਟਾਂ ਪਾ ਕੇ ਸੇਵਾ ਬਖਸ਼ੋ ਜੀ



**S. Gurmail Singh Malhi**
Sewadar Sher Group

## SHER GROUP
## Candidates



**S. Didar Singh Randhawa**
Chairman Sher Group

VOTE



S. Harjit Singh
ਸ. ਹਰਜੀਤ ਸਿੰਘ



S. Surinder Singh Dhatt
ਸ. ਸੁਰਿੰਦਰ ਸਿੰਘ ਢੱਟ



S. Gurbachan Singh Athwal
ਸ. ਗੁਰਬਚਨ ਸਿੰਘ ਅਠਵਾਲ



S. Sharnbir Singh Moon Sangha
ਸ. ਸ਼ਰਨਬੀਰ ਸਿੰਘ ਮੂਨ ਸੰਘਾ



Bibi Surjeet Kaur Bassi
ਬੀਬੀ ਸੁਰਜੀਤ ਕੌਰ ਬਾਸੀ



Bibi Kamal Preet Kaur
ਬੀਬੀ ਕਮਲਪ੍ਰੀਤ ਕੌਰ



Bibi Kiranjeet Kaur
ਬੀਬੀ ਕਿਰਨਜੀਤ ਕੌਰ



S. Baljinder Singh Hansra
ਸ. ਬਲਜਿੰਦਰ ਸਿੰਘ ਹੰਸਰਾ



S. Jai Simran Singh
ਸ. ਜੈ ਸਿਮਰਨ ਸਿੰਘ



S. Manjit Singh
ਸ. ਮਨਜੀਤ ਸਿੰਘ



S. Satnam Singh Chauhan
ਸ. ਸਤਨਾਮ ਸਿੰਘ ਚੌਹਾਨ



S. Jaswant Singh Mand
ਸ. ਜਸਵੰਤ ਸਿੰਘ ਮੰਡ



S. Kewal Singh Randeva
ਸ. ਕੇਵਲ ਸਿੰਘ ਰਣਦੇਵਾ



S. Gurdeep Singh
ਸ. ਗੁਰਦੀਪ ਸਿੰਘ



S. Joginder Singh
ਸ. ਜੋਗਿੰਦਰ ਸਿੰਘ



S. Ishtmeet Singh Phull
ਸ. ਇਸ਼ਟਮੀਤ ਸਿੰਘ ਫੁੱਲ



S. Ajmer Singh Virdee
ਸ. ਅਜਮੇਰ ਸਿੰਘ ਵਿਰਦੀ



S. Parmjit Singh Dhaliwal
ਸ. ਪ੍ਰਮਜੀਤ ਸਿੰਘ ਧਾਲੀਵਾਲ



S. Amrik Singh
ਸ. ਅਮਰੀਕ ਸਿੰਘ



S. Gulzar Singh Chatrath
ਸ. ਗੁਲਜ਼ਾਰ ਸਿੰਘ ਚਿੱਤਰਥ


**ਬੇਨਤੀ ਕਰਤਾ: ਸ਼ੇਰ ਗਰੁੱਪ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਅਤੇ ਸਮੂਹ ਸਹਿਯੋਗੀ ਤੇ ਸਾਧ ਸੰਗਤ**

| | |
|---|---|
| Gurmail Singh Malhi<br>ਗੁਰਮੇਲ ਸਿੰਘ ਮੱਲੀ | X |
| Harjit Singh<br>ਹਰਜੀਤ ਸਿੰਘ | X |
| Surinder Singh Dhatt<br>ਸੁਰਿੰਦਰ ਸਿੰਘ ਢੱਟ | X |
| Gurbachan Singh Athwal<br>ਗੁਰਬਚਨ ਸਿੰਘ ਅਠਵਾਲ | X |
| Sharnbir Singh Moon Sangha<br>ਸ਼ਰਨਬੀਰ ਸਿੰਘ ਮੂਨ ਸੰਘਾ | X |
| Bibi Surjeet Kaur Bassi<br>ਬੀਬੀ ਸੁਰਜੀਤ ਕੌਰ ਬਾਸੀ | X |
| Bibi Kamal Preet Kaur<br>ਬੀਬੀ ਕਮਲਪ੍ਰੀਤ ਕੌਰ | X |
| Bibi Kiranjeet Kaur<br>ਬੀਬੀ ਕਿਰਨਜੀਤ ਕੌਰ | X |
| Baljinder Singh Hansra<br>ਬਲਜਿੰਦਰ ਸਿੰਘ ਹੰਸਰਾ | X |
| Jai Simran Singh<br>ਜੈ ਸਿਮਰਨ ਸਿੰਘ | X |
| Manjit Singh<br>ਮਨਜੀਤ ਸਿੰਘ | X |
| Satnam Singh Chauhan<br>ਸਤਨਾਮ ਸਿੰਘ ਚੌਹਾਨ | X |
| Jaswant Singh Mand<br>ਜਸਵੰਤ ਸਿੰਘ ਮੰਡ | X |
| Kewal Singh Randeva<br>ਕੇਵਲ ਸਿੰਘ ਰਣਦੇਵਾ | X |
| Gurdeep Singh<br>ਗੁਰਦੀਪ ਸਿੰਘ | X |
| Joginder Singh<br>ਜੋਗਿੰਦਰ ਸਿੰਘ | X |
| Ishtmeet Singh Phull<br>ਇਸ਼ਟਮੀਤ ਸਿੰਘ ਫੁੱਲ | X |
| Ajmer Singh Virdee<br>ਅਜਮੇਰ ਸਿੰਘ ਵਿਰਦੀ | X |
| Parmjit Singh Dhaliwal<br>ਪ੍ਰਮਜੀਤ ਸਿੰਘ ਧਾਲੀਵਾਲ | X |
| Amrik Singh<br>ਅਮਰੀਕ ਸਿੰਘ | X |
| Gulzar Singh Chatrath<br>ਗੁਲਜ਼ਾਰ ਸਿੰਘ ਚਿੱਤਰਥ | X |

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਏਕੇ-47 ਬੰਦੂਕ ਦੁਨੀਆਂ ਦਾ ਸਭ ਤੋਂ ਖਤਰਨਾਕ ਕਮਾਂਡੋ ਹਥਿਆਰ

**ਖਾਸ ਖਬਰ** ✪ ਠੰਡੀ ਜੰਗ ਤੋਂ ਖਾੜਕੂਵਾਦ ਤੱਕ ਏਕੇ-47 ਦਾ ਗਲੋਬਲ ਰਾਜ ✪ ਭਾਰਤ ਵਿੱਚ ਏਕੇ-47 ਪੰਜਾਬ ਤੋਂ ਕਸ਼ਮੀਰ ਤੱਕ, ਫੌਜ ਤੇ ਖ਼ਾੜਕੂਆਂ ਦੀ ਰਹੀ ਪਸੰਦ ✪ ਲੱਖਾਂ ਜਾਨਾਂ ਲੈਣ ਵਾਲੀ ਰਾਈਫਲ ਦੀ ਕਾਲੇ ਬਜ਼ਾਰ ਦੀ ਹਕੀਕਤ





ਦੁਨੀਆਂ ਵਿੱਚ ਏਕੇ-47 ਅਜਿਹਾ ਕਮਾਂਡੋ ਹਥਿਆਰ ਹੈ ਜੋ ਫੌਜ,ਪੁਲਿਸ ਖ਼ਾੜਕੂਆਂ ਵਿਚ ਮਨਪਸੰਦ ਹਥਿਆਰ ਹੈ। ਇਸ ਬੰਦੂਕ ਦੀ ਕਹਾਣੀ ਸ਼ੁਰੂ ਹੁੰਦੀ ਹੈ ਸੋਵੀਅਤ ਯੂਨੀਅਨ ਦੇ ਇੱਕ ਨੌਜਵਾਨ ਟੈਂਕ ਸਿਪਾਹੀ ਮਿਖਾਇਲ ਕਲਾਸ਼ਨਿਕੋਵ ਤੋਂ। 1940 ਦੇ ਦਹਾਕੇ ਵਿੱਚ ਦੂਜੇ ਵਿਸ਼ਵ ਯੁੱਧ ਦੌਰਾਨ ਮਿਖਾਇਲ ਘਾਇਲ ਹੋ ਗਿਆ ਸੀ। ਕਿਹਾ ਜਾਂਦਾ ਹੈ ਕਿ ਉਸ ਦੀ ਬੰਦੂਕ ਜਾਮ ਹੋਣ ਕਾਰਨ ਇਹ ਹੋਇਆ। ਇਸ ਤਜਰਬੇ ਨੇ ਉਸ ਨੂੰ ਇੱਕ ਅਜਿਹੀ ਰਾਇਫਲ ਬਣਾਉਣ ਲਈ ਪ੍ਰੇਰਿਤ ਕੀਤਾ ਜੋ ਸਿਪਾਹੀਆਂ ਲਈ ਭਰੋਸੇਯੋਗ ਹੋਵੇ , ਜਿਸ ਨੂੰ ਚਲਾਉਣਾ ਆਸਾਨ ਹੋਵੇ ਅਤੇ ਰੱਖ-ਰਖਾਵ ਲਈ ਸੌਖਾ ਹੋਵੇ। 1947 ਵਿੱਚ ਉਸ ਦੀ ਟੀਮ ਨੇ ਆਟੋਮੈਟਿਕ ਕਲਾਸ਼ਨਿਕੋਵ (ਏਕੇ-47) ਦਾ ਡਿਜ਼ਾਇਨ ਪੇਸ਼ ਕੀਤਾ। ਦੋ ਸਾਲਾਂ ਦੀ ਮਿਹਨਤ, ਕਈ ਅਸਫ਼ਲਤਾਵਾਂ ਤੋਂ ਬਾਅਦ ਇਹ ਤਿਆਰ ਹੋਈ। 18 ਜੂਨ 1949 ਨੂੰ ਸੋਵੀਅਤ ਫੌਜ ਨੇ ਇਸ ਨੂੰ ਅਧਿਕਾਰਕ ਤੌਰ 'ਤੇ ਅਪਣਾ ਲਿਆ।

ਏਕੇ-47 ਗੈਸ-ਆਪਰੇਟਡ ਰਾਇਫਲ ਸੀ ਜਿਸ ਵਿੱਚ ਲੌਂਗ-ਸਟ੍ਰੋਕ ਪਿਸਟਨ ਸਿਸਟਮ ਸੀ, ਜੋ ਘੱਟ ਪਾਰਟਸ ਨਾਲ ਬਣੀ ਸੀ। ਇਸ ਦੀ ਟਾਲਰੈਂਸ ਇੰਨੀ ਵੱਧ ਸੀ ਕਿ ਹਨੇਰੀ, ਬਾਰਿਸ਼ ਵਿੱਚ ਵੀ ਇਹ ਜਾਮ ਨਹੀਂ ਹੁੰਦੀ ਸੀ। ਸਭ ਤੋਂ ਵੱਡੀ ਗੱਲ, ਇਹ ਸਸਤੀ ਸੀ - ਬਾਕੀ ਰਾਈਫਲਾਂ ਨਾਲੋਂ ਘੱਟ ਖਰਚੇ ਵਿੱਚ ਬਣਦੀ ਸੀ। ਇਸ ਯੂਜ਼ਰ-ਫ੍ਰੈਂਡਲੀ ਨੇ ਇਸ ਨੂੰ ਪੇਸ਼ੇਵਰ ਫੌਜਾਂ ਤੋਂ ਲੈ ਕੇ ਖ਼ਾੜਕੂਆਂ ਤੱਕ ਹਰ ਹੱਥ ਵਿੱਚ ਪਹੁੰਚਾ ਦਿੱਤਾ।

ਠੰਡੀ ਜੰਗ ਦੇ ਦਹਾਕਿਆਂ ਵਿੱਚ ਸੋਵੀਅਤ ਯੂਨੀਅਨ ਅਤੇ ਚੀਨ ਨੇ ਏਕੇ-47 ਨੂੰ ਆਪਣੇ ਮਿੱਤਰ ਦੇਸ਼ਾਂ ਅਤੇ ਆਜ਼ਾਦੀ ਦੀ ਲੜਾਈ ਲੜਨ ਵਾਲੇ ਕ੍ਰਾਂਤੀਕਾਰੀਆਂ ਤੱਕ ਪਹੁੰਚਾ ਦਿੱਤਾ। ਨਤੀਜਾ ਇਹ ਹੋਇਆ ਕਿ ਏਕੇ-47 ਅਤੇ ਇਸ ਦੇ ਵੈਰੀਐਂਟਸ ਦਾ ਘਰੇਲੂ ਉਤਪਾਦਨ ਸ਼ੁਰੂ ਹੋ ਗਿਆ। ਕਈ ਦੇਸ਼ਾਂ ਵਿੱਚ ਲਾਇਸੈਂਸ ਨਾਲ, ਤਾਂ ਕਈ ਵਿੱਚ ਗੈਰ-ਕਾਨੂੰਨੀ ਕਾਪੀਆਂ ਜਿਵੇਂ 'ਖੈਬਰ ਪਾਸ ਕਾਪੀ' ਨੇ ਇਸ ਦੀ ਗਿਣਤੀ ਵਧਾ ਦਿੱਤੀ। ਅੰਦਾਜ਼ੇ ਮੁਤਾਬਕ ਦੁਨੀਆਂ ਵਿੱਚ 70 ਤੋਂ 100 ਮਿਲੀਅਨ ਤੱਕ ਏਕੇ ਸੀਰੀਜ਼ ਦੀਆਂ ਰਾਇਫਲਾਂ ਹਨ, ਕੁਝ ਅਧਿਐਨਾਂ ਵਿੱਚ 100 ਮਿਲੀਅਨ ਤੱਕ। ਸਹੀ ਗਿਣਤੀ ਦੱਸਣਾ ਮੁਸ਼ਕਲ ਹੈ ਕਿਉਂਕਿ ਅੱਜ ਇਹ ਹਰ ਜਗ੍ਹਾ ਬਣ ਰਹੀਆਂ ਹਨ।

ਇਸ ਨੇ 10 ਲੱਖ ਤੋਂ ਵੱਧ ਜਾਨਾਂ ਲਈਆਂ ਹਨ, ਫਿਲਮਾਂ, ਗੇਮਜ਼ ਅਤੇ ਰਾਜਨੀਤਿਕ ਪੋਸਟਰਾਂ ਵਿੱਚ ਵੀ ਇਹ ਵਿਖਾਈ ਦਿੰਦੀ ਹੈ। ਇਸ ਦੇ ਅਪਗ੍ਰੇਡ ਵੈਰੀਐਂਟਸ ਜਿਵੇਂ ਏਕੇਐੱਮ (ਹਲਕੀ ਅਤੇ ਸਟੈਂਪਡ ਰਿਸੀਵਰ ਵਾਲੀ), 1970 ਵਿੱਚ ਆਈ ਏਕੇ-74 (5.45ਮਮ), ਅਤੇ ਅੱਜ ਦੇ ਰੂਸੀ ਏਕੇ-12 ਅਤੇ ਏਕੇ-203 ਨੇ ਬਜ਼ਾਰ ਵਿੱਚ ਜਗ੍ਹਾ ਬਣਾਈ। ਚੀਨ ਨੇ ਵੀ ਏਕੇ-56 ਵਰਜਨ ਬਣਾਇਆ।

ਭਾਰਤ ਵਿੱਚ ਏਕੇ-47 ਅਤੇ ਇਸ ਦੇ ਵੈਰੀਐਂਟਸ ਦਾ ਉਤਪਾਦਨ ਹੁਣ ਭਾਰੀ ਪੱਧਰ 'ਤੇ ਹੋ ਰਿਹਾ ਹੈ। 2020 ਵਿੱਚ ਭਾਰਤ ਅਤੇ ਰੂਸ ਨੇ 7,70,000 ਏਕੇ-203 ਰਾਇਫਲਾਂ ਦਾ ਡੀਲ ਕੀਤਾ, ਜਿਸ ਵਿੱਚੋਂ 1,00,000 ਨੂੰ ਡਾਇਰੈਕਟ ਇੰਪੋਰਟ ਕੀਤਾ ਗਿਆ ਅਤੇ ਬਾਕੀ 6,70,000 ਨੂੰ ਉੱਤਰ ਪ੍ਰਦੇਸ਼ ਦੇ ਅਮੇਠੀ ਜ਼ਿਲ੍ਹੇ ਦੇ ਕੋਰਵਾ ਆਰਡਨੈਂਸ ਫੈਕਟਰੀ ਵਿੱਚ ਬਣਾਇਆ ਜਾ ਰਿਹਾ ਹੈ। ਇੰਡੋ-ਰੂਸ਼ੀਆ ਰਾਇਫਲ ਪ੍ਰਾਈਵੇਟ ਲਿਮਟਿਡ (ਆਈਆਰਆਰਪੀਐੱਲ) ਨੇ 2023 ਵਿੱਚ ਉਤਪਾਦਨ ਸ਼ੁਰੂ ਕੀਤਾ, ਅਤੇ 2025 ਤੱਕ ਪੂਰਾ ਲੋਕਲਾਈਜ਼ੇਸ਼ਨ ਹੋ ਗਿਆ ਹੈ। ਇਹ ਰਾਇਫਲਾਂ ਭਾਰਤੀ ਫੌਜ ਵਿੱਚ ਵਰਤੀਆਂ ਜਾ ਰਹੀਆਂ ਹਨ। ਇਸ ਤੋਂ ਪਹਿਲਾਂ ਵੀ ਭਾਰਤ ਨੇ ਬੁਲਗੇਰੀਅਨ ਅਤੇ ਰੋਮਾਨੀਅਨ ਏਕੇ-47 ਇੰਪੋਰਟ ਕੀਤੀਆਂ, ਜੋ ਹੁਣ ਵੀ ਵਰਤੀਆਂ ਜਾਂਦੀਆਂ ਹਨ।

## ਪੰਜਾਬ ਵਿੱਚ ਖ਼ਾਲਿਸਤਾਨੀ ਖ਼ਾੜਕੂਆਂ ਲਈ ਏਕੇ-47 ਮਨਪਸੰਦ ਕਿਉਂ ਸੀ ?

1980-90 ਦੇ ਦਹਾਕੇ ਵਿੱਚ ਬੱਬਰ ਖਾਲਸਾ, ਖ਼ਾਲਿਸਤਾਨ ਲਿਬਰੇਸ਼ਨ ਫੋਰਸ (ਕੇਐੱਲਐੱਫ) ਅਤੇ ਖ਼ਾਲਿਸਤਾਨ ਕਮਾਂਡੋ ਫੋਰਸ (ਕੇਸੀਐੱਫ) ਵਰਗੇ ਗਰੁੱਪਾਂ ਨੇ ਇਸ ਨੂੰ ਵਰਤਿਆ। ਇਸ ਦੀ ਭਰੋਸੇ ਯੋਗਤਾ, ਆਸਾਨ ਵਰਤੋਂ ਅਤੇ ਬਹੁਤ ਜ਼ਿਆਦਾ ਫਾਇਰਿੰਗ ਰੇਟ (600 ਗੋਲੀਆਂ ਪ੍ਰਤੀ ਮਿੰਟ) ਕਾਰਨ ਇਹ ਖਾੜਕੂਆਂ ਦਾ ਮਨਪਸੰਦ ਹਥਿਆਰ ਰਹੀ। ਪੰਜਾਬ ਦੇ ਖਾੜਕੂਆਂ ਨੂੰ ਪਾਕਿਸਤਾਨ ਤੋਂ ਸਪਲਾਈ ਹੁੰਦੀ ਸੀ। 1991 ਵਿੱਚ ਪੰਜਾਬ ਪੁਲਿਸ ਨੇ ਵੀ 1,000 ਤੋਂ ਵੱਧ ਏਕੇ-47 ਖਰੀਦੀਆਂ ਤਾਂ ਜੋ ਖ਼ਾੜਕੂਆਂ ਨਾਲ ਮੁਕਾਬਲਾ ਕਰ ਸਕੇ। ਅੱਜ ਵੀ ਇਹ ਪੰਜਾਬ ਵਿੱਚ ਕਾਲੇ ਬਜ਼ਾਰ ਵਿੱਚ ਮੌਜੂਦ ਹੈ, ਜਿਸ ਨੇ ਕਈ ਵਾਰ ਸ਼ਾਂਤੀ ਨੂੰ ਖ਼ਤਰੇ ਵਿੱਚ ਪਾਇਆ। ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲ ਦਾ ਕਤਲ ਵੀ ਗੈਂਗਸਟਰਾਂ ਨੇ ਇਸ ਹਥਿਆਰ ਨਾਲ ਕੀਤਾ ਗਿਆ।

ਵਿਸ਼ਵ ਪੱਧਰ 'ਤੇ ਅੱਜ ਵੀ ਖ਼ਾੜਕੂਆਂ ਲਈ ਏਕੇ-47 ਪਹਿਲੀ ਚੋਣ ਹੈ। ਅਫ਼ਗਾਨਿਸਤਾਨ ਵਿੱਚ ਤਾਲਿਬਾਨ ਨੇ ਅਮਰੀਕੀ ਫੌਜ ਦੀਆਂ ਛੱਡੀਆਂ ਏਕੇ-47 ਨੂੰ ਵਰਤਿਆ, ਜਦਕਿ ਇਰਾਕ-ਸੀਰੀਆ ਵਿੱਚ ਆਈ ਐੱਸ ਆਈ ਐੱਸ ਨੇ ਇਸ ਨਾਲ ਹਜ਼ਾਰਾਂ ਨੂੰ ਮਾਰਿਆ ਗਿਆ। ਅਫ਼ਰੀਕਾ ਵਿੱਚ ਕੌਂਗੋ ਦੇ ਵਿਦਰੋਹੀ ਗਰੁੱਪਾਂ, ਯੇਮਨ ਵਿੱਚ ਹੂਥੀ ਲੜਾਈਬਾਜ਼ਾਂ ਅਤੇ ਕੋਲੰਬੀਆ ਦੇ ਨਾਰਕੋ-ਟੈਰਰਿਸਟਾਂ ਨੇ ਵੀ ਇਸ ਨੂੰ ਅਪਣਾਇਆ। ਯੂਰਪ ਵਿੱਚ ਚਾਰਲੀ ਹੈਬਡੋ ਅਤੇ ਪੈਰਿਸ ਹਮਲਿਆਂ ਵਿੱਚ ਵੀ ਏਕੇ ਵਰਜਨ ਵਰਤੇ ਗਏ। ਕਸ਼ਮੀਰ ਵਿੱਚ ਜੈਸ਼-ਏ-ਮੁਹੰਮਦ (ਜੇਐੱਲਐੱਮ) ਅਤੇ ਹਿੰਦਰ ਅਤੇ ਲਸ਼ਕਰ-ਏ-ਤੋਇਬਾ ਵਰਗੇ ਗਰੁੱਪ 2025 ਪਹਿਲਗਾਮ ਹਮਲੇ ਵਿੱਚ ਵੀ ਏਕੇ-47 ਅਤੇ ਐੱਮ-4 ਨਾਲ 26 ਨੂੰ ਮਾਰ ਚੁੱਕੇ ਹਨ। ਇਹ ਪਾਕਿਸਤਾਨੀ ਲਾਈਨ ਆਫ਼ ਕੰਟਰੋਲ ਤੋਂ ਸਮੁੱਗਲ ਹੁੰਦੀ ਹੈ। ਮਣੀਪੁਰ ਵਿੱਚ ਪੀਪਲਜ਼ ਲਿਬਰੇਸ਼ਨ ਆਰਮੀ (ਪੀਐੱਲਐੱਏ), ਯੂਨਾਈਟਡ ਨੈਸ਼ਨਲ ਲਿਬਰੇਸ਼ਨ ਫਰੰਟ (ਯੂਐੱਨਐੱਲਐੱਫ) ਅਤੇ ਕੰਗਲੇਪੱਕ ਕਮਿਊਨਿਸਟ ਪਾਰਟੀ (ਕੇਸੀਪੀ) ਵਰਗੇ ਗਰੁੱਪ 2023 ਦੇ ਏਥਨਿਕ ਹਿੰਸਾ ਤੋਂ ਬਾਅਦ ਲੁੱਟੀਆਂ ਗਈਆਂ ਏਕੇ-47 ਨੂੰ ਸਨਾਈਪਰ ਰਾਇਫਲਾਂ ਵਿੱਚ ਬਦਲ ਰਹੇ ਹਨ। ਮਈਤੀ ਅਤੇ ਕੁੱਕੀ ਕਮਿਊਨਿਟੀਆਂ ਦੇ ਵਿਦਰੋਹੀ ਇਸ ਨਾਲ ਲੰਮੀ ਦੂਰੀ ਵਾਲੇ ਹਮਲੇ ਕਰ ਰਹੇ ਹਨ। ਨੌਰਥ-ਈਸਟ ਵਿੱਚ ਨਾਗਾ ਗਰੁੱਪ ਜਿਵੇਂ ਐੱਨਐੱਸਸੀਐੱਨ (ਆਈਐੱਮ) ਅਤੇ ਐੱਨਐੱਸਸੀਐੱਨ (ਕੇ) ਵੀ ਇਸ ਨੂੰ ਵਰਤਦੇ ਹਨ, ਜੋ ਆਜ਼ਾਦ ਨਾਗਾਲੈਂਡ ਲਈ ਲੜ ਰਹੇ ਹਨ। ਤ੍ਰਿਪੁਰਾ ਅਤੇ ਅਸਾਮ ਵਿੱਚ ਵੀ ਬ੍ਰੂ (ਰਿਆਂਗ) ਅਤੇ ਚਾਕਮਾ ਟ੍ਰਾਈਬਲ ਗਰੁੱਪ ਇਸ ਨਾਲ ਵਿਰੋਧ ਕਰਦੇ ਹਨ।

ਇਹ ਹਥਿਆਰ ਭਾਰਤੀ ਫੌਜ ਅਤੇ ਪੁਲਿਸ ਲਈ ਵੀ ਚੁਣੌਤੀ ਹੈ, ਪਰ ਉਹ ਵੀ ਇਸ ਨੂੰ ਵਰਤਦੇ ਹਨ। ਫੌਜ ਵਿੱਚ ਏਕੇਐੱਮ ਅਤੇ ਬੁਲਗੇਰੀਅਨ ਏਕੇ ਵੈਰੀਐਂਟਸ ਕਾਊਂਟਰ-ਇਨਸਰਜੈਂਸੀ ਆਪ੍ਰੇਸ਼ਨਾਂ ਵਿੱਚ ਵਰਤੇ ਜਾਂਦੇ ਹਨ। ਅੱਜ ਏਕੇ-203 ਨੂੰ ਫੌਜ ਵਿੱਚ ਐੱਨ ਐੱਸ ਐੱਸ ਨੂੰ ਬਦਲਣ ਲਈ ਅਪਣਾਇਆ ਜਾ ਰਿਹਾ ਹੈ, ਜੋ 27,000 ਤੱਕ ਪਹੁੰਚ ਚੁੱਕੀ ਹੈ। ਪੁਲਿਸ ਵਿੱਚ ਵੀ ਇਹ ਐੱਸਐੱਸਜੀ (ਸਪੈਸ਼ਲ ਸਕਿਓਰਟੀ ਗਰੁੱਪ) ਵਿੱਚ ਵਰਤੀ ਜਾਂਦੀ ਹੈ। ਪਰ ਆਮ ਲੋਕਾਂ ਲਈ ਇਹ ਗੈਰ-ਕਾਨੂੰਨੀ ਹੈ।





# ਭਾਰਤ-ਕੈਨੇਡਾ ਸਬੰਧਾਂ ਵਿਚਾਲੇ ਨਵੀਂ ਸ਼ੁਰੂਆਤ: ਡੋਵਾਲ-ਡਰੁਆਇਨ ਮੁਲਾਕਾਤ ਨੇ ਜਗਾਈ ਉਮੀਦ

**✪ ਖਾਲਿਸਤਾਨੀ ਵਿਵਾਦ 'ਤੇ ਕੈਨੇਡਾ ਦਾ ਨਰਮ ਰੁਖ਼: ਕੀ ਸੁਧਰੇਗਾ ਭਾਰਤ ਨਾਲ ਰਿਸ਼ਤਾ? ✪ ਕਾਰਨੀ ਸਰਕਾਰ ਦੀ ਨਵੀਂ ਪਹਿਲ: ਪੁਲਿਸ ਜਾਂਚ 'ਚ ਭਾਰਤ ਦਾ ਸਹਿਯੋਗ, ਗੱਲਬਾਤ ਦਾ ਰਾਹ ਖੁੱਲ੍ਹਾ ✪ ਖਾਲਿਸਤਾਨੀ ਮੁਹਿੰਮ 'ਤੇ ਕੈਨੇਡਾ ਦੀ ਚੁੱਪੀ: ਕੀ ਲੱਗੇਗੀ ਪਾਬੰਦੀ?**

## ਨਿਊਜ਼ ਵਿਸ਼ਲੇਸ਼ਣ

ਓਟਾਵਾ (ਵਿਸ਼ੇਸ਼ ਪ੍ਰਤੀਨਿਧੀ)-ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਵਾਈ ਵਾਲੀ ਸਰਕਾਰ ਨੇ ਭਾਰਤ ਨਾਲ ਸਬੰਧਾਂ ਨੂੰ ਸੁਧਾਰਨ ਦੇ ਸੰਕੇਤ ਦਿੱਤੇ ਹਨ। ਜਸਟਿਨ ਟਰੂਡੋ ਦੇ ਸਮੇਂ ਵਿੱਚ ਭਾਰਤ ਨਾਲ ਆਏ ਤਣਾਅ ਦੇ ਉਲਟ, ਹੁਣ ਕੈਨੇਡਾ ਵੱਲੋਂ ਸਕਾਰਾਤਮਕ ਰਵੱਈਆ ਅਪਣਾਇਆ ਜਾ ਰਿਹਾ ਹੈ। ਕੈਨੇਡਾ ਦੀ ਰਾਸ਼ਟਰੀ ਸੁਰੱਖਿਆ ਅਤੇ ਖੁਫੀਆ ਸਲਾਹਕਾਰ ਨੈਥਾਲੀ ਡਰੁਆਇਨ ਨੇ ਕਿਹਾ ਹੈ ਕਿ ਭਾਰਤ ਅਤੇ ਕੈਨੇਡਾ ਨੇ ਆਪਸੀ ਚਿੰਤਾਵਾਂ ਨੂੰ ਦੂਰ ਕਰਨ ਅਤੇ ਵਪਾਰਕ ਸਬੰਧਾਂ 'ਤੇ ਗੱਲਬਾਤ ਲਈ ਰਸਤਾ ਲੱਭ ਲਿਆ ਹੈ। ਭਾਰਤੀ ਐੱਨਐੱਸਏ ਅਜੀਤ ਡੋਵਾਲ ਨਾਲ ਮੁਲਾਕਾਤ ਤੋਂ ਕੁਝ ਦਿਨਾਂ ਬਾਅਦ ਉਨ੍ਹਾਂ ਨੇ ਇਹ ਬਿਆਨ ਜਾਰੀ ਕੀਤਾ ਹੈ। ਇਹ ਵਿਕਾਸ ਦੋਹਾਂ ਦੇਸ਼ਾਂ ਵਿਚਕਾਰ ਲੰਮੇ ਸਮੇਂ ਤੋਂ ਚੱਲ ਰਹੇ ਤਣਾਅ ਨੂੰ ਖਤਮ ਕਰਨ ਵੱਲ ਇੱਕ ਵੱਡਾ ਕਦਮ ਹੈ।

ਗੁਰੂਵਾਰ ਨੂੰ ਡਰੁਆਇਨ ਨੇ ਕਿਹਾ ਕਿ ਬੀਤੇ ਹਫ਼ਤੇ ਡੋਵਾਲ ਨਾਲ ਉਨ੍ਹਾਂ ਦੀ ਮੁਲਾਕਾਤ ਦੇ ਨਤੀਜੇ ਚੰਗੇ ਆਏ ਹਨ। ਕੈਨੇਡਾ ਅਤੇ ਭਾਰਤ ਨੇ ਆਪਣੀਆਂ ਆਪਣੀਆਂ ਚਿੰਤਾਵਾਂ 'ਤੇ ਚਰਚਾ ਲਈ ਸੰਚਾਰ ਮਾਧਿਅਮਾਂ ਨੂੰ ਮੁੜ ਸਥਾਪਿਤ ਕੀਤਾ ਹੈ। ਨਾਲ ਹੀ ਉਨ੍ਹਾਂ ਨੇ ਇਹ ਵੀ ਕਿਹਾ ਕਿ ਭਾਰਤ ਨੇ ਕੈਨੇਡੀਅਨ ਪੁਲਿਸ ਜਾਂਚ ਵਿੱਚ ਸਹਿਯੋਗ ਕਰੇਗਾ ਅਤੇ ਅੱਤਵਾਦ ਬਾਰੇ ਜਾਣਕਾਰੀ ਸਾਂਝੀ ਕਰਨ ਦੀ ਵਚਨਬੱਧਤਾ ਜ਼ਾਹਰ ਕੀਤੀ ਹੈ। ਹਾਲਾਂਕਿ ਉਨ੍ਹਾਂ ਨੇ ਕਿਸੇ ਵਿਸ਼ੇਸ਼ ਕੇਸ ਦੀ ਜਾਂਚ ਦਾ ਜ਼ਿਕਰ ਨਹੀਂ ਕੀਤਾ। ਇਹ ਬਿਆਨ ਕੈਨੇਡੀਅਨ ਖੁਫੀਆ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਹੈ, ਜੋ ਇੱਕ ਚੰਗਾ ਰਾਜਨੀਤਕ ਸੰਕੇਤ ਵੀ ਹੈ।

ਤਣਾਅ ਦੇ ਜੜ੍ਹਾਂ: ਖਾਲਿਸਤਾਨੀ ਅੱਤਵਾਦ ਨੇ ਡਿੱਗੇ ਸਬੰਧ-ਭਾਰਤ ਅਤੇ ਕੈਨੇਡਾ ਦੇ ਸਬੰਧ ਪਿਛਲੇ ਕੁਝ ਸਾਲਾਂ ਤੋਂ ਤਣਾਅ ਦੇ ਦੌਰ ਤੋਂ ਲੰਘ ਰਹੇ ਹਨ। ਇਸ ਦੀ ਸ਼ੁਰੂਆਤ 2023 ਵਿੱਚ ਹੋਈ ਸੀ, ਜਦੋਂ ਤਤਕਾਲੀਨ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਖੁੱਲ੍ਹੇ ਤੌਰ 'ਤੇ ਭਾਰਤ ਸਰਕਾਰ 'ਤੇ ਖਾਲਿਸਤਾਨੀ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਵਿੱਚ ਭੂਮਿਕਾ ਨਿਭਾਉਣ ਦਾ ਇਲਜ਼ਾਮ ਲਗਾਇਆ। ਨਿੱਜਰ, ਜੋ ਕੈਨੇਡਾ ਵਿੱਚ ਰਹਿੰਦੇ ਸਨ ਅਤੇ ਖਾਲਿਸਤਾਨ ਲਈ ਪ੍ਰਚਾਰ ਕਰਦੇ ਸਨ, ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਇੱਕ ਗੁਰਦੁਆਰੇ ਦੇ ਬਾਹਰ ਗੋਲੀ ਮਾਰ ਦਿੱਤੀ ਗਈ ਸੀ। ਭਾਰਤ ਨੇ ਇਸ ਇਲਜ਼ਾਮ ਨੂੰ ਬੇਬੁਨਿਆਦ ਦਸਿਆ ਅਤੇ ਕਿਹਾ ਕਿ ਨਿੱਜਰ ਇੱਕ ਖਾੜਕੂ ਸੀ, ਜਿਸ ਨੂੰ ਭਾਰਤ ਨੇ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਮੰਨਿਆ ਹੋਇਆ ਸੀ। ਇਸ ਘਟਨਾ ਨੇ ਦੋਹਾਂ ਦੇਸ਼ਾਂ ਵਿਚਕਾਰ ਰਾਜਨੀਤਕ ਤੌਰ 'ਤੇ ਵੱਡਾ ਵਿਵਾਦ ਪੈਦਾ ਕਰ ਦਿੱਤਾ ਸੀ।



ਇਸ ਤੋਂ ਬਾਅਦ ਅਕਤੂਬਰ 2024 ਵਿੱਚ ਸਬੰਧ ਹੋਰ ਖ਼ਰਾਬ ਹੋ ਗਏ, ਜਦੋਂ ਕੈਨੇਡੀਅਨ ਪੁਲਿਸ ਨੇ ਭਾਰਤੀ ਸਰਕਾਰੀ ਏਜੰਟਾਂ ਨੂੰ ਕੈਨੇਡਾ ਵਿੱਚ ਹੱਤਿਆਵਾਂ, ਜਬਰਨ ਵਸੂਲੀ ਅਤੇ ਅਪਰਾਧਕ ਗਤੀਵਿਧੀਆਂ ਨਾਲ ਜੋੜਿਆ। ਪੁਲਿਸ ਨੇ ਕਿਹਾ ਕਿ ਭਾਰਤੀ ਏਜੰਟ ਖ਼ਾਲਿਸਤਾਨੀਆਂ ਨੂੰ ਨਿਸ਼ਾਨਾ ਬਣਾ ਰਹੇ ਸਨ। ਭਾਰਤ ਨੇ ਇਸ ਨੂੰ 'ਝੂਠਾ ਇਲਜ਼ਾਮ' ਕਿਹਾ ਸੀ ਅਤੇ ਕੈਨੇਡਾ 'ਤੇ ਖਾਲਿਸਤਾਨੀਆਂ ਨੂੰ ਪਨਾਹ ਦੇਣ ਦਾ ਦੋਸ਼ ਲਗਾਇਆ ਸੀ। ਇਸ ਨਾਲ ਸਬੰਧ ਬਹੁਤ ਹੀ ਵਿਗੜ ਗਏ ਸਨ। ਕੈਨੇਡਾ ਨੇ ਭਾਰਤ ਦੇ ਹਾਈਕਮਿਸ਼ਨਰ ਅਤੇ ਪੰਜ ਹੋਰ ਅਧਿਕਾਰੀਆਂ ਨੂੰ ਕੈਨੇਡਾ ਤੋਂ ਬਾਹਰ ਕੱਢ ਕੀਤਾ ਸੀ, ਜਿਸ ਦਾ ਜਵਾਬ ਵਿੱਚ ਭਾਰਤ ਨੇ ਵੀ ਕੈਨੇਡੀਅਨ ਡਿਪਲੋਮੈਟਾਂ ਨੂੰ ਭਾਰਤ ਵਿਚੋਂ ਕਢ ਦਿੱਤਾ ਸੀ। ਵਪਾਰਕ ਗੱਲਬਾਤਾਂ ਰੁਕ ਗਈਆਂ ਸਨ ਅਤੇ ਦੋਹਾਂ ਪਾਸਿਆਂ ਨੇ ਇੱਕ ਦੂਜੇ 'ਤੇ ਰਾਜਨੀਤਕ ਦਬਾਅ ਵਧਾਇਆ ਸੀ।

ਭਾਰਤ ਇਸ ਗਿਰਾਵਟ ਦੀ ਵੱਡੀ ਵਜ੍ਹਾ ਖ਼ਾਲਿਸਤਾਨੀ ਗਤੀਵਿਧੀਆਂ ਨੂੰ ਮੰਨਦਾ ਸੀ। ਕੈਨੇਡਾ ਵਿੱਚ ਲਗਭਗ 7 ਲੱਖ ਸਿੱਖ ਰਹਿੰਦੇ ਹਨ, ਜਿਨ੍ਹਾਂ ਵਿੱਚੋਂ ਕੁਝ ਖ਼ਾਲਿਸਤਾਨ ਲਈ ਪ੍ਰਚਾਰ ਕਰਦੇ ਹਨ। ਭਾਰਤ ਨੂੰ ਚਿੰਤਾ ਹੈ ਕਿ ਕੈਨੇਡਾ ਇਨ੍ਹਾਂ ਖਾਲਿਸਤਾਨੀਆਂ ਨੂੰ ਸ਼ਹਿ ਦਿੰਦਾ ਹੈ, ਜੋ ਭਾਰਤ ਵਿੱਚ ਹਿੰਸਾ ਨੂੰ ਭੜਕਾਉਂਦੇ ਹਨ। ਭਾਰਤ ਨੇ ਦੋਸ਼ ਲਗਾਏ ਸਨ ਕਿ ਟਰੂਡੋ ਨੇ ਖ਼ਾਲਿਸਤਾਨੀਆਂ ਲਈ ਨਰਮ ਰਵੱਈਆ ਅਪਣਾਇਆ ਸੀ। ਇਸ ਬਾਰੇ ਭਾਰਤ ਨੇ ਕੈਨੇਡਾ ਨੂੰ ਵਾਰ-ਵਾਰ ਚੇਤਾਵਨੀ ਦਿੱਤੀ ਸੀ, ਪਰ ਓਟਾਵਾ ਨੇ ਭਾਰਤ ਦੀ ਪਰਵਾਹ ਨਹੀਂ ਕੀਤੀ ਸੀ। ਇਹ ਤਣਾਅ ਨਾ ਸਿਰਫ਼ ਰਾਜਨੀਤਕ ਸੀ, ਸਗੋਂ ਵਪਾਰ ਅਤੇ ਸੁਰੱਖਿਆ ਨੂੰ ਵੀ ਪ੍ਰਭਾਵਿਤ ਕਰ ਰਿਹਾ ਸੀ। ਭਾਰਤ-ਕੈਨੇਡਾ ਵਪਾਰ 2023 ਵਿੱਚ 80 ਬਿਲੀਅਨ ਡਾਲਰ ਤੱਕ ਪਹੁੰਚ ਗਿਆ ਸੀ, ਪਰ ਤਣਾਅ ਨਾਲ ਇਹ ਘਟ ਕੇ ਅੱਧਾ ਰਹਿ ਗਿਆ।

ਨਵੀਂ ਸਰਕਾਰ ਦੀ ਭਾਰਤ ਪ੍ਰਤੀ ਨਰਮੀ: ਕਾਰਨੀ ਨੇ ਬਦਲੀ ਤਸਵੀਰ-ਜਸਟਿਨ ਟਰੂਡੋ ਦੇ ਰਾਜ ਵਿੱਚ ਖ਼ਾਲਿਸਤਾਨੀਆਂ ਲਈ ਖੁੱਲ੍ਹਾ ਨਰਮ ਰੁਖ਼ ਅਪਣਾਇਆ ਗਿਆ ਸੀ, ਜਿਸ ਨਾਲ ਭਾਰਤ ਨਾਲ ਸਬੰਧਾਂ ਵਿੱਚ ਗਹਿਰੀ ਤਲਖ਼ੀ ਆ ਗਈ। ਪਰ ਮਾਰਕ ਕਾਰਨੀ ਨੇ ਪੀਐੱਮ ਬਣਨ ਤੋਂ ਬਾਅਦ ਭਾਰਤ ਦੀਆਂ ਚਿੰਤਾਵਾਂ 'ਤੇ ਧਿਆਨ ਦੇਣ ਦੇ ਸੰਕੇਤ ਦਿੱਤੇ ਹਨ। ਕਾਰਨੀ, ਜੋ ਇੱਕ ਸਾਬਕਾ ਕੇਂਦਰੀ ਬੈਂਕਰ ਹਨ, ਨੂੰ ਆਰਥਿਕ ਮਾਹਿਰ ਵਜੋਂ ਜਾਣਿਆ ਜਾਂਦਾ ਹੈ ਅਤੇ ਉਹ ਲਿਬਰਲ ਪਾਰਟੀ ਦੇ ਨੇਤਾ ਵਜੋਂ ਮਾਰਚ 2025 ਵਿੱਚ ਚੋਣ ਜਿੱਤ ਕੇ ਪੀਐੱਮ ਬਣੇ ਸਨ। ਉਨ੍ਹਾਂ ਨੇ ਟਰੂਡੋ ਦੀ ਨੀਤੀਆਂ ਨੂੰ ਬਦਲਣ ਦਾ ਵਾਅਦਾ ਕੀਤਾ ਸੀ, ਖ਼ਾਸ ਕਰਕੇ ਵਿਦੇਸ਼ ਨੀਤੀ ਵਿੱਚ। ਅਗਸਤ 2025 ਵਿੱਚ ਦੋਹਾਂ ਦੇਸ਼ਾਂ ਨੇ ਇੱਕ ਦੂਜੇ ਦੀਆਂ ਰਾਜਧਾਨੀਆਂ ਵਿੱਚ ਨਵੇਂ ਰਾਜਨਯਿਕ ਦੂਤ ਨਿਯੁਕਤ ਕੀਤੇ ਸਨ।

ਜੂਨ 2025 ਵਿੱਚ ਜੀ7 ਸੰਮੇਲਨ ਦੇ ਪੱਖ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕਾਰਨੀ ਵਿਚਕਾਰ ਮੁਲਾਕਾਤ ਹੋਈ ਸੀ, ਜਿੱਥੇ ਉਨ੍ਹਾਂ ਨੇ ਹਾਈ ਕਮਿਸ਼ਨਰਾਂ ਨੂੰ ਵਾਪਸ ਭੇਜਣ ਅਤੇ ਵਪਾਰਕ ਗੱਲਬਾਤਾਂ ਨੂੰ ਤੇਜ਼ ਕਰਨ 'ਤੇ ਸਹਿਮਤੀ ਜ਼ਾਹਿਰ ਕੀਤੀ ਸੀ। ਕਾਰਨੀ ਨੇ ਕਿਹਾ ਕਿ ਭਾਰਤ ਨਾਲ ਸਬੰਧ ਕੈਨੇਡਾ ਦੀ ਵਿਦੇਸ਼ ਨੀਤੀ ਦਾ ਅਹਿਮ ਹਿੱਸਾ ਹੈ ਅਤੇ ਉਹ ਖ਼ਾਲਿਸਤਾਨੀ ਹਿੰਸਾ ਵਿਰੁੱਧ ਸਖਤ ਹਨ।

ਇਸ ਗਲਬਾਤ ਨਾਲ ਨਾ ਸਿਰਫ਼ ਰਾਜਨੀਤਕ, ਸਗੋਂ ਆਰਥਿਕ ਪੱਖ ਵੀ ਮਜ਼ਬੂਤ ਹੋਣ ਦੀ ਸੰਭਾਵਨਾ ਹੈ। ਭਾਰਤ ਲਈ ਕੈਨੇਡਾ ਯੂਰੇਨੀਅਮ ਅਤੇ ਕੁਦਰਤੀ ਸਰੋਤਾਂ ਦਾ ਵੱਡਾ ਸਰੋਤ ਹੈ, ਜਦਕਿ ਕੈਨੇਡਾ ਲਈ ਭਾਰਤ ਇੱਕ ਵੱਡਾ ਬਜ਼ਾਰ ਹੈ। ਨਵੀਂ ਸਰਕਾਰ ਨੇ ਇਹ ਵੀ ਸੰਕੇਤ ਦਿੱਤੇ ਹਨ ਕਿ ਉਹ ਅਮਰੀਕਾ ਨਾਲ ਟਰੰਪ ਦੇ ਤਣਾਅ ਵਿੱਚ ਭਾਰਤ ਨੂੰ ਆਪਣਾ ਵਿਸ਼ਵਾਸ ਯੋਗ ਸਾਥੀ ਬਣਾਉਣਾ ਚਾਹੁੰਦੀ ਹੈ। ਇਹ ਬਦਲਾਅ ਨੂੰ ਭਾਰਤ ਵੱਲੋਂ ਵੀ ਸਕਾਰਾਤਮਕ ਮੰਨਿਆ ਜਾ ਰਿਹਾ ਹੈ, ਪਰ ਅਜੇ ਵੀ ਚੁਣੌਤੀਆਂ ਹਨ।

ਸਬੰਧਾਂ ਵਿੱਚ ਨਰਮੀ ਦੇ ਬਾਵਜੂਦ, ਇਹ ਸਪੱਸ਼ਟ ਨਹੀਂ ਹੈ ਕਿ ਦਿੱਲੀ-ਓਟਾਵਾ ਦੇ ਅਧਿਕਾਰੀਆਂ ਦੀਆਂ ਹਾਲੀਆ ਮੁਲਾਕਾਤਾਂ ਨਾਲ ਖ਼ਾਲਿਸਤਾਨੀ ਮ ਨਿੱਜਰ ਦੀ ਹੱਤਿਆ 'ਤੇ ਦੋਹਾਂ ਦੇਸ਼ਾਂ ਦਾ ਕੀ ਰੁਖ਼ ਹੋਵੇਗਾ। ਨਵੀਂ ਦਿੱਲੀ ਨੇ ਸਾਫ਼ ਕਿਹਾ ਹੈ ਕਿ ਨਿੱਜਰ ਹੱਤਿਆ ਵਿੱਚ ਭਾਰਤ ਦੀ ਭੂਮਿਕਾ ਦੀ ਗੱਲ ਬੇਬੁਨਿਆਦ ਹੈ। ਪਰ ਡਰੁਆਇਨ ਦੇ ਬਿਆਨ ਨੇ ਗੱਲਬਾਤ ਦਾ ਰਸਤਾ ਲੱਭਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। 18 ਸਤੰਬਰ 2025 ਨੂੰ ਨਵੀਂ ਦਿੱਲੀ ਵਿੱਚ ਹੋਈ ਉਨ੍ਹਾਂ ਦੀ ਡੋਵਾਲ ਨਾਲ ਮੁਲਾਕਾਤ ਵਿੱਚ ਕਾਉਂਟਰ-ਟੈਰਰਿਜ਼ਮ, ਟ੍ਰਾਂਜ਼ਨੈਸ਼ਨਲ ਕ੍ਰਾਈਮ ਅਤੇ ਖੁਫੀਆ ਜਾਣਕਾਰੀ ਸਾਂਝੇ ਕਰਨ 'ਤੇ ਚਰਚਾ ਹੋਈ। ਡਰੁਆਇਨ ਨੇ ਕਿਹਾ ਕਿ ਦੋਹਾਂ ਨੇ ਆਪਸੀ ਸੁਰੱਖਿਆ ਚਿੰਤਾਵਾਂ ਨੂੰ ਸਾਂਝਾ ਕਰਨ 'ਤੇ ਵਚਨਬੱਧਤਾ ਜ਼ਾਹਰ ਕੀਤੀ।

ਪੁਲਿਸ ਜਾਂਚ ਵਿੱਚ ਭਾਰਤ ਦਾ ਸਹਿਯੋਗ ਇੱਕ ਵੱਡਾ ਪ੍ਰਸੰਗ ਹੈ। ਕੈਨੇਡੀਅਨ ਪੁਲਿਸ ਨੇ ਨਿੱਜਰ ਕੇਸ ਵਿੱਚ ਭਾਰਤੀ ਏਜੰਟਾਂ ਨੂੰ ਨਿਸ਼ਾਨਾ ਬਣਾਇਆ ਸੀ, ਪਰ ਹੁਣ ਭਾਰਤ ਨੇ ਜਾਣਕਾਰੀ ਸਾਂਝੀ ਕਰਨ ਦਾ ਵਾਅਦਾ ਕੀਤਾ ਹੈ। ਇਹ ਨਾ ਸਿਰਫ਼ ਨਿੱਜਰ ਕੇਸ ਲਈ, ਸਗੋਂ ਹੋਰ ਖਾੜਕੂ ਗਤੀਵਿਧੀਆਂ ਲਈ ਵੀ ਮਹੱਤਵਪੂਰਨ ਹੈ। ਡਰੁਆਇਨ ਨੇ ਬਿਆਨ ਜਾਰੀ ਕਰਕੇ ਇਹ ਸੰਕੇਤ ਦਿੱਤਾ ਕਿ ਕੈਨੇਡਾ ਨਵੀਂ ਸ਼ੁਰੂਆਤ ਚਾਹੁੰਦਾ ਹੈ ਅਤੇ ਉਹ ਭਾਰਤ ਨਾਲ ਭਰੋਸਾ ਬਣਾਉਣ ਲਈ ਤਿਆਰ ਹੈ। ਇਹ ਬਿਆਨ ਜੀ7 ਸੰਮੇਲਨ ਤੋਂ ਬਾਅਦ ਆਇਆ, ਜਿੱਥੇ ਮੋਦੀ-ਕਾਰਨੀ ਨੇ ਸਹਿਮਤੀ ਕੀਤੀ ਸੀ। ਗੱਲਬਾਤ ਦਾ ਰਸਤਾ ਲੱਭਣ ਨਾਲ ਵਪਾਰਕ ਡਾਇਲਾਗ, ਡਿਫੈਂਸ ਅਤੇ ਐਨਰਜੀ ਨੂੰ ਤੇਜ਼ ਕੀਤਾ ਜਾ ਸਕਦਾ ਹੈ।

ਖਾਲਿਸਤਾਨੀਆਂ 'ਤੇ ਪਾਬੰਦੀਆਂ: ਕੀ ਕੈਨੇਡਾ ਭਾਰਤ ਨਾਲ ਖੜ੍ਹੇ ਹੋਵੇਗਾ?-ਭਾਰਤ ਲਈ ਸਭ ਤੋਂ ਵੱਡੀ ਚੁਣੌਤੀ ਖ਼ਾਲਿਸਤਾਨੀ ਮੁਹਿੰਮ ਨੂੰ ਰੋਕਣਾ ਹੈ। ਕੈਨੇਡਾ ਵਿੱਚ ਖ਼ਾਲਿਸਤਾਨੀ ਗਰੂਪ ਜਿਵੇਂ ਸਿੱਖ ਫਾਰ ਜਸਟਿਸ ਨੂੰ ਭਾਰਤ ਹਿੰਸਕ ਤੇ ਖਾੜਕੂ ਗਰੁਪ ਮੰਨਦਾ ਹੈ, ਪਰ ਕੈਨੇਡਾ ਨੇ ਅਜੇ ਤੱਕ ਉਨ੍ਹਾਂ 'ਤੇ ਪਾਬੰਦੀ ਨਹੀਂ ਲਗਾਈ। ਡੋਵਾਲ-ਡਰੁਆਇਨ ਮੁਲਾਕਾਤ ਵਿੱਚ ਖ਼ਾਲਿਸਤਾਨੀ ਹਿੰਸਾ ਨੂੰ ਰੋਕਣ 'ਤੇ ਚਰਚਾ ਹੋਈ। ਕਾਰਨੀ ਸਰਕਾਰ ਨੇ ਸੰਕੇਤ ਦਿੱਤੇ ਹਨ ਕਿ ਉਹ ਭਾਰਤ ਨਾਲ ਮਿਲਕੇ ਅੱਤਵਾਦ ਵਿਰੁੱਧ ਲੜਨ ਲਈ ਤਿਆਰ ਹੈ, ਪਰ ਅਜੇ ਤੱਕ ਕੋਈ ਠੋਸ ਕਾਰਵਾਈ ਨਹੀਂ ਹੋਈ।

ਰਾਜਨੀਤਕ ਮਾਹਿਰਾਂ ਅਨੁਸਾਰ, ਜੇ ਕੈਨੇਡਾ ਨੇ ਪਾਬੰਦੀਆਂ ਲਗਾਈਆਂ ਤਾਂ ਸਬੰਧ ਪੂਰੀ ਤਰ੍ਹਾਂ ਸੁਧਰ ਜਾਣਗੇ। ਨਹੀਂ ਤਾਂ ਤਣਾਅ ਬਾਕੀ ਰਹੇਗਾ। ਆਉਣ ਵਾਲੇ ਮਹੀਨਿਆਂ ਵਿੱਚ ਵਧੇਰੇ ਡਾਇਲਾਗ ਨਾਲ ਇਹ ਸਪੱਸ਼ਟ ਹੋਵੇਗਾ ਕਿ ਕੀ ਇਹ ਨਵਾਂ ਅਧਿਆਇ ਨਿਸ਼ਚਤ ਹੋਵੇਗਾ।

# ਸ਼ਹਬਾਜ਼ ਸ਼ਰੀਫ ਨੇ ਯੂਐੱਨ ਵਿੱਚ ਭਾਰਤ 'ਤੇ ਹਿੰਦੂ ਕੱਟੜਵਾਦ ਵਿਰੁੱਧ ਲਗਾਏ ਇਲਜ਼ਾਮ

## ✪ ਸੱਤ ਜਹਾਜ਼ ਡੇਗਣ ਦਾ ਪਾਕਿ ਦਾਅਵਾ: ਕੀ ਹੈ ਸੱਚ ? ✪ ਪਾਕਿ ਨੇ ਟਰੰਪ ਦੇ ਸਿਰ ਉਪਰ ਸੀਜ਼ਫਾਇਰ ਦਾ ਸਿਹਰਾ ਬੰਨਿਆ

ਖਾਸ ਖਬਰ

ਨਿਊਯਾਰਕ-ਸੰਯੁਕਤ ਰਾਸ਼ਟਰੀ ਮਹਾਸਭਾ ਦੇ 80ਵੇਂ ਸ਼ੈਸ਼ਨ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਫਿਰ ਤੋਂ ਭਾਰਤ ਵਿਰੋਧੀ ਬਿਆਨਬਾਜ਼ੀ ਕੀਤੀ। ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਭਾਰਤ ਵਿੱਚ ਵਧ ਰਹੇ ਹਿੰਦੂ ਕੱਟੜਵਾਦ ਦੀ ਤਿੱਖੀ ਆਲੋਚਨਾ ਕੀਤੀ ਤੇ ਵਿਸ਼ਵ ਲਈ ਖ਼ਤਰਾ ਦਸਿਆ। ਸ਼ਰੀਫ ਨੇ ਕਿਹਾ ਕਿ ਭਾਰਤ ਵਿੱਚ ਕੱਟੜ ਹਿੰਦੂਤਵ ਦੀ ਵਿਚਾਰਧਾਰਾ ਤੇਜ਼ੀ ਨਾਲ ਫੈਲ ਰਹੀ ਹੈ, ਜੋ ਮੁਸਲਿਮਾਂ ਵਿਰੁੱਧ ਨਫ਼ਰਤ ਅਤੇ ਭੇਦਭਾਵ ਨੂੰ ਵਧਾਉਂਦੀ ਹੈ। ਉਨ੍ਹਾਂ ਨੇ ਵਿਸ਼ਵ ਭਾਈਚਾਰੇ ਨੂੰ ਹਿੰਦੂਤਵ 'ਤੋਂ ਬਚਾਉਣ' ਲਈ ਕਾਰਵਾਈ ਕਰਨ ਦੀ ਅਪੀਲ ਕੀਤੀ।


ਸ਼ਰੀਫ ਦੇ ਭਾਸ਼ਣ ਵਿੱਚ ਭਾਰਤ ਨੂੰ ਨਿਸ਼ਾਨਾ ਬਣਾਉਣ ਵਾਲੇ ਹਿੱਸੇ ਨੇ ਵਿਸ਼ਵ ਮੰਚ ਤੇ ਫਿਰ ਤੋਂ ਤਣਾਅ ਪੈਦਾ ਕਰ ਦਿੱਤਾ। ਉਨ੍ਹਾਂ ਨੇ ਕਿਹਾ, "ਦੁਨੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਨਫ਼ਰਤ ਨੂੰ ਜਗ੍ਹਾ ਨਹੀਂ ਮਿਲਣੀ ਚਾਹੀਦੀ। ਕਿਸੇ ਵੀ ਵਿਅਕਤੀ ਜਾਂ ਭਾਈਚਾਰੇ ਵਿਰੁੱਧ ਭੇਦਭਾਵ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ, ਪਰ ਭਾਰਤ ਵਿੱਚ ਅਜਿਹਾ ਹੋ ਰਿਹਾ ਹੈ।"

ਉਨ੍ਹਾਂ ਨੇ ਭਾਰਤ ਵਿੱਚ 20 ਕਰੋੜ ਮੁਸਲਿਮਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਨੀਤੀਆਂ, ਹਿਜ਼ਾਬ ਪਾਬੰਦੀਆਂ, ਮਸਜਿਦਾਂ ਤੇ ਹਮਲੇ ਅਤੇ ਹਿੰਦੂ ਗਰੋਹਾਂ ਵੱਲੋਂ ਲਿੰਚਿੰਗ ਨੂੰ ਉਦਾਹਰਣਾਂ ਵਜੋਂ ਗਿਣਾਇਆ। ਭਾਸ਼ਣ ਦੌਰਾਨ ਸ਼ਰੀਫ ਨੇ ਕਸ਼ਮੀਰ ਮੁੱਦੇ ਨੂੰ ਵੀ ਉਠਾਇਆ ਅਤੇ ਭਾਰਤ ਵੱਲੋਂ ਆਰਟੀਕਲ 370 ਨੂੰ ਖਤਮ ਕਰਨ ਨੂੰ "ਬਸਤੀਵਾਦੀ ਯੋਜਨਾ" ਕਰਾਰ ਦਿੱਤਾ। ਦੂਸਰੇ ਪਾਸੇ ਭਾਰਤ ਨੇ ਇਸ ਨੂੰ "ਪਾਕਿਸਤਾਨੀ ਪ੍ਰਚਾਰ" ਕਹਿ ਕੇ ਖਾਰਜ ਕੀਤਾ।

### ਭਾਰਤ-ਪਾਕ ਟਕਰਾਅ ਵਿੱਚ ਪਾਕਿ ਵਲੋਂ ਜਹਾਜ਼ ਡੇਗਣ ਦੇ ਦਾਅਵੇ: ਕਿੰਨੀ ਕੁ ਸੱਚਾਈ ?

ਸ਼ਾਹਬਾਜ਼ ਸ਼ਰੀਫ ਨੇ ਯੂਐੱਨਜੀਏ ਵਿੱਚ 7 ਤੋਂ 10 ਮਈ 2025 ਨੂੰ ਹੋਏ ਭਾਰਤ-ਪਾਕਿਸਤਾਨ ਫੌਜੀ ਟਕਰਾਅ ਦਾ ਜ਼ਿਕਰ ਕਰਕੇ ਪਾਕਿਸਤਾਨੀ ਫੌਜ ਦੀ ਤਾਰੀਫ਼ ਕੀਤੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਪਾਕਿਸਤਾਨ ਨੇ ਭਾਰਤ ਦੇ ਸੱਤ ਲੜਾਕੂ ਜਹਾਜ਼ ਡੇਗ ਕੇ ਭਾਰੀ ਝਟਕਾ ਦਿੱਤਾ, ਜੋ ਓਪਰੇਸ਼ਨ ਸਿੰਦੂਰ ਦੌਰਾਨ ਹੋਇਆ। ਇਹ ਦਾਅਵਾ ਪਾਕਿਸਤਾਨੀ ਲੀਡਰਾਂ ਵੱਲੋਂ ਲਗਾਤਾਰ ਦੁਹਰਾਇਆ ਜਾਂਦਾ ਰਿਹਾ ਹੈ, ਪਰ ਭਾਰਤ ਨੇ ਇਸ ਨੂੰ ਸਰਾਸਰ ਝੂਠਾ ਅਤੇ ਪ੍ਰਚਾਰ ਕਰਾਰ ਦਿੱਤਾ ਹੈ।

ਟਕਰਾਅ ਦੀ ਸ਼ੁਰੂਆਤ ਅਪ੍ਰੈਲ 2025 ਵਿੱਚ ਭਾਰਤੀ ਕਸ਼ਮੀਰ ਵਿੱਚ ਹੋਏ ਅੱਤਵਾਦੀ ਹਮਲੇ ਨਾਲ ਹੋਈ, ਜਿਸ ਵਿੱਚ 26 ਲੋਕ, ਜ਼ਿਆਦਾਤਰ ਹਿੰਦੂ ਸੈਲਾਨੀ, ਮਾਰੇ ਗਏ। ਭਾਰਤ ਨੇ 7 ਮਈ ਨੂੰ ਪਾਕਿਸਤਾਨ ਅਤੇ ਪੀਓਕੇ ਵਿੱਚ ਨੌਂ ਅੱਤਵਾਦੀ ਟਿਕਾਣਿਆਂ ਤੇ ਮਿਸਾਈਲ ਅਤੇ ਹਵਾਈ ਹਮਲੇ ਕੀਤੇ। ਪਾਕਿਸਤਾਨ ਨੇ ਜਵਾਬ ਵਿੱਚ ਦਾਅਵਾ ਕੀਤਾ ਕਿ ਉਸ ਨੇ ਭਾਰਤੀ ਰਾਫੇਲ, ਮਿਗ-29 ਅਤੇ



ਐੱਸਯੂ-30 ਐੱਮਕੇਆਈ ਵਰਗੇ ਜਹਾਜ਼ ਡੇਗੇ ਸਨ। ਪਾਕਿਸਤਾਨੀ ਫੌਜ ਨੇ ਕਿਹਾ ਕਿ ਇਹ ਲੜਾਈ ਵਿੱਚ 125 ਤੋਂ ਵੱਧ ਜਹਾਜ਼ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਭਾਰਤ ਨੂੰ ਭਾਰੀ ਨੁਕਸਾਨ ਪਹੁੰਚਾਇਆ ਸੀ।

ਪਰ ਭਾਰਤ ਨੇ ਇਸ ਨੂੰ ਰੱਦ ਕਰ ਦਿੱਤਾ ਸੀ। ਭਾਰਤੀ ਡਿਫੈਂਸ ਚੀਫ ਜਨਰਲ ਅਨਿਲ ਚੌਹਾਨ ਨੇ 31 ਮਈ ਨੂੰ ਮੰਨਿਆ ਸੀ ਕਿ ਭਾਰਤ ਨੇ ਕੁਝ ਜਹਾਜ਼ ਗੁਆਏ, ਪਰ ਪਾਕਿਸਤਾਨ ਦੇ ਛੇ ਜਾਂ ਸੱਤ ਜਹਾਜ਼ ਡੇਗਣ ਦੇ ਦਾਅਵੇ ਨੂੰ "ਬਿਲਕੁਲ ਗਲਤ" ਕਿਹਾ ਸੀ। ਉਨ੍ਹਾਂ ਨੇ ਕਿਹਾ ਕਿ ਇਹ ਨੁਕਸਾਨ ਸ਼ੁਰੂਆਤੀ ਪੜਾਅ ਵਿੱਚ ਹੋਇਆ ਅਤੇ ਭਾਰਤ ਨੇ ਤੁਰੰਤ ਰਣਨੀਤੀ ਬਦਲ ਕੇ ਪਾਕਿਸਤਾਨ ਨੂੰ ਭਾਰੀ ਝਟਕਾ ਦਿੱਤਾ ਸੀ। ਭਾਰਤ ਨੇ ਖੁਦ ਦਾਅਵਾ ਕੀਤਾ ਕਿ ਉਸ ਨੇ ਪੰਜ ਪਾਕਿਸਤਾਨੀ ਜਹਾਜ਼ ਅਤੇ ਇੱਕ ਵੱਡਾ ਏਅਰਬੋਰਨ ਵਾਰਨਿੰਗ ਐਂਡ ਕੰਟਰੋਲ ਏਅਰਕਰਾਫਟ ਤਬਾਹ ਕੀਤਾ।

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਜੁਲਾਈ ਵਿੱਚ ਕਿਹਾ ਕਿ ਪਾਕਿਸਤਾਨ ਨੇ ਪੰਜ ਭਾਰਤੀ ਜਹਾਜ਼ ਡੇਗੇ, ਪਰ ਭਾਰਤ ਨੇ ਇਸ ਨੂੰ ਵੀ ਖਾਰਜ ਕੀਤਾ ਸੀ। ਟਕਰਾਅ ਚਾਰ ਦਿਨਾਂ ਵਿੱਚ ਸੀਜ਼ਫਾਇਰ ਨਾਲ ਖਤਮ ਹੋ ਗਿਆ ਸੀ, ਪਰ ਦੋਵੇਂ ਦੇਸ਼ਾਂ ਨੇ ਜਿੱਤ ਦਾ ਦਾਅਵਾ ਕੀਤਾ ਸੀ।

### ਪਾਕਿ ਵਲੋਂ ਟਰੰਪ ਦਾ ਧੰਨਵਾਦ ਅਤੇ ਚੀਨ-ਸਾਊਦੀ ਅਰਬ ਦਾ ਸਮਰਥਨ

ਸ਼ਾਹਬਾਜ਼ ਸ਼ਰੀਫ ਨੇ ਯੂਐੱਨਜੀਏ ਵਿੱਚ ਭਾਰਤ ਪਾਕਿ ਜੰਗੀ ਟਕਰਾਅ ਦੌਰਾਨ ਸੀਜ਼ਫਾਇਰ ਨੂੰ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੇ ਉਦਮ ਨਾਲ ਜੋੜਿਆ। ਉਨ੍ਹਾਂ ਨੇ ਕਿਹਾ ਕਿ ਜੇ ਟਰੰਪ ਨੇ ਦਖਲਅੰਦਾਜ਼ੀ ਨਾ ਕੀਤੀ ਹੁੰਦੀ ਤਾਂ ਯੁੱਧ ਨਿਊਕਲੀਅਰ ਵਿਨਾਸ਼ ਵੱਲ ਜਾ ਸਕਦਾ ਸੀ। ਸ਼ਰੀਫ ਨੇ ਟਰੰਪ ਨੂੰ "ਸ਼ਾਂਤੀ ਦਾ ਮਸੀਹਾ" ਕਹਿ ਨੋਬਲ ਸ਼ਾਂਤੀ ਐਵਾਰਡ ਲਈ ਸਿਫਾਰਸ਼ ਵੀ ਕੀਤੀ ਸੀ। ਉਨ੍ਹਾਂ ਨੇ ਚੀਨ, ਸਾਊਦੀ ਅਰਬ, ਤੁਰਕੀ ਅਤੇ ਅਜ਼ਰਬੈਜ਼ਾਨ ਨੂੰ ਵੀ ਰਾਜਨੀਤਿਕ ਸਮਰਥਨ ਲਈ ਧੰਨਵਾਦ ਕੀਤਾ।

ਦੂਸਰੇ ਪਾਸੇ ਭਾਰਤ ਨੇ ਕਿਹਾ ਸੀ ਕਿ ਸੀਜ਼ਫਾਇਰ ਦੋਵੇਂ ਦੇਸ਼ਾਂ ਦੇ ਡਾਇਰੈਕਟਰ ਜਨਰਲ ਆਫ਼ ਮਿਲਟਰੀ ਓਪਰੇਸ਼ਨਜ਼ (ਡੀਜੀਐੱਮਓ) ਵਿਚਕਾਰ ਗੱਲਬਾਤ ਨਾਲ ਹੋਇਆ, ਨਾ ਕਿ ਅਮਰੀਕਾ ਦੇ ਹਸਤਕਸ਼ੇਪ ਨਾਲ। ਟਰੰਪ ਨੇ ਕਈ ਵਾਰ ਦਾਅਵਾ ਕੀਤਾ ਸੀ ਕਿ ਉਸ ਨੇ ਟਰੇਡ ਦਬਾਅ ਨਾਲ ਯੁੱਧ ਰੋਕਿਆ, ਪਰ ਭਾਰਤ ਨੇ ਇਸ ਨੂੰ "ਗਲਤ ਤੇ ਝੂਠਾ" ਕਿਹਾ।

ਇਸ ਤੋਂ ਪਹਿਲਾਂ, 25 ਸਤੰਬਰ ਨੂੰ ਸ਼ਰੀਫ ਅਤੇ ਪਾਕ ਫੌਜ ਦੇ ਚੀਫ਼ ਆਸਿਮ ਮੁਨੀਰ ਨੇ ਵਾਈਟ ਹਾਊਸ ਵਿੱਚ ਟਰੰਪ ਨਾਲ ਮੀਟਿੰਗ ਕੀਤੀ। ਇਹ ਛੇ ਸਾਲਾਂ ਵਿੱਚ ਪਹਿਲੀ ਵਾਰ ਸੀ ਜਦੋਂ ਕੋਈ ਪਾਕ ਪੀਐੱਮ ਵਾਈਟ ਹਾਊਸ ਗਿਆ। ਮੀਟਿੰਗ 80 ਮਿੰਟ ਚੱਲੀ, ਜਿਸ ਵਿੱਚ ਅੱਤਵਾਦ ਵਿਰੁਧ ਅਤੇ ਆਰਥਿਕ ਸਹਿਯੋਗ ਤੇ ਗੱਲ ਹੋਈ। ਪਾਕ ਨੇ ਅਮਰੀਕਾ ਤੋਂ 500 ਮਿਲੀਅਨ ਡਾਲਰ ਦਾ ਨਿਵੇਸ਼ ਵੀ ਹਾਸਲ ਕੀਤਾ। ਇਹ ਮੀਟਿੰਗ ਪਾਕ-ਅਮਰੀਕਾ ਦੇ ਨਿਘੇ ਸਬੰਧਾਂ ਦਾ ਸੰਕੇਤ ਹੈ, ਜੋ 2019 ਤੋਂ ਤਣਾਅ ਵਾਲੇ ਸਨ। ਭਾਰਤ ਲਈ ਇਹ ਚਿੰਤਾ ਵਾਲੀ ਗੱਲ ਹੈ, ਕਿਉਂਕਿ ਟਰੰਪ ਨੇ ਭਾਰਤ ਨੂੰ ਵੀ ਨਿਸ਼ਾਨਾ ਬਣਾਇਆ ਹੈ।

ਸ਼ਾਹਬਾਜ਼ ਸ਼ਰੀਫ ਦੇ ਭਾਸ਼ਣ ਵਿੱਚ ਹਿੰਦੂ ਕੱਟੜਵਾਦ ਨੂੰ ਵਿਸ਼ਵ ਖ਼ਤਰਾ ਕਹਿਣ ਨਾਲ ਭਾਰਤ ਵਿੱਚ ਵਿਵਾਦ ਛਿੜ ਗਿਆ ਹੋਵੇ। ਹਿਊਮਨ ਰਾਈਟਸ ਵਾਚ ਅਤੇ ਐਮਨੈਸਟੀ ਇੰਟਰਨੈਸ਼ਨਲ ਨੇ ਵੀ ਭਾਰਤ ਵਿੱਚ ਇਸਲਾਮੋਫੋਬੀਆ ਵਧਣ ਬਾਰੇ ਚਿੰਤਾ ਜ਼ਾਹਰ ਕੀਤੀ ਸੀ। ਭਾਰਤ ਵਿਚ ਨਿਰਪੱਖ ਬੁਧੀਜੀਵੀਆਂ ਦਾ ਮੰਨਣਾ ਹੈ ਕਿ ਹਿੰਦੂਤਵੀ ਸਿਆਸਤ ਭਾਰਤ ਵਿੱਚ ਚੋਣਾਂ ਨੇੜੇ ਤਣਾਅ ਵਧਾ ਰਹੀ ਹੈ, ਜਿੱਥੇ ਘੱਟਗਿਣਤੀਆਂ ਨੂੰ ਡਰ ਹੈ ਕਿ ਹਿੰਦੂ ਰਾਸ਼ਟਰਵਾਦ ਵਧੇਗਾ।

## -ਖਾਲਿਸਤਾਨੀ ਪੰਨੂ ਨੇ ਡੋਭਾਲ ਨੂੰ ਦਿੱਤੀ ਚੁਣੌਤੀ-

# ਕੈਨੇਡਾ, ਅਮਰੀਕਾ ਜਾਂ ਕਿਸੇ ਯੂਰਪੀ ਦੇਸ਼ ਆ ਕੇ ਦਿਖਾਓ

ਅੰਮ੍ਰਿਤਸਰ-ਕੈਨੇਡਾ ਵਿਚ ਖਾਲਿਸਤਾਨੀ ਵੱਖਵਾਦੀਆਂ ਦੀਆਂ ਬੇਲਗਾਮ ਗਤੀਵਿਧੀਆਂ ਨੇ ਇਕ ਵਾਰ ਫਿਰ ਭਾਰਤ ਨੂੰ ਨਿਸ਼ਾਨਾ ਬਣਾਇਆ ਹੈ। ਅਮਰੀਕਾ ਸਥਿਤ ਪਾਬੰਦੀਸ਼ੁਦਾ ਸੰਗਠਨ ਸਿੱਖਸ ਫਾਰ ਜਸਟਿਸ (ਐੱਸ. ਐੱਫ. ਜੇ.) ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੇ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ (ਐੱਨ. ਐੱਸ. ਏ.) ਅਜੀਤ ਡੋਭਾਲ ਨੂੰ ਖੁੱਲ੍ਹੀ ਚੁਣੌਤੀ ਦਿੱਤੀ ਹੈ। ਪੰਨੂ ਨੇ ਵੀਡੀਓ ਮੈਸੇਜ ਵਿਚ ਕਿਹਾ ਕਿ ਅਜੀਤ ਡੋਭਾਲ ਕੈਨੇਡਾ, ਅਮਰੀਕਾ ਜਾਂ ਕਿਸੇ ਯੂਰਪੀ ਦੇਸ਼ ਆ ਕੇ ਦਿਖਾਓ। ਗ੍ਰਿਫਤਾਰ ਕਰਨ ਜਾਂ ਸਪੁਰਦਗੀ ਦੀ ਕੋਸ਼ਿਸ਼ ਕਰੋ, ਮੈਂ ਇੰਤਜ਼ਾਰ ਕਰ ਰਿਹਾ ਹਾਂ।

ਇਹ ਧਮਕੀ ਪੰਨੂ ਦੇ ਕਰੀਬੀ ਸਾਥੀ ਇੰਦਰਜੀਤ ਸਿੰਘ ਗੋਸਲ ਦੀ ਜ਼ਮਾਨਤ 'ਤੇ ਰਿਹਾਈ ਤੋਂ ਠੀਕ ਬਾਅਦ ਆਈ ਹੈ, ਜਿਸ ਨੇ ਜੇਲ 'ਚੋਂ ਬਾਹਰ ਨਿਕਲਦੇ ਹੀ ਭਾਰਤ ਖਿਲਾਫ ਭੜਕਾਊ ਨਾਅਰੇਬਾਜ਼ੀ ਕੀਤੀ। ਗੋਸਲ, ਜੋ ਪੰਨੂ ਦਾ ਸੱਜਾ ਹੱਥ ਅਤੇ ਨਿੱਜੀ ਸੁਰੱਖਿਆ ਅਧਿਕਾਰੀ ਪੀ. ਐੱਸ. ਓ.) ਰਹਿ ਚੁੱਕਾ ਹੈ, ਨੂੰ



19 ਸਤੰਬਰ ਨੂੰ ਓਂਟਾਰਿਓ ਸੂਬੇ ਦੇ ਓਸ਼ਾਵਾ ਦੇ ਕੋਲ ਹਾਈਵੇ 407 'ਤੇ ਟ੍ਰੈਫਿਕ ਚੈਕਿੰਗ ਦੌਰਾਨ ਗ੍ਰਿਫਤਾਰ ਕੀਤਾ ਗਿਆ ਸੀ। ਉਸਦੇ ਨਾਲ ਨਿਊਯਾਰਕ ਦੇ ਜਗਦੀਪ ਸਿੰਘ ਅਤੇ ਟੋਰਾਂਟੋ ਦੇ ਅਰਮਾਨ ਸਿੰਘ ਵੀ ਫੜੇ ਗਏ। ਕੈਨੇਡੀਆਈ ਪੁਲਸ ਨੇ ਉਨ੍ਹਾਂ 'ਤੇ ਦਰਜਨ ਭਰ ਹਥਿਆਰਾਂ ਨਾਲ ਜੁੜੇ ਗੰਭੀਰ ਦੋਸ਼ ਲਾਏ, ਜਿਨ੍ਹਾਂ 'ਚ ਲਾਇਸੈਂਸ ਰਹਿਤ ਪਿਸਤੌਲ ਰੱਖਣ, ਲਾਪ੍ਰਵਾਹੀ ਨਾਲ ਹਥਿਆਰ ਵਰਤਣ ਅਤੇ ਲੁਕਾ ਕੇ ਹਥਿਆਰ ਲਿਆਉਣਾ ਸ਼ਾਮਲ ਹੈ। ਗੋਸਲ ਨੂੰ ਓਂਟਾਰਿਓ ਸੈਂਟਰਲ ਈਸਟ ਕਰੈਕਸ਼ਨਲ ਸੈਂਟਰ ਤੋਂ ਵੀਰਵਾਰ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਸੀ।

ਜੇਲ ਤੋਂ ਬਾਹਰ ਆਉਂਦੇ ਹੀ ਗੋਸਲ ਨੇ ਇਕ ਵੀਡੀਓ ਵਾਇਰਲ ਕਰ ਪੰਨੂ ਦਾ ਖੁੱਲ੍ਹਾ ਸਮਰਥਨ ਕੀਤਾ। ਉਸਨੇ ਕਿਹਾ ਕਿ ਭਾਰਤ, ਮੈਂ ਬਾਹਰ ਆ ਗਿਆ ਹਾਂ। ਗੁਰਪਤਵੰਤ ਸਿੰਘ ਪੰਨੂ ਦਾ ਸਮਰਥਨ ਕਰਨ ਅਤੇ 23 ਨਵੰਬਰ 2025 ਨੂੰ ਖਾਲਿਸਤਾਨ ਰੈਫਰੈਂਡਮ ਆਯੋਜਿਤ ਕਰਨ ਲਈ 'ਦਿੱਲੀ ਬਣੇਗਾ ਖਾਲਿਸਤਾਨ'। ਗੋਸਲ ਨੇ ਦਾਅਵਾ ਕੀਤਾ ਕਿ ਉਸਨੂੰ ਭਾਰਤੀ ਏਜੰਟਾਂ ਤੋਂ ਜਾਨ ਦਾ ਖ਼ਤਰਾ ਹੈ, ਜਿਸਦੀ ਸੂਚਨਾ ਕੈਨੇਡੀਆਈ ਪੁਲਸ ਨੇ ਦਿੱਤੀ ਸੀ।

ਉਹ ਐੱਸ. ਐੱਫ. ਜੇ. ਦੇ ਕੈਨੇਡਾ ਵਿਚ ਮੁੱਖ ਪ੍ਰਬੰਧਕ ਦੇ ਰੂਪ ਵਿਚ ਜਾਣਿਆ ਜਾਂਦਾ ਹੈ ਅਤੇ ਜੂਨ 2023 ਵਿਚ ਬ੍ਰਿਟਿਸ਼ ਕੋਲੰਬਿਆ ਦੇ ਸਰੇ 'ਚ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ ਖਾਲਿਸਤਾਨੀ ਅੰਦੋਲਨ ਵਿੱਚ ਪ੍ਰਮੁੱਖ ਭੂਮਿਕਾ ਨਿਭਾਅ ਰਿਹਾ ਹੈ। ਨਿੱਜਰ ਦੀ ਮੌਤ ਦੇ ਬਾਅਦ ਗੋਸਲ ਨੂੰ ਨਿੱਜਰ ਦਾ ਸੰਭਾਵਿਕ ਵਾਰਿਸ ਮੰਨਿਆ ਜਾਣ ਲਗਾ।

# ਭਾਰਤੀ ਇਤਿਹਾਸ ਦਾ ਅਨੋਖਾ ਚੀਫ ਜਸਟਿਸ - ਜਸਟਿਸ ਬਹਾਰੁਲ ਇਸਲਾਮ

**ਸੰਦੀਪ ਕੁਮਾਰ**
7009807121



ਭਾਰਤੀ ਇਤਿਹਾਸ ਦੇ ਪੰਨਿਆਂ ਵਿੱਚ 1975-77 ਦੀ ਐਮਰਜੈਂਸੀ ਨੂੰ ਲੋਕਤੰਤਰ ਦੇ ਸਭ ਤੋਂ ਅੰਧਕਾਰਮਈ ਅਧਿਆਇਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਸ ਸਮੇਂ ਨੇ ਨਾ ਸਿਰਫ ਨਾਗਰਿਕ ਅਧਿਕਾਰਾਂ ਅਤੇ ਪ੍ਰੈਸ ਦੀ ਆਜ਼ਾਦੀ 'ਤੇ ਪਾਬੰਦੀਆਂ ਲਗਾਈਆਂ, ਸਗੋਂ ਨਿਆਂਪਾਲਿਕਾ ਦੀ ਸੁਤੰਤਰਤਾ 'ਤੇ ਵੀ ਡੂੰਘੇ ਸਵਾਲ ਖੜ੍ਹੇ ਕੀਤੇ। ਇਸ ਸੰਦਰਭ ਵਿੱਚ, ਜਸਟਿਸ ਬਹਾਰੁਲ ਇਸਲਾਮ ਦੀ ਜੀਵਨੀ ਅਤੇ ਉਹਨਾਂ ਦੀ ਸੁਪਰੀਮ ਕੋਰਟ ਦੀ ਨਿਯੁਕਤੀ ਨੇ ਭਾਰਤੀ ਨਿਆਂਪਾਲਿਕਾ ਅਤੇ ਸਿਆਸਤ ਦੇ ਗੁੰਝਲਦਾਰ ਸਬੰਧਾਂ ਨੂੰ ਪ੍ਰਕਾਸ਼ਮਾਨ ਕੀਤਾ। ਬਹਾਰੁਲ ਇਸਲਾਮ ਦੀ ਕਹਾਣੀ, ਜਿਸ ਵਿੱਚ ਉਹ ਵਕੀਲ ਤੋਂ ਸੁਪਰੀਮ ਕੋਰਟ ਦੇ ਜੱਜ ਅਤੇ ਫਿਰ ਸਿਆਸਤਦਾਨ ਬਣੇ, ਇੱਕ ਅਜਿਹੀ ਮਿਸਾਲ ਹੈ ਜੋ ਨਿਆਂਪਾਲਿਕਾ ਦੀ ਨਿਰਪੱਖਤਾ ਅਤੇ ਸਰਕਾਰੀ ਦਖਲਅੰਦਾਜ਼ੀ ਦੇ ਮੁੱਦਿਆਂ ਨੂੰ ਉਜਾਗਰ ਕਰਦੀ ਹੈ। ਉਹਨਾਂ ਦੀ ਜੀਵਨ ਯਾਤਰਾ ਨਾ ਸਿਰਫ ਇੱਕ ਵਿਅਕਤੀ ਦੀ ਸੰਘਰਸ਼ਮਈ ਅਤੇ ਵਿਵਾਦਤ ਕਹਾਣੀ ਹੈ, ਸਗੋਂ ਭਾਰਤੀ ਲੋਕਤੰਤਰ ਦੇ ਇੱਕ ਨਾਜ਼ੁਕ ਸਮੇਂ ਦੀ ਝਲਕ ਵੀ ਪੇਸ਼ ਕਰਦੀ ਹੈ।

ਬਹਾਰੁਲ ਇਸਲਾਮ ਦਾ ਜਨਮ 1 ਮਾਰਚ 1918 ਨੂੰ ਅਸਮ ਦੇ ਕਾਮਰੂਪ ਜ਼ਿਲ੍ਹੇ ਦੇ ਉਡਿਆਨਾ ਪਿੰਡ ਵਿੱਚ ਹੋਇਆ। ਉਹਨਾਂ ਦੀ ਸ਼ੁਰੂਆਤੀ ਜ਼ਿੰਦਗੀ ਅਤੇ ਸਿੱਖਿਆ ਨੇ ਉਹਨਾਂ ਨੂੰ ਇੱਕ ਮਜ਼ਬੂਤ ਬੁਨਿਆਦ ਪ੍ਰਦਾਨ ਕੀਤੀ, ਜਿਸ ਨੇ ਉਹਨਾਂ ਦੇ ਅਗਲੇ ਕੈਰੀਅਰ ਨੂੰ ਆਕਾਰ ਦਿੱਤਾ। ਉਹਨਾਂ ਨੇ ਨਲਬਾੜੀ ਦੇ ਗੁਰਡਨ ਹਾਈ ਸਕੂਲ ਵਿੱਚ ਸ਼ੁਰੂਆਤੀ ਸਿੱਖਿਆ ਹਾਸਲ ਕੀਤੀ ਅਤੇ ਫਿਰ ਗੁਹਾਟੀ ਦੇ ਪ੍ਰਸਿੱਧ ਕਾਟਨ ਕਾਲਜ ਵਿੱਚ ਅਧਿਐਨ ਕੀਤਾ। ਉਹਨਾਂ ਦੀ ਉਚ ਸਿੱਖਿਆ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿੱਚ ਪੂਰੀ ਹੋਈ, ਜਿੱਥੋਂ ਉਹਨਾਂ ਨੇ ਐਮ.ਏ ਅਤੇ ਐਲ.ਐਲ.ਬੀ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਇਸ ਸਿੱਖਿਆ ਨੇ ਉਹਨਾਂ ਨੂੰ ਕਾਨੂੰਨ ਦੇ ਖੇਤਰ ਵਿੱਚ ਡੂੰਘੀ ਸਮਝ ਅਤੇ ਮੁਹਾਰਤ ਪ੍ਰਦਾਨ ਕੀਤੀ, ਜੋ ਉਹਨਾਂ ਦੇ ਅਗਲੇ ਪੇਸ਼ੇਵਰ ਜੀਵਨ ਦਾ ਅਧਾਰ ਬਣੀ। ਕਾਨੂੰਨ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ, ਬਹਾਰੁਲ ਇਸਲਾਮ ਨੇ 1951 ਵਿੱਚ ਅਸਮ ਹਾਈਕੋਰਟ ਵਿੱਚ ਵਕਾਲਤ ਸ਼ੁਰੂ ਕੀਤੀ। ਉਹਨਾਂ ਦੀ ਮੁਹਾਰਤ ਅਤੇ ਸਮਰਪਣ ਨੇ ਉਹਨਾਂ ਨੂੰ ਜਲਦੀ ਹੀ ਪਛਾਣ ਦਿਵਾਈ ਅਤੇ 1954 ਵਿੱਚ ਉਹ ਸੁਪਰੀਮ ਕੋਰਟ ਵਿੱਚ ਵਕੀਲ ਵਜੋਂ ਨਾਮਜ਼ਦ ਹੋਏ। ਉਹਨਾਂ ਨੇ ਸਿਵਲ, ਕਰ ਅਤੇ ਸੰਵਿਧਾਨਕ ਮਾਮਲਿਆਂ ਵਿੱਚ ਆਪਣੀ ਯੋਗਤਾ ਸਾਬਤ ਕੀਤੀ, ਜਿਸ ਨੇ ਉਹਨਾਂ ਦੀ ਸਾਖ ਨੂੰ ਹੋਰ ਮਜ਼ਬੂਤ ਕੀਤਾ। ਪਰ, ਉਹਨਾਂ ਦੀ ਰੁਚੀ ਸਿਰਫ ਕਾਨੂੰਨੀ ਖੇਤਰ ਤੱਕ ਸੀਮਤ ਨਹੀਂ ਸੀ। ਉਹ ਸਿਆਸਤ ਵਿੱਚ ਵੀ ਸਰਗਰਮ ਹੋਏ ਅਤੇ 1956 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਵਿੱਚ ਸ਼ਾਮਲ ਹੋਏ। ਉਹਨਾਂ ਦੀ ਸਿਆਸੀ ਯਾਤਰਾ 1962 ਅਤੇ 1968 ਵਿੱਚ ਅਸਮ ਤੋਂ ਰਾਜ ਸਭਾ ਦੇ ਮੈਂਬਰ ਵਜੋਂ ਚੁਣੇ ਜਾਣ ਨਾਲ ਅੱਗੇ ਵਧੀ। ਇਸ ਸਮੇਂ ਦੌਰਾਨ, ਉਹਨਾਂ ਨੇ ਸਿਆਸੀ ਅਤੇ ਕਾਨੂੰਨੀ ਖੇਤਰਾਂ ਵਿੱਚ ਆਪਣੀ ਮਜ਼ਬੂਤ ਪਛਾਣ ਬਣਾਈ। ਸਾਲ 1972 ਵਿੱਚ, ਬਹਾਰੁਲ ਇਸਲਾਮ ਨੇ ਰਾਜ ਸਭਾ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਕੇ ਇੱਕ ਮਹੱਤਵਪੂਰਨ ਫੈਸਲਾ ਲਿਆ। ਉਹਨਾਂ ਨੇ ਅਸਮ ਅਤੇ ਨਾਗਾਲੈਂਡ ਹਾਈਕੋਰਟ (ਹੁਣ ਗੁਹਾਟੀ ਹਾਈਕੋਰਟ) ਦੇ ਜੱਜ ਵਜੋਂ ਨਿਯੁਕਤੀ ਸਵੀਕਾਰ ਕੀਤੀ। ਇਹ ਫੈਸਲਾ ਉਹਨਾਂ ਦੇ ਕੈਰੀਅਰ ਦਾ ਇੱਕ ਮਹੱਤਵਪੂਰਨ ਮੋੜ ਸੀ, ਕਿਉਂਕਿ ਇਸ ਨੇ ਉਹਨਾਂ ਨੂੰ ਸਿਆਸਤ ਤੋਂ ਨਿਆਂਪਾਲਿਕਾ ਦੀ ਸੇਵਾ ਵੱਲ ਲਿਆਂਦਾ। ਫਿਰ 11 ਮਾਰਚ 1979 ਨੂੰ ਉਹ ਇਸ ਹਾਈਕੋਰਟ ਦੇ ਕਾਰਜਕਾਰੀ ਮੁੱਖ ਜੱਜ ਬਣੇ ਅਤੇ 7 ਜੁਲਾਈ 1979 ਨੂੰ ਮੁੱਖ ਜੱਜ ਦਾ ਅਹੁਦਾ ਸੰਭਾਲਿਆ। ਉਹਨਾਂ ਦੀ ਨਿਆਂਇਕ ਸੇਵਾ ਦੌਰਾਨ, ਉਹਨਾਂ ਨੇ ਅਸਮ ਦੇ ਸੰਵੇਦਨਸ਼ੀਲ ਸਮਾਜਿਕ ਅਤੇ ਰਾਜਨੀਤਕ ਮੁੱਦਿਆਂ 'ਤੇ ਕਈ ਮਹੱਤਵਪੂਰਨ ਫੈਸਲੇ ਸੁਣਾਏ, ਜਿਨ੍ਹਾਂ ਨੇ ਉਹਨਾਂ ਦੀ ਸਮਰੱਥਾ ਅਤੇ ਸਮਝ ਨੂੰ ਪ੍ਰਦਰਸ਼ਿਤ ਕੀਤਾ। ਫਿਰ 1 ਮਾਰਚ 1980 ਨੂੰ, ਉਹ ਗੌਹਾਟੀ ਹਾਈਕੋਰਟ ਦੇ ਮੁੱਖ ਜੱਜ ਵਜੋਂ ਰਿਟਾਇਰ ਹੋਏ।



ਬਹਾਰੁਲ ਇਸਲਾਮ ਦੀ ਜੀਵਨੀ ਦਾ ਸਭ ਤੋਂ ਵਿਵਾਦਤ ਅਧਿਆਇ 1980 ਵਿੱਚ ਸ਼ੁਰੂ ਹੋਇਆ, ਜਦੋਂ ਇੰਦਰਾ ਗਾਂਧੀ ਦੀ ਸਰਕਾਰ ਨੇ ਉਹਨਾਂ ਨੂੰ 4 ਦਸੰਬਰ 1980 ਨੂੰ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਕੀਤਾ। ਇਹ ਨਿਯੁਕਤੀ ਅਸਧਾਰਨ ਸੀ, ਕਿਉਂਕਿ ਰਿਟਾਇਰਡ ਹਾਈਕੋਰਟ ਜੱਜਾਂ ਨੂੰ ਸੁਪਰੀਮ ਕੋਰਟ ਵਿੱਚ ਸਿੱਧੀ ਨਿਯੁਕਤੀ ਦੀ ਪਰੰਪਰਾ ਨਹੀਂ ਸੀ। ਇਸ ਤੋਂ ਇਲਾਵਾ, ਬਹਾਰੁਲ ਇਸਲਾਮ ਦੀ ਕਾਂਗਰਸ ਪਾਰਟੀ ਨਾਲ ਪਹਿਲਾਂ ਦੀ ਸਿਆਸੀ ਸਬੰਧਤਾ ਨੇ ਇਸ ਨਿਯੁਕਤੀ ਨੂੰ ਸਰਕਾਰੀ ਪੱਖਪਾਤ ਦੇ ਦੋਸ਼ਾਂ ਦੇ ਘੇਰੇ ਵਿੱਚ ਲਿਆਂਦਾ। ਭਾਰਤ ਦੇ ਸੰਵਿਧਾਨ ਦੀ ਧਾਰਾ 124 ਦੇ ਅਨੁਸਾਰ, ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਮੁੱਖ ਨਿਆਂਧੀਸ਼ ਅਤੇ ਸਰਕਾਰ ਦੀ ਸਲਾਹ ਨਾਲ ਕੀਤੀ ਜਾਂਦੀ ਹੈ। ਪਰ, ਇਸ ਪ੍ਰਕਿਰਿਆ ਵਿੱਚ ਸਪਸ਼ਟਤਾ ਦੀ ਘਾਟ ਅਤੇ ਬਹਾਰੁਲ ਇਸਲਾਮ ਦੇ ਸਿਆਸੀ ਪਿਛੋਕੜ ਨੇ ਇਸ ਨਿਯੁਕਤੀ ਨੂੰ ਵਿਵਾਦ ਦਾ ਕੇਂਦਰ ਬਣਾ ਦਿੱਤਾ। ਬਹੁਤ ਸਾਰੇ ਵਿਦਵਾਨਾਂ ਅਤੇ ਟਿੱਪਣੀਕਾਰਾਂ ਨੇ ਇਸ ਨੂੰ ਇੰਦਰਾ ਗਾਂਧੀ ਸਰਕਾਰ ਦੁਆਰਾ ਨਿਆਂਪਾਲਿਕਾ 'ਤੇ ਸਿਆਸੀ ਪ੍ਰਭਾਵ ਸਥਾਪਤ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ। ਸੁਪਰੀਮ ਕੋਰਟ ਵਿੱਚ ਬਹਾਰੁਲ ਇਸਲਾਮ ਦਾ ਕਾਰਜਕਾਲ 4 ਦਸੰਬਰ 1980 ਤੋਂ 12 ਜਨਵਰੀ 1983 ਤੱਕ ਰਿਹਾ। ਇਸ ਸਮੇਂ ਦੌਰਾਨ, ਉਹਨਾਂ ਨੇ ਕਈ ਮਹੱਤਵਪੂਰਨ ਮਾਮਲਿਆਂ ਵਿੱਚ ਫੈਸਲੇ ਸੁਣਾਏ, ਪਰ ਸਭ ਤੋਂ ਵਿਵਾਦਤ ਸੀ "ਅਰਬਨ ਕੋਆਪ੍ਰੇਟਿਵ ਬੈਂਕ ਸਕੈਂਡਲ ਮਾਮਲਾ" ਇਸ ਮਾਮਲੇ ਵਿੱਚ, ਬਿਹਾਰ ਦੇ ਤਤਕਾਲੀ ਮੁੱਖ ਮੰਤਰੀ ਜਗਨਨਾਥ ਮਿਸ਼ਰਾ ਨੂੰ ਦੋਸ਼ ਮੁਕਤ ਕਰ ਦਿੱਤਾ ਗਿਆ, ਜਿਸ ਨੂੰ ਸਰਕਾਰ ਦੇ ਪੱਖ ਵਿੱਚ ਮੰਨਿਆ ਗਿਆ। ਇਸ ਫੈਸਲੇ ਨੇ ਨਿਆਂਪਾਲਿਕਾ ਦੀ ਨਿਰਪੱਖਤਾ 'ਤੇ ਸਵਾਲ ਖੜ੍ਹੇ ਕੀਤੇ ਅਤੇ ਬਹਾਰੁਲ ਇਸਲਾਮ ਦੀ ਸੁਪਰੀਮ ਕੋਰਟ ਨਿਯੁਕਤੀ ਨੂੰ ਹੋਰ ਵਿਵਾਦਤ ਬਣਾਇਆ। ਵਿਰੋਧੀ ਧਿਰਾਂ ਅਤੇ ਮੀਡੀਆ ਨੇ ਇਸ ਫੈਸਲੇ ਨੂੰ ਸਰਕਾਰੀ ਦਬਾਅ ਦਾ ਨਤੀਜਾ ਦੱਸਿਆ, ਜਿਸ ਨੇ ਨਿਆਂਪਾਲਿਕਾ ਦੀ ਸੁਤੰਤਰਤਾ 'ਤੇ ਡੂੰਘਾ ਪ੍ਰਭਾਵ ਪਾਇਆ।

12 ਜਨਵਰੀ 1983 ਨੂੰ, ਬਹਾਰੁਲ ਇਸਲਾਮ ਨੇ ਸੁਪਰੀਮ ਕੋਰਟ ਦੇ ਜੱਜ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਇੱਕ ਵਾਰ ਫਿਰ ਸਿਆਸਤ ਵੱਲ ਮੁੜੇ। ਉਹਨਾਂ ਨੇ ਅਸਮ ਦੀ ਬਰਪੇਟਾ ਲੋਕ ਸਭਾ ਸੀਟ ਤੋਂ ਕਾਂਗਰਸ ਪਾਰਟੀ ਦੀ ਟਿਕਟ 'ਤੇ ਚੋਣ ਲੜਨ ਦੀ ਤਿਆਰੀ ਕੀਤੀ। ਹਾਲਾਂਕਿ, 1984 ਦੀਆਂ ਆਮ ਚੋਣਾਂ ਵਿੱਚ ਅਸਮ ਵਿੱਚ ਚੋਣਾਂ ਮੁਲਤਵੀ ਹੋਣ ਕਾਰਨ, ਉਹਨਾਂ ਨੂੰ ਮੁੜ ਰਾਜ ਸਭਾ ਲਈ ਚੁਣਿਆ ਗਿਆ। ਸੁਪਰੀਮ ਕੋਰਟ ਦੇ ਜੱਜ ਵਜੋਂ ਸੇਵਾ ਨਿਭਾਉਣ ਤੋਂ ਬਾਅਦ ਸਿਆਸਤ ਵਿੱਚ ਵਾਪਸੀ ਨੇ ਨਿਆਂਪਾਲਿਕਾ ਦੀ ਨਿਰਪੱਖਤਾ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ। ਇੰਡੀਆ ਟੂਡੇਅ (1983) ਨੇ ਇਸ ਨੂੰ "ਸੁਪਰੀਮ ਕੋਰਟ ਦੀ ਸਾਖ ਲਈ ਅਪਮਾਨਜਨਕ" ਦੱਸਿਆ। ਇਹ ਮਾਮਲਾ ਐਮਰਜੈਂਸੀ ਦੇ ਸਮੇਂ ਅਤੇ ਇਸ ਦੇ ਬਾਅਦ ਸਰਕਾਰ ਅਤੇ ਨਿਆਂਪਾਲਿਕਾ ਦਰਮਿਆਨ ਸੰਘਰਸ਼ ਦੀ ਗੁੰਝਲਦਾਰਤਾ ਨੂੰ ਸਪਸ਼ਟ ਕਰਦਾ ਹੈ। ਬਹਾਰੁਲ ਇਸਲਾਮ ਦੀ ਸੁਪਰੀਮ ਕੋਰਟ ਨਿਯੁਕਤੀ ਨੂੰ ਇੰਦਰਾ ਗਾਂਧੀ ਸਰਕਾਰ ਦੁਆਰਾ ਨਿਆਂਪਾਲਿਕਾ 'ਤੇ ਸਿਆਸੀ ਪ੍ਰਭਾਵ ਦੀ ਕੋਸ਼ਿਸ਼ ਵਜੋਂ ਦੇਖਿਆ ਗਿਆ। ਇਸ ਸਮੇਂ, ਸਰਕਾਰ ਵੱਲੋਂ ਜੱਜਾਂ ਦੀਆਂ ਨਿਯੁਕਤੀਆਂ ਅਤੇ ਸੁਪਰਸੈਸ਼ਨ (ਜਿਵੇਂ ਜਸਟਿਸ ਹੰਸ ਰਾਜ ਖੰਨਾ ਦਾ ਮਾਮਲਾ) ਨੂੰ ਸਿਆਸੀ ਦਖਲਅੰਦਾਜ਼ੀ ਦੀਆਂ ਮਿਸਾਲਾਂ ਵਜੋਂ ਪੇਸ਼ ਕੀਤਾ ਗਿਆ। ਜਗਨਨਾਥ ਮਿਸ਼ਰਾ ਮਾਮਲੇ ਦਾ ਫੈਸਲਾ ਵੀ ਇਸ ਸੰਦਰਭ ਵਿੱਚ ਸਰਕਾਰੀ ਪ੍ਰਭਾਵ ਦੀ ਇੱਕ ਮਹੱਤਵਪੂਰਨ ਮਿਸਾਲ ਮੰਨਿਆ ਜਾਂਦਾ ਹੈ।

ਹਾਲਾਂਕਿ, ਬਹਾਰੁਲ ਇਸਲਾਮ ਦੀ ਜੀਵਨੀ ਸਿਰਫ ਵਿਵਾਦਾਂ ਤੱਕ ਸੀਮਤ ਨਹੀਂ ਸੀ। ਸਾਲ 1987 ਵਿੱਚ, ਉਹਨਾਂ ਦੀ ਅਗਵਾਈ ਵਿੱਚ ਇੱਕ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਨੇ ਅਪੰਗ ਵਿਅਕਤੀਆਂ ਦੇ ਅਧਿਕਾਰਾਂ, ਸਮਾਨ ਅਵਸਰਾਂ ਅਤੇ ਪੂਰੀ ਸ਼ਮੂਲੀਅਤ ਲਈ ਕਾਨੂੰਨ ਬਣਾਉਣ ਦੀਆਂ ਸਿਫਾਰਸ਼ਾਂ ਕੀਤੀਆਂ। ਇਸ ਕਮੇਟੀ ਨੇ ਸਮਾਜਿਕ ਨਿਆਂ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਅਤੇ ਉਹਨਾਂ ਦੀ ਸਮਾਜਿਕ ਸੇਵਾ ਦੀ ਇੱਕ ਸਕਾਰਾਤਮਕ ਮਿਸਾਲ ਪੇਸ਼ ਕੀਤੀ। ਇਸ ਤੋਂ ਇਲਾਵਾ, ਉਹ ਗੁਹਾਟੀ ਹਾਈਕੋਰਟ ਬਾਰ ਐਸੋਸੀਏਸ਼ਨ ਦੇ ਮੈਂਬਰ ਵੀ ਸਨ, ਜਿਸ ਨੇ ਉਹਨਾਂ ਦੀ ਕਾਨੂੰਨੀ ਅਤੇ ਸਮਾਜਿਕ ਸਰਗਰਮੀਆਂ ਨੂੰ ਦਰਸਾਇਆ। ਬਹਾਰੁਲ ਇਸਲਾਮ ਦੀ ਮੌਤ 5 ਫਰਵਰੀ 1993 ਨੂੰ ਹੋਈ, ਪਰ ਉਹਨਾਂ ਦੀ ਜੀਵਨੀ ਅਤੇ ਕੈਰੀਅਰ ਅੱਜ ਵੀ ਭਾਰਤੀ ਨਿਆਂਪਾਲਿਕਾ ਅਤੇ ਸਿਆਸਤ ਦੇ ਸਬੰਧਾਂ ਦੀ ਚਰਚਾ ਦਾ ਹਿੱਸਾ ਹਨ। ਸਾਲ 2024 ਵਿੱਚ, ਰਾਜ ਸਭਾ ਵਿੱਚ ਭਾਜਪਾ ਸਾਂਸਦ ਬ੍ਰਿਜ ਲਾਲ ਨੇ ਬਹਾਰੁਲ ਇਸਲਾਮ ਦੀ ਸੁਪਰੀਮ ਕੋਰਟ ਨਿਯੁਕਤੀ ਅਤੇ ਜਗਨਨਾਥ ਮਿਸ਼ਰਾ ਮਾਮਲੇ ਨੂੰ ਉਠਾਉਂਦਿਆਂ ਕਾਂਗਰਸ 'ਤੇ ਨਿਆਂਪਾਲਿਕਾ ਵਿੱਚ ਦਖਲਅੰਦਾਜ਼ੀ ਦਾ ਦੋਸ਼ ਲਾਇਆ। ਇਸ ਨੇ ਇਸ ਮੁੱਦੇ ਨੂੰ ਮੁੜ ਸੁਰਖੀਆਂ ਵਿੱਚ ਲਿਆਂਦਾ ਅਤੇ ਇੱਕ ਵਾਰ ਫਿਰ ਬਹਾਰੁਲ ਇਸਲਾਮ ਦੀ ਵਿਵਾਦਤ ਨਿਯੁਕਤੀ 'ਤੇ ਚਰਚਾ ਨੂੰ ਜਨਮ ਦਿੱਤਾ।

ਬਹਾਰੁਲ ਇਸਲਾਮ ਦੀ ਕਹਾਣੀ ਭਾਰਤੀ ਲੋਕਤੰਤਰ ਦੇ ਇੱਕ ਨਾਜ਼ੁਕ ਸਮੇਂ ਦੀ ਸਪਸ਼ਟ ਝਲਕ ਪੇਸ਼ ਕਰਦੀ ਹੈ, ਜਦੋਂ ਸਰਕਾਰੀ ਸੱਤਾ ਅਤੇ ਨਿਆਂਇਕ ਸੁਤੰਤਰਤਾ ਦਰਮਿਆਨ ਸੰਘਰਸ਼ ਨੇ ਰਾਸ਼ਟਰੀ ਸੰਸਥਾਵਾਂ ਦੀ ਸਾਖ ਨੂੰ ਪ੍ਰਭਾਵਿਤ ਕੀਤਾ। ਉਹਨਾਂ ਦੀ ਸੁਪਰੀਮ ਕੋਰਟ ਨਿਯੁਕਤੀ ਅਤੇ ਉਸ ਤੋਂ ਬਾਅਦ ਦੀ ਸਿਆਸੀ ਵਾਪਸੀ ਨੇ ਨਿਆਂਪਾਲਿਕਾ ਦੀ ਨਿਰਪੱਖਤਾ 'ਤੇ ਸਵਾਲ ਖੜ੍ਹੇ ਕੀਤੇ। ਉਹਨਾਂ ਦੀ ਕਾਂਗਰਸ ਪਾਰਟੀ ਨਾਲ ਨੇੜਤਾ ਅਤੇ ਜਗਨਨਾਥ ਮਿਸ਼ਰਾ ਮਾਮਲੇ ਵਿੱਚ ਫੈਸਲੇ ਨੂੰ ਸਰਕਾਰ ਦੇ ਹੱਕ ਵਿੱਚ ਮੰਨਿਆ ਗਿਆ, ਜਿਸ ਨੇ ਇਸ ਨਿਯੁਕਤੀ ਨੂੰ ਵਿਵਾਦ ਦੇ ਘੇਰੇ ਵਿੱਚ ਲਿਆਂਦਾ। ਬਹਾਰੁਲ ਇਸਲਾਮ ਦੀ ਜੀਵਨੀ ਨਾ ਸਿਰਫ ਇੱਕ ਵਿਅਕਤੀ ਦੀ ਸਿਆਸੀ ਅਤੇ ਨਿਆਂਇਕ ਯਾਤਰਾ ਨੂੰ ਦਰਸਾਉਂਦੀ ਹੈ, ਸਗੋਂ ਐਮਰਜੈਂਸੀ ਦੇ ਸਮੇਂ ਦੇ ਸਿਆਸੀ ਮਾਹੌਲ ਅਤੇ ਨਿਆਂਪਾਲਿਕਾ ਦੀ ਸੁਤੰਤਰਤਾ ਦੀ ਮਹੱਤਤਾ ਨੂੰ ਵੀ ਉਜਾਗਰ ਕਰਦੀ ਹੈ। ਉਹਨਾਂ ਦਾ ਕੈਰੀਅਰ ਇੱਕ ਅਜਿਹੀ ਮਿਸਾਲ ਹੈ, ਜੋ ਭਾਰਤੀ ਲੋਕਤੰਤਰ 'ਚ ਸਰਕਾਰਾਂ ਦੀਆਂ ਤਾਕਤਾਂ, ਧੱਕੇ-ਸ਼ਾਹੀਆਂ ਤੇ ਕਮੀਆਂ ਨੂੰ ਸਪਸ਼ਟ ਕਰਦੀ ਹੈ। ਅੱਜ ਵੀ, ਉਹਨਾਂ ਦੀ ਕਹਾਣੀ ਸਾਨੂੰ ਇਹ ਸਿਖਾਉਂਦੀ ਹੈ ਕਿ ਨਿਆਂਪਾਲਿਕਾ ਦੀ ਸੁਤੰਤਰਤਾ ਤੇ ਨਿਰਪੱਖਤਾ ਨੂੰ ਬਰਕਰਾਰ ਰੱਖਣਾ ਕਿਸੇ ਵੀ ਲੋਕਤੰਤਰ ਦੀ ਸਫਲਤਾ ਲਈ ਕਿੰਨਾ ਜ਼ਰੂਰੀ ਹੈ।


ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

# ਬਲਰਾਜ ਧਾਲੀਵਾਲ ਦਾ ਗ਼ਜ਼ਲ ਸੰਗ੍ਰਹਿ 'ਹਸਤੀ ਵਿਚਲਾ ਚੀਰ' ਮਨੁੱਖਤਾ ਦੀ ਚੀਸ ਦਾ ਪ੍ਰਤੀਕ

**ਉਜਾਗਰ ਸਿੰਘ**



ਬਲਰਾਜ ਧਾਲੀਵਾਲ ਸੰਵੇਦਨਸ਼ੀਲ ਤੇ ਸੰਜੀਦਾ ਗ਼ਜ਼ਲਗੋ ਹੈ। 'ਹਸਤੀ ਵਿਚਲਾ ਚੀਰ' ਉਸਦਾ ਦੂਜਾ ਗ਼ਜ਼ਲ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸਦਾ 'ਦਿਲ ਕਹੇ' ਗ਼ਜ਼ਲ ਸੰਗ੍ਰਹਿ 2017 ਵਿੱਚ ਪ੍ਰਕਾਸ਼ਤ ਹੋ ਚੁੱਕਾ ਹੈ। ਬਲਰਾਜ ਧਾਲੀਵਾਲ ਮਾਤਰਾ ਨਾਲੋਂ ਮਿਆਰ ਵਿੱਚ ਵਿਸ਼ਵਾਸ਼ ਰੱਖਦਾ ਹੈ। ਇਸ ਲਈ ਇਹ 'ਹਸਤੀ ਵਿਚਲਾ ਚੀਰ' ਉਸਦੀਆਂ ਪਿਛਲੇ ਅੱਠ ਸਾਲ ਵਿੱਚ ਲਿਖੀਆਂ ਗ਼ਜ਼ਲਾਂ ਦਾ ਸੰਗ੍ਰਹਿ ਹੈ। ਇਸ ਗ਼ਜ਼ਲ ਸੰਗ੍ਰਹਿ ਵਿੱਚ 66 ਗ਼ਜ਼ਲਾਂ ਸ਼ਾਮਲ ਹਨ। ਬਲਰਾਜ ਧਾਲੀਵਾਲ ਦੀਆਂ ਗ਼ਜ਼ਲਾਂ ਇਨਸਾਨੀ ਮਾਨਸਿਕਤਾ ਦਾ ਬਹੁ-ਪਰਤੀ ਵਿਸ਼ਲੇਸ਼ਣ ਕਰਦੀਆਂ ਹਨ। ਗ਼ਜ਼ਲਗੋ ਸਮਾਜਿਕ ਤਾਣੇ-ਬਾਣੇ ਵਿੱਚ ਵਿਚਰਦਿਆਂ ਜੋ ਪ੍ਰਸਥਿਤੀਆਂ ਅਤੇ ਵਾਪਰਨ ਵਾਲੀਆਂ ਘਟਨਾਵਾਂ ਨੂੰ ਮਹਿਸੂਸ ਕਰਦਾ ਹੈ, ਇਨ੍ਹਾਂ ਗ਼ਜ਼ਲਾਂ ਵਿੱਚ ਉਨ੍ਹਾਂ ਦਾ ਪ੍ਰਤੀਕ੍ਰਮ ਲਿਖਦਾ ਹੈ। ਜੇ ਇੰਝ ਕਹਿ ਲਈਏ ਕਿ ਉਹ ਮਨੁੱਖਤਾ ਦੀਆਂ ਸਰੀਰਕ ਅਤੇ ਮਾਨਸਕ ਭਾਵਨਾਵਾਂ ਦੀ ਤਸਵੀਰ ਖਿੱਚ ਦਿੰਦਾ ਹੈ ਤਾਂ ਇਸ ਵਿੱਚ ਵੀ ਭੋਰਾ ਝੂਠ ਨਹੀਂ ਹੈ। ਸ਼ਾਇਰ ਦੀ ਇੱਕ-ਇੱਕ ਗ਼ਜ਼ਲ ਵਿੱਚ ਅਨੇਕ ਵਿਸ਼ਿਆਂ ਨੂੰ ਛੋਹਿਆ ਗਿਆ ਹੈ। ਗ਼ਜ਼ਲਗੋ ਨੇ ਆਪਣੀਆਂ ਗ਼ਜ਼ਲਾਂ ਵਿੱਚ ਇਨਸਾਨੀਅਤ ਨੂੰ ਝੰਜੋੜਨ ਲਈ ਬਹੁਤ ਹੀ ਗੁੱਝੇ ਤੀਰ ਮਾਰੇ ਹਨ, ਜਿਹੜੇ ਸਮਝਦਾਰ ਇਨਸਾਨ ਨੂੰ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ 'ਤੇ ਪਹਿਰਾ ਦੇਣ ਲਈ ਮਜ਼ਬੂਰ ਕਰਦੇ ਹਨ। ਇਹ ਗ਼ਜ਼ਲ ਸੰਗ੍ਰਹਿ ਪਾਠਕ ਦੇ ਮਨ ਦੀਆਂ ਮਾਨਸਿਕ ਤਰੰਗਾਂ ਨੂੰ ਉਧੇੜਨ ਤੇ ਨਿਖੇੜਨ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦਾ ਹੈ। ਇਨ੍ਹਾਂ ਗ਼ਜ਼ਲਾਂ ਵਿੱਚ ਸਿਰਫ਼ ਸ਼ਬਦਾਂ ਦੀ ਜਾਦੂਗਰੀ ਹੀ ਨਹੀਂ, ਸਗੋਂ ਇਨਸਾਨ ਦੀ ਮਾਨਸਿਕਤਾ ਨੂੰ ਦੁਬਿਧਾ ਵਿੱਚੋਂ ਬਾਹਰ ਕੱਢਣ ਦੀ ਕਲਾ ਵੀ ਸੰਮਿਲਤ ਹੈ। ਇਨਸਾਨੀਅਤ ਦੇ ਕਦਰਦਾਨਾ ਲਈ ਇਹ ਗ਼ਜ਼ਲ ਸੰਗ੍ਰਹਿ ਇੱਕ ਤੋਹਫ਼ਾ ਹੈ, ਪ੍ਰੰਤੂ ਪਾਠਕ ਨੂੰ ਇਸਦੀ ਚੀਸ ਨੂੰ ਮਹਿਸੂਸ ਕਰਨ ਦੀ ਪਹਿਲ ਕਰਨੀ ਹੋਵੇਗੀ। ਬਲਰਾਜ ਧਾਲੀਵਾਲ ਦੀਆਂ ਗ਼ਜ਼ਲਾਂ ਤੋਂ ਪਤਾ ਚਲਦਾ ਹੈ ਕਿ ਮਨੁੱਖੀ ਮਨ ਬੜਾ ਚੰਚਲ ਹੈ, ਕਿਉਂਕਿ ਉਹ ਜੋ ਕੁੱਝ ਵੇਖਦਾ-ਸੁਣਾ ਹੈ, ਉਸਦੇ ਕਈ ਪੱਖਾਂ ਦੇ ਵਿਸਤਰਿਤ ਵਿਕਲਪਾਂ ਨੂੰ ਸ਼ਬਦਾਂ ਦੇ ਚਿਤਰਪਟ ਰਾਹੀਂ ਬਾਰੀਕੀ ਨਾਲ ਕਾਗ਼ਜ਼ ਦੀ ਕੈਨਵਸ 'ਤੇ ਸ਼ਿੰਗਾਰ ਦਿੰਦਾ ਹੈ। ਇੱਥੋਂ ਤੱਕ ਕਿ ਸੁਪਨਿਆਂ ਦੇ ਸੰਸਾਰ ਦੀ ਸਿਰਜਣਾ ਦਾ ਰੇਖਾ ਚਿਤਰ ਵੀ ਖਿੱਚ ਦਿੰਦਾ ਹੈ। ਉਸਦੀ ਸ਼ਬਦਾਵਲੀ ਜਿਉਂਦੇ ਜਾਗਦੇ ਜਜ਼ਬਾਤਾਂ ਦੀਆਂ ਬਾਤਾਂ ਪਾਉਂਦੀ ਹੋਈ ਸਿੰਬਾਲਿਕ ਢੰਗ ਦ੍ਰਿਸ਼ਟਾਂਤਿਕ ਤੌਰ 'ਤੇ ਪ੍ਰਗਟਾਉਂਦੀ ਹੈ, ਜਿਸਦਾ ਪਾਠਕ ਨੂੰ ਭੁਲੇਖਾ ਪੈ ਜਾਂਦਾ ਹੈ ਕਿ ਉਸਦੀਆਂ ਭਾਵਨਾਵਾਂ ਇੱਕ ਲੜੀ ਵਿੱਚ ਪ੍ਰੋਕੇ ਲੋਕਾਈ ਦੇ ਦਰਦ ਵਿੱਚ ਬਦਲ ਦਿੱਤਾ ਗਿਆ ਹੈ। ਬਲਰਾਜ ਧਾਲੀਵਾਲ ਦੀ ਪਹਿਲੀ ਗ਼ਜ਼ਲ 'ਐ ਜ਼ਿੰਦਗੀ ਤੂੰ ਦੇਖ ਲੈ' ਸਮੁੱਚੀ ਲੋਕਾਈ ਦੇ ਮਨ ਮਸਤਕ ਵਿੱਚ ਉਠ ਰਹੇ ਸਵਾਲ-ਜਵਾਬ ਰਾਹੀਂ ਜ਼ਿੰਦਗੀ ਵਿੱਚ ਵਾਪਰਨ ਵਾਲੇ ਉਤਰਾਅ ਚੜ੍ਹਾਅ ਨੂੰ ਪ੍ਰਗਟਾ ਰਹੀ ਹੈ। ਲੋਕਾਈ ਗ਼ਜ਼ਲ ਨੂੰ ਇਸ਼ਕ-ਮੁਸ਼ਕ ਦਾ ਜੰਜਾਲ ਸਮਝਦਾ ਹੋਇਆ, ਇਸਨੂੰ ਰੁਮਾਂਸਵਾਦ ਦਾ ਨਾਮ ਦਿੰਦੀ ਹੈ, ਪ੍ਰੰਤੂ ਗ਼ਜ਼ਲ ਵਿਚਲੇ ਸ਼ਿਅਰਾਂ ਦੇ ਅਰਥ ਹਮੇਸ਼ਾ ਦੋਹਰੇ ਹੁੰਦੇ ਹਨ। ਉਨ੍ਹਾਂ ਨੂੰ ਸਮਝਣ ਲਈ ਦਿਲ ਤੇ ਦਿਮਾਗ ਦੋਹਾਂ ਤੋਂ ਕੰਮ ਲੈਣਾ ਪੈਂਦਾ ਹੈ। ਬਿਲਕੁਲ ਇਸੇ ਤਰ੍ਹਾਂ ਬਲਰਾਜ ਧਾਲੀਵਾਲ ਦੀਆਂ ਗ਼ਜ਼ਲਾਂ ਵਿੱਚ ਰੁਮਾਂਸਵਾਦ ਅਤੇ ਸਮਾਜਿਕ ਸਰੋਕਾਰਾਂ ਦੇ ਰੰਗ ਵੇਖਣ ਨੂੰ ਮਿਲਦੇ ਹਨ। ਕਈ ਵਾਰ ਲੇਖਕ ਸਹਿਜ ਸੁਭਾਅ ਹੀ ਲਿਖ ਦਿੰਦਾ ਹੈ, ਪ੍ਰੰਤੂ ਉਸ ਦੇ ਅਰਥ ਪਾਠਕਾਂ ਨੂੰ ਪਤਾ ਲੱਗਦੇ ਹਨ, ਜਿਵੇਂ ਪਹਿਲੀ ਗ਼ਜ਼ਲ ਵਿੱਚ ਇੱਕ ਸ਼ਿਅਰ ਹੈ:



'ਗੱਲ ਯਾਦ ਕਰ ਇੱਕ ਦਿਨ ਸੀ ਤੂੰ,  
ਅਪਣਾ ਮੁਖੌਟਾ ਲਾਹ ਲਿਆ,  
ਫਿਰ ਉਸ ਦਿਨ ਤੇਰੀ ਹੀ ਪਰਛਾਈ  
ਤੇਰੇ ਤੋਂ ਡਰ ਗਈ।

ਇਸ ਸ਼ਿਅਰ ਦਾ ਭਾਵ ਅਰਥ ਹੈ ਕਿ ਦੋਹਰੇ ਕਿਰਦਾਰ ਨਾਲ ਜ਼ਿੰਦਗੀ ਜੀਵੀ ਨਹੀਂ ਜਾ ਸਕਦੀ। ਇੱਕ-ਨਾ-ਇੱਕ ਦਿਨ ਸੰਸਾਰ ਅੱਗੇ ਸ਼ਰਮਿੰਦਾ ਹੋਣਾ ਪਵੇਗਾ। ਇਨਸਾਨ ਆਪਣੇ ਆਪ ਤੋਂ ਅੰਤਹਕਰਨ ਦੀ ਆਵਾਜ਼ ਸੁਣਕੇ ਡਰਨ ਲੱਗ ਜਾਂਦਾ ਹੈ। ਗ਼ਜ਼ਲ ਸੰਗ੍ਰਹਿ ਦੀ ਆਖ਼ਰੀ ਗ਼ਜ਼ਲ ਦਾ ਸ਼ਿਅਰ ਹੈ:

ਦੁਨੀਆਂ ਅੰਦਰ ਕਿਸ ਕਿਸ ਦੇ ਹਨ,  
ਨਕਲੀ ਚਿਹਰੇ, ਕੀ ਜਾਣਾ,  
ਹਾਲੇ ਤਾਂ ਆਪਣਾ ਹੀ ਅਸਲੀ,  
ਚਿਹਰਾ ਭਾਲੀ ਜਾਂਦਾ ਹਾਂ।

'ਬੜਾ ਮੁਸ਼ਕਲ ਹੈ' ਸਿਰਲੇਖ ਵਾਲੀ ਗ਼ਜ਼ਲ ਸ਼ੀਸ਼ਿਆਂ ਦੇ ਰੂਬਰੂ ਹੋਣਾ ਕਹਿਕੇ ਦਸਦੀ ਹੈ, ਇਨਸਾਨ ਦੀਆਂ ਗ਼ਲਤੀਆਂ ਦੀ ਸਜ਼ਾ ਜ਼ਰੂਰ ਮਿਲੇਗੀ। ਅੱਗ ਦੇ ਬਸਤਰਾਂ ਵਾਲੇ ਸ਼ਿਅਰ ਤੋਂ ਪ੍ਰਭਾਵ ਮਿਲਦਾ ਹੈ ਕਿ ਇੱਕ ਦਿਨ ਹਰ ਇੱਕ ਪ੍ਰਾਣੀ ਨੇ ਅੱਗ ਵਿੱਚ ਸੜਨਾ ਹੈ, ਪ੍ਰੰਤੂ ਮਾੜੇ ਕੰਮਾ ਨੂੰ ਇਨਸਾਨ ਫਿਰ ਵੀ ਛੱਡਦਾ ਨਹੀਂ। ਚੁੱਪ ਰਹਿਣ ਵਾਲਾ ਵੀ ਦੋਸ਼ੀ ਹੁੰਦਾ ਹੈ। ਬਲਰਾਜ ਧਾਲੀਵਾਲ ਦੀ ਇੱਕ ਗ਼ਜ਼ਲ ਵਿੱਚ ਹੀ ਅਨੇਕਾਂ ਸਮਾਜਿਕ ਸਰੋਕਾਰਾਂ ਦੀਆਂ ਗੱਲਾਂ ਕੀਤੀਆਂ ਹੋਈਆਂ ਹਨ। ਬਦਲੀ, ਚੰਨ ਅਤੇ ਹਵਾ ਦੀਆਂ ਉਦਾਹਨਾ ਦੇ ਕੇ ਗਜਲਗੋ ਇਸ਼ਾਰਾ ਕਰਦਾ ਹੈ, ਹੰਕਾਰ ਵਾਲੇ ਇੱਕ ਦਿਨ ਮੂਧੇ ਮੂੰਹ ਡਿਗਦੇ ਹਨ। ਬਦਲਾਅ ਤੇ ਪਾਣੀ 'ਚ ਦੀਵੇ ਤਾਰਨ ਨੂੰ ਵਹਿਮਾ ਭਰਮਾ ਦਾ ਪ੍ਰਤੀਕ ਕਹਿ ਰਿਹਾ ਹੈ। ਬਹੁਤ ਸਾਰੀਆਂ ਗ਼ਜ਼ਲਾਂ ਵਿੱਚ ਸ਼ਾਇਰ ਲਿਖਦਾ ਹੈ, ਇਨਸਾਨ ਅੰਦਰੋਂ ਬਾਹਰੋਂ ਇੱਕ ਨਹੀਂ, ਸਫ਼ਲਤਾ ਲਈ ਜਦੋਜਹਿਦ ਜ਼ਰੂਰੀ ਹੈ, ਜ਼ੋਰ ਜ਼ਬਰਦਸਤੀ ਬਹੁਤੀ ਦੇਰ ਨਹੀਂ ਚਲਦੀ, ਸਿਆਸਤਦਾਨ ਲਾਰੇ ਲਾਉਂਦੇ ਹਨ, ਪ੍ਰਾਪਤੀ ਲਈ ਤਿਆਗ ਵੀ ਕਰਨਾ ਪੈਂਦਾ, ਸੰਗੀਤ ਦੀ ਚੁੱਪ ਬੜਾ ਕੁਝ ਕਹਿ ਦਿੰਦੀ ਹੈ, ਇਨਸਾਨ ਵਿਕਾਊ ਹੈ, ਭਰੋਸਾ ਲੋਕ ਬੇਕਿਰਕੀ ਨਾਲ ਤੋੜ ਦਿੰਦੇ ਹਨ, ਮਜ਼ਹਬੀ ਟਕਰਾਓ ਨੁਕਸਾਨਦਾਇਕ ਅਤੇ ਲੋਕ ਬੇਲਗਾਮ ਹੋ ਗਏ ਹਨ ਆਦਿ। ਰੁੱਖਾਂ ਦੇ ਕਟਾਈ ਕਰਕੇ ਇਨਸਾਨ ਆਪਣੇ ਪੈਰੀਂ ਕੁਹਾੜਾ ਮਾਰਦਾ ਹੈ। ਰੁੱਖਾਂ ਸੰਬੰਧੀ ਸ਼ਾਇਰ ਨੇ ਲਗਪਗ ਦਸ ਗ਼ਜ਼ਲਾਂ ਵਿੱਚ ਵੱਖੋ-ਵੱਖਰੇ ਢੰਗ ਨਾਲ ਸ਼ਿਅਰ ਲਿਖੇ ਹਨ। ਸ਼ਾਇਰ 'ਜਦੋਂ ਕੋਈ ਟੁੱਟ ਕੇ ਤਾਰਾ' ਸਿਰਲੇਖ ਵਾਲੀ ਗ਼ਜ਼ਲ ਦਾ ਇੱਕ ਸਿਆਰ ਰੁੱਖਾਂ ਦੀ ਕਟਾਈ ਦੇ ਸੰਤਾਪ ਬਾਰੇ ਲਿਖਦਾ ਹੈ:

ਮੇਰੇ ਵਿਹੜੇ ਦਾ ਰੁੱਖ ਰੋਂਦਾ,  
ਸਵੇਰਾ ਹੋਣ ਤੱਕ ਅਕਸਰ,  
ਜਦੋਂ ਇੱਕ ਲਿਸ਼ਕਦਾ ਆਰਾ,  
ਮੇਰੇ ਸੁਫ਼ਨੇ 'ਚ ਆਉਂਦਾ ਹੈ।

ਸਮਾਜ ਵਿੱਚ ਵਿਚਰਦੇ ਲੋਕ ਆਪਣੇ ਆਪ ਨੂੰ ਇੱਕ ਦੂਜੇ ਤੋਂ ਉਤਮ ਸਮਝਦੇ ਹਨ, ਇਥੋਂ ਤੱਕ ਕਿ ਬਰਾਬਰ ਵੀ ਨਹੀਂ ਸਮਝਦੇ। ਉਨ੍ਹਾਂ ਵਿੱਚ ਦੁਸ਼ਮਣੀ ਪਲਦੀ ਰਹਿੰਦੀ ਹੈ। ਇਨਸਾਨ-ਇਨਸਾਨ ਦਾ ਦੁਸ਼ਮਣ ਹੈ, ਇਸ ਸੰਬੰਧੀ 'ਦੋਸਤ ਖ਼ੰਜਰ ਚਲਾਉਣਾ' ਸਿਰਲੇਖ ਵਾਲੀ ਗ਼ਜ਼ਲ ਦੇ ਇੱਕ ਸ਼ਿਅਰ ਵਿੱਚ ਸ਼ਾਇਰ ਗੁੱਝੇ ਤੀਰ ਮਾਰਦਾ ਲਿਖਦਾ ਹੈ:

ਦੋਸਤਾ ਖੰਜਰ ਚਲਾਉਣਾ,  
ਦੁਸ਼ਮਣਾਂ ਲਈ ਰਹਿਣ ਦੇ।  
ਜਿਸ ਤਰ੍ਹਾਂ ਤੂੰ ਬਦਲਦਾਂ,  
ਇਹ ਮੌਸਮਾ ਲਈ ਰਹਿਣ ਦੇ।

ਇਸੇ ਤਰ੍ਹਾਂ ਇਨਸਾਨ ਦਾ ਆਪਣੇ ਇਸ਼ਟ ਦੀ ਪ੍ਰਾਪਤੀ ਲਈ ਆਪਣੇ ਅੰਦਰ ਝਾਤੀ ਮਾਰਨ ਦੀ ਥਾਂ ਡੇਰਿਆਂ, ਸਾਧਾਂ ਸੰਤਾਂ, ਵਿਚੋਲਿਆਂ ਦਾ ਸਹਾਰਾ ਲੈਣ ਅਤੇ ਧਾਰਮਿਕ ਕੱਟੜਵਾਦ ਬਾਰੇ ਵੀ ਕਈ ਸ਼ਿਅਰ ਲਿਖੇ ਗਏ ਹਨ, ਜਿਨ੍ਹਾਂ ਵਿੱਚ ਦਰਸਾਇਆ ਗਿਆ ਹੈ ਕਿ ਧਰਮ ਇੱਕ ਕਿਸਮ ਨਾਲ ਵਿਓਪਾਰ ਬਣ ਗਿਆ ਹੈ। 'ਜਿਸ ਤਰ੍ਹਾਂ ਕੋਈ ਲਿਸ਼ਕਦੀ' ਸਿਰਲੇਖ ਵਾਲੀ ਗ਼ਜ਼ਲ ਦਾ ਇੱਕ ਸ਼ਿਅਰ ਧਾਰਮਿਕ ਸੰਕੀਰਨਾ ਬਾਰੇ ਇਸ ਪ੍ਰਕਾਰ ਹੈ:

ਭੀੜ ਬਿਫ਼ਰੀ ਦੇਖ ਕੇ,  
ਇਉਂ ਕਹਿ ਰਿਹਾ ਸੀ ਇੱਕ ਫ਼ਕੀਰ,  
ਧਰਮ ਕਿੱਧਰੇ ਖੋ ਗਿਆ,  
ਵਿਓਪਾਰ ਅੱਗੇ ਆ ਗਿਆ।

ਇਸ ਗ਼ਜ਼ਲ ਸੰਗ੍ਰਹਿ ਵਿੱਚ ਮੁੱਖ ਤੌਰ 'ਤੇ ਸਮਾਜਿਕ ਸਰੋਕਾਰਾਂ ਦੀ ਵਕਾਲਤ ਕੀਤੀ ਗਈ ਹੈ, ਪ੍ਰੰਤੂ ਕੁਝ ਗ਼ਜ਼ਲਾਂ ਦੇ ਸ਼ਿਅਰਾਂ ਵਿੱਚ ਇਸ਼ਕ ਮੁਸ਼ਕ ਦਾ ਜ਼ਿਕਰ ਵੀ ਕੀਤਾ ਗਿਆ ਹੈ। ਇਹ ਕਿਹਾ ਜਾਂਦਾ ਹੈ ਕਿ ਇਸ਼ਕ ਦੇ ਰਾਹ ਔਜੜ ਹੁੰਦੇ ਹਨ, ਅਨੇਕਾਂ ਅੜਚਣਾਂ ਆਉਂਦੀਆਂ ਹਨ। ਇਸ਼ਕ ਵਿੱਚ ਲੋਕ ਭੱਟਕਦੇ ਰਹਿੰਦੇ ਹਨ। ਉਹ ਆਪਣੀ ਅਮਨ ਚੈਨ ਖੋ ਬੈਠਦੇ ਹਨ। ਲੱਖ ਕੋਸ਼ਿਸ਼ਾਂ ਦੇ ਬਾਵਜੂਦ ਇਸ਼ਕ ਛੁਪਾਇਆਂ ਛੁਪਦਾ ਨਹੀਂ। 'ਕਿਸੇ ਕਾਤਲ ਨਜ਼ਰ ਦਾ' ਗ਼ਜ਼ਲ ਵਿੱਚ ਇੱਕ ਸ਼ਿਅਰ ਹੈ:

ਤੁਰੇ ਦੋ ਪਲ ਅਸੀਂ 'ਕੱਠੇ,  
ਕਹਾਣੀ ਸੀ ਬੜੀ ਛੋਟੀ,  
ਬੜਾ ਮਸ਼ਹੂਰ ਪਰ ਜੱਗ 'ਤੇ,  
ਫ਼ਸਾਨਾ ਹੋ ਗਿਆ ਯਾਰੋ।

ਬਲਰਾਜ ਧਾਲੀਵਾਲ ਆਪਣੇ ਸ਼ਿਅਰਾਂ ਵਿੱਚ ਰੂਹ ਦੇ ਇਸ਼ਕ ਦੀ ਗੱਲ ਵੀ ਕਰਦਾ ਹੈ, ਪ੍ਰੰਤੂ ਇਸਦੇ ਨਾਲ ਹੀ ਉਹ ਲਿਖਦਾ ਹੈ ਕਿ ਅੱਜ ਕਲ੍ਹ ਦੇ ਜ਼ਮਾਨੇ ਵਿੱਚ ਲੋਕਾਂ ਨੇ ਇਸ਼ਕ ਨੂੰ ਵੀ ਵਿਓਪਾਰ ਬਣਾ ਲਿਆ ਹੈ। ਇਸ ਕਰਕੇ ਧੋਖੇ, ਫ਼ਰੇਬ ਆਮ ਹੋ ਰਹੇ ਹਨ। 'ਸ਼ੀਸ਼ਿਆਂ ਦੇ ਸ਼ਹਿਰ ਅੰਦਰ' ਸਿਰਲੇਖ ਵਾਲੀ ਗ਼ਜ਼ਲ ਦਾ ਆਧੁਨਿਕ ਇਸ਼ਕ ਬਾਰੇ ਇੱਕ ਸ਼ਿਅਰ ਇਸ ਪ੍ਰਕਾਰ ਹੈ:

ਕੰਮ ਧੰਦਾ ਇਸ ਤਰ੍ਹਾਂ,  
ਬਾਜ਼ਾਰ ਵਿੱਚ ਵੀ ਕਦ ਰਿਹਾ,  
ਇਸ਼ਕ ਵਿੱਚੋਂ ਜਿਸ ਤਰ੍ਹਾਂ,  
ਵਿਉਪਾਰ ਦੇ ਹਾਸਿਲ ਦਿਸੇ।

ਇਸ਼ਕ ਦੇ ਵਣਜ ਬਾਰੇ 'ਜੇ ਸਫ਼ਰ 'ਤੇ ਤੁਰਨ ਲਈ' ਸਿਰਲੇਖ ਵਾਲੀ ਗ਼ਜ਼ਲ ਇੱਕ ਸ਼ਿਅਰ ਹੈ:

ਇਸ਼ਕ ਵਿੱਚੋਂ ਜਿਸ ਤਰ੍ਹਾਂ,  
ਘਾਟਾ ਨਫ਼ਾ ਤੂੰ ਦੇਖਦੈਂ,  
ਇਹ ਅਲਾਮਤ ਵਣਜ ਦੀ ਹੈ,  
ਪਿਆਰ ਦਾ ਹਾਸਿਲ ਨਹੀਂ।

ਬਲਰਾਜ ਧਾਲੀਵਾਲ ਨੇ ਆਪਣੀਆਂ ਗ਼ਜ਼ਲਾਂ ਦੇ ਕੁਝ ਸ਼ਿਅਰਾਂ ਵਿੱਚ ਪਰਵਾਸ ਦੇ ਸੰਤਾਪ ਨੂੰ ਮਹਿਸੂਸ ਕਰਦਿਆਂ ਲਿਖਿਆ ਹੈ। ਦੋ ਗ਼ਜ਼ਲਾਂ ਦੇ ਪਰਵਾਸ ਬਾਰੇ ਸ਼ਿਅਰ ਇਸ ਪ੍ਰਕਾਰ ਹਨ:

ਫ਼ਰਕ ਨਹੀਂ ਤੂੰ ਸੌਂ ਗਿਆ,  
ਮੈਂ ਜਾਗਦਾਂ ਪਰਦੇਸ ਵਿੱਚ,  
ਸੌਂ ਗਏ ਜੇ ਦੋਸਤੀ ਦੇ ਵਲਵਲੇ,  
ਤਾਂ ਰੱਬ ਰਾਖਾ।  
ਘਰ ਜਾਣ ਦੀ ਇੱਕ ਤਾਂਘ,  
ਦਿਲ ਦੇ ਵਿੱਚ ਸਦਾ ਪਲਦੀ ਰਹੀ,  
ਭਾਰੂ ਰਿਹਾ ਸਫ਼ਰਾਂ ਦਾ ਪਰ,  
ਉਮਰੋਂ ਲੰਮੇਰਾ ਸਿਲਸਿਲਾ।  
ਉਚੇ ਮਿਨਾਰਾਂ 'ਚੋਂ ਉਹ ਪੰਛੀ,  
ਕਰ ਗਏ ਪਰਵਾਸ ਕਿਉਂ,  
ਉਹ ਜਾਣਦੇ ਸਨ ਆਵਣਾ ਹੈ,  
ਇੱਕ ਨਾ ਇੱਕ ਦਿਨ ਜ਼ਲਜ਼ਲਾ।

ਬਲਰਾਜ ਧਾਲੀਵਾਲ ਤੋਂ ਭਵਿਖ ਵਿੱਚ ਹੋਰ ਵੀ ਬਿਹਤਰੀਨ ਗ਼ਜ਼ਲਾਂ ਲਿਖਣ ਦੀ ਆਸ ਕੀਤੀ ਜਾ ਸਕਦੀ ਹੈ।


86 ਪੰਨਿਆਂ, 200 ਰੁਪਏ ਕੀਮਤ ਵਾਲਾ ਇਹ ਗ਼ਜ਼ਲ ਸੰਗ੍ਰਹਿ ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ ਬਲਰਾਜ ਧਾਲੀਵਾਲ: 001 6478865068

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ  
ਮੋਬਾਈਲ-94178 13072  
ujagarsingh48@yahoo.com

# ਲੋਕਤੰਤਰ ਦਾ ਚੌਥਾ ਥੰਮ - ਪੱਤਰਕਾਰ

**✪ ਪੱਤਰਕਾਰਤਾ ਵਿੱਚ ਨਿਰਪੱਖਤਾ ਸਭ ਤੋਂ ਮਹੱਤਵਪੂਰਨ ਹੈ ✪ ਪੱਤਰਕਾਰਤਾ ਸਿਰਫ਼ ਰਾਜਨੀਤਿਕ ਜਾਂ ਆਰਥਿਕ ਖ਼ਬਰਾਂ ਤੱਕ ਸੀਮਤ ਨਹੀਂ ✪ ਟੈਕਨਾਲੋਜੀ ਦੇ ਵਿਕਾਸ ਨਾਲ ਪੱਤਰਕਾਰਤਾ ਵਿੱਚ ਬਹੁਤ ਵੱਡੇ ਬਦਲਾਅ ਆਏ ਹਨ**

**ਗੁਰਭਿੰਦਰ ਗੁਰੀ ਪੱਤਰਕਾਰ**
+447951 590424 ਵਟਸਐਪ



ਪੱਤਰਕਾਰਤਾ, ਜਿਸਨੂੰ ਅੰਗਰੇਜ਼ੀ ਵਿੱਚ ਜਰਨਲਿਜ਼ਮ ਕਿਹਾ ਜਾਂਦਾ ਹੈ, ਸਿਰਫ਼ ਖ਼ਬਰਾਂ ਪਹੁੰਚਾਉਣ ਦਾ ਜ਼ਰੀਆ ਨਹੀਂ, ਸਗੋਂ ਸਮਾਜਕ ਬਦਲਾਅ ਦਾ ਸਭ ਤੋਂ ਵੱਡਾ ਹਥਿਆਰ ਹੈ। ਲੋਕਤੰਤਰ ਵਿੱਚ ਜਿੱਥੇ ਵਿਧਾਇਕ, ਕਾਰਜਕਾਰੀ ਤੇ ਨਿਆਂਪਾਲਿਕਾ ਤਿੰਨ ਥੰਮ ਮੰਨੇ ਜਾਂਦੇ ਹਨ, ਉੱਥੇ ਪੱਤਰਕਾਰਤਾ ਨੂੰ ਚੌਥਾ ਥੰਮ ਮੰਨਿਆ ਜਾਂਦਾ ਹੈ। ਇਹ ਉਹ ਤਾਕਤ ਹੈ ਜੋ ਸਰਕਾਰ ਅਤੇ ਜਨਤਾ ਵਿਚਕਾਰ ਪੁਲ ਦਾ ਕੰਮ ਕਰਦੀ ਹੈ।

ਪੱਤਰਕਾਰਤਾ ਦਾ ਮੁੱਖ ਕੰਮ ਲੋਕਾਂ ਤੱਕ ਸੱਚਾਈ ਪਹੁੰਚਾਉਣਾ ਹੈ। ਇੱਕ ਅਜਿਹੀ ਸੱਚਾਈ ਜੋ ਕਈ ਵਾਰ ਹਾਕਮ ਵਰਗ ਲੋਕਾਂ ਤੋਂ ਲੁਕਾਉਣ ਦੀ ਕੋਸ਼ਿਸ਼ ਕਰਦੇ ਹਨ। ਜੇ ਪੱਤਰਕਾਰਤਾ ਨਾ ਹੋਵੇ ਤਾਂ ਸਰਕਾਰਾਂ ਮਨਮਾਨੀਆਂ ਕਰ ਸਕਦੀਆਂ ਹਨ, ਪਰ ਮੀਡੀਆ ਦਾ ਨਿਗਰਾਨੀ ਭਰਾ ਰੂਪ ਉਹਨਾਂ ਨੂੰ ਰੋਕਦਾ ਹੈ। ਲੋਕਤੰਤਰ ਦੀ ਖੂਬਸੂਰਤੀ ਹੀ ਇਹ ਹੈ ਕਿ ਹਰ ਵਿਅਕਤੀ ਨੂੰ ਆਪਣੀ ਗੱਲ ਕਹਿਣ ਦਾ ਹੱਕ ਹੈ। ਪਰ ਜਦੋਂ ਗਰੀਬ, ਪੀੜਤ ਅਤੇ ਮਜ਼ਲੂਮ ਆਪਣੀ ਗੱਲ ਖ਼ੁਦ ਨਹੀਂ ਕਹਿ ਸਕਦੇ, ਉਥੇ ਪੱਤਰਕਾਰਤਾ ਉਹਨਾਂ ਦੀ ਅਵਾਜ਼ ਬਣਦੀ ਹੈ ਲੋਕਤੰਤਰ ਅਤੇ ਪੱਤਰਕਾਰਤਾ ਦਾ ਸੰਬੰਧ ਲੋਕਤੰਤਰ ਨੂੰ "ਲੋਕਾਂ ਦੀ ਹਕੂਮਤ, ਲੋਕਾਂ ਦੁਆਰਾ, ਲੋਕਾਂ ਲਈ" ਕਿਹਾ ਜਾਂਦਾ ਹੈ। ਇਸ ਪਰਿਭਾਸ਼ਾ ਵਿੱਚ ਪੱਤਰਕਾਰਤਾ ਦੀ ਭੂਮਿਕਾ ਬਹੁਤ ਹੀ ਮਹੱਤਵਪੂਰਣ ਹੈ।

ਲੋਕਾਂ ਲਈ-ਪੱਤਰਕਾਰਤਾ ਲੋਕਾਂ ਦੀਆਂ ਸਮੱਸਿਆਵਾਂ, ਉਹਨਾਂ ਦੇ ਸੁਪਨੇ ਅਤੇ ਹੱਕਾਂ ਦੀ ਗੱਲ ਕਰਦੀ ਹੈ। ਲੋਕਾਂ ਦੁਆਰਾ - ਪੱਤਰਕਾਰਤਾ ਲੋਕਾਂ ਦੀ ਅਵਾਜ਼ ਹੁੰਦੀ ਹੈ, ਕਿਉਂਕਿ ਪੱਤਰਕਾਰ ਆਪ ਵੀ ਸਮਾਜ ਦਾ ਹਿੱਸਾ ਹਨ। ਲੋਕਾਂ ਦੀ ਹਕੂਮਤ - ਪੱਤਰਕਾਰਤਾ ਸਰਕਾਰ ਨੂੰ ਯਾਦ ਦਵਾਉਂਦੀ ਹੈ ਕਿ ਉਹ ਲੋਕਾਂ ਲਈ ਕੰਮ ਕਰਨ ਆਏ ਹਨ, ਨਾ ਕਿ ਆਪਣੇ ਹਿੱਤਾਂ ਲਈ। ਇਸ ਲਈ ਕਿਹਾ ਜਾਂਦਾ ਹੈ ਕਿ ਜਿੱਥੇ ਪੱਤਰਕਾਰਤਾ ਮਜ਼ਬੂਤ ਹੁੰਦੀ ਹੈ, ਉੱਥੇ ਲੋਕਤੰਤਰ ਵੀ ਮਜ਼ਬੂਤ ਹੁੰਦਾ ਹੈ।

ਇਤਿਹਾਸਕ ਪੱਖ-ਪੱਤਰਕਾਰਤਾ ਦਾ ਇਤਿਹਾਸ ਬਹੁਤ ਪੁਰਾਣਾ ਹੈ। ਜਦੋਂ ਛਪਾਈ ਦੀ ਕਲਾ ਆਈ, ਤਾਂ ਸਭ ਤੋਂ ਪਹਿਲਾਂ ਲੋਕਾਂ ਨੇ ਖ਼ਬਰਾਂ ਅਤੇ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਾਉਣਾ ਸ਼ੁਰੂ ਕੀਤਾ। ਭਾਰਤ ਵਿੱਚ ਪੱਤਰਕਾਰਤਾ ਦੀ ਸ਼ੁਰੂਆਤ 18ਵੀਂ ਸਦੀ ਵਿੱਚ ਹੋਈ। ਪਹਿਲਾ ਅਖ਼ਬਾਰ - 1780 ਵਿੱਚ ਜੇਮਸ ਆਗਸਟਸ ਹਿੱਕੀ ਨੇ "Bengal Gazette" ਨਾਂ ਦਾ ਅਖ਼ਬਾਰ ਕੱਢਿਆ। ਇਹ ਭਾਰਤ ਦਾ ਪਹਿਲਾ ਅਖ਼ਬਾਰ ਸੀ। ਆਜ਼ਾਦੀ ਦੀ ਲਹਿਰ ਵਿੱਚ ਭੂਮਿਕਾ - ਪੱਤਰਕਾਰਾਂ ਨੇ ਬ੍ਰਿਟਿਸ਼ ਹਕੂਮਤ ਦੇ ਜ਼ੁਲਮਾਂ ਨੂੰ ਬੇਨਕਾਬ ਕੀਤਾ। ਬਾਲ ਗੰਗਾਧਰ ਤਿਲਕ, ਮਹਾਤਮਾ ਗਾਂਧੀ, ਲਾਲਾ ਲਾਜਪਤ ਰਾਇ ਵਰਗੇ ਨੇਤਾ ਆਪ ਵੀ ਪੱਤਰਕਾਰ ਸਨ। ਉਹਨਾਂ ਦੇ ਅਖ਼ਬਾਰਾਂ ਨੇ ਲੋਕਾਂ ਨੂੰ ਜਾਗਰੂਕ ਕੀਤਾ ਪੰਜਾਬ ਵਿੱਚ ਪੱਤਰਕਾਰਤਾ ਦਾ ਇਤਿਹਾਸ ਪੰਜਾਬ ਵਿੱਚ ਪੱਤਰਕਾਰਤਾ ਨੇ ਖ਼ਾਸ ਅਹਿਮੀਅਤ ਹਾਸਲ ਕੀਤੀ।

ਪਹਿਲੇ ਪੰਜਾਬੀ ਅਖ਼ਬਾਰ - "ਪ੍ਰਕਾਸ਼", "ਖ਼ਾਲਸਾ ਅਖ਼ਬਾਰ", "ਅਕਾਲੀ" ਆਦਿ ਨੇ ਪੰਜਾਬੀਆਂ ਵਿੱਚ ਜਾਗਰੂਕਤਾ ਪੈਦਾ ਕੀਤੀ। ਗੁਰਦੁਆਰਾ ਸੁਧਾਰ ਲਹਿਰ - ਪੱਤਰਕਾਰਤਾ ਨੇ ਸਿੱਖਾਂ ਨੂੰ ਇਕੱਠੇ ਕੀਤਾ ਅਤੇ ਗੁਰਦੁਆਰਿਆਂ ਦੇ ਸੁਧਾਰ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ।

ਆਜ਼ਾਦੀ ਦੀ ਲੜਾਈ-ਪੰਜਾਬੀ ਪੱਤਰਕਾਰਾਂ ਨੇ ਅੰਗਰੇਜ਼ਾਂ ਦੀਆਂ ਨੀਤੀਆਂ ਦੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਕਈ ਪੱਤਰਕਾਰਾਂ ਨੂੰ ਕੈਦਾਂ ਵੀ ਕਾਟਣੀਆਂ ਪਈਆਂ।




ਆਧੁਨਿਕ ਪੱਤਰਕਾਰਤਾ-ਟੈਕਨਾਲੋਜੀ ਦੇ ਵਿਕਾਸ ਨਾਲ ਪੱਤਰਕਾਰਤਾ ਵਿੱਚ ਬਹੁਤ ਵੱਡੇ ਬਦਲਾਅ ਆਏ ਹਨ। ਜਿਹੜੀ ਪੱਤਰਕਾਰਤਾ ਕਦੇ ਸਿਰਫ਼ ਅਖ਼ਬਾਰਾਂ ਤੱਕ ਸੀਮਤ ਸੀ, ਉਹ ਅੱਜ ਇੰਟਰਨੈਟ, ਟੈਲੀਵਿਜ਼ਨ, ਰੇਡੀਓ ਅਤੇ ਸੋਸ਼ਲ ਮੀਡੀਆ ਦੇ ਰੂਪ ਵਿੱਚ ਹਰ ਵਿਅਕਤੀ ਦੇ ਹੱਥਾਂ ਤੱਕ ਪਹੁੰਚ ਚੁੱਕੀ ਹੈ।

ਪ੍ਰਿੰਟ ਮੀਡੀਆ-ਅਖ਼ਬਾਰਾਂ ਅਤੇ ਮੈਗਜ਼ੀਨਾਂ ਦੀ ਆਪਣੀ ਵਿਸ਼ੇਸ਼ ਪਹਿਚਾਣ ਹੈ। ਅਖ਼ਬਾਰ ਲੋਕਾਂ ਨੂੰ ਸਵੇਰੇ-ਸਵੇਰੇ ਵਿਸਥਾਰ ਨਾਲ ਖ਼ਬਰਾਂ ਦਿੰਦੇ ਹਨ। ਵਿਸ਼ਲੇਸ਼ਣਾਤਮਕ ਲੇਖ, ਸੰਪਾਦਕੀ (ਇਦਿਟੋਰਿਓਲ) ਅਤੇ ਕਾਲਮ ਲੋਕਾਂ ਨੂੰ ਸਿਰਫ਼ ਖ਼ਬਰ ਹੀ ਨਹੀਂ ਦਿੰਦੇ, ਸਗੋਂ ਉਸਦੇ ਪਿੱਛੇ ਦੀ ਸੱਚਾਈ ਅਤੇ ਵਿਸ਼ਲੇਸ਼ਣ ਵੀ ਦਿੰਦੇ ਹਨ।

ਇਲੈਕਟ੍ਰਾਨਿਕ ਮੀਡੀਆ-ਟੀਵੀ ਚੈਨਲਾਂ ਨੇ ਖ਼ਬਰਾਂ ਦੇਣ ਦੇ ਢੰਗ ਨੂੰ ਬਦਲ ਦਿੱਤਾ ਹੈ। ਹੁਣ ਲੋਕ 24-ਘੰਟੇ ਖ਼ਬਰਾਂ ਦੇਖ ਸਕਦੇ ਹਨ। ਲਾਈਵ ਰਿਪੋਰਟਿੰਗ ਨਾਲ ਘਟਨਾ ਉਸ ਸਮੇਂ ਹੀ ਲੋਕਾਂ ਤੱਕ ਪਹੁੰਚਦੀ ਹੈ।

ਰੇਡੀਓ ਪੱਤਰਕਾਰਤਾ-ਹਾਲਾਂਕਿ ਰੇਡੀਓ ਨੂੰ ਕਈ ਲੋਕ ਪੁਰਾਣਾ ਮੀਡੀਆ ਮੰਨਦੇ ਹਨ, ਪਰ ਇਹ ਅੱਜ ਵੀ ਬਹੁਤ ਮਹੱਤਵਪੂਰਨ ਹੈ। ਖਾਸ ਕਰਕੇ ਪਿੰਡਾਂ ਅਤੇ ਦੂਰ-ਦੁਰੱਸਤ ਇਲਾਕਿਆਂ ਵਿੱਚ ਰੇਡੀਓ ਲੋਕਾਂ ਤੱਕ ਖ਼ਬਰਾਂ ਪਹੁੰਚਾਉਂਦਾ ਹੈ।

ਡਿਜ਼ਿਟਲ ਪੱਤਰਕਾਰਤਾ-ਇੰਟਰਨੈਟ ਨੇ ਪੱਤਰਕਾਰਤਾ ਨੂੰ ਨਵੀਂ ਉਚਾਈਆਂ ਦਿੱਤੀਆਂ ਹਨ। ਵੈਬਸਾਈਟਾਂ, ਖ਼ਬਰ ਪੋਰਟਲ ਅਤੇ ਮੋਬਾਈਲ ਐਪ ਲੋਕਾਂ ਨੂੰ ਮਿੰਟਾਂ ਵਿੱਚ ਜਾਣਕਾਰੀ ਦਿੰਦੇ ਹਨ। ਸੋਸ਼ਲ ਮੀਡੀਆ (Facebook, X/Twitter, Instagram, YouTube) ਨੇ ਹਰ ਵਿਅਕਤੀ ਨੂੰ ਪੱਤਰਕਾਰ ਬਣਾ ਦਿੱਤਾ ਹੈ। ਹੁਣ ਹਰ ਕੋਈ ਆਪਣੀ ਗੱਲ ਦੁਨੀਆ ਤੱਕ ਪਹੁੰਚਾ ਸਕਦਾ ਹੈ।

ਪੱਤਰਕਾਰਤਾ ਦੀ ਮਹੱਤਤਾ-ਪੱਤਰਕਾਰਤਾ ਬਿਨਾਂ ਲੋਕਤੰਤਰ ਦੀ ਕਲਪਨਾ ਕਰਨੀ ਮੁਸ਼ਕਲ ਹੈ। ਇਹ ਕਈ ਪੱਧਰਾਂ 'ਤੇ ਆਪਣੀ ਮਹੱਤਤਾ ਦਰਸਾਉਂਦੀ ਹੈ। ਸੱਚਾਈ ਸਾਹਮਣੇ ਲਿਆਉਣਾ ਪੱਤਰਕਾਰ ਉਹ ਗੱਲ ਲੋਕਾਂ ਤੱਕ ਪਹੁੰਚਾਉਂਦੇ ਹਨ ਜੋ ਕਈ ਵਾਰ ਹਾਕਮ ਛੁਪਾਉਣਾ ਚਾਹੁੰਦੇ ਹਨ। ਘਪਲੇ, ਭ੍ਰਿਸ਼ਟਾਚਾਰ, ਗਲਤ ਨੀਤੀਆਂ - ਇਹ ਸਭ ਤੋਂ ਪਹਿਲਾਂ ਪੱਤਰਕਾਰ ਹੀ ਲੋਕਾਂ ਸਾਹਮਣੇ ਲਿਆਉਂਦੇ ਹਨ।

ਲੋਕਾਂ ਦੀ ਅਵਾਜ਼ ਬਣਨਾ-ਜਦੋਂ ਗਰੀਬ ਕਿਸਾਨ, ਮਜ਼ਦੂਰ ਜਾਂ ਆਮ ਨਾਗਰਿਕ ਆਪਣੀ ਸਮੱਸਿਆ ਖ਼ੁਦ ਸਰਕਾਰ ਤੱਕ ਨਹੀਂ ਪਹੁੰਚਾ ਸਕਦਾ, ਪੱਤਰਕਾਰ ਉਹਨਾਂ ਦੀ ਅਵਾਜ਼ ਬਣਦਾ ਹੈ। ਲੋਕਤੰਤਰ ਦੀ ਰੱਖਿਆ ਮੀਡੀਆ ਸਰਕਾਰ ਦੀ ਨਿਗਰਾਨੀ ਕਰਦਾ ਹੈ। ਜੇਕਰ ਕੋਈ ਗਲਤ ਫੈਸਲਾ ਲਿਆ ਜਾਂਦਾ ਹੈ ਤਾਂ ਪੱਤਰਕਾਰਤਾ ਉਸ ਦੀ ਆਲੋਚਨਾ ਕਰਦੀ ਹੈ। ਇਸ ਤਰ੍ਹਾਂ ਹਕੂਮਤ ਨੂੰ ਆਪਣੀਆਂ ਹੱਦਾਂ ਵਿੱਚ ਰੱਖਦੀ ਹੈ।

ਜਨਤਾ ਨੂੰ ਜਾਗਰੂਕ ਕਰਨਾ-ਸਿੱਖਿਆ, ਸਿਹਤ, ਵਾਤਾਵਰਨ, ਗਰੀਬੀ, ਅਪਰਾਧ ਵਰਗੀਆਂ ਸਮੱਸਿਆਵਾਂ 'ਤੇ ਖ਼ਬਰਾਂ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਦੀਆਂ ਹਨ। ਸ਼ਾਨਦਾਰ ਜੀ ??

ਹੁਣ ਆਓ ਅਸੀਂ ਪੰਜਾਬੀ ਪੱਤਰਕਾਰਤਾ ਦੀ ਵਿਸ਼ੇਸ਼ਤਾ, ਆਧੁਨਿਕ ਪੰਜਾਬ ਵਿੱਚ ਇਸਦੀ ਭੂਮਿਕਾ ਅਤੇ ਨਿਸ਼ਕਰਸ਼ ਲਿਖੀਏ।

ਪੰਜਾਬੀ ਪੱਤਰਕਾਰਤਾ ਦੀ ਵਿਸ਼ੇਸ਼ਤਾ-ਪੰਜਾਬੀ ਪੱਤਰਕਾਰਤਾ ਦਾ ਇਤਿਹਾਸ ਬਹੁਤ ਹੀ ਸ਼ਾਨਦਾਰ ਰਿਹਾ ਹੈ। 19ਵੀਂ ਸਦੀ ਵਿੱਚ ਪੰਜਾਬੀ ਅਖ਼ਬਾਰਾਂ ਨੇ ਲੋਕਾਂ ਨੂੰ ਜਾਗਰੂਕ ਕਰਨ ਵਿੱਚ ਵੱਡਾ ਯੋਗਦਾਨ ਪਾਇਆ। "ਖ਼ਾਲਸਾ ਅਖ਼ਬਾਰ", "ਅਖ਼ਬਾਰ-ਏ-ਆਮ", "ਅਜੀਤ" ਆਦਿ ਨੇ ਲੋਕਾਂ ਦੀ ਆਵਾਜ਼ ਬਣ ਕੇ ਕੰਮ ਕੀਤਾ। ਪੰਜਾਬੀ ਪੱਤਰਕਾਰਤਾ ਨੇ ਹਮੇਸ਼ਾ ਸੱਚਾਈ ਅਤੇ ਲੋਕਾਂ ਦੇ ਹੱਕਾਂ ਦੀ ਗੱਲ ਕੀਤੀ ਹੈ।

ਮੁੱਖ ਵਿਸ਼ੇਸ਼ਤਾਵਾਂ-ਸਮਾਜਿਕ ਜਾਗਰੂਕਤਾ - ਪੰਜਾਬੀ ਪੱਤਰਕਾਰ ਹਮੇਸ਼ਾ ਕਿਸਾਨਾਂ, ਮਜ਼ਦੂਰਾਂ ਅਤੇ ਗਰੀਬ ਵਰਗਾਂ ਦੇ ਹੱਕਾਂ ਲਈ ਅਵਾਜ਼ ਉਠਾਉਂਦੇ ਰਹੇ। ਧਾਰਮਿਕ ਤੇ ਸੱਭਿਆਚਾਰਕ ਰੂਹ - ਪੰਜਾਬੀ ਪੱਤਰਕਾਰਤਾ ਵਿੱਚ ਗੁਰੂ ਸਾਹਿਬਾਨ ਦੀ ਬਾਣੀ, ਸਿੱਖੀ ਦੇ ਅਸੂਲ ਅਤੇ ਪੰਜਾਬੀ ਸਭਿਆਚਾਰ ਦੀ ਮਹਿਕ ਮਿਲਦੀ ਹੈ।

ਇਨਕਲਾਬੀ ਰੂਪ - ਗਦਰ ਲਹਿਰ ਦੇ ਦੌਰਾਨ ਪੰਜਾਬੀ ਪੱਤਰਕਾਰਾਂ ਨੇ ਇਨਕਲਾਬ ਦੀ ਚਿੰਗਾਰੀ ਸਲਗਾਈ। ਲੋਕ-ਭਾਸ਼ਾ ਦਾ ਪ੍ਰਚਾਰ - ਪੰਜਾਬੀ ਪੱਤਰਕਾਰਤਾ ਨੇ ਪੰਜਾਬੀ ਬੋਲੀ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਵੱਡਾ ਯੋਗਦਾਨ ਪਾਇਆ।

**ਬਾਕੀ ਹਿਸਾ ਸਫ਼ਾ 55 ਤੇ ਪੜ੍ਹੋ**



### 54 ਸਫ਼ੇ ਦੀ ਬਾਕੀ

ਆਧੁਨਿਕ ਪੰਜਾਬ ਵਿੱਚ ਪੱਤਰਕਾਰਤਾ ਦੀ ਭੂਮਿਕਾ-ਅੱਜ ਪੰਜਾਬੀ ਪੱਤਰਕਾਰਤਾ ਲੋਕਾਂ ਦੀ ਆਵਾਜ਼ ਬਣੀ ਹੋਈ ਹੈ। ਪੰਜਾਬ ਦੇ ਕਿਸਾਨਾਂ ਦੀ ਲੜਾਈ ਨੂੰ ਪੰਜਾਬੀ ਮੀਡੀਆ ਨੇ ਦੁਨੀਆ ਤੱਕ ਪਹੁੰਚਾਇਆ। ਨਸ਼ਿਆਂ ਦੀ ਸਮੱਸਿਆ, ਬੇਰੁਜ਼ਗਾਰੀ, ਪ੍ਰਵਾਸ ਦੀ ਲਹਿਰ, ਹੜ੍ਹਾਂ ਅਤੇ ਵਾਤਾਵਰਣ ਦੇ

ਮੁੱਦੇ - ਇਹ ਸਾਰੇ ਮਸਲੇ ਪੰਜਾਬੀ ਪੱਤਰਕਾਰਤਾ ਦੀਆਂ ਖ਼ਬਰਾਂ ਵਿੱਚ ਕੇਂਦਰ ਬਣੇ ਰਹੇ। ਪੰਜਾਬੀ ਮੀਡੀਆ ਨੇ ਪੰਜਾਬੀ ਸੱਭਿਆਚਾਰ, ਗੀਤ-ਸੰਗੀਤ ਅਤੇ ਕਲਾ ਨੂੰ ਵੀ ਵੱਡੇ ਪੱਧਰ 'ਤੇ ਪ੍ਰਚਾਰਿਆ।

ਨਵੇਂ ਮੰਚ-ਪ੍ਰਿੰਟ ਮੀਡੀਆ (ਅਖ਼ਬਾਰਾਂ) ਦੇ ਨਾਲ ਨਾਲ ਅੱਜ ਡਿਜੀਟਲ ਮੀਡੀਆ (ਆਨਲਾਈਨ ਪੋਰਟਲ, ਯੂਟਿਊਬ ਚੈਨਲ, ਸੋਸ਼ਲ ਮੀਡੀਆ ਪਲੇਟਫਾਰਮ) ਨੇ ਵੀ ਪੰਜਾਬੀ ਪੱਤਰਕਾਰਤਾ ਨੂੰ ਨਵੀਂ ਉਚਾਈ ਦਿੱਤੀ ਹੈ।

ਅੱਜ ਪੰਜਾਬੀ ਖ਼ਬਰਾਂ ਕੈਨੇਡਾ, ਇੰਗਲੈਂਡ, ਅਮਰੀਕਾ ਤੋਂ ਲੈ ਕੇ ਆਸਟ੍ਰੇਲੀਆ ਤੱਕ ਪੰਜਾਬੀਆਂ ਤੱਕ ਪਹੁੰਚ ਰਹੀਆਂ ਹਨ। ਪੱਤਰਕਾਰਤਾ ਲੋਕਤੰਤਰ ਦਾ ਚੌਥਾ ਥੰਮ ਹੈ। ਜੇਹੜਾ ਥੰਮ ਕਮਜ਼ੋਰ ਹੋ ਜਾਵੇ ਤਾਂ ਲੋਕਤੰਤਰ ਦੀਆਂ ਬੁਨਿਆਦਾਂ ਹਿੱਲਣ ਲੱਗਦੀਆਂ ਹਨ। ਪੰਜਾਬੀ ਪੱਤਰਕਾਰਤਾ ਨੇ ਹਮੇਸ਼ਾ ਸੱਚਾਈ ਦਾ ਪੱਖ ਲਿਆ ਹੈ ਅਤੇ ਲੋਕਾਂ ਦੀਆਂ ਅਸਲ ਸਮੱਸਿਆਵਾਂ ਸਾਹਮਣੇ ਰੱਖੀਆਂ ਹਨ।

ਪਰ ਅੱਜ ਦੇ ਸਮੇਂ ਵਿੱਚ ਇਸਦੇ ਸਾਹਮਣੇ ਕਈ ਚੁਣੌਤੀਆਂ ਹਨ - ਜਿਵੇਂ ਕਿ ਫੇਕ ਨਿਊਜ਼, ਕਾਰਪੋਰੇਟ ਦਬਾਅ, ਰਾਜਨੀਤਿਕ ਦਖ਼ਲਅੰਦਾਜ਼ੀ ਅਤੇ ਨੂਫ ਦੀ ਦੌੜ। ਇਸ ਲਈ ਲੋੜ ਹੈ ਕਿ ਪੱਤਰਕਾਰ ਆਪਣੀ ਨਿਰਪੱਖਤਾ, ਸੱਚਾਈ ਅਤੇ ਸਮਾਜਿਕ ਜ਼ਿੰਮੇਵਾਰੀ 'ਤੇ ਕਾਇਮ ਰਹਿਣ।

ਇੱਕ ਸੱਚਾ ਪੱਤਰਕਾਰ ਉਹੀ ਹੈ ਜੋ ਲੋਕਾਂ ਦੀ ਆਵਾਜ਼ ਬਣੇ, ਲੋਕਾਂ ਦੀਆਂ ਮੁਸੀਬਤਾਂ ਨੂੰ ਉਜਾਗਰ ਕਰੇ ਅਤੇ ਸੱਚ ਨੂੰ ਬਿਨਾਂ ਡਰ-ਭੈ ਤੋਂ ਸਾਹਮਣੇ ਲਿਆਵੇ। ਜੇ ਪੱਤਰਕਾਰਤਾ ਆਪਣੀ ਭੂਮਿਕਾ ਢੰਗ ਨਾਲ ਨਿਭਾਏ, ਤਾਂ ਲੋਕਤੰਤਰ ਸੱਚਮੁੱਚ ਮਜ਼ਬੂਤ ਰਹਿੰਦਾ ਹੈ।

ਸਮਾਜਿਕ ਬਦਲਾਅ ਲਈ ਪ੍ਰੇਰਣਾ-ਕਈ ਵਾਰ ਇੱਕ ਖ਼ਬਰ ਪੂਰੇ ਸਮਾਜ ਦੀ ਸੋਚ ਬਦਲ ਸਕਦੀ ਹੈ। ਪੱਤਰਕਾਰਤਾ ਅਨਿਆਂ ਦੇ ਖ਼ਿਲਾਫ਼ ਲੋਕਾਂ ਨੂੰ ਇਕੱਠਾ ਕਰਨ ਦੀ ਤਾਕਤ ਰੱਖਦੀ ਹੈ।

ਪੱਤਰਕਾਰਤਾ ਸਾਹਮਣੇ ਚੁਣੌਤੀਆਂ-ਲੋਕਤੰਤਰ ਵਿੱਚ ਪੱਤਰਕਾਰਤਾ ਬਹੁਤ ਮਹੱਤਵਪੂਰਣ ਹੈ, ਪਰ ਅੱਜ ਦੇ ਯੁੱਗ ਵਿੱਚ ਇਹ ਖੇਤਰ ਕਈ ਮੁਸ਼ਕਲਾਂ ਨਾਲ ਜੂਝ ਰਿਹਾ ਹੈ।

ਫੇਕ ਨਿਊਜ਼-ਸੋਸ਼ਲ ਮੀਡੀਆ ਦੇ ਯੁੱਗ ਵਿੱਚ ਸਭ ਤੋਂ ਵੱਡੀ ਸਮੱਸਿਆ ਫੇਕ ਨਿਊਜ਼ ਹੈ। ਕਈ ਵਾਰ ਅਫ਼ਵਾਹਾਂ ਨੂੰ ਖ਼ਬਰਾਂ ਦੇ ਰੂਪ ਵਿੱਚ ਫੈਲਾ ਦਿੱਤਾ ਜਾਂਦਾ ਹੈ। ਇਹ ਅਫ਼ਵਾਹਾਂ ਲੋਕਾਂ ਵਿੱਚ ਡਰ, ਗਲਤਫ਼ਹਿਮੀਆਂ ਅਤੇ ਨਫ਼ਰਤ ਪੈਦਾ ਕਰਦੀਆਂ ਹਨ। ਅਸਲ ਪੱਤਰਕਾਰਤਾ ਲਈ ਇਹ ਵੱਡਾ ਖ਼ਤਰਾ ਹੈ ਕਿਉਂਕਿ ਸੱਚਾਈ ਕਈ ਵਾਰ ਝੂਠ ਵਿੱਚ ਦਬ ਜਾਂਦੀ ਹੈ।

ਕਾਰਪੋਰੇਟ ਦਬਾਅ-ਵੱਡੇ ਕਾਰੋਬਾਰੀ ਘਰਾਣੇ ਮੀਡੀਆ ਘਰਾਂ ਦੇ ਮਾਲਕ ਹਨ। ਉਹ ਆਪਣੀ ਸੁਰੱਖਿਆ ਲਈ ਖ਼ਬਰਾਂ 'ਤੇ ਦਬਾਅ ਪਾਉਂਦੇ ਹਨ। ਕਈ ਵਾਰ ਭ੍ਰਿਸ਼ਟਾਚਾਰ ਜਾਂ ਘਪਲੇ ਦੀ ਖ਼ਬਰ ਨੂੰ ਰੋਕ ਦਿੱਤਾ ਜਾਂਦਾ ਹੈ ਕਿਉਂਕਿ ਉਹਨਾਂ ਦੇ ਹਿੱਤਾਂ ਨੂੰ ਨੁਕਸਾਨ ਹੋ ਸਕਦਾ ਹੈ।

ਰਾਜਨੀਤਿਕ ਦਖ਼ਲਅੰਦਾਜ਼ੀ-ਕਈ ਵਾਰ ਰਾਜਨੀਤਿਕ ਪਾਰਟੀਆਂ ਮੀਡੀਆ ਨੂੰ ਆਪਣੇ ਪ੍ਰਚਾਰ ਦਾ ਹਥਿਆਰ ਬਣਾਉਂਦੀਆਂ ਹਨ। ਮੀਡੀਆ ਦੀ ਨਿਰਪੱਖਤਾ ਇਸ ਕਾਰਨ ਘੱਟ ਹੋ ਜਾਂਦੀ ਹੈ। ਜਦੋਂ ਪੱਤਰਕਾਰਤਾ ਸਿਰਫ਼ ਇੱਕ ਪੱਖੀ ਹੋ ਕੇ ਕੰਮ ਕਰੇ ਤਾਂ ਲੋਕਾਂ ਦਾ ਭਰੋਸਾ ਟੁੱਟਦਾ ਹੈ।

ਨੂਫ ਦੀ ਦੌੜ-ਟੀਵੀ ਚੈਨਲ ਆਪਣੀ ਦਰਸ਼ਕ ਸੰਖਿਆ ਵਧਾਉਣ ਲਈ ਸਣਸਨਸਓਟਿਨਓਲ (ਚਟਪਟੀ) ਖ਼ਬਰਾਂ ਦਿਖਾਉਂਦੇ ਹਨ। ਸੱਚਾਈ ਅਤੇ ਗੰਭੀਰ ਖ਼ਬਰਾਂ ਪਿੱਛੇ ਰਹਿ ਜਾਂਦੀਆਂ ਹਨ। ਮਨੋਰੰਜਨ ਦੀ ਓਟ ਵਿੱਚ ਪੱਤਰਕਾਰਤਾ ਆਪਣਾ ਅਸਲੀ ਮਕਸਦ ਭੁੱਲਣ ਲੱਗਦੀ ਹੈ।

ਪੱਤਰਕਾਰਾਂ ਦੀ ਸੁਰੱਖਿਆ-ਸੱਚ ਲਿਖਣ ਵਾਲੇ ਪੱਤਰਕਾਰ ਕਈ ਵਾਰ ਧਮਕੀਆਂ ਦਾ ਸਾਹਮਣਾ ਕਰਦੇ ਹਨ। ਕਈ ਦੇਸ਼ਾਂ ਵਿੱਚ ਪੱਤਰਕਾਰਾਂ ਨੂੰ ਕੈਦ ਕੀਤਾ ਜਾਂਦਾ ਹੈ ਜਾਂ ਮਾਰ ਦਿੱਤਾ ਜਾਂਦਾ ਹੈ। ਇਹ ਪੱਤਰਕਾਰਤਾ ਦੀ ਆਜ਼ਾਦੀ 'ਤੇ ਸਿੱਧਾ ਹਮਲਾ ਹੈ।

ਸੱਚੇ ਪੱਤਰਕਾਰ ਦੀਆਂ ਜ਼ਿੰਮੇਵਾਰੀਆਂ-ਇੱਕ ਸੱਚਾ ਪੱਤਰਕਾਰ ਸਿਰਫ਼ ਖ਼ਬਰਾਂ ਨਹੀਂ ਦਿੰਦਾ, ਸਗੋਂ ਸਮਾਜ ਦੀ ਰਹਿਨੁਮਾਈ ਕਰਦਾ ਹੈ।

ਸੱਚਾਈ ਨਾਲ ਕੋਈ ਸਮਝੌਤਾ ਨਾ ਕਰਨਾ-ਪੱਤਰਕਾਰ ਦਾ ਸਭ ਤੋਂ ਪਹਿਲਾ ਧਰਮ ਹੈ ਕਿ ਉਹ ਸੱਚਾਈ ਸਾਹਮਣੇ ਲਿਆਵੇ। ਕਿਸੇ ਵੀ ਦਬਾਅ ਜਾਂ ਲਾਲਚ ਦੇ ਅੱਗੇ ਝੁਕਣਾ ਨਹੀਂ ਚਾਹੀਦਾ।

ਨਿਰਪੱਖਤਾ ਬਰਕਰਾਰ ਰੱਖਣਾ-ਪੱਤਰਕਾਰਤਾ ਵਿੱਚ ਨਿਰਪੱਖਤਾ ਸਭ ਤੋਂ ਮਹੱਤਵਪੂਰਨ ਹੈ। ਖ਼ਬਰਾਂ ਨੂੰ ਬਿਨਾਂ ਆਪਣੇ ਵਿਚਾਰ ਮਿਲਾਏ ਪੇਸ਼ ਕਰਨਾ ਹੀ ਸੱਚੀ ਪੱਤਰਕਾਰਤਾ ਹੈ। ਲੋਕਾਂ ਦੀ ਭਲਾਈ ਨੂੰ ਪਹਿਲ ਦੇਣਾ ਪੱਤਰਕਾਰ ਨੂੰ ਸੋਚਣਾ ਚਾਹੀਦਾ ਹੈ ਕਿ ਉਸਦੀ ਖ਼ਬਰ ਨਾਲ ਲੋਕਾਂ ਦੀ ਜ਼ਿੰਦਗੀ 'ਤੇ ਕੀ ਅਸਰ ਪਵੇਗਾ। ਖ਼ਬਰ ਉਹੋ ਜਿਹੜੀ ਸਮਾਜ ਦੇ ਹਿੱਤ ਵਿੱਚ ਹੋਵੇ।

ਸਮਾਜਿਕ ਜ਼ਿੰਮੇਵਾਰੀ ਨਿਭਾਉਣਾ-ਪੱਤਰਕਾਰਤਾ ਸਿਰਫ਼ ਰਾਜਨੀਤਿਕ ਜਾਂ ਆਰਥਿਕ ਖ਼ਬਰਾਂ ਤੱਕ ਸੀਮਤ ਨਹੀਂ। ਸਿੱਖਿਆ, ਸਿਹਤ, ਵਾਤਾਵਰਨ, ਮਹਿਲਾਵਾਂ ਦੇ ਮੁੱਦੇ, ਗਰੀਬਾਂ ਦੀਆਂ ਸਮੱਸਿਆਵਾਂ - ਇਹ ਸਭ ਵਿਸ਼ਿਆਂ 'ਤੇ ਧਿਆਨ ਦੇਣਾ ਵੀ ਲਾਜ਼ਮੀ ਹੈ।

ਅਫ਼ਵਾਹਾਂ ਤੋਂ ਬਚਣਾ-ਹਰ ਖ਼ਬਰ ਨੂੰ ਪੱਕੇ ਸਬੂਤਾਂ ਨਾਲ ਜਾਂਚਣ ਤੋਂ ਬਾਅਦ ਹੀ ਛਾਪਣਾ ਜਾਂ ਦਿਖਾਉਣਾ ਚਾਹੀਦਾ ਹੈ। ਅਣਜਾਂਚੀਆਂ ਖ਼ਬਰਾਂ ਪੱਤਰਕਾਰਤਾ ਦੀ ਭਰੋਸੇਯੋਗਤਾ ਨੂੰ ਘੱਟ ਕਰ ਦਿੰਦੀਆਂ ਹਨ।

**** ***

# ਇਤਿਹਾਸ, ਸੁੰਦਰਤਾ ਅਤੇ ਸਭਿਆਚਾਰ ਦਾ ਦੇਸ਼ ਸਪੇਨ







ਗੁਰਭਿੰਦਰ ਗੁਰੀ ਪੱਤਰਕਾਰ
+447951 590424 ਵਟਸਐਪ

ਸਪੇਨ ਯੂਰਪ ਦੇ ਦੱਖਣ-ਪੱਛਮੀ ਹਿੱਸੇ ਵਿੱਚ ਸਥਿਤ ਹੈ ਅਤੇ ਇਸ ਦੀ ਸੀਮਾ ਫਰਾਂਸ, ਪੁਰਤਗਾਲ ਅਤੇ ਜਿਬਰਾਲਟਰ ਨਾਲ ਲੱਗਦੀ ਹੈ। ਦੇਸ਼ ਦਾ ਕੁੱਲ ਖੇਤਰਫਲ 505,000 ਵਰਗ ਕਿਲੋਮੀਟਰ ਤੋਂ ਵੱਧ ਹੈ। ਸਪੇਨ ਆਪਣੀ ਖੂਬਸੂਰਤ ਭੂਗੋਲ, ਵਿਲੱਖਣ ਸਭਿਆਚਾਰ, ਖੇਡਾਂ ਅਤੇ ਸੁਆਦਲੇ ਭੋਜਨ ਲਈ ਵਿਸ਼ਵ ਪੱਧਰ 'ਤੇ ਮਸ਼ਹੂਰ ਹੈ।

ਮੁੱਖ ਸ਼ਹਿਰ ਅਤੇ ਸੈਲਾਨੀ ਸਥਾਨ-ਮੈਡ੍ਰਿਡ-ਰਾਜਧਾਨੀ ਅਤੇ ਆਧੁਨਿਕਤਾ ਦਾ ਕੇਂਦਰ ਮੈਡ੍ਰਿਡ ਸਪੇਨ ਦੀ ਰਾਜਧਾਨੀ ਹੈ ਅਤੇ ਇਹ ਆਪਣੀ ਕਲਾ, ਅਜਾਇਬਘਰਾਂ ਅਤੇ ਇਤਿਹਾਸਕ ਇਮਾਰਤਾਂ ਲਈ ਮਸ਼ਹੂਰ ਹੈ।

ਪ੍ਰਸਿੱਧ ਸਥਾਨ: ਪ੍ਰਾਡੋ ਮਿਊਜ਼ੀਅਮ, ਰਾਇਲ ਪੈਲੇਸ ਆਫ ਮੈਡ੍ਰਿਡ, ਪੂਏਰਤਾ ਦੇਲ ਸੋਲ। ਰਾਤਰੀ ਜੀਵਨ ਲਈ ਮੈਡ੍ਰਿਡ ਬਹੁਤ ਮਸ਼ਹੂਰ ਹੈ।

ਬਾਰਸਿਲੋਨਾ ਕਲਾ ਅਤੇ ਵਾਸਤੂਕਲਾ ਦਾ ਸ਼ਹਿਰ-ਬਾਰਸਿਲੋਨਾ ਸਪੇਨ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ ਹੈ ਅਤੇ ਇਹ ਐਂਟੋਨੀ ਗਾਉਦੀ ਦੀਆਂ ਵਿਲੱਖਣ ਇਮਾਰਤਾਂ ਲਈ ਜਾਣਿਆ ਜਾਂਦਾ ਹੈ।

ਪ੍ਰਸਿੱਧ ਸਥਾਨ-ਸਾਗਰਾਦਾ ਫਾਮਿਲੀਆ, ਪਾਰਕ ਗੁਏਲ, ਲਾ ਰਾਮਬਲਾ ਸਟਰੀਟ। ਸਮੁੰਦਰੀ ਤਟ ਵੀ ਇੱਥੇ ਦੇ ਸੈਲਾਨੀਆਂ ਲਈ ਖਾਸ ਆਕਰਸ਼ਣ ਹਨ।

ਸੇਵਿਲ-ਫਲਮੇਨਕੋ ਦਾ ਜਨਮਸਥਾਨ ਇਹ ਸ਼ਹਿਰ ਅੰਡਾਲੂਸੀਆ ਖੇਤਰ ਦੀ ਰਾਜਧਾਨੀ ਹੈ ਤੇ ਇੱਥੇ ਦੇ ਫਲਮੇਨਕੋ ਡਾਂਸ, ਇਤਿਹਾਸਕ ਕਿਲ੍ਹੇ ਤੇ ਗਿਰਜਾਘਰ ਵਿਸ਼ਵ ਪ੍ਰਸਿੱਧ ਹਨ।

ਪ੍ਰਸਿੱਧ ਸਥਾਨ-ਸੇਵਿਲ ਕੈਥੀਡ੍ਰਲ, ਅਲਕਾਜ਼ਾਰ ਆਫ ਸੇਵਿਲ, ਮੇਟਰੋਪੋਲ ਪੈਰਾਸੋਲ।

ਵੈਲੇਨਸੀਆ : ਵਿਗਿਆਨ ਅਤੇ ਸਮੁੰਦਰ ਦਾ ਮੇਲ-ਵੈਲੇਨਸੀਆ 'ਸਿਟੀ ਆਫ ਆਰਟਸ ਐਂਡ ਸਾਇੰਸਜ਼' ਲਈ ਮਸ਼ਹੂਰ ਹੈ। ਇਹ ਸਪੇਨ ਦਾ ਤੀਜਾ ਸਭ ਤੋਂ ਵੱਡਾ ਸ਼ਹਿਰ ਹੈ ਅਤੇ ਆਪਣੀ ਪਾਇਲਾ ਡਿਸ਼ ਲਈ ਵਿਸ਼ਵ ਪੱਧਰ 'ਤੇ ਪ੍ਰਸਿੱਧ ਹੈ।

ਪ੍ਰਸਿੱਧ ਸਥਾਨ-ਓਸ਼ਨੋਗ੍ਰਾਫਿਕ ਐਕਵੇਰੀਅਮ, ਬਾਇਓਪਾਰਕ ਵੈਲੇਨਸੀਆ।

ਗ੍ਰਾਨਾਡਾ-ਮੂਰਿਸ਼ ਇਤਿਹਾਸ ਦੀ ਝਲਕ ਗ੍ਰਾਨਾਡਾ ਦਾ ਅਲਹੰਬਰਾ ਪੈਲੇਸ ਯੂਨੇਸਕੋ ਵਿਸ਼ਵ ਵਿਰਾਸਤ ਸਥਲ ਹੈ। ਇੱਥੇ ਦੀਆਂ ਤੰਗ ਗਲੀਆਂ, ਪੁਰਾਣੇ ਘਰ ਅਤੇ ਪਹਾੜੀ ਨਜ਼ਾਰੇ ਬੇਮਿਸਾਲ ਹਨ।

ਮਾਲਾਗਾ- ਕੋਸਟਾ ਡੇਲ ਸੋਲ ਦਾ ਦਰਵਾਜ਼ਾ : ਮਾਲਾਗਾ ਆਪਣੀਆਂ ਬੀਚਾਂ, ਪਾਬਲੋ ਪਿਕਾਸੋ ਦੇ ਜਨਮਸਥਾਨ ਅਤੇ ਆਧੁਨਿਕ ਕਲਾ ਲਈ ਜਾਣਿਆ ਜਾਂਦਾ ਹੈ।

ਪ੍ਰਸਿੱਧ ਸਥਾਨ-ਪਿਕਾਸੋ ਮਿਊਜ਼ੀਅਮ, ਅਲਕਾਜ਼ਾਬਾ ਫੋਰਟ।

### ਸਪੇਨ ਦੇ ਮਸ਼ਹੂਰ ਤਿਉਹਾਰ

ਲਾ ਟੋਮਾਟੀਨਾ-ਟਮਾਟਰਾਂ ਦੀ ਲੜਾਈ, ਬੁਨੋਲ ਸ਼ਹਿਰ ਵਿੱਚ।


ਰਨਿੰਗ ਆਫ ਦ ਬੁਲਜ਼-ਸਾਂਡਾਂ ਨਾਲ ਦੌੜ।

ਫੇਰੀਆ ਡੇ ਅਪ੍ਰਿਲ-ਰੰਗ-ਬਿਰੰਗਾ ਮੇਲਾ ਅਤੇ ਫਲਮੇਨਕੋ ਡਾਂਸ।

ਸਪੇਨ ਇੱਕ ਐਸਾ ਦੇਸ਼ ਹੈ ਜੋ ਹਰ ਕਿਸਮ ਦੇ ਸੈਲਾਨੀ ਲਈ ਕੁਝ ਨਾ ਕੁਝ ਖਾਸ ਰੱਖਦਾ ਹੈ - ਚਾਹੇ ਤੁਹਾਨੂੰ ਇਤਿਹਾਸ ਪਸੰਦ ਹੋਵੇ, ਬੀਚਾਂ ਤੇ ਆਰਾਮ, ਕਲਾ, ਜਾਂ ਸੁਆਦਲੇ ਖਾਣੇ। ਯੂਰਪ ਦੀ ਯਾਤਰਾ ਵਿੱਚ ਸਪੇਨ ਇੱਕ ਅਨੋਖਾ ਅਨੁਭਵ ਦਿੰਦਾ ਹੈ।

# ਪੰਜਾਬ ਦੀ ਧਰਤੀ-ਜ਼ਮੀਨ ਅਤੇ ਕਾਰਪੋਰੇਟ

**ਡਾ. ਐਸ.ਪੀ.ਐਸ. ਬਰਾੜ**
ਨਿਰਦੇਸ਼ਕ ਪਾਮੇਤੀ (ਸੇਵਾਮੁਕਤ)
ਪੀ.ਏ.ਯੂ, ਲੁਧਿਆਣਾ
9915194104



ਗੁਰਬਾਣੀ ਵਿਚ ਧਰਤੀ ਨੂੰ ਮਾਂ ਦਾ ਦਰਜ਼ਾ ਦਿੱਤਾ ਗਿਆ ਹੈ। ਇਸ ਦਾ ਕਾਰਨ ਹੈ ਕਿ ਇਨਸਾਨ ਜਦੋਂ ਪੈਦਾ ਹੁੰਦਾ ਹੈ ਉਸ ਨੂੰ ਮਾਂ ਦੀ ਗੋਦ ਵਿੱਚੋਂ ਸਾਰੀਆਂ ਦੁਨਿਆਵੀ ਅਤੇ ਸਰੀਰਕ (ਖਾਣ-ਪੀਣ) ਜ਼ਰੂਰਤਾਂ ਪੂਰੀਆਂ ਹੁੰਦੀਆਂ ਹਨ ਪਰ ਜਦੋਂ ਉਹ ਧਰਤੀ ’ਤੇ ਪੈਰ ਰੱਖਦਾ ਹੈ ਤਾਂ ਉਸ ਦੀਆਂ ਇਹ ਸਾਰੀਆਂ ਜ਼ਰੂਰਤਾਂ ਧਰਤੀ ਉਪਰੋਂ ਜਾਂ ਵਿੱਚੋਂ ਪੈਦਾ ਹੁੰਦੀਆਂ ਹਨ। ਇਸ ਵੇਲੇ ਧਰਤੀ ਦਾ ਆਕਾਰ 51 ਕਰੋੜ ਵਰਗ ਕਿਲੋਮੀਟਰ ਹੈ ਜਿਸ ਦਾ ਦੋ-ਤਿਹਾਈ ਹਿੱਸਾ ਪਾਣੀ ਨਾਲ ਢੱਕਿਆ ਹੋਇਆ ਹੈ ਅਤੇ ਇੱਕ-ਤਿਹਾਈ ਹਿੱਸੇ ਵਿਚ ਪਹਾੜ, ਜੰਗਲ, ਸ਼ਹਿਰ-ਪਿੰਡ ਵਸਦੇ ਹਨ ਅਤੇ ਖੇਤੀ ਹੁੰਦੀ ਹੈ ਜਿਸ ਤੋਂ ਰੋਟੀ ਅਤੇ ਕੱਪੜਾ ਮਿਲਦਾ ਹੈ। ਇਸ ਵੇਲੇ ਧਰਤੀ ’ਤੇ ਕੁੱਲ ਅਬਾਦੀ 820 ਕਰੋੜ ਦੀ ਹੈ। ਇਹ ਅਬਾਦੀ ਸਾਧਨਾਂ ਅਨੁਸਾਰ ਕਿਤੇ ਸੰਘਣੀ ਅਤੇ ਕਿਤੇ ਵਿਰਲੀ ਹੈ। ਏਸ ਕਰਕੇ ਇਸ ਦੀ ਕੀਮਤ ਵੀ ਵੱਧ-ਘੱਟ ਹੈ। ਜਿੱਥੇ ਅਬਾਦੀ ਸੰਘਣੀ ਹੈ ਉਥੇ ਜ਼ਿਆਦਾ ਹੈ ਅਤੇ ਜਿੱਥੇ ਵਿਰਲੀ ਹੈ ਉੱਥੇ ਘੱਟ ਹੈ। ਅਬਾਦੀ ਤੋਂ ਇਲਾਵਾ ਧਰਤੀ ਦੀ ਕੀਮਤ ਖਰੀਦਣ ਵਾਲੇ ਦੀ ਲੋੜ ਅਤੇ ਵੇਚਣ ਵਾਲੇ ਦੀ ਇੱਛਾ ’ਤੇ ਵੀ ਨਿਰਭਰ ਕਰਦੀ ਹੈ। ਛੋਟੇ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਦੀਵਾਨ ਟੋਡਰ ਮੱਲ ਨੇ ਮੁਗ਼ਲਾਂ ਕੋਲੋਂ ਜ਼ਮੀਨ ਸੋਨੇ ਦੀਆਂ ਮੋਹਰਾਂ ਨਾਲ ਢੱਕ ਕੇ ਖਰੀਦੀ ਸੀ।

## ਧਰਤੀ ਅਤੇ ਜ਼ਮੀਨ ਵਿਚ ਫ਼ਰਕ

ਸੌਰ ਮੰਡਲ ਵਿਚ ਪ੍ਰਿਥਵੀ ਇਕ ਗ੍ਰਹਿ ਹੈ ਜੋ ਸੂਰਜ ਦੁਵਾਲੇ ਘੁੰਮਦੀ ਹੈ। ਪਰ ਨਿੱਤ ਵਰਤੋਂ ਵਿੱਚ ਸ਼ਬਦ ‘ਧਰਤੀ’ ਪ੍ਰਿਥਵੀ ਦੇ ਉਸ ਹਿੱਸੇ ਲਈ ਵਰਤਿਆ ਜਾਂਦਾ ਹੈ ਜੋ ਪਾਣੀ ਹੇਠ ਨਹੀਂ ਹੈ ਭਾਵ ਸਮੁੰਦਰ ਤੋਂ ਪਾਸੇ ਹੈ । ਮੁੱਖ ਤੌਰ ’ਤੇ ਘਰ, ਸੜਕਾਂ, ਪਹਾੜ ਆਦਿ ਸਭ ਧਰਤੀ ਉੱਪਰ ਹੀ ਹਨ। ਧਰਤੀ ਵਿੱਚੋਂ ਹੀ ਕਈ ਪ੍ਰਕਾਰ ਦੇ ਖਣਿਜ ਅਤੇ ਧਾਤਾਂ ਕੱਢੀਆਂ ਜਾਂਦੀਆਂ ਹਨ।

ਦੂਜੇ ਪਾਸੇ ਜ਼ਮੀਨ ਧਰਤੀ ਦਾ ਉਹ ਉੱਪਰਲਾ ਹਿੱਸਾ ਹੈ ਜੋ ਉੱਪਜਾਊ ਹੈ ਅਤੇ ਬਨਾਸਪਤੀ ਉਗਾਉਣ ਦੇ ਅਨੁਕੂਲ ਹੈ ਭਾਵ ਧਰਤੀ ਦੀ ਉਹ ਉੱਪਰਲੀ ਪਰਤ ਜਿਸ ਵਿਚ ਤੁਸੀਂ ਅਨਾਜ, ਫਲ, ਫੁੱਲ, ਸਬਜ਼ੀਆਂ ਆਦਿ ਉਗਾ ਸਕੋ, ਉਸ ਨੂੰ ਜ਼ਮੀਨ ਕਿਹਾ ਜਾਂਦਾ ਹੈ ਜਾਂ ਕਹਿ ਲਿਆ ਜਾਵੇ ਜ਼ਮੀਨ ਗਲਤ ਵਰਤੋਂ ਕਾਰਨ ਜਾਂ ਸੇਮ ਕਾਰਨ ਬੰਜਰ ਹੋ ਸਕਦੀ ਹੈ, ਪਰ ਧਰਤੀ ਤਾਂ ਰਹੇਗੀ। ਧਰਤੀ ਤੋਂ ਉਪਜਾਊ ਜ਼ਮੀਨ ਬਣਦਿਆਂ ਹਜ਼ਾਰਾਂ ਸਾਲ ਲੱਗ ਜਾਂਦੇ ਹਨ। ਜਦੋਂ ਮਨੁੱਖ ਨੇ ਇੱਕ ਜਗ੍ਹਾ ਰਹਿਣਾ ਸ਼ੁਰੂ ਕੀਤਾ ਤਾਂ ਵਸੋਂ ਉਥੋਂ ਸ਼ੁਰੂ ਹੋਈ ਜਿੱਥੇ ਜ਼ਮੀਨ ਉੱਪਜਾਊ ਸੀ ਅਤੇ ਪੀਣ ਲਈ ਪਾਣੀ ਉੱਪਲਬਧ ਸੀ। ਇਹ ਵੀ ਕਥਨ ਹੈ ‘ਜਿਹੋ ਜਿਹੀ ਜ਼ਮੀਨ, ਉਹੋ ਜਿਹੇ ਮਨੁੱਖ’ ਮਤਲਬ ਜੇ ਜ਼ਮੀਨ ਸਿਹਤਮੰਦ ਹੈ ਤਾਂ ਉੱਥੇ ਅਬਾਦੀ ਵੀ ਸਿਹਤਮੰਦ ਹੋਵੇਗੀ।

ਜ਼ਮੀਨ ਦੇ ਪ੍ਰਬੰਧ ਲਈ ਕਈ ਤਰ੍ਹਾਂ ਦੇ ਸਿਸਟਮ ਚਲਾਏ ਗਏ। ਜ਼ਮੀਂਦਾਰੀ, ਜਾਗੀਰਦਾਰੀ, ਮਹਾਲਵਾਰੀ ਆਦਿ ਅਤੇ ਕਈ ਤਰ੍ਹਾਂ ਦੇ ਕਰਮਚਾਰੀ/ਅਹੁਦੇਦਾਰ ਵੀ ਨਿਯੁਕਤ ਕੀਤੇ ਗਏ ਜਿਵੇਂ ਕਿ ਕਰੋੜੀ, ਆਮੀਲ ਅਤੇ ਪਟਵਾਰੀ ਆਦਿ। ਕਿਸਾਨ ਕੋਲ ਜ਼ਮੀਨ ਵਾਹੁਣ ਦਾ ਹੱਕ ਓਨਾ ਚਿਰ ਹੀ ਸੀ ਜਿੰਨਾ ਚਿਰ ਉਹ ਮਾਲੀਆ ਦਿੰਦਾ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ (1709-15) ਆਪਣੇ ਰਾਜਕਾਲ ਵਿਚ ਪੰਜਾਬ ਵਿੱਚ ਜਿਮੀਂਦਾਰੀ ਸਿਸਟਮ ਖ਼ਤਮ ਕਰ ਦਿੱਤਾ। ਇਸ ਲਈ ਜ਼ਮੀਨੀ ਭਾਵ ਜ਼ਮੀਨ ਦੀ ਮਾਲਕੀ ਸਰਕਾਰ ਤੋਂ ਕਿਸਾਨ ਨੂੰ ਮਿਲ ਗਈ ਜੋ ਸਿਸਟਮ ਅੱਜ ਵੀ ਚੱਲ ਰਿਹਾ ਹੈ।

## ਦੇਸ਼ ਦੀ ਵੰਡ

ਸੰਨ 1947 ਵਿੱਚ ਦੇਸ਼ ਦੀ ਵੰਡ ਸਮੇਂ ਸਾਂਝੇ ਪੰਜਾਬ ਦਾ ਉਹ ਹਿੱਸਾ ਜਿਹੜਾ ਜ਼ਿਆਦਾ ਵਿਕਸਤ ਸੀ, ਜ਼ਮੀਨ ਜ਼ਿਆਦਾ ਉਪਜਾਊ ਅਤੇ ਪਾਣੀ ਦੇ ਸਾਧਨ ਜ਼ਿਆਦਾ ਸਨ ਉਹ ਪਾਕਿਸਤਾਨ ਵਿੱਚ ਚਲਾ ਗਿਆ। ਏਧਰਲੇ ਪੰਜਾਬ ਵਿੱਚ ਜ਼ਮੀਨ ਜ਼ਿਆਦਾਤਰ ਰੇਤਲੀ, ਟਿੱਬੇ, ਉੱਚੀ-ਨੀਵੀਂ ਅਤੇ ਕੱਲਰ ਵਾਲੀ ਸੀ। ਖ਼ਾਸ ਕਰਕੇ ਮਾਲਵੇ ਦਾ ਬਹੁਤਾ ਹਿੱਸਾ ਰੇਤਲਾ ਅਤੇ ਖੁਸ਼ਕੀ ਦਾ ਮਾਰਿਆ ਸੀ। ਅੱਜ ਜੋ ਪੱਧਰ ਜ਼ਮੀਨ ਉੱਪਰ ਇਕਸਾਰ ਕਣਕ-ਝੋਨਾ ਦਿੱਸਦਾ ਹੈ ਇਹ ਕਿਸਾਨਾਂ ਦੀ ਦਹਾਕਿਆਂ ਦੀ ਮਿਹਨਤ ਦਾ ਨਤੀਜਾ ਹੈ ਜਿਸ ਵਿਚ ਸਮੇਂ ਦੀ ਸਰਕਾਰ ਦਾ ਵੀ ਬਹੁਤ ਵੱਡਾ ਯੋਗਦਾਨ ਹੈ ਜਿਸ ਨੇ ਮੁਰੱਬਾਬੰਦੀ ਕਰਵਾਈ ਤਾਂ ਕਿ ਕਿਸਾਨਾਂ ਦੀ ਵੱਖ-ਵੱਖ ਟੁੱਕੜਿਆਂ ਵਿਚ ਪਈ ਜ਼ਮੀਨ ਇਕੱਠੀ ਹੋ ਸਕੇ। ਇਸ ਨਾਲ ਪਿੰਡਾਂ ਅਤੇ ਖੇਤਾਂ ਨੂੰ ਜਾਂਦੇ ਰਸਤੇ ਵੀ ਸਿੱਧੇ ਹੋਏ। ਤਕਨੀਕੀ ਵਿਕਾਸ ਲਈ ਯੂਨੀਵਰਸਿਟੀਆਂ, ਇੰਜਨੀਅਰਿੰਗ ਕਾਲਜ, ਆਈ.ਟੀ.ਆਈ. ਵਰਗੇ ਅਦਾਰੇ ਖੋਲ੍ਹੇ। ਪਾਣੀ ਦੇ ਇੰਤਜ਼ਾਮ ਲਈ ਸੱਤ-ਰੋਜ਼ੀ ਵਾਰੀ ਚਲਾਈ। ਕਿਸਾਨਾਂ ਦੀ ਸਹੂਲਤ ਲਈ ਪੀ.ਏ. ਡੀ.ਬੀ. (ਪੰਜਾਬ ਐਗਰੀਕਲਚਰ ਡੀਵੈਲਪਮੈਂਟ ਬੈਂਕ) ਅਤੇ ਕੋਆਪਰੇਟਿਵ ਬੈਂਕ ਅਤੇ ਕੋਆਪਰੇਟਿਵ ਸੋਸਾਇਟੀਆਂ ਖੋਲ੍ਹੀਆਂ। ਪਿੰਡਾਂ ਨੂੰ ਲਿੰਕ ਸੜਕਾਂ ਬਣਾਈਆਂ। ਮੰਡੀਕਰਨ ਸੁਧਾਰਿਆ, ਫੋਕਲ ਪੋਆਇੰਟ ਬਣਾਏ ਜਿਸ ਦੇ ਸਿੱਟੇ ਵਜੋਂ ਹਰੀ ਕ੍ਰਾਂਤੀ ਆਈ। ਦੇਸ਼ ਦੀ ਭੁੱਖ ਮਿਟੀ। ਸੂਬਾ ਖੇਤੀ, ਇੰਡਸਟਰੀ ਅਤੇ ਪ੍ਰਤੀ ਜੀਅ ਆਮਦਨ ਵਿਚ ਨੰਬਰ ਇੱਕ ਬਣਿਆ। ਸਭ ਤੋਂ ਵੱਡੀ ਗੱਲ ਇਹ ਸਾਰੀ ਤਰੱਕੀ ਬਿਨਾਂ ਕੋਈ ਕਰਜ਼ਾ ਲਏ ਹੋਈ ਜਿੰਨਾ ਚਿਰ ਸਰਕਾਰ ਨੇ ਕੋਈ ਕਰਜ਼ਾ ਨਹੀਂ ਲਿਆ; ਸੂਬਾ ਇੱਕ ਨੰਬਰ ਰਿਹਾ। ਕਰਜ਼ਾ ਲੈਣ ਦੀ ਐਸੀ ਆਦਤ ਪਈ ਕਿ 1990 ਦੇ ਦਹਾਕੇ ਤੋਂ ਬਾਅਦ ਸਰਕਾਰ ਨੇ ਛਿੱਕ ਵੀ ਮਾਰਨੀ ਹੈ ਤਾਂ ਕਰਜ਼ਾ ਲੈ ਕੇ।

## ਜ਼ਮੀਨ ਦੀ ਬਣਤਰ

ਪੰਜਾਬ ਦੀ ਜ਼ਮੀਨ ਦਰਿਆਵਾਂ ਦੀ ਰੋਹੜ ਨਾਲ ਲਿਆਂਦੀ ਮਿੱਟੀ ਤੋਂ ਬਣੀ ਹੈ ਅਤੇ ਇਸ ਨੂੰ “ਅਲੂਵੀਅਲ ਸਾਇਲ” ਕਿਹਾ ਜਾਂਦਾ ਹੈ। ਏਸੇ ਕਰਕੇ ਇਸ ਵਿਚ ਚੀਕਣੀ ਮਿੱਟੀ (ਕਲੇਅ) ਪਣਾ (ਸਿਲਟ) ਅਤੇ ਰੇਤੇ ਦੀ ਮਾਤਰਾ ਵਿਚ ਜਗ੍ਹਾ-ਜਗ੍ਹਾ ’ਤੇ ਫ਼ਰਕ ਹੈ। ਸਾਇੰਸਦਾਨਾਂ ਨੇ ਜਿੰਨੇ ਕੁਦਰਤੀ ਤੱਤਾਂ ਦੀ ਹੁਣ ਤੱਕ ਪਹਿਚਾਣ ਕੀਤੀ ਹੈ ਉਹਨਾਂ ਵਿਚੋਂ ਬਹੁਤੇ ਜ਼ਮੀਨ ਵਿਚ ਪਾਏ ਜਾਂਦੇ ਹਨ ਜੋ ਬਨਸਪਤੀ ਦੀ ਖੁਰਾਕ ਦਾ ਹਿੱਸਾ ਬਣਦੇ ਹਨ। ਬੂਟੇ ਦੇ ਵੱਧਣ-ਫੁਲਣ ਲਈ ਭਾਵੇਂ 16 ਤੱਤ ਜ਼ਰੂਰੀ ਹਨ ਪਰ ਆਮ ਬੂਟੇ ਵਿਚ 70 ਦੇ ਕਰੀਬ ਤੱਤ ਪਾਏ ਜਾਂਦੇ ਹਨ। ਇਹਨਾਂ 70 ਤੱਤਾਂ ਵਿਚੋਂ ਇਨਸਾਨਾਂ ਵਿਚ ਅੱਗੋਂ 60 ਤੱਤ ਪਾਏ ਜਾਂਦੇ ਹਨ। ਇਹਨਾਂ ਵਿੱਚੋਂ ਜ਼ਰੂਰੀ ਸਿਰਫ 25 ਤੱਤ ਹੀ ਗਿਣੇ ਜਾਂਦੇ ਹਨ। ਬਹੁਤਾ ਇਨਸਾਨੀ ਢਾਂਚਾ ਸਿਰਫ਼ 6 ਤੱਤਾਂ ਦਾ ਬਣਿਆ ਹੈ ਜਿਸ ਵਿਚ ਕਾਰਬਨ, ਆਕਸੀਜਨ, ਹਾਈਡਰੋਜਨ, ਨਾਈਟਰੋਜਨ, ਕੈਲਸ਼ੀਅਮ ਅਤੇ ਫਾਸਫੋਰਸ ਹਨ। ਇਸ ਦੇ ਨਾਲ ਗੰਧਕ (ਸਲਫ਼ਰ), ਪੋਟਾਸ਼ੀਅਮ, ਸੋਡੀਅਮ, ਕਲੋਰੀਨ ਅਤੇ ਮੈਗਨੀਸ਼ੀਅਮ। ਇਹਨਾਂ ਤੋਂ ਇਲਾਵਾ ਕੁਝ ਸੂਖਮ ਤੱਤ ਜਿਹਨਾਂ ਦੀ ਮਾਤਰਾ 0.01 ਪ੍ਰਤੀਸ਼ਤ ਤੋਂ ਘੱਟ ਹੁੰਦੀ ਹੈ। ਉਹ ਹਨ ਬੋਰੋਨ, ਕੈਡਮੀਅਮ, ਕਰੋਮੀਅਮ, ਕੋਬਾਲਟ, ਕਾਪਰ, ਫਲੋਰੀਨ, ਆਇਓਡੀਨ, ਆਇਰਨ, ਮੈਗਨੀਜ਼, ਮੋਲੀਬਡਿਨਮ, ਸਿਲੀਕੋਨ, ਟਿਨ, ਵਨੇਡੀਅਮ ਅਤੇ ਜ਼ਿੰਕ। ਏਸੇ ਕਰਕੇ ਸ਼ਾਕਾਹਾਰੀ ਲੋਕ ਬਨਸਪਤੀ ਵਿੱਚੋਂ ਵੀ ਸੰਤੁਲਤ ਖੁਰਾਕ ਲੈ ਲੈਂਦੇ ਹਨ। ਜਿਹੜੇ ਪੰਜਾਬੀ ਫ਼ੌਜੀਆਂ ਨੇ ਦੂਜੇ ਵਿਸ਼ਵ ਯੁੱਧ ਵਿਚ ਹਿੱਸਾ ਲਿਆ ਅਤੇ ਜੰਗਲਾਂ ਵਿਚ ਘਿਰ ਗਏ ਉਹਨਾਂ ਨੇ ਕਈ ਕਈ ਦਿਨ ਕੱਚੀ ਬਨਸਪਤੀ ’ਤੇ ਹੀ ਗੁਜ਼ਾਰਾ ਕੀਤਾ।

## ਅੱਜ ਜ਼ਮੀਨ ਦੀ ਸਿਹਤ

ਅੱਜਕਲ੍ਹ ਹਰ ਪੰਜਾਬੀ ਜਾਂ ਭਾਰਤੀ ਜੋ ਜ਼ਮੀਨ ਦੀ ਗੱਲ ਕਰਦਾ ਹੈ, ਉਹ ਇੱਕੋ ਗੱਲ ਕਰਦਾ ਹੈ ਕਿਸਾਨਾਂ ਨੇ ਰਸਾਇਣਿਕ ਖਾਦਾਂ ਅਤੇ ਜ਼ਹਿਰਾਂ (ਪੈਸਟੀਸਾਈਡ) ਪਾ ਕੇ ਜ਼ਮੀਨ ਦੀ ਸਿਹਤ ਖ਼ਰਾਬ ਕਰ ਦਿੱਤੀ/ਕਮਜ਼ੋਰ ਕਰ ਦਿੱਤੀ। ਇੱਥੋਂ ਤੱਕ ਕਹਿਣ ਵਿੱਚ ਵੀ ਗੁਰੇਜ਼ ਨਹੀਂ ਕਰਦੇ ਕਿ ਜ਼ਮੀਨਾਂ ਬੰਜਰ ਬਣਾ ਦਿੱਤੀਆਂ। ਇਹਨਾਂ ਲੋਕਾਂ ਕੋਲ ਪੇਸ਼ ਕਰਨ ਲਈ ਕੋਈ ਜਾਂਚ ਰਿਪੋਰਟ ਨਹੀਂ, ਬੱਸ, ਜੋ ਬੀਕਾਨੇਰ ਵਾਲੀ ਗੱਡੀ ਦੀ ਉਦਾਹਰਣ ਹੀ ਹੈ। ਮੈਂ ਇਹ ਦਾਵੇ ਨਾਲ ਕਹਿ ਸਕਦਾ ਹਾਂ ਕਿ ਬੀਕਾਨੇਰ ਨੂੰ ਜਾਂਦੀ ਕੈਂਸਰ ਦੇ ਇਲਾਜ ਲਈ ਗੱਡੀ ਜਾਂ ਇਥੋਂ ਦੇ ਹਸਪਤਾਲਾਂ ਵਿੱਚ ਵੱਧਦੇ ਮਰੀਜ਼ਾਂ ਲਈ ਜ਼ਿੰਮੇਵਾਰ ਕਿਸਾਨ ਨਹੀਂ ਬਲਕਿ ਇਥੋਂ ਦੀ ਇੰਡਸਟਰੀ, ਕਾਰਪੋਰੇਸ਼ਨਾਂ, ਨਗਰ ਪਾਲਿਕਾਵਾਂ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਹੈ। ਪੰਜਾਬ ਦੀ ਜ਼ਮੀਨ ਦੀਆਂ ਰਸਾਇਣਕ ਅਤੇ ਭੌਤਿਕ ਵਿਸ਼ੇਸ਼ਤਾਈਆਂ ਵਿਚ ਹਰੀ ਕ੍ਰਾਂਤੀ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਸੁਧਾਰ ਹੋਇਆ ਹੈ। ਜਿਹੜੀ ਜ਼ਮੀਨ ਔਸਤ ਹੈਕਟੇਅਰ ਦੇ 12 ਟੰਨ ਦਾਣੇ ਹਰ ਸਾਲ ਪੈਦਾ ਕਰਦੀ ਹੈ ਉਹ ਮਾੜੀ ਕਿਵੇਂ ਹੋ ਸਕਦੀ ਹੈ। ਰਹੀ ਗੱਲ ਰਸਾਇਣਿਕ ਖਾਦਾਂ ਦੀ, ਪੰਜਾਬ ਵਿਚ ਬਹੁਤੇ ਦੋ ਤੱਤ ਨਾਈਟਰੋਜਨ ਅਤੇ ਫਾਸਫੋਰਸ ਵਰਤੇ ਜਾਂਦੇ ਹਨ ਇਹਨਾਂ ਤੋਂ ਕਿਤੇ ਘੱਟ ਪੋਟਾਸ਼, ਜ਼ਿੰਕ, ਮੈਗਨੀਜ਼ ਆਇਰਨ ਜਾਂ ਕਾਪਰ ਆਦਿ। ਇਹ ਸਾਰੇ ਹੀ ਤੱਤ ਸਾਡੀ ਖ਼ੁਰਾਕ ਦਾ ਜ਼ਰੂਰੀ ਅੰਗ ਹਨ ਅਤੇ ਕਿਸੇ ਜ਼ਮੀਨ ਜਾਂ ਪਾਣੀ ਵਿਚ ਇਹ ਸਬੂਤ ਨਹੀਂ ਆਇਆ ਕਿ ਰਸਾਇਣਿਕ ਖਾਦਾਂ ਦੀ ਵਰਤੋਂ ਨਾਲ ਜ਼ਮੀਨ ਜਾਂ ਪਾਣੀ ਖ਼ਰਾਬ ਹੋ ਗਿਆ। ਜਿੱਥੋਂ ਤੱਕ ਪੈਸਟੀਸਾਈਡ ਦੀ ਵਰਤੋਂ ਦੀ ਗੱਲ ਹੈ, ਪੰਜਾਬ ਵਿਚ ਪੈਸਟੀਸਾਈਡ ਸਿਰਫ਼ 665 ਗ੍ਰਾਮ ਪ੍ਰਤੀ ਹੈਕਟੇਅਰ ਸਲਾਨਾ ਵਰਤੇ ਜਾਂਦੇ ਹਨ। ਜਦ ਕਿ ਚੀਨ ਵਿਚ 13 ਕਿਲੋ ਅਤੇ ਯੂ.ਕੇ., ਇੰਗਲੈਂਡ ਵਿਚ 6 ਕਿਲੋ ਪ੍ਰਤੀ ਹੈਕਟੇਅਰ ਹੈ। ਦੁਨੀਆ ਭਰ ਦੀ ਔਸਤ 2.37 ਕਿਲੋ ਪ੍ਰਤੀ ਹੈਕਟੇਅਰ ਹੈ। ਇਸ ਤੋਂ ਉਪਰ ਅੱਜ ਤੱਕ ਪੰਜਾਬ ਵਿਚ ਖੇਤੀਬਾੜੀ ਯੂਨੀਵਰਸਿਟੀ ਵਲੋਂ ਕਿਸੇ ਵੀ ਇਹੋ ਜਿਹੇ ਰਸਾਇਣ ਦੀ ਵਰਤੋਂ ਦੀ ਸਿਫ਼ਾਰਿਸ਼ ਨਹੀਂ ਹੋਈ ਜਿਹੜਾ ਬਾਇਓਡੀਗਰੇਡੇਬਲ ਨਾ ਹੋਵੇ। ਮੱਤਲਬ ਜਿਹੜਾ ਰਸਾਇਣ ਬੂਟੇ ਜਾਂ ਜ਼ਮੀਨ ਵਿਚ ਪਾਇਆ ਜਾਵੇਗਾ, ਉਸ ਦਾ ਮਾਲੀਕਿਊਲ ਸਮੇਂ ਨਾਲ ਐਲੀਮੈਂਟਲ ਫਾਰਮ (ਭਾਵ ਤੱਤ) ਵਿੱਚ ਬਦਲ ਜਾਵੇਗਾ ਜਾਂ ਕਹਿ ਲਓ ਉਸ ਦਾ ਜ਼ਹਿਰੀਲਾਪਣ ਖ਼ਤਮ ਹੋ ਜਾਵੇਗਾ। ਕੀ ਐਂਟੀਬਾਉਟਿਕ ਜਾਂ ਫੂਡ ਪਰੇਜ਼ਰਵੇਟਿਵ ਜ਼ਹਿਰ ਨਹੀਂ ਹਨ। ਏਸੇ ਵੇਲੇ ਭਾਰਤ ਦੀ ਪੈਸਟੀਸਾਈਡ ਇੰਡਸਟਰੀ 24500 ਕਰੋੜ ਦੀ ਹੈ ਅਤੇ ਰਸਾਇਣਕ ਖਾਦਾਂ ਦੀ 92000 ਕਰੋੜ ਦੀ। ਦੂਜੇ ਪਾਸੇ ਮਨੁੱਖੀ ਦਵਾਈਆਂ ਦਾ ਕੁੱਲ ਕਾਰੋਬਾਰ 5,16,000 ਕਰੋੜ ਦਾ ਹੈ ਜਿਸ ਵਿੱਚੋਂ ਤਕਰੀਬਨ ਅੱਧੇ ਮੁੱਲ ਦੀਆਂ ਦਵਾਈਆਂ ਬਾਹਰ ਭੇਜੀਆਂ ਜਾਂਦੀਆਂ ਹਨ।

## ਜ਼ਮੀਨ ਦੀ ਸੁਚੱਜੀ ਵਰਤੋਂ

ਪੰਜਾਬ ਦੀ ਅਬਾਦੀ 1971 ਵਿਚ ਇੱਕ ਕਰੋੜ ਪੈਂਤੀ ਲੱਖ ਸੀ ਜੋ 2023 ਵਿਚ ਵੱਧ ਕੇ ਤਿੰਨ ਕਰੋੜ ਬਾਰਾਂ ਲੱਖ ਹੋ ਗਈ। ਖੇਤੀਬਾੜੀ ਵਾਲੀ ਜ਼ਮੀਨ ਜੋ ਉਸ ਵਕਤ ਪ੍ਰਤੀ ਜੀਅ 0.311 ਹੈਕਟੇਅਰ (ਤਕਰੀਬਨ 6 ਕਨਾਲ) ਸੀ ਉਹ ਘੱਟ ਕੇ 0.134 ਹੈਕਟੇਅਰ (2 ਕਨਾਲ 13 ਮਰਲੇ) ਰਹਿ ਗਈ। ਖੇਤੀਬਾੜੀ ਵਾਲੀ ਜ਼ਮੀਨ 43 ਫੀਸਦੀ ਤੱਕ ਹੀ ਰਹਿ ਗਈ ਜਿਸ ਵਿਚੋਂ ਹਰ ਪੰਜਾਬੀ ਨੇ ਆਪਣੀ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰਨੀਆਂ ਹਨ, ਜਿਸ ਤੋਂ ਮੇਰਾ ਮਤਲਬ ਹੈ ਕਿ ਅੱਗੋਂ ਤੋਂ ਜ਼ਰਖੇਜ਼ ਜ਼ਮੀਨ ਦੀ ਵਰਤੋਂ ਘਰਾਂ, ਸੜਕਾਂ ਅਤੇ ਹੋਰ ਡਿਵੈਲਪਮੈਂਟ ਲਈ ਪਾਸੇ ਨੂੰ ਖਿਲਾਰਨ ਦੀ ਬਜਾਏ ਉੱਪਰ ਨੂੰ ਵੱਧਣਾ ਚਾਹੀਦਾ ਹੈ। ਅੱਜ ਕਲ੍ਹ ਤਾਂ ਖੇਤੀ ਵਿਚ ਵੀ ਵਰਟੀਕਲ ਕਲਟੀਵੇਸ਼ਨ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਪਰ ਪੰਜਾਬੀਆਂ ਦਾ ਖਰਚੀਲਾ ਸੁਭਾਅ ਅਤੇ ਵਿਤੋਂ ਬਾਹਰਾ ਵਿਖਾਵਾ ਕਰਨਾ ਹਰ ਵਪਾਰੀ ਕਾਰਪੋਰੇਟ ਘਰਾਨੇ ਅਤੇ ਮਜਦੂਰ ਨੂੰ ਆਵਦੇ ਵੱਲ ਖਿਚਦਾ ਹੈ। ਹਰ ਇੱਕ ਨੂੰ ਪੈਰ ਧਰਨ ਲਈ ਜ਼ਮੀਨ ਚਾਹੀਦੀ ਹੈ। ਜੇ ਬਚਦੀ ਹੈ ਬਚਾ ਲਓ। ਜ਼ਮੀਨ ਤੋਂ ਬਿਨਾ ਕਿਸਾਨ/ਜਿਮੀਂਦਾਰ/ਸਰਦਾਰ ਜੀ ਕੁੱਝ ਵੀ ਨਾਮ ਨਾਲ ਨਹੀਂ ਲੱਗਣਾ।

ਖ਼ਿਆਲ ਰਹੇ ਹੋਰ ਹਰ ਚੀਜ਼ ਵਧਾ ਸਕਦੇ ਹੋ, ਜ਼ਮੀਨ ਨਹੀਂ।

# • ਪੰਜਾਬੀ ਫ਼ਿਲਮ ਦਰਪਣ •

## ਬਲਦੇਵ ਰਾਜ ਨੂੰ ਮਿਹਨਤਾਂ ਨੇ ਭਾਗ ਲਾਏ ਨਸੀਬ ਜਗਾਏ



ਪੰਜਾਬੀ ਫ਼ਿਲਮਾਂ ਦੇ ਨੇਕ ਤੇ ਸ਼ਰੀਫ਼ ਨਿਰਮਾਤਾ ਨੇ ਬਲਦੇਵ ਰਾਜ ਮਾਂਡੀਆਂ ਜਿਹਨਾਂ ਨੇ "ਅੱਜ ਦੇ ਲਫੰਗੇ" "ਕੱਚੇ ਧਾਗੇ" ਸਮੇਤ ਪੰਜਾਬੀ ਫ਼ਿਲਮਾਂ ਦਾ ਨਿਰਮਾਣ ਕਰ ਮਿੱਠੇ ਕੌੜੇ ਅਨੁਭਵਾਂ ਨੂੰ ਪ੍ਰਾਪਤ ਕੀਤਾ ਹੈ। ਬਲਦੇਵ ਰਾਜ ਨੇ ਦੀਪ ਮਾਂਡੀਆਂ ਨੂੰ ਫ਼ਿਲਮ ਨਾਇਕ ਵਜੋਂ ਲਿਆਂਦਾ ਤੇ ਜਲਦੀ ਓਸ ਨਾਲ ਓਹ ਬਾਲੀਵੁੱਡ ਫ਼ਿਲਮ ਕਰਨਗੇ। ਬਲਦੇਵ ਰਾਜ ਜਿੱਥੇ ਕੁਸ਼ਲ ਨਿਰਮਾਤਾ ਹਨ ਉੱਥੇ ਓਹਨਾਂ ਨਵੇਂ ਨਿਰਮਾਤਾਵਾਂ ਨੂੰ ਕਿਹਾ ਕਿ ਓਹ ਵਪਾਰ ਦੇ ਝਾਂਸੇ ਵਿੱਚ ਆ ਫ਼ਿਲਮਾਂ ਨਾ ਬਣਾਉਣ ਬਲ ਕਿ ਇਹ ਸੋਚ ਬਣਾਉਣ ਕਿ ਆਪਣੇ ਦਮ ਤੇ ਕਰਨਾ ਹੈ ਨਾ ਕਿ ਸਬਜ਼ਬਾਗ ਦੇਖ ਕਿ ਤੇ ਬਲਦੇਵ ਰਾਜ ਧਾਰਮਿਕ ਬਿਰਤੀ ਦੇ ਨਾਲ ਨਾਲ ਮਹਿਮਾਨ ਨਿਵਾਜ਼ੀ ਲਈ ਵੀ ਪ੍ਰਸਿੱਧ ਹਨ। ਲੁਧਿਆਣਾ ਦੇ ਪੰਨਾ ਪਕੌੜੇ ਵਾਲਾ ਓਹਨਾਂ ਦਾ ਬਰਾਂਡ ਹੈ ਤੇ ਹਾਂ ਰਿਸ਼ਤੇ ਨਾਤੇ ਭੁੱਲੋ ਨਾ ਨਿਭਾਓ ਅੱਜ ਘਟ ਰਹੀ ਰਿਸ਼ਤਿਆਂ ਦੀ ਮੱਹਤਤਾ ਵਧਾਈ ਜਾਏ ਬਲਦੇਵ ਰਾਜ ਨੇ ਆਪਣੀ ਰਿਸ਼ਤੇਦਾਰ ਬੱਚੀ ਰਿਚਾ ਦੇ ਜਨਮ ਦਿਨ ਤੇ ਕਿਹਾ ਵਾਹ ਬਲਦੇਵ ਰਾਜ ਵਾਹ। ਬਲਦੇਵ ਰਾਜ ਨੇ ਕਿਹਾ ਕਿ ਪ੍ਰੇਮ ਪਨਾਗ ਸਵਰਗੀ ਨਾਲ ਓਹ ਫ਼ਿਲਮ ਖੇਤਰ ਵਿੱਚ ਆਏ ਤੇ ਕਦੇ ਮੌਕੇ ਮਿਲੇ ਤਾਂ ਓਹ ਪ੍ਰੇਮ ਪਨਾਗ ਦੇ ਬੇਟੇ ਰਵੀ ਪਨਾਗ ਨੂੰ ਫ਼ਿਲਮ ਖੇਤਰ ਵਿੱਚ ਸਥਾਪਿਤ ਕਰ ਪ੍ਰੇਮ ਪਨਾਗ ਦੇ ਸੁਫ਼ਨੇ ਪੂਰੇ ਕਰਨਗੇ।

## ਬੰਨੀ ਸ਼ਰਮਾ ਲਈ ਕਨੇਡਾ ਵੀ ਪੰਜਾਬ ਵਰਗਾ ਟੋਰਾਂਟੋ ਕਲਾਕਾਰੀ ਦਾ ਘਰ



ਪੰਜਾਬ ਰਹਿੰਦੇ ਨੇ ਤਾਂ ਦੂਰਦਰਸ਼ਨ ਜਲੰਧਰ ਤੇ ਕਲਾਕਾਰੀ ਪ੍ਰੋਗਰਾਮ ਚਲਾ ਚਰਚਿਤ ਹੋ ਕਿ ਟੀ ਸੀਰੀਜ਼ ਦੇ ਸਵਰਗੀ ਗੁਲਸ਼ਨ ਕੁਮਾਰ ਦੀਆਂ ਨਜ਼ਰਾਂ ਵਿੱਚ ਬੰਨੀ ਸ਼ਰਮਾ ਨੰਬਰ ਵੰਨ ਇਨਸਾਨ ਬਣਦੇ ਹਨ। ਹੋਰ ਬਹੁਤ ਸਰਗਰਮੀਆਂ ਸੰਗੀਤ ਖੇਤਰ ਵਿੱਚ ਤੇ ਅੱਜ ਕਲ ਕਨੇਡਾ ਰਹਿ ਕਿ ਓਹ ਪੰਜਾਬੀ ਮਿਊਜ਼ਿਕ ਇੰਡਸਟਰੀ ਨਾਲ ਜੁੜੇ ਹੋਏ ਹਨ। ਹਰਜਿੰਦਰ ਐਸ ਗਿੱਲ ਓਹਨਾਂ ਨੂੰ ਰਣਜੀਤ ਬਾਵਾ ਦੇ ਸ਼ੋ ਤੇ ਖਾਸ ਸੱਦਾ ਦਿੰਦੇ ਨੇ ਤੇ ਨੁਸਰਤ ਫ਼ਤਹਿ ਅਲੀ ਖ਼ਾਨ ਯਾਦਗਾਰੀ ਸ਼ੋ ਵਿੱਚ ਬੰਨੀ ਸ਼ਰਮਾ ਮਾਣਯੋਗ ਪ੍ਰਾਹੁਣੇ ਬਣਦੇ ਹਨ। ਕਨੇਡਾ ਵੀ ਮੇਰੀ ਕਰਮ ਭੂਮੀ ਹੈ ਬੰਨੀ ਆਖਦੇ ਨੇ ਤੇ ਦੱਸਦੇ ਨੇ ਕਿ "ਵਤਨੋਂ ਦੂਰ" ਰੇਡੀਓ ਵਾਲੇ ਸੁੱਖੀ ਨਿੱਜਰ, ਮੰਗੀ ਮਾਹਲ ਇਥੇ ਕਨੇਡਾ ਓਹਨਾਂ ਨਾਲ ਸੰਗੀਤਕ ਗੱਲਾਂ ਤੇ ਕੰਟੈਂਟ ਬਾਬਤ ਜਾਣਕਾਰੀ ਸਾਂਝੀ ਕਰਦੇ ਹਨ। ਕਨੇਡਾ ਰਹਿ ਕਿ ਓਹ ਰਾਮ ਭੋਗਪੁਰ ਲਈ ਗਾਇਕਾਂ ਦੇ ਪ੍ਰੋਜੈਕਟ ਲਿਆ ਰਲੀਜ਼ ਕਰਵਾ ਰਹੇ ਹਨ। ਓਹ ਸਹਿਜ ਸੁਭਾਅ ਇਹ ਗੱਲ ਕਰਦੇ ਨੇ ਕਿ ਮੇਰੇ ਬੱਚੇ ਇਥੇ ਕਨੇਡਾ ਸੈੱਟ ਨੇ ਤੇ ਓਹਨਾਂ ਕਿਹਾ ਹੈ ਕਿ ਘੱਟ ਤੋਂ ਘੱਟ ਛੇ ਮਹੀਨੇ ਕਨੇਡਾ ਰਹਿ ਕਿ ਨਵੇਂ ਪ੍ਰੋਜੈਕਟ ਕਰੋ। ਬੰਨੀ ਸ਼ਰਮਾ ਨੇ ਕਿਹਾ ਕਿ ਜਰਨੈਲ ਘੁਮਾਣ ਸਾਬ ਨਾਲ ਓਹਨਾਂ ਦਾ ਰਿਆਲਿਟੀ ਸ਼ੋ "ਪੰਜਾਬੀ ਜ਼ਿੰਦਾਬਾਦ" ਤਿਆਰੀ ਹੈ ਤੇ ਹੋ ਸਕਦਾ ਹੈ ਇਸ ਦੇ ਕੁੱਝ ਹਿੱਸੇ ਓਹ ਕਨੇਡਾ ਤਿਆਰ ਕਰਵਾ ਲੈਣ। ਡੋਲਿਸ਼ਾ, ਜਯੋਤੀ ਸ਼ਰਮਾ ਕਲਾਕਾਰੀ ਚਿਹਰੇ ਵੀ ਇਹ ਗੱਲ ਆਖਦੇ ਨੇ ਕਿ ਬੰਨੀ ਸ਼ਰਮਾ ਕਨੇਡਾ ਰਹੇ ਤਾਂ ਅੱਧੀ ਪੰਜਾਬੀ ਮਿਊਜ਼ਿਕ ਇੰਡਸਟਰੀ ਕਨੇਡਾ ਤੋਂ ਕੰਮ ਕਰੇਗੀ ਜੈ ਹੋ।

## ਹਰਪਿੰਦਰ ਪਿਓਰੀ ਦੀ ਐਕਟਿੰਗ ਵਾਲੀ ਦੂਜੀ ਪਾਰੀ ਜ਼ਾਰੀ ਤੇ ਫ਼ਿਲਮ ਇਤਫਾਕਨ "ਦੂਜਾ ਰੱਬ"



ਬਠਿੰਡਾ ਦੀ ਰੌਸ਼ਨੀ ਵਿਭਾਗ ਵਿੱਚ ਕੰਮ ਕਾਰ ਤੇ ਨਾਲ ਹੀ ਐਕਟਿੰਗ ਦੀ ਰੌਸ਼ਨੀ ਵੀ ਬਿਖੇਰਦੇ ਰਹੇ ਹਨ ਐਕਟਰ ਹਰਪਿੰਦਰ ਪਿਓਰੀ ਤੇ ਜੀ ਪੰਜਾਬੀ ਤੋ ਦੂਰਦਰਸ਼ਨ ਜਲੰਧਰ ਤੇ ਡੀ ਡੀ ਪੰਜਾਬੀ ਤੇ ਓਹਨਾਂ ਦੀ ਜਾਣ ਪਹਿਚਾਣ ਲੋਕਾਂ ਤੇ ਟੀਵੀ ਚੈਨਲਾਂ ਨਾਲ ਹੈ। ਹਰਪਿੰਦਰ ਸ਼ਾਂਤ ਸੁਭਾਅ ਹੈ ਤੇ ਆਦਤ ਆਪਣੇ ਕੰਮ ਨਾਲ ਮਤਲਬ ਤੇ ਸ਼ੌਂਕ ਜਿਹੜੇ ਅਭਿਨੈ ਦੇ ਖ਼ਜ਼ਾਨੇ ਛਿਪੇ ਨੇ ਓਹਨਾਂ ਨੂੰ ਲੋਕ ਨਜ਼ਰ ਕਰਨਾ ਹੈ। ਬਹੁਤ ਅੱਛੇ ਕਿ ਪਿਓਰੀ ਦੀ ਐਕਟਿੰਗ ਦੀ ਨਵੀਂ ਪਾਰੀ ਵਧੀਆ ਤਰੀਕੇ ਨਾਲ ਸ਼ੁਰੂ ਹੋਈ ਹੈ ਤੇ ਓਹ ਬਹੁਤ ਵਿਸ਼ਾਲ ਨੈੱਟਵਰਕ ਵਾਲੀ ਫ਼ਿਲਮ "ਦੂਜਾ ਰੱਬ" ਕਰ ਰਹੇ ਹਨ। ਹੱਸਦੇ ਹੋਏ ਆਖਦੇ ਨੇ ਓਹ ਕਿ ਦੂਜਾ ਪਿਓਰੀ ਆ ਚੁੱਕਾ ਹੈ ਨੌਕਰੀ ਬੋਝ ਘੱਟ ਕਰ ਕਿ ਤੇ ਓਸ ਦੀ ਦੂਜੀ ਐਕਟਿੰਗ ਪਾਰੀ ਸੋਹਣੇ ਤਰੀਕੇ ਨਾਲ ਸ਼ੁਰੂ ਹੋਈ ਹੈ। ਕੁਦਰਤੀ ਸੰਜੋਗ ਕਿ ਦੂਜੀ ਪਾਰੀ ਤੇ ਫ਼ਿਲਮ ਦਾ ਨਾਮ ਵੀ "ਦੂਜਾ ਰੱਬ," ਹੈ ਤੇ ਓਹ ਆਖਦੇ ਨੇ ਅਮਰ ਨੂਰੀ, ਭੱਟੀ ਭੜੀਵਾਲਾ, ਫਿਰੋਜ਼ ਖਾਨ ਤੇ ਜਯੋਤੀ ਅਰੋੜਾ ਨਾਲ ਓਹ "ਦੂਜਾ ਰੱਬ" ਕਰ ਰਹੇ ਹਨ। ਪਰਿਵਾਰ ਆਪਣੀ ਥਾਂ ਤੇ ਸਥਾਪਿਤ ਹੈ, ਜ਼ਿੰਦਗੀ ਦੇ ਅਨੰਦ ਵੀ ਲੈਂਦੇ ਹਾਂ, ਧਰਮ ਕਰਮ ਵੀ ਹੁੰਦਾ ਹੈ ਤੇ ਹੁਣ ਵੱਧ ਤੋਂ ਵੱਧ ਕੰਮ ਕਰ ਕਿ ਫਿਰ ਨਾਮ ਬਣਾਉਣਾ ਹੈ ਲੋਕ ਆਖਿਆ ਕਰਨ ਕਿ ਓਹ ਜਾਂਦਾ ਏ ਫਲਾਂ ਫ਼ਿਲਮ ਵਾਲਾ ਐਕਟਰ ਹਰਪਿੰਦਰ ਪਿਓਰੀ।

## ਰੇਸ਼ਮ ਛੀਨਾ ਬੋਲੇ ਬੇਹਤਰੀਨ ਘਰ ਪ੍ਰੀਵਾਰ ਤਾਂ ਤੁਸੀਂ ਨਾਮਵਰ ਕਲਾਕਾਰ



ਕਲਾਕਾਰ ਸ਼ੌਂਕ ਤੇ ਕੁਦਰਤ ਦਾ ਤੋਹਫ਼ਾ ਹੁੰਦੇ ਨੇ ਤੇ ਕਲਾਕਾਰ ਚਾਹੁੰਦੇ ਨੇ ਕਿ ਉਸ ਦਾ ਟੱਬਰ ਓਸ ਤੇ ਖੁਸ਼ੀ ਅਨੁਭਵ ਕਰੇ। ਰੇਸ਼ਮ ਛੀਨਾ ਆਖਦੇ ਨੇ ਕਿ ਗਾਇਕ ਹਾਂ ਤੇ ਫੈਨ ਹਨ ਤੇ ਸਭ ਨੂੰ ਦੇਖ ਪਰਿਵਾਰ ਖੁਸ਼ ਹੁੰਦਾ ਹੈ। ਐਕਟਰ ਹਾਂ ਤੇ ਸਿਨੇਮਾ ਗਏ ਲੋਕ ਪਿਆਰ ਦੇਖ ਸਰਦਾਰਨੀ ਖੁਸ਼ ਹੋਈ, ਰਿਸ਼ਤੇਦਾਰ ਖੁਸ਼ ਹੋਏ ਇਹੀ ਖੁਸ਼ੀਆਂ ਜ਼ਿੰਦਗੀ ਹਨ। ਰੇਸ਼ਮ ਛੀਨਾ ਨੇ "ਜੁਦਾਈਆਂ" ਫ਼ਿਲਮ ਕੀਤੀ ਸੀ ਅਜੇ ਕੁੱਝ ਸਵਾਰਥ ਵਾਲੇ ਲੋਕ ਨਾ ਮਿਲਦੇ ਤਾਂ ਬੈਕ ਟੂ ਬੈਕ ਓਹਨਾਂ ਫ਼ਿਲਮਾਂ ਕਰਨੀਆਂ ਸਨ ਚਲੋ ਕੋਈ ਨਹੀਂ ਇਹ ਵੀ ਫ਼ਿਲਮ ਖੇਲ ਦਾ ਹਿੱਸਾ ਹੈ। ਰੇਸ਼ਮ ਛੀਨਾ ਆਖਦੇ ਨੇ ਕਿ ਕਲਾਕਾਰੀ ਤੇ ਸ਼ੋਹਰਤ ਨੂੰ ਪਚਾ ਲੈਣਾ ਵੀ ਲਾਜ਼ਮੀ ਹੈ ਨ ਕਿ ਸ਼ੋਹਰਤ ਦੇ ਨਸ਼ੇ ਵਿੱਚ ਘਰ ਹੀ ਬਰਬਾਦ ਕਰ ਲਓ। ਰੇਸ਼ਮ ਛੀਨਾ ਇਸ ਵੇਲੇ ਗੀਤ ਵੀ ਕਰਦੇ ਹਨ ਪਰ ਜਿਆਦਾ ਕਰ ਕਿ ਓਹ ਸ਼ਾਈਨ ਮੋਸ਼ਨ ਪਿਕਚਰਜ਼ ਨੂੰ ਚਲਾ ਕਿ ਓ ਟੀ ਟੀ ਬਜ਼ਾਰ ਵਿੱਚ ਚਰਚਿਤ ਹਨ ਤੇ ਨਿਰਮਾਤਾ ਬਣ ਵੈੱਬ ਤੇ ਲਘੂ ਫਿਲਮਾਂ ਕਰਦੇ ਹਨ। ਉਮੀਦ ਹੈ ਕਿ ਪਰਿਵਾਰ ਪਹਿਲਾਂ ਬਾਕੀ ਬਾਅਦ ਵਿੱਚ ਰੇਸ਼ਮ ਛੀਨਾ ਦੀ ਗੱਲ ਕਈ ਗਾਇਕ ਅਪਣਾ ਲੈਣਗੇ ਤੇ ਘਰ ਤੋੜਦੇ ਨਹੀਂ ਜੋੜਦੇ ਦਿਖਾ ਦੇਣਗੇ। ਰੇਸ਼ਮ ਛੀਨਾ ਦੀ ਸ਼ੋਰਟ ਫ਼ਿਲਮ "ਬੀਜ " 2025 ਦੀ ਸਰਵੋਤਮ ਫ਼ਿਲਮ ਰਹੀ ਹੈ। ਸਿਆਣੇ ਗਾਇਕ ਤੇ ਸੂਝਵਾਨ ਐਕਟਰ ਤੇ ਸੁਨੱਖੇ ਹੀਰੋ ਰੇਸ਼ਮ ਛੀਨਾ ਦੇ ਅਹਿਮ ਭਵਿੱਖ ਲਈ ਸ਼ੁੱਭ ਕਾਮਨਾਵਾਂ ਭਰਿਆ ਦੁਸਹਿਰਾ ਮੁਬਾਰਕ।

## ਰਮਨ ਗਿੱਲ ਨੂੰ ਕਨੇਡਾ ਯਾਦ ਆਉਣ ਦੁਸਹਿਰੇ ਦੀਆਂ ਜਲੇਬੀਆਂ



ਲੱਗਦੀ ਵੀ "ਬ੍ਰਾਂਡੇਡ ਜੱਟੀ" ਹੈ ਤੇ ਗਾਇਕੀ ਨਾਲ ਕਨੇਡਾ ਇਹ ਕੁੜੀ ਰਮਨ ਗਿੱਲ ਛੇ ਮਹੀਨਿਆਂ ਤੋਂ ਛਾਈ ਹੋਈ ਹੈ। ਰਮਨ ਦਾ ਗੀਤ "ਫੁਕਰੇ" ਬਹੁਤ ਹਿੱਟ ਰਿਹਾ ਹੈ ਤੇ ਲੋਕ ਤੱਥ ਗਾ ਕਿ ਓਹ ਰਾਣੀ ਲੋਕ ਗਾਇਕੀ ਦੀ ਬਣ ਚੁੱਕੀ ਹੈ। ਰਮਨ ਗਿੱਲ ਦਾ ਦੁਸਹਿਰੇ ਨੂੰ ਯਾਦ ਕਰਨਾ ਸੁਭਾਵਿਕ ਹੈ ਕਿ ਓਹ ਪੰਜਾਬੀ ਭਾਰਤੀ ਹੈ ਜਿਹੜੇ ਤਿਉਹਾਰ ਚਾਅ ਨਾਲ ਮਨਾਉਂਦੇ ਹਨ। ਰਮਨ ਗਿੱਲ ਦੱਸਦੀ ਹੈ ਕਿ ਨਿੱਕੀ ਹੁੰਦੀ ਨੂੰ ਜਦ ਮਾਪਿਆਂ ਨੇ ਜਲੇਬੀਆਂ ਦੁਸਹਿਰੇ ਤੇ ਲਿਆ ਦੇਣੀਆਂ ਓਹ ਖੁਸ਼ ਹੁੰਦੀ ਸੀ ਤੇ ਵੱਡੀ ਹੋ ਵੀ ਇਹ ਸ਼ੌਂਕ ਬਰਕਰਾਰ ਰਿਹਾ ਹੈ। ਕਨੇਡਾ ਪੰਜਾਬੀ ਹਨ ਤੇ ਇਥੇ ਦੁਸਹਿਰਾ ਮਨਾਇਆ ਜਾਏਗਾ ਪਰ ਪੰਜਾਬ ਦੀ ਮੌਜ ਨਹੀਂ ਭੁੱਲਦੀ। ਰਮਨ ਗਿੱਲ ਕੋਲ ਦੋ ਅਨਮੋਲ ਚੀਜ਼ਾਂ ਨੇ ਇੱਕ ਓਸ ਦੀ ਮਿੱਠੀ ਆਵਾਜ਼ ਤੇ ਦੂਜੀ ਮਿੱਠੀ ਮਿੱਠੀ ਸੁੰਦਰਤਾ ਤੇ ਰਮਨ ਆਖਦੀ ਹੈ ਇਹਨਾਂ ਦੇ ਬਲ ਤੇ ਓਹ ਕਨੇਡਾ ਵਿੱਚ ਸਫ਼ਲ ਸ਼ੋ ਲਾ ਰਹੀ ਹੈ। ਰਮਨ ਗਿੱਲ ਦੂਜੇ ਟਰੈਕ ਦੀ ਤਿਆਰੀ ਵੀ ਕਰ ਰਹੀ ਹੈ। ਰਮਨ ਗਿੱਲ ਨੂੰ ਇੰਤਜ਼ਾਰ ਹੁਣ ਫਿਲਮੀ ਬ੍ਰੇਕ ਦਾ ਹੈ ਤੇ ਓਹ ਵੀ ਨਿਮਰਤ ਖੈਹਰਾ, ਸੁਨੰਦਾ ਸ਼ਰਮਾ ਤੇ ਅਮਰ ਨੂਰੀ ਦੀ ਤਰਾਂ ਗਾਇਕਾ ਤੇ ਨਾਇਕਾ ਹੋਏਗੀ ਤੇ ਫਿਰ ਤੇ ਦੁੱਧ ਵਿੱਚ ਜਲੇਬੀਆਂ ਤੇ ਇਹਨਾਂ ਨੂੰ ਖਾਣਾ ਦੁਸਹਿਰੇ ਦੀ ਓਸ ਲਈ ਰੀਤ ਹੋਏਗੀ। ਰਮਨ ਗਿੱਲ ਸਾਬਾਸ਼ ਆਵਾਜ਼,ਅੰਦਾਜ਼ ਤੇ ਮਿਹਨਤਾਂ ਇਹਨਾਂ ਨੂੰ ਮਿਕਸ ਕਰ ਕਿ ਬਣੀਆਂ ਜਲੇਬੀਆਂ ਦਾ ਸਵਾਦ ਹੀ ਅਲੱਗ ਹੁੰਦਾ ਹੈ।

## ਅਮਰੀਕ ਜੱਸਲ ਦੀ ਗਾਇਕੀ ਦੇ ਚਰਚੇ ਪਿੰਡ ਤੋਂ ਯੂ ਕੇ




ਜਿੰਨਾ ਸਹਯੋਗੀ ਕਲਾਕਾਰ ਅਮਰੀਕ ਜੱਸਲ ਹੈ ਉਂਜ ਓਨਾ ਹੀ ਸੁਰੀਲਾ ਗੁਲੂਕਾਰ ਵੀ ਓਹ ਹੈ ਤੇ ਅਮਰੀਕ ਜੱਸਲ ਪੰਜਾਬੀ ਗਾਇਕੀ ਵਿੱਚ ਹਿੱਟ ਹੋਣ ਦੇ ਨਾਲ ਹੀ ਫ਼ਿਲਮ ਪਲੇ ਬੈਕ ਸਿੰਗਰ ਤੇ ਅਤੇ ਐਕਟਰ ਦੇ ਨਾਲ ਗੀਤਕਾਰ ਤੇ ਨਿਰਮਾਤਾ ਬਣ ਇਸ ਦੀਵਾਲੀ ਤੇ ਵੱਡੀਆਂ ਮੱਲਾਂ ਮਾਰਨ ਵਿੱਚ ਕਾਮਯਾਬ ਰਿਹਾ ਹੈ। ਜਸ਼ਨਜੀਤ ਸਿੰਘ ਜਿਸ ਦੀ ਐਕਟਿੰਗ ਤੇ ਪੂਜਾ ਕੌਸ਼ਲ ਕੁਰਬਾਨ ਹੈ ਨਿਰਮਾਤਾ ਵੀ ਨੇ ਓਹਨਾਂ ਨੇ ਅਮਰੀਕ ਜੱਸਲ ਨਾਲ ਮਿਲ ਲਘੂ ਫ਼ਿਲਮ "ਪਿੰਡ ਤੋਂ ਯੂ ਕੇ" ਬਣਾ ਕਿ ਰਲੀਜ਼ ਕੀਤੀ ਹੈ। ਅਮਰੀਕ ਜੱਸਲ ਨੇ ਇਸ ਵਿੱਚ ਦੋ ਗੀਤ ਗਾਏ ਨੇ ਤੇ ਆਖਦੇ ਨੇ ਕਿ ਇਸ ਫਿਲਮ ਦੀ ਕਹਾਣੀ ਸੁਨੀਤਾ ਰਾਣੀ ਨੇ ਗ਼ਜ਼ਬ ਲਿਖੀ ਹੈ। ਅਮਰੀਕ ਜੱਸਲ ਬੋਲੇ ਕਿ ਸਿਨੇਮਾ ਦੀ ਨਿਸਬਿਤ ਲੋਕ ਮੋਬਾਈਲ ਤੇ ਫ਼ਿਲਮਜ਼ ਵਿਹੰਦੇ ਹਨ ਤੇ ਇਸ ਕਾਰਨ ਓਹਨਾਂ ਨੇ ਜੇ ਜੇ ਪ੍ਰੋਡਕਸ਼ਨ ਨਾਲ ਮਿਲ ਇਹ ਫ਼ਿਲਮ ਬਣਾਈ ਹੈ। ਅਮਰੀਕ ਜੱਸਲ ਨੇ ਸ਼ੰਕਰ ਦੇਵਾ ਦੀ ਤਰੀਫ ਕੀਤੀ ਕਿ ਗ਼ਜ਼ਬ ਦਾ ਓਹ ਡੀ ਓ ਪੀ ਹੈ ਤੇ ਅਮਰੀਕ ਜੱਸਲ ਦੀ ਫ਼ਿਲਮ "ਪਿੰਡ ਤੋਂ ਯੂ ਕੇ" ਜਿਵੇਂ ਚਰਚਾ ਲੈਂਦੀ ਪਈ ਹੈ ਲੱਗਦਾ ਹੈ ਕਿ ਆ ਰਹੇ ਵਕਤ ਵਿੱਚ ਇਹ ਅਮਰੀਕ ਜੱਸਲ ਗਾਇਕ ਦੇ ਨਾਲ ਨਾਲ ਨਾਇਕ ਤੇ ਫ਼ਿਲਮ ਨਿਰਮਾਤਾ ਬਣ ਵੀ ਨਵਾਂ ਰਿਕਾਰਡ ਬਣਾਏ।

-ਅੰਮ੍ਰਿਤ ਪਵਾਰ

# ਅਸੀਸ ਦੇਣਾ ਵੀ ਚਰਿੱਤਰ ਨਿਰਮਾਣ ਹੈ


ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445



ਅਸੀਸਾਂ ਮਨੁੱਖਤਾ ਦੀ ਨੈਤਿਕਤਾ ਅਤੇ ਨੇਕ ਸੁਭਾਅ ਨੂੰ ਉਜਾਗਰ ਕਰਦੀਆਂ ਹਨ। ਹਮੇਸ਼ਾ ਇੱਕ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ ਇਸੇ ਤਰ੍ਹਾਂ ਅਸੀਸਾਂ ਦੇ ਨਾਲ ਦੁਰਾ-ਅਸੀਸਾਂ ਵੀ ਜੁੜੀਆਂ ਹਨ। ਅਸੀਸ ਦੇਣ ਲੱਗਿਆਂ ਬੰਦੇ ਦਾ ਜਿਗਰਾ ਬਲਵਾਨ ਹੁੰਦਾ ਹੈ। ਉਸ ਵਿੱਚ ਕੋਈ ਈਰਖਾ ਭਾਵ ਨਹੀਂ ਛੁਪਿਆ ਹੁੰਦਾ। ਇਸ ਦ ਉਲਟ ਰੂਪ ਕਿਸੇ ਜੇ ਕਿਸੇ ਨੂੰ ਦੁਰਾ-ਅਸੀਸ ਦਿੱਤੀ ਜਾਵੇ ਤਾਂ ਉਸ ਨੂੰ ਬਜ਼ੁਰਗਾਂ ਦੀ ਕਚਹਿਰੀ ਵਿੱਚ ਇਉਂ ਸਮਝਿਆ ਜਾਂਦਾ ਹੈ ਕਿ ਇਹ ਦੁਰਾ-ਅਸੀਸ ਪੱਥਰ ਨੂੰ ਪਾੜ ਦਿੰਦੀ ਹੈ। ਹਮੇਸ਼ਾ ਮਾਨਵਤਾ ਦਾ ਸੁਭਾਅ ਵੀ ਰਿਹਾ ਹੈ, ਖਾਸ ਕਰਕੇ ਸਾਡੀ ਸੰਸਕ੍ਰਿਤੀ ਵਿੱਚ ਅਸੀਸ ਦੇਣਾ ਬੰਦੇ ਦਾ ਬੋਝ ਹਲਕਾ ਕਰਦੀ ਹੈ। ਅਸੀਸ ਦੇਣ ਅਤੇ ਅਸੀਸ ਲੈਣ ਵਾਲੇ ਵਿੱਚ ਗੁਣ ਹੋਣੇ ਚਾਹੀਦਾ ਹਨ। ਇਸੇ ਕਰਕੇ ਹੀ ਅਸੀਸ ਦਾ ਆਦਾਨ- ਪ੍ਰਦਾਨ ਹੁੰਦਾ ਹੈ। ਸਾਡੀ ਪਵਿੱਤਰ ਗੁਰਬਾਣੀ ਵਿੱਚ ਲਿਖਿਆ ਗਿਆ ਹੈ,

"ਦੇਹੁ ਸਜਣ ਅਸੀਸੜੀਆ,
ਜਿਉ ਹੋਵੈ ਸਾਹਿਬ ਸਿਉ ਮੇਲੁ"

ਹਰ ਸਮਾਜ ਹਰ ਕਬੀਲੇ ਦੀ ਆਪਣੀ ਆਪਣੀ ਅਸੀਸ ਅਤੇ ਦੁਰਾ-ਅਸੀਸ ਹੁੰਦੀ ਹੈ। ਨਵੀਂ ਵਿਆਹੀ ਬਹੂ ਨੂੰ ਆਮ ਤੌਰ ਤੇ ਇਹ ਅਸੀਸ ਦਿੱਤੀ ਜਾਂਦੀ ਸੀ, "ਬੁੱਢ ਸੁਹਾਗਣ ਹੋਵੇ ਦੁੱਧੀਂ ਪੁੱਤੀਂ ਫ਼ਲੇ" ਇਸ ਤੋਂ ਇਲਾਵਾ ਹੋਰ ਅਸੀਸ ਹੈ "ਜੀਉਂਦਾ ਵੱਸਦਾ ਰਹਿ", "ਲੰਬੀ ਉਮਰ ਹੋਵੇ" ਮੈਨੂੰ ਆਪਣੀ ਪੜਦਾਦੀ ਦੀ ਅਸੀਸ ਯਾਦ ਹੈ ਜਦੋਂ ਵੀ ਅਸੀਂ ਉਸ ਦੇ ਪੈਰੀਂ ਹੱਥ ਲਾਉਣੇ ਤਾਂ ਉਸ ਦੇ ਮੂੰਹੋਂ ਆਮ ਕਿਹਾ ਜਾਂਦਾ ਸੀ, "ਰੱਜ ਕੇ ਖਾਹ ਝਾੜ ਕੇ ਪੈਹਨ" ਕਈ ਮਕਰਖੋਰੇ ਤੇ ਮਕਰਖੋਰੀਆਂ ਜਾਣ ਬੁੱਝ ਕੇ ਅਸੀਸ ਨਹੀਂ ਦਿੰਦੀਆਂ ਉਹਨਾਂ ਨੂੰ ਇਹ ਲੱਗਦਾ ਹੁੰਦਾ ਹੈ ਕਿ ਸ਼ਾਇਦ ਮੇਰੀ ਅਸੀਸ ਪੂਰੀ ਹੋ ਜਾਣੀ ਹੈ,ਜਦਕਿ ਹੁੰਦਾ ਓਹੀ ਹੈ ਜੋ ਕੁਦਰਤ ਨੂੰ ਮੰਨਜੂਰ ਹੁੰਦਾ ਹੈ। ਕਈ ਜਾਣ ਬੁੱਝ ਦੁਰਾ-ਅਸੀਸਾ ਦਿੰਦੇ ਹਨ "ਕਿ ਸ਼ਾਇਦ ਕਾਵਾਂ ਦੇ ਕਹੇ ਤੇ ਢੱਗੇ ਮਰ ਜਾਣ"। ਅਸੀਸ ਦਾ ਫ਼ਲਸਫ਼ਾ ਭਾਰਤੀ ਸੰਸਕ੍ਰਿਤੀ ਵਿੱਚ ਉੱਤਮ ਅਤੇ ਪੁੱਖਤਾ ਮੰਨਿਆ ਜਾਂਦਾ ਹੈ। ਕਈ ਵਾਰ ਬੱਚਿਆਂ ਨੂੰ ਸਿੱਖਿਆ ਦੇਣ ਸਮੇਂ ਅਜਿਹਾ ਸਮਝਾਇਆ ਜਾਂਦਾ ਹੈ ਕਿ ਕਿਸੇ ਦੀ ਸੀਸ ਲੈਣੀ ਸਿੱਖੋ ।ਹਮੇਸ਼ਾ ਅਸੀਸਾਂ ਨਾਲ ਲੈਂਦੇ ਰਹੋ। ਸਾਡੇ ਸਮਾਜੀਕਰਨ ਅਤੇ ਸੱਭਿਅਤਾ ਵਿੱਚ ਇਹ ਸਿਖਾਇਆ ਜਾਂਦਾ ਹੈ ਕਿ ਅਸੀਸ ਲੈਣੀ ਇਲਾਹੀ ਹੁਕਮ ਹੋ ਨਿਬੜਦਾ ਹੈ।

ਸਿਰ ਤੇ ਹੱਥ ਰੱਖ ਕੇ ਕਈ ਵਾਰ ਅਸੀਸ ਦਿੱਤੀ ਜਾਂਦੀ ਹੈ। ਕਈ ਵਾਰ ਪਿੱਠ ਥਾਪੜ ਕੇ ਵੀ ਅਸੀਸ ਦਿੱਤੀ ਜਾਂਦੀ ਹੈ। ਇੱਕ ਗੱਲ ਜਰੂਰ ਹੈ ਜਦੋਂ ਅਸੀਂ ਕਿਸੇ ਦੇ ਪੈਰੀ ਹੱਥ ਲਗਾ ਕੇ ਨਿਵਦੇ ਹਾਂ ਤਾਂ ਜਰੂਰ ਮਨ ਵਿੱਚੋਂ ਅਗਲਾ ਬੰਦਾ ਅਸੀਸ ਦੇਣ ਲਈ ਮਜਬੂਰ ਹੋ ਜਾਂਦਾ ਹੈ। ਪੈਰੀਂ ਹੱਥ ਲਾਉਣ ਦਾ ਸੁਭਾਅ ਹੀ ਇਹ ਹੁੰਦਾ ਹੈ ਕਿ ਅਭਿਮਾਨ ਨੂੰ ਨੀਵਾਂ ਕਰਕੇ ਅਗਲੇ ਅੱਗੇ ਨਿਭਣਾ। ਪਿੰਡਾਂ ਵਿੱਚ ਆਮ ਤੌਰ ਤੇ ਕਈ ਤਰ੍ਹਾਂ ਦੇ ਲੋਕ ਮਿਲਦੇ ਹਨ। ਇੱਕ ਕਿਸਮ ਦੇ ਲੋਕ ਅਜਿਹੇ ਵੀ ਹੁੰਦੇ ਹਨ ਜਿਨਾਂ ਨੇ ਹਰ ਇੱਕ ਬੰਦੇ ਨੂੰ ਅਸੀਸ ਹੀ ਦੇਣੀ ਹੁੰਦੀ ਹੈ। ਅਜਿਹੇ ਬੰਦੇ ਦਾਨੇ ਅਤੇ ਦਰਵੇਸ਼ ਸੁਭਾਅ ਦੇ ਮਾਲਕ ਗਿਣੇ ਜਾਂਦੇ ਹਨ। ਕਾਸ਼ ਕਿਤੇ ਇਹਨਾਂ ਦੀ ਗਿਣਤੀ ਪਿੰਡਾਂ ਵਿੱਚ ਦੁਗਣੀ ਹੋ ਜਾਵੇ, ਇਸ ਨਾਲ ਈਰਖਾ ਦਵੈਤ ਭਾਵ ਅਤੇ ਅਹੰਕਾਰ ਮਿਟਣ ਦੀ ਗੁੰਜਾਇਸ਼ ਜਰੂਰ ਹੈ। ਅਸੀਸ ਦੇਣ ਲਈ ਬੰਦੇ ਦਾ ਸੁਭਾਅ ਸੰਸਕ੍ਰਿਤੀ ਅਤੇ ਸੱਭਿਅਤਾ ਮੁਤਾਬਕ ਘੜਿਆ ਹੋਣਾ ਚਾਹੀਦਾ ਹੈ। ਜਿਨਾਂ ਬੰਦਿਆਂ ਦੇ ਮੂੰਹ ਤੋਂ ਕਦੇ ਕਿਸੇ ਨੂੰ ਅਸੀਸ ਨਹੀਂ ਸੁਣੀ, ਪਿੰਡ ਵਿੱਚ ਵੀ ਉਹ ਬੰਦੇ ਲੋਕਾਂ ਦੀ ਲਿਸਟ ਵਿੱਚ ਹੁੰਦੇ ਹਨ। ਅਜਿਹੇ ਬੰਦੇ ਦੇ ਮੱਥੇ ਲੱਗਣਾ ਗੁਨਾਹ ਸਮਝ ਲਿਆ ਜਾਂਦਾ ਹੈ।

ਅਸੀਸ ਕਦੇ ਵੀ ਮਜਬੂਰੀ ਵਸ ਨਹੀਂ ਦਿੱਤੀ ਜਾਂਦੀ। ਬਾਰਿਸ਼ ਦੀਆਂ ਕਣੀਆਂ ਵਾਂਗ ਆਪ ਮੁਹਾਰੇ ਹੀ ਦਾਨਸ਼ਵਰਾਂ ਦੇ ਮੁੱਖ ਤੋਂ ਨਿਕਲ ਜਾਂਦੀ ਹੈ। ਜਿਨਾਂ ਲੋਕਾਂ ਨੂੰ ਅਸੀਸ ਦੇਣੀ ਆ ਗਈ ਸਮਝ ਲਓ ਉਹਨਾਂ ਨੂੰ ਸਮਾਜ ਦਾ ਗਿਆਨ ਹੋ ਗਿਆ। ਸਮਝ ਲਵੋ ਉਹਨਾਂ ਲੋਕਾਂ ਵਿੱਚ ਸਮਾਜੀਕਰਨ ਦੀ ਅਤੇ ਸਦਾਚਾਰ ਦੀ ਕਮੀ ਨਹੀਂ ਹੈ ਜ਼ੋ ਮੁਖਾਰਬਿੰਦ ਤੋਂ ਅਸੀਸਾਂ ਦਿੰਦੇ ਹਨ। ਮਾਨਵ ਜਾਤੀ ਲਈ ਅਸੀਸ ਸਦਗੁਣਾਂ ਦਾ ਪੱਖ ਪ੍ਰਦਰਸ਼ਨ ਕਰਦਾ ਹੈ। ਡਾਕਟਰ ਦੀਵਾਨ ਸਿੰਘ ਕਾਲੇਪਾਣੀ ਦੇ ਹੇਠ ਲਿਖ ਬੋਲਾਂ ਵਿੱਚ ਅਸੀਸ ਦਾ ਅੰਤਰੀਵ ਭਾਵ ਸਮਝਿਆ ਜਾ ਸਕਦਾ ਹੈ

"ਦਿਓ- ਕਿ ਵਧੋਗੇ
ਵੰਡੋ -ਨਾਮੁੱਕੋਗੇ
ਖੁਆਓ- ਕਿ ਖਾਓਗੇ
ਜਿਉਣ ਦਿਓ- ਕਿ ਜੀਵੋਗੇ"

ਅਸੀਸ ਹਰ ਮਜ਼ਹਬ ਅਤੇ ਵਰਗ ਦੇ ਬੰਦੇ ਨੂੰ ਦਿੱਤੀ ਜਾ ਸਕਦੀ ਹੈ। ਇਸ ਤੋਂ ਵੱਡਾ ਹੋਰ ਕੋਈ ਧਰਮ ਹੀ ਨਹੀਂ ਹੋ ਸਕਦਾ। ਅਸੀਸ ਦਾਨ ਵਾਂਗ ਹੀ ਵੱਧਦੀ ਫੁੱਲਦੀ ਹੈ ਜੇ ਕਿਸੇ ਨੂੰ ਦੁਰਸੀਸ ਦੇ ਦਿੱਤੀ ਜਾਵੇ ਤਾਂ ਉਸਦੇ ਮਨ ਤੇ ਅਸਰ ਜ਼ਰੂਰ ਹੋ ਜਾਂਦਾ ਹੈ ਅਤੇ ਉਹ ਆਪਣੇ ਨਾਲ ਅਣਹੋਣੀ ਦੀ ਘਟਨਾ ਨੂੰ ਨਾਲ ਲੈ ਕੇ ਚੱਲਦਾ ਹੈ। ਪਰਮਾਤਮਾ ਕਰੇ ਕਿ ਅਸੀਸ ਸਭ ਨੂੰ ਲੱਗੇ ਦੁਰਾ-ਅਸੀਸ ਕਿਸੇ ਨੂੰ ਨਾ ਲੱਗੇ। ਉਂਝ ਵੀ ਧਰਮ ਗਿਆਨ ਵਿੱਚ ਸਿੱਖਿਆ ਮਿਲਦੀ ਹੈ ਕਿ ਮਨੁੱਖਤਾ ਜਾਤੀ ਕੋਲ ਦੇਣ ਲਈ ਬਹੁਤ ਕੁਝ ਹੈ। ਅਮੁੱਕ ਹੈ। ਮਨੁੱਖਤਾ ਵਿੱਚ ਪਰਮਾਤਮਾ ਲੁਕਿਆ ਹੋਇਆ ਹੈ ਇਸ ਲਈ ਅਸੀਸਾਂ ਦੇ ਦੇ ਕੇ ਵੀ ਤੁਸੀਂ ਆਪਣੇ ਕੋਲੋਂ ਕੁਝ ਵੀ ਗਵਾ ਨਹੀਂ ਸਕਦੇ। ਬਲਕਿ ਦੁਰਾ-ਅਸੀਸ ਨਾਲ ਆਪਣੀ ਸ਼ਖਸ਼ੀਅਤ ਦਾ ਸਰਬਨਾਸ਼ ਕਰ ਲੈਂਦੇ ਹਨ। ਦੁਰਾ-ਸੀਸ ਮਨ ਤੇ ਬੋਝ ਵਾਂਗ ਰਹਿੰਦੀ ਹੈ।

ਅਸੀਸ ਦੇਣ ਵਾਲੇ ਦੇ ਅੰਦਰ ਗਿਆਨ ਦਾ ਚਸ਼ਮਾ ਫੁੱਟਦਾ ਹੈ। ਦਾਨ ਅਤੇ ਦਇਆ ਦਾ ਭੰਡਾਰ ਹੁੰਦਾ ਹੈ ਅਜਿਹੇ ਬੰਦੇ ਧਰਤੀ ਤੇ ਬੋਝ ਨਹੀਂ ਹੁੰਦੇ ਇਸ ਸਬੰਧੀ ਲਾਲਾ ਧਨੀਰਾਮ ਚਾਤਰਿਕ ਦੀ ਕਵਿਤਾ ਢੁੱਕਵੀਂ ਹੈ:-

"ਰੱਬੀ ਸਿਫਤ ਰਹਿਮ ਤੇ ਚਸ਼ਮ,
ਵਾਹ ਤੇਰੀ ਵਡਿਆਈ
ਜੱਗ ਹੋਮ ਇਸ਼ਨਾਨ ਧਿਆਨ ਨੇ
ਓੜਕ ਤੈਥੋਂ ਪਾਈ,
ਖੋਟੇ ਖਰੇ ਖਰੂਦੀ ਖੱਲ ਨੂੰ
ਬਖਸ਼ਿਸ਼ ਦੇ ਦਰ ਖੋਲੇ,
ਕਰਮ ਧਰਮ ਸਭ ਧੋਥੇ ਧਾਈਂ,
ਦਯਾ ਨਾ ਜਿਸ ਮਨ ਆਈ"

ਮਨੁੱਖਤਾ ਦੇ ਜੀਵਨ ਦਾ ਮਨੋਰਥ ਆਪਣੇ ਆਪ ਨੂੰ ਕੁਝ ਪਾਣਾ ਅਤੇ ਕਿਸੇ ਨੂੰ ਅਸੀਸ ਦੇ ਕੇ ਤਾਰਨ ਦੇ ਸਮਰੱਥ ਹੋਣਾ ਚਾਹੀਦਾ ਹੈ। ਸਾਡੀ ਸ਼ਖਸ਼ੀਅਤ ਵਿੱਚੋਂ ਹੀ ਅਸੀਸ ਝਲਕਨੀ ਚਾਹੀਦੀ ਹੈ। ਇਸ ਨਾਲ ਬੰਦਾ ਨੇਕ ਅਤੇ ਸਦਗੁਣਾਂ ਵਾਲਾ ਲੱਗੇਗਾ। ਅਸੀਸ ਮਨੁੱਖੀ ਪਿੰਜਰ ਦਾ ਅੰਦਰ ਦਾ ਚਰਿੱਤਰ ਬਾਹਰ ਕੱਢਦੀ ਹੈ। ਇਨਸਾਨ ਨੂੰ ਸਮਝਣਾ ਚਾਹੀਦਾ ਹੈ ਕਿ ਮਨੁੱਖੀ ਜਾਮਾ ਕੋਈ ਸੁਪਨਾ ਨਹੀਂ ਹੈ ਬਲਕਿ ਇਹ ਇੱਕ ਫਰਜ਼ ਅਦਾ ਕਰਨ ਲਈ ਮਿਲਿਆ ਹੈ।ਅਸੀਸ ਕਦੇ ਬਦਲਦੀ ਨਹੀਂ ਜਦ ਕਿ ਮਨੁੱਖ ਅਤੇ ਮਨੁੱਖੀ ਸੁਭਾਅ ਬਦਲ ਚੁੱਕਾ ਹੈ। ਇੱਕ ਤਰ੍ਹਾਂ ਦਾ ਅਸੀਸ ਦੇਣ ਦਾ ਕਲਚਰ ਸਾਡੇ ਸਮਾਜ ਵਿੱਚੋਂ ਮੁੱਕਦਾ ਜਾਂਦਾ ਹੈ? ਇਸ ਵਿੱਚ ਸਭ ਤੋਂ ਵੱਡਾ ਅਹੰਕਾਰ ਬੰਦੇ ਵਿੱਚ ਪੜ੍ਹਾਈ ਲਿਖਾਈ ਦਾ ਬੜਿਆ ਹੋਣਾ ਹੈ। ਜਦੋਂ ਕਿ ਸਾਡੀ ਪਵਿੱਤਰ ਸੰਸਕ੍ਰਿਤੀ ਦਾ ਅਸੀਸ ਦੇਣਾ ਇੱਕ ਪਵਿੱਤਰ ਵਰਕਾ ਹੈ। ਇਸ ਲਈ ਹਮੇਸ਼ਾ ਅਸੀਸਾਂ ਦਿਓ ਅਤੇ ਅਸੀਸਾਂ ਲਓ ਇਸ ਨਾਲ ਇਸ ਨਾਲ ਚਰਿੱਤਰ ਨਿਰਮਾਣ ਅਤੇ ਸ਼ਖਸ਼ੀਅਤ ਵਿੱਚ ਨਿਖਾਰ ਆਉਂਦਾ ਹੈ।

## ਵਿਆਹ ਦਾ ਕਾਰਡ

ਦੀਪੋ ਦੇ ਪਤੀ ਦੀ ਤਿੰਨ ਸਾਲ ਪਹਿਲਾਂ 'ਹਰਟ ਅਟੈਕ' ਨਾਲ ਮੌਤ ਹੋ ਗਈ ਸੀ। ਦੀਪੋ ਦੀਆਂ ਦੋ ਕੁੜੀਆਂ ਤੇ ਇੱਕ ਮੁੰਡਾ ਸੀ। ਵੱਡੀ ਕੁੜੀ ਪਲੱਸ ਟੂ ਕਰਕੇ ਘਰ ਬੈਠੀ ਸੀ।ਉਸ ਨੂੰ ਅੱਗੇ ਪੜ੍ਹਾਉਣ ਦੀ ਦੀਪੋ ਵਿੱਚ ਹਿੰਮਤ ਨਹੀਂ ਸੀ।ਅਖੀਰ ਉਸ ਨੇ ਇੱਕ ਪ੍ਰਾਈਵੇਟ ਨੌਕਰੀ ਕਰਦਾ ਮੁੰਡਾ ਲੱਭ ਕੇ ਉਸ ਦੇ ਹੱਥ ਪੀਲੇ ਕਰਨ ਦਾ ਫੈਸਲਾ ਕਰ ਲਿਆ। ਉਸ ਨੇ ਘੱਟ ਮੁੱਲ ਵਾਲੇ ਵਿਆਹ ਦੇ ਕਾਰਡ ਛਪਾਏ।ਉਹ ਸਭ ਤੋਂ ਪਹਿਲਾਂ ਵਿਆਹ ਦਾ ਕਾਰਡ ਤਰਸੇਮ ਸਿੰਘ ਜ਼ਿਮੀਂਦਾਰ ਦੇ ਘਰ ਵੱਲ ਲੈ ਕੇ ਤੁਰ ਪਈ। ਉਹ ਉਸ ਦੇ ਖੇਤਾਂ ਵਿੱਚ ਕਦੇ ਮਟਰ ਤੋੜਨ ਤੇ ਕਦੇ ਮੱਕੀ ਵੱਢਣ ਜਾਂਦੀ ਸੀ। ਤਰਸੇਮ ਸਿੰਘ ਜ਼ਿਮੀਂਦਾਰ ਦੇ ਘਰ ਪਹੁੰਚ ਕੇ ਦੀਪੋ ਨੇ ਬੜੀ ਹਲੀਮੀ ਨਾਲ ਆਖਿਆ, 'ਮੈਂ ਆਪਣੀ ਕੁੜੀ ਦਾ ਵਿਆਹ ਏਸੇ ਮਹੀਨੇ ਦੀ ਵੀਹ ਤਰੀਕ ਦਾ ਰੱਖਿਆ ਆ। ਆ ਲਉ ਉਸ ਦੇ ਵਿਆਹ ਦਾ ਕਾਰਡ। ਵੀਹ ਤਰੀਕ ਨੂੰ ਸਾਡੇ ਘਰ ਜ਼ਰੂਰ ਆਇਓ।'

ਤਰਸੇਮ ਸਿੰਘ ਜ਼ਿਮੀਂਦਾਰ ਨੇ ਉਸ ਤੋਂ ਵਿਆਹ ਦਾ ਕਾਰਡ ਲੈਂਦੇ ਹੋਏ ਆਖਿਆ, 'ਆਹ ਲੈ ਸ਼ਗਨ ਦਾ ਸੌ ਰੁਪਿਆ। ਮੈਂ ਵਿਆਹ ਵਾਲੇ ਦਿਨ ਤੇਰੇ ਘਰ ਸ਼ੈਦ ਨਾ ਆ ਸਕਾਂ, ਪਰ ਮੈਂ ਕਿਸੇ ਨਾ ਕਿਸੇ ਨੂੰ ਵਿਆਹ ਤੇ ਜ਼ਰੂਰ ਭੇਜਾਂਗਾ।' ਇਹ ਸੁਣ ਕੇ ਦੀਪੋ ਸੁੰਨ ਜਹੀ ਹੋ ਗਈ। ਉਹ ਤਾਂ ਘਰ ਤੋਂ ਇਹ ਸੋਚ ਕੇ ਆਈ ਸੀ ਕਿ ਤਰਸੇਮ ਸਿੰਘ ਜ਼ਿਮੀਂਦਾਰ ਦੇ ਪੱਚੀ ਕਿੱਲੇ ਜ਼ਮੀਨ ਦੇ ਆ।ਹਰ ਸਾਲ ਝੋਨਾ, ਮਟਰ, ਆਲੂ ਤੇ ਮੱਕੀ ਬਥੇਰੀ ਹੁੰਦੀ ਆ।ਉਸ ਦੇ ਘਰ ਕਿਸੇ ਚੀਜ਼ ਦਾ ਘਾਟਾ ਨਹੀਂ। ਉਹ ਉਸ ਦੀ ਵਿਆਹ ਵਿੱਚ ਚੰਗੀ ਮਦਦ ਕਰੇਗਾ, ਪਰ ਉਹ ਤਾਂ ਨਿਰਾ ਗੋਹਾ ਨਿਕਲਿਆ। ਉਸ ਨੇ ਨਾ ਚਾਹੁੰਦਿਆਂ ਹੋਇਆਂ ਵੀ ਸੌ ਰੁਪਏ ਦਾ ਨੋਟ ਫੜ ਲਿਆ ਤੇ ਮੂੰਹ ਲਟਕਾ ਕੇ ਉਸ ਦੇ ਘਰ ਤੋਂ ਤੁਰ ਪਈ।-ਮਹਿੰਦਰ ਸਿੰਘ ਮਾਨ

## ਦਰਦ

ਰੀਤਾ ਡਰੀ ਸਹਿਮੀ ਖੜ੍ਹੀ ਸੀ। ਮਾਨੋ ਉਸਦਾ ਪੂਰਾ ਵਜੂਦ ਹੀ ਹਿੱਲ ਗਿਆ। ਜਦ ਸੱਸ ਨੇ ਕਿਹਾ, 'ਧੀਏ ਤੇਰੇ ਵਿਆਹ ਨੂੰ ਗਿਆਰਾਂ ਦਿਨ ਹੋ ਗਏ ਨੇ, ਅੱਜ ਤੈਨੂੰ ਚੋਂਕੇ ਚੜ੍ਹਾਨੈ।' ਉਸਨੂੰ ਆਪਣੀ ਸੱਸ ਇੱਕ ਖੌਫਨਾਕ ਪ੍ਰਸ਼ਨ ਚਿੰਨ੍ਹ ਦਿਸ ਰਹੀ ਸੀ। ਉਸਨੂੰ ਇਕ ਦਮ ਯਾਦ ਆਇਆ, ਸੀਮਾ ਕਿੰਨੀ ਪਿਆਰੀ ਸਹੇਲੀ ਸੀ ਉਹਦੀ। ਹਾਏ ! ਉਹਦਾ ਚਿਹਰਾ ਦੇਖਿਆ ਨਹੀਂ ਸੀ ਜਾਂਦਾ। ਜਦ ਉਹਦੇ ਸਹੁਰਿਆ ਨੇ ਉਹਨੂੰ ਜਲਾ....।

ਹਾਏ ਰੱਬਾ ! ਉਹਦੀ ਦੀਦੀ ਦਾ ਵੀ ਕੀ ਕਸੂਰ ਸੀ। ਜਦ ਉਹਦੇ ਸਹੁਰਿਆ ਨੇ ਉਸਨੂੰ ਜ਼ਹਿਰ ਦੇ ਦਿਤੀ ਸੀ ⇩ ਸਹੁਰਿਆ ਦੇ ਜ਼ੁਲਮ ਬਾਰੇ ਸੋਚ ਉਹ ਇਕ ਦਮ ਕੰਬ ਉੱਠੀ। 'ਹਾਏ !' ਰੀਤਾ ਦੀ ਇਕ ਦਮ ਚੀਕ ਨਿਕਲ ਗਈ।

'ਕੀ ਹੋਇਆ ਬੇਟੀ ?' ਰੀਤਾ ਦੇ ਦੋ ਅੱਥਰੂ ਅਚਾਨਕ ਛਲਕ ਕੇ ਉਸਦੀ ਸੱਸ ਦੇ ਚਿੱਟੇ ਦੁਪੱਟੇ ਤੇ ਆ ਪਏ। ਉਸਨੇ ਰੀਤਾ ਨੂੰ ਜੱਫੀ ਵਿਚ ਲੈ ਲਿਆ ਤੇ ਬੋਲੀ, 'ਧੀਏ ਮੇਰੇ ਤੋਂ ਨਾ ਘਬਰਾ, ਮੈਂ ਤੈਨੂੰ ਆਪਣੀ ਧੀ ਤੋਂ ਵੀ ਵੱਧ ਰੱਖਾਂਗੀ, ਕਿਉਂਕਿ ਮੈਂ ਇਹ ਜ਼ੁਲਮ ਸਹੇ ਹਨ ਆਪਣੀ ਸੱਸ ਤੋਂ। ਹਰ ਦਿਨ ਮੌਤ ਵਾਂਗ ਗੁਜਾਰਿਆ ਹੈ ਮੈਂ। ਪਰ ਮੇਰੀ ਧੀ.... ਤੈਨੂੰ ਮੈਂ ਇਹ ਦੁੱਖ-ਦਰਦ ਨਹੀਂ ਭੋਗਣ ਦਿਆਂਗੀ।' ਹੁਣ ਰੀਤਾ ਦੇ ਹੱਥ ਅਚਾਨਕ ਹੀ ਆਪਣੀਆਂ ਭਿੱਜਿਆਂ ਅੱਖਾਂ ਦੀ ਬਜਾਏ ਆਪਣੀ ਸਿਆਸੀ ਦੀਆਂ ਅੱਖਾਂ ਵੱਲ ਵੱਧ ਗਏ।-ਮਨਪ੍ਰੀਤ ਕੌਰ

# ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪਾਬੰਦੀ ਹੁਣ ਆਸਾਨ ਨਹੀਂ

ਪ੍ਰੋ. ਕੁਲਬੀਰ ਸਿੰਘ



ਨੇਪਾਲ ਵਿਚ ਫੇਸਬੁੱਕ, ਵੱਟਸਐਪ, ਇੰਸਟਾਗ੍ਰਾਮ, ਯੂਟਿਊਬ, ਐਕਸ, ਲਿੰਕਡਇਨ, ਮੈਸੰਜਰ, ਸਨੈਪਚੈਟ, ਫ੍ਰੈਂਡਸ, ਰੈਡਿਟ, ਸਿਗਨਲ, ਵੀਚੈਟ, ਕਲੱਬ ਹਾਊਸ, ਟੰਬਲਰ, ਡਿਸਕਾਰਡ, ਪਿੰਟਰੈਸਟ, ਕਵੋਰਾ, ਰੰਬਲ, ਵੀਕੇ, ਆਈ ਐਮ ਓ, ਸੋਲ, ਹਮਰੋ ਪਾਤਰੋ, ਜ਼ੈਲੋ, ਲਾਈਨ ਅਤੇ ਮੈਸਟੋਡਨ 'ਤੇ ਪਾਬੰਧੀ ਲਗਾਈ ਗਈ ਸੀ। ਪਿੱਛੇ ਕੀ ਰਹਿ ਗਿਆ?

ਲੋਕਾਂ ਦਾ ਜੀਵਨ ਅਤੇ ਰੋਜ਼ਾਨਾ ਦੀਆਂ ਗਤੀਵਿਧੀਆਂ ਇਨ੍ਹਾਂ ਉਪਰ ਹੀ ਨਿਰਭਰ ਸਨ। ਦੇਸ਼ ਵਿਚ, ਵਿਦੇਸ਼ ਵਿਚ ਕਿਤੇ ਵੀ, ਕਿਸੇ ਨਾਲ ਵੀ ਗੱਲਬਾਤ ਕਰਨੀ ਹੈ ਤਾਂ ਇਨ੍ਹਾਂ ਰਾਹੀਂ ਹੀ ਹੁੰਦੀ ਸੀ। ਜਦ ਇਹ ਸਾਰਾ ਕੁਝ ਠੱਪ ਹੋ ਗਿਆ ਤਾਂ ਪ੍ਰਤੀਕਰਮ ਸੁਭਾਵਕ ਸੀ। ਪਰ ਨੇਪਾਲ ਵਿਚ ਜੋ ਕੁਝ ਹੋਇਆ ਨਹੀਂ ਹੋਣਾ ਚਾਹਦਾ ਸੀ। ਰੋਸ ਸ਼ਾਂਤਮਈ ਰਹਿਣਾ ਚਾਹੀਦਾ ਹੈ, ਰੋਸ ਦੀ ਸ਼ਿੱਦਤ ਚਾਹੇ ਜੋ ਮਰਜ਼ੀ ਹੋਵੇ। ਭਾਵੇਂ ਨੇਪਾਲ ਦੀ ਸਰਕਾਰ ਆਪਣੀ ਜਗ੍ਹਾ ਠੀਕ ਹੋਵੇ ਪਰੰਤੂ ਉਹ ਇਹ ਅਨੁਮਾਨ ਲਗਾਉਣ ਵਿਚ ਬੁਰੀ ਤਰ੍ਹਾਂ ਫੇਲ੍ਹ ਹੋਈ ਕਿ ਅਜੋਕੇ ਸਮਿਆਂ ਵਿੱਚ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪਾਬੰਧੀ ਲਾਉਣਾ ਆਸਾਨ ਨਹੀਂ। ਸਰਕਾਰ ਦਾ ਪੱਖ ਹੈ ਕਿ ਇੰਟਰਨੈਟ ਮੀਡੀਆ ਪਲੇਟਫਾਰਮਾਂ ਨੂੰ ਦੇਸ਼ ਦੇ ਨਿਯਮ ਕਾਨੂੰਨ ਮੰਗਣ ਲਈ ਇਕ ਸਾਲ ਦਾ ਸਮਾਂ ਦਿੱਤਾ ਗਿਆ ਪਰ ਉਹ ਟੱਸ ਤੋਂ ਮੱਸ ਨਹੀਂ ਹੋਏ। ਅਖੀਰ ਸਖ਼ਤ ਕਦਮ ਚੁੱਕਿਆ ਗਿਆ। ਜਿਸਤੇ ਦੇਸ਼ ਅੰਦਰ ਤਿੱਖਾ ਪ੍ਰਤੀਕਰਮ ਹੋਇਆ। ਪ੍ਰਤੀਕਰਮ, ਪ੍ਰਗਟਾਉਣ ਲਈ 'ਜੈੱਨ-ਜ਼ੀ' ਮੰਚ ਦੀ ਵਰਤੋਂ ਕੀਤੀ ਗਈ। ਜੈੱਨ-ਜ਼ੀ ਵਿਚ ਉਹ ਨੌਜਵਾਨ ਸ਼ਾਮਿਲ ਸਨ ਜਿਨ੍ਹਾਂ ਦੀ ਉਮਰ 13-14 ਸਾਲ ਤੋਂ 27-28 ਸਾਲ ਹੈ। ਸੜਕਾਂ ਉਪਰ ਇਸੇ ਉਮਰ- ਵਰਗ ਦੇ ਲੜਕੇ ਲੜਕੀਆਂ ਨਜ਼ਰ ਆ ਰਹੇ ਸਨ।

ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਆਰਜ਼ੀ, ਤੌਰ 'ਤੇ ਸੀਮਤ ਖੇਤਰ ਵਿਚ ਤਾਂ ਵੱਖ-ਵੱਖ ਦੇਸ਼ਾਂ, ਵੱਖ-ਵੱਖ ਰਾਜਾਂ ਦੀਆਂ ਸਰਕਾਰਾਂ ਬੰਦ ਕਰਦੀਆਂ ਰਹਿੰਦੀਆਂ ਹਨ। ਆਸਟਰੇਲੀਆਂ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਲੱਗਾ ਚੁੱਕਾ ਹੈ, ਜਿਸਨੂੰ ਦਸੰਬਰ 2025 ਤੋਂ ਲਾਗੂ ਕੀਤਾ ਜਾਣਾ ਹੈ। ਅਜਿਹੀ ਪਾਬੰਦੀ ਦੁਨੀਆਂ ਵਿਚ ਪਹਿਲੀ ਵਾਰ ਲੱਗ ਰਹੀ ਹੈ ਅਤੇ ਬਕਾਇਦਾ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। 'ਟਾਰਗੈਟਿੰਗ ਟੈਕਨਾਲੋਜੀ' ਤਹਿਤ 16 ਸਾਲ ਤੋਂ ਘੱਟ ਉਮਰ ਦੇ ਸੋਸ਼ਲ ਮੀਡੀਆ ਵਰਤਣ ਵਾਲਿਆਂ ਦੀ ਸ਼ਨਾਖ਼ਤ ਕੀਤੀ ਜਾਵੇਗੀ। ਜੇ ਕੰਪਨੀ ਇਸ ਵਿਚ ਕਾਮਯਾਬ ਨਾ ਹੋਈ ਤਾਂ ਜੁਰਮਾਨੇ ਵਜੋਂ ਵੱਡੀ ਰਕਮ ਤਾਰਨੀ ਪਵੇਗੀ।

ਸੋਸ਼ਲ ਮੀਡੀਆ ਪਲੇਟਫਾਰਮ ਜਿੰਨੀਆਂ ਵੱਡੀਆਂ ਸਹੂਲਤਾਂ ਮੁਹੱਈਆ ਕਰਦੇ ਹਨ ਓਨੀਆਂ ਵੱਡੀਆਂ ਪ੍ਰੇਸ਼ਾਨੀਆਂ ਤੇ ਸਿਰਦਰਦੀਆਂ ਵੀ ਪੈਦਾ ਕਰਦੇ ਹਨ।

ਤਾਜ਼ਾ ਅੰਕੜਿਆਂ ਅਨੁਸਾਰ 30000000 ਦੀ ਪਪੂਲੇਸ਼ਨ ਵਿਚੋਂ ਨੇਪਾਲ ਦੇ 90 ਪ੍ਰਤੀਸ਼ਤ ਲੋਕ ਇੰਟਰਨੈਟ ਦੀ ਵਰਤੋਂ ਕਰਦੇ ਹਨ। ਜਦੋਂ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪਾਬੰਦੀ ਲਗਾ ਦਿੱਤੀ ਗਈ ਤਾਂ ਇਨ੍ਹਾਂ ਲੋਕਾਂ ਵਿਚ ਹਾ ਹਾ ਕਾਰ ਮੱਚ ਗਈ। ਪਰਿਵਾਰਕ ਮੈਂਬਰਾਂ, ਦੋਸਤਾਂ-ਮਿੱਤਰਾਂ ਸਕੇ-ਸੰਬੰਧੀਆਂ ਨਾਲੋਂ ਰਾਬਤਾ ਟੁੱਟ ਗਿਆ। ਉਨ੍ਹਾਂ ਦਾ ਪ੍ਰੇਸ਼ਾਨ ਹੋਣਾ ਸੁਭਾਵਕ ਸੀ। ਇਸ ਸਥਿਤੀ ਵਿਚ ਉਹ ਦੇਸ਼ ਵਿਦੇਸ਼ ਵਿਚ ਆਮ ਫੋਨ ਕਾਲ ਰਾਹੀਂ ਗੱਲ ਕਰ ਰਹੇ ਸਨ ਜਿਹੜੀ ਬਹੁਤ ਮਹਿੰਗੀ ਸੀ। ਪ੍ਰਤੀ ਮਿੰਟ 5 ਤੋਂ 15 ਰੁਪਏ ਤੱਕ ਲੱਗ ਰਹੇ ਸਨ। ਸਰਕਾਰਾਂ ਨੂੰ ਅਜਿਹੇ ਫੈਸਲੇ ਲੈਣ ਤੋਂ ਪਹਿਲਾਂ ਹੁਣ 100 ਵਾਰ ਸੋਚਣਾ ਪਵੇਗਾ। ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪਾਬੰਦੀ ਲਾਉਣੀ ਹੁਣ ਆਸਾਨ ਨਹੀਂ ਰਹਿ ਗਈ।




ਓਧਰ ਭਾਰਤ ਸਰਕਾਰ ਨੇ ਅਸ਼ਲੀਲਤਾ ਵਿਖਾਉਣ ਦੇ ਦੋਸ਼ ਤਹਿਤ 25 ਓ ਟੀ ਟੀ ਪਲੇਟਫਾਰਮਾਂ ਤੇ ਪਾਬੰਦੀ ਲੱਗਾ ਦਿੱਤੀ ਹੈ। ਇਹ ਕਾਰਵਾਈ ਬੜੀ ਸੋਚ ਵਿਚਾਰ ਉਪਰੰਤ ਸੰਬੰਧਿਤ ਖੇਤਰ ਦੇ ਮਾਹਰ ਵਿਅਕਤੀਆਂ ਦੇ ਕਹਿਣ 'ਤੇ ਕੀਤੀ ਗਈ ਹੈ। ਇਹ ਸਾਰੇ ਕਾਨੂੰਨ ਦੀ ਉਲੰਘਣਾ ਕਰ ਰਹੇ ਸਨ ਅਤੇ ਇਨ੍ਹਾਂ ਵਿਰੁੱਧ ਸੂਚਨਾ ਤਕਨੀਕ ਐਕਟ 2000 ਅਤੇ ਆਈ ਟੀ ਨਿਯਮ 2021 ਤਹਿਤ ਕਾਰਵਾਈ ਕੀਤੀ ਗਈ ਹੈ।

ਬਹੁਗਿਣਤੀ ਲੋਕਾਂ ਦਾ ਮੰਨਣਾ ਹੈ ਕਿ ਸਰਕਾਰ ਦੀ ਇਹ ਕਦਮ ਬਿਲਕੁਲ ਦਰੁਸਤ ਹੈ ਕਿਉਂਕਿ ਇੰਟਰਨੈਟ ਦੀ ਵਰਤੋਂ ਕਰਨ ਵਾਲੇ ਭਾਰਤੀਆਂ ਵਿਚੋਂ ਵੱਡੀ ਗਿਣਤੀ ਲੋਕ ਵੱਖ-ਵੱਖ ਪਲੇਟਫਾਰਮਾਂ ਰਾਹੀਂ ਅਜਿਹੀ ਸਮੱਗਰੀ ਵੇਖਦੇ ਹਨ। ਹੋਰ ਤਾਂ ਹੋਰ ਬੱਚਿਆਂ ਤੋਂ ਵੀ ਅਜਿਹੀ ਅਸ਼ਲੀਲ ਵਿਸ਼ਾ-ਸਮੱਗਰੀ ਦੂਰ ਨਹੀਂ ਹੈ। ਇਸ ਪ੍ਰਸੰਗ ਵਿਚ ਜਦ ਆਸਟਰੇਲੀਆ ਸਰਕਾਰ ਦੁਆਰਾ ਲਿਆ ਗਿਆ ਫੈਸਲਾ ਵੇਖਦੇ ਹਾਂ ਤਾਂ ਪ੍ਰਸੰਗ ਕੀਤੇ ਬਿਨ੍ਹਾਂ ਨਹੀਂ ਰਹਿ ਸਕਦੇ। ਆਸਟਰੇਲੀਆ ਦੀ ਪਹਿਲਕਦਮੀਂ ਨੂੰ ਵੇਖਦੇ ਹੋਏ ਦੁਨੀਆਂ ਦੇ ਬਹੁਤ ਸਾਰੇ ਹੋਰ ਮੁਲਕ ਵੀ ਬੱਚਿਆਂ ਦੇ ਭਵਿੱਖ ਪ੍ਰਤੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਅਜਿਹੇ ਸਖ਼ਤ ਤੇ ਸੁਚਾਰੂ ਕਦਮ ਚੁੱਕਣ ਸੰਬੰਧੀ ਵਿਚਾਰਾ ਕਰ ਰਹੇ ਹਨ।

ਸੋਸ਼ਲ ਮੀਡੀਆ ਦੀ ਵਰਤਮਾਨ ਦਸ਼ਾ ਦੇ ਮੱਦੇਨਜ਼ਰ ਸਖ਼ਤੀ ਤੇ ਸਵੈ-ਜ਼ਾਬਤਾ ਦੋਹਾਂ 'ਤੇ ਕੰਮ ਕਰਨ ਦੀ ਲੋੜ ਹੈ। ਇਕ ਪਾਸੇ ਸਰਕਾਰਾਂ ਦੁਆਰਾ ਲੋੜ ਅਨੁਸਾਰ ਨਵੇਂ ਨਿਯਮ ਕਾਨੂੰਨ ਲਿਆਉਣ ਦੀ ਜ਼ਰੂਰਤ ਭਾਸਦੀ ਹੈ ਅਤੇ ਦੂਸਰੇ ਪਾਸੇ ਆਪੋ ਆਪਣੀ ਪੱਧਰ 'ਤੇ ਅਨੁਸ਼ਾਸਨ ਅਤੇ ਸਵੈ-ਜ਼ਾਬਤਾ ਲਾਗੂ ਕਰਨਾ ਵੀ ਨਿਹਾਇਤ ਜ਼ਰੂਰੀ ਹੈ।

# ਟਰੰਪ ਦੀ ਆਈ ਟੀ ਦਿੱਗਜਾਂ ਨਾਲ ਮੀਟਿੰਗ ਦੇ ਮਾਅਨੇ

ਪ੍ਰੋ. ਕੁਲਬੀਰ ਸਿੰਘ



ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਦਿਨੀਂ ਤਕਨੀਕੀ ਅਧਿਕਾਰੀਆਂ ਦੇ ਇਕ ਉੱਚ-ਪੱਧਰੀ ਸਮੂਹ ਨਾਲ ਲੰਮੀ ਮੀਟਿੰਗ ਕੀਤੀ। ਦਿਲਚਸਪ ਪਹਿਲੂ ਇਹ ਸੀ ਕਿ ਇਸ ਮੀਟਿੰਗ ਵਿਚ ਐਲਨ ਮਸਕ ਨੂੰ ਸ਼ਾਮਿਲ ਨਹੀਂ ਕੀਤਾ ਗਿਆ। ਰਾਤ ਦੇ ਖਾਣੇ ਦੀ ਮੇਜ਼ਬਾਨੀ ਕਰਦਿਆਂ ਲੰਮੀ ਮੇਜ਼ ਦੁਆਲੇ ਉੱਚ-ਬੁੱਧੀ ਵਾਲੇ 33 ਤੋਂ ਵੱਧ ਆਈ ਟੀ ਦਿੱਗਜ ਮੌਜੂਦ ਸਨ। ਡੋਨਾਲਡ ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਅਮਰੀਕੀ ਆਈ ਟੀ ਕੰਪਨੀਆਂ ਸਾਡੇ ਦੇਸ਼ ਨੂੰ ਨਵੀਆਂ ਉੱਚਾਈਆਂ 'ਤੇ ਲਿਜਾ ਰਹੀਆਂ ਹਨ।

ਪਹਿਲਾਂ ਅਜਿਹਾ ਕਦੇ ਨਹੀਂ ਹੋਇਆ ਕਿ ਚੋਟੀ ਦੇ ਆਈ ਟੀ ਦਿੱਗਜਾਂ ਨੂੰ ਇਕ ਮੇਜ਼ 'ਤੇ ਇਕੱਠਾ ਕੀਤਾ ਗਿਆ ਹੋਵੇ। ਸਮੇਂ ਨਾਲ ਤਕਨੀਕ ਦੀ ਤੇਜ਼ੀ ਨਾਲ ਵੱਧਦੀ ਮਹੱਤਤਾ ਕਾਰਨ ਅਜਿਹਾ ਹੋਇਆ ਹੈ। ਇਸਦਾ ਮਕਸਦ ਦੁਨੀਆਂ ਦੇ ਬੇਹੱਦ ਸਫ਼ਲ ਕਾਰੋਬਾਰੀਆਂ ਦਾ ਧਿਆਨ ਆਕਰਸ਼ਿਤ ਕਰਨਾ ਵੀ ਹੋ ਸਕਦਾ ਹੈ। ਇਹ ਸਪੱਸ਼ਟ ਹੋ ਚੁੱਕਾ ਹੈ ਕਿ ਡੋਨਾਲਡ ਟਰੰਪ ਦੀ ਦੋਸਤੀ ਵੀ ਖਤਰਨਾਕ, ਦੁਸ਼ਮਣੀ ਵੀ ਖਤਰਨਾਕ। ਬਾਵਜੂਦ ਇਸਦੇ ਹਰੇਕ ਵੱਡੀ ਕੰਪਨੀ ਇਸ ਚੰਚਲ ਰਾਸ਼ਟਰਪਤੀ ਨਾਲ ਜੁੜੇ ਰਹਿਣਾ ਪਸੰਦ ਕਰਦੀ ਹੈ। ਇਸੇ ਲਈ ਸਾਰੇ ਹੁੰਮਹੁਮਾ ਕੇ ਰਾਤ ਦੇ ਖਾਣ 'ਤੇ ਹਾਜ਼ਰ ਹੋਏ।

ਟਰੰਪ ਦੇ ਹਰੇਕ ਕਦਮ, ਹਰੇਕ ਗੱਲ ਵਿੱਚੋਂ ਝਲਕਦਾ ਹੈ ਕਿ ਉਹ ਅਮਰੀਕਾ ਦੀ ਵਿੱਤੀ-ਵਿਵਸਥਾ ਨੂੰ ਮਜ਼ਬੂਤ ਕਰਨਾ ਚਾਹੁੰਦੇ ਹਨ। ਇਸੇ ਲਈ ਉਨ੍ਹਾਂ ਹਰੇਕ ਨੂੰ ਪੁੱਛਿਆ ਕਿ ਉਹ ਅਮਰੀਕਾ ਵਿਚ ਕਿੰਨਾ ਨਿਵੇਸ਼ ਕਰਨਗੇ? ਸੱਭ ਤੋਂ ਪਹਿਲਾਂ ਫੇਸਬੁਕ ਅਤੇ ਮੇਟਾ ਦੇ ਜ਼ੁਕਰਬਰਗ ਨੇ ਕਿਹਾ ਕਿ ਉਹ 600 ਅਰਬ ਡਾਲਰ ਨਿਵੇਸ਼ ਕਰ ਰਹੇ ਹਨ।

ਐਪਲ ਦੇ ਟਿਮ ਕੁਕ ਨੇ ਵੀ ਏਨੀ ਰਕਮ ਹੀ ਦੱਸੀ। ਜਦ ਕਿ ਗੂਗਲ ਦੇ ਸੁੰਦਰ ਪਿਚਾਈ ਨੇ 250 ਅਰਬ ਡਾਲਰ ਨਿਵੇਸ਼ ਕਰਨ ਦੀ ਗੱਲ ਕਹੀ। ਜਦ ਮਾਈਕਰੋਸਾਫਟ ਦੀ ਵਾਰੀ ਆਈ ਤਾਂ ਟਰੰਪ ਨੇ ਕਿਹਾ ਕਿ ਇਨ੍ਹਾਂ ਦੀ ਰਕਮ ਦੇ ਸੀ.ਈ.ਓ. ਸਤਸ ਨਡੇਲਾ ਨੇ ਕਿਹਾ ਕਿ ਸਾਡੀ ਰਕਮ ਹਰੇਕ ਸਾਲ 80 ਬਿਲੀਅਨ ਡਾਲਰ ਤੱਕ ਹੋਵੇਗੀ। ਟਰੰਪ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ, "ਬਹੁਤ ਵਧੀਆ।"

ਇਹ ਵੇਖ ਕੇ ਸੱਭ ਨੂੰ ਹੈਰਾਨੀ ਹੋਈ ਕਿ ਇਸ ਵਿਸ਼ੇਸ਼ ਭਾਂਤ ਦੀ ਮੀਟਿੰਗ ਲਈ ਮਸਕ ਨੂੰ ਨਹੀਂ ਸੱਦਿਆ ਗਿਆ ਸੀ ਪਰੰਤੂ ਮਸਕ ਦੇ ਵੱਡੇ ਵਿਰੋਧੀ ਓਪਨ ਏ ਆਈ ਦੇ ਸੈਮ ਆਲਟਮੈਨ ਮੌਜੂਦ ਸਨ। ਇਸ ਤੋਂ ਪਹਿਲਾਂ ਦੁਪਹਿਰ ਵੇਲੇ ਵਾਈਟ ਹਾਊਸ ਦੀ ਨਵੀਂ 'ਆਰਟੀਫੀਸ਼ੀਅਲ ਇੰਟੈਲੀਜੈਂਸ ਸਿੱਖਿਆ ਟਾਸਕ ਫੋਰਸ ਦੀ ਮੀਟਿੰਗ ਵੀ ਹੋ ਚੁੱਕੀ ਸੀ। ਰਾਤ ਦੇ ਖਾਣੇ ਵਾਲੀ ਮੀਟਿੰਗ ਵਿਚ ਬਿਲ ਮੇਟਸ, ਗ੍ਰੇਮ ਬਾਰਕਮੈਨ, ਸਫਰਾ ਕੈਟਜ, ਡੇਵਿਡ ਲਿੰਪ, ਸੰਜੇ ਮੇਹਰੋਤਰਾ, ਵਿਵੇਕ ਰਣਦਿਵੇ, ਸ਼ਿਆਮ ਸ਼ੰਕਰ ਅਲੈਕਜੈਂਡਰ ਵਾਂਗ, ਜੇਰੇਡ ਇਸਾਕਮੈਨ ਵੀ ਸ਼ਾਮਿਲ ਸਨ।

ਟਰੰਪ ਦੀ ਹੀ ਪਾਰਟੀ ਦੇ ਕੁਝ ਨੇਤਾਵਾਂ ਨੇ ਆਈ ਟੀ ਦਿੱਗਜਾਂ ਨਾਲ ਅਜਿਹੀਆਂ ਮੀਟਿੰਗਾਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਸਰਕਾਰ ਨੂੰ ਇਹ ਵੇਖਣਾ ਸਮਝਣਾ ਪਵੇਗਾ ਕਿ ਆਈ ਟੀ ਕੰਪਨੀਆਂ ਕੀ ਬਣਾਉਣ ਅਤੇ ਨਸ਼ਟ ਕਰਨ ਦੀ ਯੋਜਨਾ ਬਣਾ ਰਹੀਆਂ ਹਨ।

ਟਰੰਪ ਬਾਰੇ ਕਿਹਾ ਜਾਂਦਾ ਹੈ ਕਿ ਉਹ ਅਕਸਰ ਏ.ਆਈ. (ਮਸਨੂਈ ਬੁੱਧੀ) ਦੁਆਰਾ ਬਣਾਈਆਂ ਤਸਵੀਰਾਂ ਨੂੰ ਆਨਲਾਈਨ ਸਾਂਝੀਆਂ ਕਰਦੇ ਰਹਿੰਦੇ ਹਨ। ਪਰੰਤੂ ਨਾਲ ਹੀ ਭਰਮ ਫੈਲਾਉਣ ਵਾਲੀਆਂ ਵੀਡੀਓ ਬਨਾਉਣ 'ਤੇ ਇਤਰਾਜ਼ ਦਾ ਪ੍ਰਗਟਾਵਾ ਵੀ ਕਰਦੇ ਹਨ। ਟਰੰਪ ਨੇ ਮਜ਼ਾਜ ਵਿਚ ਕਿਹਾ ਕਿ ਜਦ ਕੁਝ ਬਹੁਤ ਹੀ ਬੁਰਾ ਵਾਪਰ ਜਾਵੇਗਾ ਤਾਂ ਮੈਂ ਕੇਵਲ ਏ.ਆਈ. ਨੂੰ ਦੋਸ਼ ਦੇ ਦੇਵਾਂਗਾ। ਦੁਪਹਿਰ ਦੀ ਮੀਟਿੰਗ ਵਿਚ ਏ.ਆਈ. ਦੀ ਸਮਰੱਥਾ ਅਤੇ ਖ਼ਤਰਿਆਂ ਸੰਬੰਧੀ ਖੁਲ੍ਹ ਕੇ ਗੱਲਬਾਤ ਹੋਈ। ਰਾਤ ਦੇ ਖਾਣੇ 'ਤੇ ਹੋਈ ਮੀਟਿੰਗ ਦੀ ਵਿਸ਼ੇਸ਼ਤਾ ਇਹ ਵੀ ਸੀ ਕਿ ਇਸ ਵਿਚ ਪੰਜ ਭਾਰਤੀ ਮੂਲ ਦੇ ਸੀ.ਈ.ਓ. ਸ਼ਾਮਿਲ ਸਨ।

ਦਰਅਸਲ ਡੋਨਾਲਡ ਟਰੰਪ ਦਾ ਮਕਸਦ ਏ.ਆਈ. ਖੇਤਰ ਵਿਚ ਅਮਰੀਕਾ ਦੇ ਵੱਧਦੇ ਕਦਮਾਂ, ਨਿਵੇਸ਼ ਅਤੇ ਖੋਜ ਵੱਲ ਦੁਨੀਆਂ ਦਾ ਧਿਆਨ ਖਿੱਚਣਾ ਸੀ। ਨਿਰਸੰਦੇਹ ਇਹਦੇ ਵਿਚ ਉਹ ਪੂਰੀ ਤਰ੍ਹਾਂ ਕਾਮਯਾਬ ਰਹੇ ਹਨ।

ਏ.ਆਈ. ਦੇ ਪ੍ਰਸੰਗ ਵਿਚ ਦੁਨੀਆਂ ਦੇ ਪ੍ਰਮੁੱਖ ਸ਼ਕਤੀਸ਼ਾਲੀ ਦੇਸ਼ਾਂ ਵਿਚਾਲ ਡਿਜ਼ੀਟਲ ਜੰਗ ਦਿਨੋਂ ਦਿਨ ਤੇਜ਼ ਹੋ ਰਹੀ ਹੈ।

ਇਹ ਉਸੇ ਜੰਗ ਦੀ ਇਕ ਮਹੱਤਵਪੂਰਨ ਕੜੀ ਸੀ। ਦੁਨੀਆਂ ਨੂੰ ਇਹ ਸੰਦੇਸ਼ ਦੇਣਾ ਕਿ ਇਸ ਖੇਤਰ ਵਿਚ ਅਸੀਂ ਕਿਸੇ ਤੋਂ ਪਿੱਛੇ ਨਹੀਂ ਹਾਂ। ਹਾਂਲਾਕਿ ਮੀਟਿੰਗ ਦੇ ਏਜੰਡੇ ਵਿਚ ਦੱਸਿਆ ਗਿਆ ਕਿ ਇਸਦਾ ਉਦੇਸ਼ ਅਮਰੀਕੀ ਨੌਜਵਾਨਾਂ ਲਈ ਏ.ਆਇ. ਸਿੱਖਿਆ ਨੂੰ ਉਤਸ਼ਾਹਿਤ ਕਰਨਾ ਹੈ।

ਹਾਲੇ ਕੁਝ ਦਿਨ ਪਹਿਲਾਂ ਚੀਨ ਨੇ ਵਿਕਟਰੀ ਡੇਅ ਪਰੇਡ ਮੌਕੇ ਆਪਣੀ ਮਿਲਟਰੀ ਤਾਕਤ ਦਾ ਖੁਲ੍ਹਾ ਕੇ ਪ੍ਰਦਰਸ਼ਨ ਕੀਤਾ। ਉਸ ਤੋਂ ਕੁਝ ਦਿਨ ਬਾਅਦ ਅਮਰੀਕਾ ਨੇ ਆਰਟੀਫੀਸ਼ਲ ਇੰਟੈਲੀਜੈਂਸ ਅਤੇ ਤਕਨੀਕੀ ਦਾ ਡੰਕਾ ਵਜਾ ਦਿੱਤਾ। ਟਰੰਪ ਦੱਸਣਾ ਚਾਹੁੰਦਾ ਹੈ ਕਿ ਜੇਕਰ ਚੀਨ ਕੋਲ ਆਪਣਾ ਉਤਪਾਦਨ ਹੈ ਤਾਂ ਅਮਰੀਕਾ ਕੋਲ ਆਪਣੀ ਤਕਨੀਕ ਹੈ।

ਚੱਲਦੇ ਚੱਲਦੇ ਇਹ ਮੀਟਿੰਗ ਇਕ ਦੂਸਰੇ ਦੀ ਪ੍ਰਸ਼ੰਸਾ ਵਿਚ ਤਬਦੀਲ ਹੋ ਗਈ। ਟਰੰਪ ਨੇ ਸਾਰੇ ਆਈ ਟੀ ਉੱਚ-ਅਧਿਕਾਰੀਆਂ ਦੀ ਖੁਲ੍ਹ ਕੇ ਤਾਰੀਫ਼ ਕੀਤੀ। ਟਰੰਪ ਉਨ੍ਹਾਂ ਨੂੰ ਵਾਰ-ਵਾਰ ਉੱਚ-ਬੁੱਧੀ ਵਾਲੇ ਲੋਕ' ਕਹਿ ਰਿਹਾ ਸੀ। ਅਮਰੀਕਾ ਦੀਆਂ ਕਈ ਅਖਬਾਰਾਂ ਨੇ ਇਸ ਮੀਟਿੰਗ ਦੇ ਪ੍ਰਸੰਗ ਵਿਚ ਲਿਖਿਆ ਕਿ ਟਰੰਪ ਦਾ ਮਤਲਬ ਹੈ ਕਾਰੋਬਾਰ।

TAIL PIECE

**Dalip Singh Wasan, Advocate**
Email: dalipsinghwassan@yahoo.co.in

## PEOPLE ELECT PM DESIGNATE AND THEIR CHOICE REMAIN GOOD

Here in India people always keep in mind the PM designate andnever cared who is the local candidate as member of the Parliament. The people are not electing their representatives, but they keep only PM designate and it is on record that their election had always beengoo, better and the best and the people have got no adverse remarksagainst any of the Prime Ministers update. The performance record too had got no objection.

We has seen that the Prime Ministers of a neighbouring countryhad been tried and convicted and even death sentences had been passed against them. The people are happy that the contesting groups, though could notgive them representatives of the people, but since they had been having best choice of Prime Ministers designate, our country could keep us developing. We may not be joining the developed countries bythe target date, but still our progress is better than many of the countries going ahead and trying development.

People desire that even the candidates be chosen on merits and they must be given freedom to work as per their own conscience, will, wisdom, knowledge and discretion and should not be forced only to support and follow directions. Our democracy is now old one and is model, therefore, we must ensure that all in the Parliament must workas representatives of the people and give us better results. We all hope that our contesting groups shall keep it in their mind. When they can choose the best PM Designate, they can choose the best as representative of the people. The whole wisdom must play part and we shall be reaching our target by 2047, When not two, but hundreds of minds, brains shall work, we shall reach target date a decade prior to fixed date.

## ALL SECTIONS OF SOCIETY ARE PRESENT IN PARLIAMENT-??

Intoducing reservation system in India we have reserved seatsfor each wing of our society in the Parliament too. And the members representing these wings of society are bout to represent those wings and must ensure that their problems are solved in the Parliament through Bills, Schemes, Projects and Policies. When each wing isrepresented in the Parliament, then there is no need of such units which too declare that they are working for the welfare of those wings which are already present in the Parliament.

India is a model democracy and here our Parliament is is a placewhere problems of all wings of the society are brought into discussion, discussed and solutions are passed and there is our bureaucracy which shall bring that in operation.

The people sitting in Parliament are bound to keep the Constitution in mind and they are also bound to keep unity and integrity of India. The units established out of Parliament are not bound to the Constitution and often they call and disturb the unityand integrity of India. Time has come when we should banestablishment of such wing units and must ensure they are notdisturbing the unity and integrity of India. The calls of disunity came update had always been from the side of units outside the Parliament and the people reserved wings and otherwise never call ofdisunity of Induia.

The members represeneting each wing of society must have separate meetings to watch the problems of those wings and must bring those problems in the Parliament separately for solution. Thisrepresentation system simply giving seats to some people as individual benefits must close. They are bound to work for the welfare of there served categories and specific work be given to these wings in the Parliament. Membership in Parliament is not only a show and apopularity, but each member is public servant nd when he represents some wing, he is bound to serve that wing. The nation pays him andher wages and other benefits.

## USE YOUR VOTE RIGHT AND BE PROUD OF YOUR SELECTION

People of India are great when they adopted democracy and they could get right to vote and select their government themselves. Therefore, this most important right must be used and each eligible person must use this right qat the time of elections.

The tragedy is that candidates qre nominated by the contesting groups and there is no alternative, but still the people are at liberty to choose their candidates using their own intelligence and only those be elected who have got the capability of working for the welfare of the people and while in the House must be able to work as per their own conscience, will, wisdom and discretion and members who shlal be acting just under force and whips issued by the contesting groups shall never work for the people. When still choice is left with the people, they must use their wisdom rightly and use their own will and wisdom so that they may not face sorrows tomorrow when government is not formed of their choice.

The people get time to examine the candidates nominated for elections and they can even consult others and even welfare committees can call meetings and discuss candidates. We are now an old democracy and we should not comjit mistake while electing our government. We must note that here government can do only what is passed in the Parliament and therefore, we must concentrate on the candidates who shall examine each item coming in House with intelligence and wisdom and always keep in mind the welfare of the people.

The governments elected update had been normal and we had been getting development normally and if we use more intelligence and our choice is better, we shall be getting better people in the House and better performances and we could reach our target date prior to 2047; We shall have to ensure that winners should be in absolute majority because simple majority governments cannot work here with speed and with slow speed of development we shall hqave to cross the target date without reaching our goals.

## ਨੈਸ਼ਨਲ ਟਰੱਕ ਡਰਾਈਵਰ ਸਕੂਲ ਸੈਕਰਾਮੈਂਟੋ ਵਲੋਂ ਪਹਿਲਵਾਨਾਂ ਦਾ ਸਨਮਾਨ



ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ) ਅਮਰੀਕਾ ਦੇ ਵੱਖ ਵੱਖ ਕਬੱਡੀ ਦੇ ਮੈਦਾਨਾਂ ਵਿੱਚ ਆਪਣਾ ਜੋਰ ਅਜਮਾਉਣ ਅਮਰੀਕਾ ਪਹੁੰਚੇ ਨਾਮਵਰ ਭਲਵਾਨ ਜੱਸਾ ਪੱਟੀ ਤੇ ਕਮਲਜੀਤ ਡੂਮਛੇੜੀ ਆਪਣੇ ਦੌਰੇ ਦੋਰਾਨ ਸੈਕਰਾਮੈਂਟੋ ਦੇ ਨਾਮਵਰ ਨੈਸ਼ਨਲ ਟਰੱਕ ਡਰਾਈਵਰ ਸਕੂਲ ਸੈਕਰਾਮੈਂਟੋ ਦੇ ਕੈਂਪ ਵਿੱਚ ਪਹੁੰਚੇ ਜਿਥੇ ਵੱਖ ਵੱਖ ਬਿਜਨਸਮੈਨਾਂ ਨੇ ਉਨਾਂ ਦਾ ਸਵਾਗਤ ਕੀਤਾ। ਇਸ ਦੌਰਾਨ ਸਕੂਲ ਦੇ ਡਾਇਰੈਕਟਰ ਕਸ਼ਮੀਰ ਸਿੰਘ ਥਾਂਦੀ ਵਲੋਂ ਉਨਾਂ ਨੂੰ ਬਣਦਾ ਮਾਣ ਦਿੱਤਾ। ਇਸ ਮੌਕੇ ਨੇਕਵੀਰ ਭੰਡਾਲ, ਅਮਰੀਕ ਭੰਡਾਲ, ਨਵਿੰਦਰ ਭੰਡਾਲ, ਬਲਵਿੰਦਰ ਗਿੱਲ, ਰਾਮ ਗੁਪਲ਼, ਕੇ ਡੀ ਰਾਣੂੰ, ਜਾਨੀ ਕਾਹਲੋਂ, ਦਲਜੀਤ ਬਾਜਵਾ, ਗਗਨਦੀਪ ਸਿੰਘ ਥਾਂਦੀ ਆਦਿ ਵੀ ਹਾਜਰ ਸਨ। ਇਸ ਮੌਕੇ ਭਲਵਾਨ ਜੱਸਾ ਪੱਟੀ ਤੇ ਕਮਲਜੀਤ ਡੂਮਛੇੜੀ ਵਲੋਂ ਕੁਝ ਵਿਚਾਰ ਵੀ ਸਾਂਝੇ ਕੀਤੇ ਗਏ।

## ★ ਮਿੰਨੀ ਕਹਾਣੀ★

### ਆਖ਼ਰੀ ਇੱਛਾ

ਦਸੰਬਰ ਦਾ ਮਹੀਨਾ ਸੀ। ਠੰਢ ਤੇ ਧੁੰਦ ਦਾ ਜ਼ੋਰ ਸੀ। ਬਲਵਿੰਦਰ ਦਾ ਡੈਡੀ ਕੁੱਝ ਦਿਨ ਬੀਮਾਰ ਰਹਿਣ ਪਿੱਛੋਂ ਅੱਜ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਿਆ ਸੀ। ਬਲਵਿੰਦਰ ਨੇ ਆਪਣੇ ਡੈਡੀ ਦੇ ਸੰਸਕਾਰ ਤੇ ਸਾਰੇ ਰਿਸ਼ਤੇਦਾਰਾਂ ਨੂੰ ਟੈਲੀਫੋਨ ਕਰਕੇ ਸੱਦ ਲਿਆ ਸੀ। ਬਲਵਿੰਦਰ ਤੇ ਦੋ ਹੋਰ ਜਣੇ ਸੰਸਕਾਰ ਤੋਂ ਪਹਿਲਾਂ ਉਸ ਨੂੰ ਨਹਾਉਣ ਦਾ ਪ੍ਰਬੰਧ ਕਰਨ ਲੱਗੇ। ਬਲਵਿੰਦਰ ਨੇ ਆਪਣੇ ਡੈਡੀ ਦੇ ਸਾਰੇ ਕਪੜੇ ਹੌਲੀ, ਹੌਲੀ ਉਤਾਰੇ। ਉਸ ਦੇ ਡੈਡੀ ਦੀ ਕਮੀਜ਼ ਦੀ ਜੇਬ ਵਿਚੋਂ ਇਕ ਪਰਚੀ ਨਿਕਲ ਕੇ ਥੱਲੇ ਡਿੱਗ ਪਈ। ਜਦੋਂ ਉਸ ਨੇ ਪਰਚੀ ਨੂੰ ਖੋਲ੍ਹ ਕੇ ਦੇਖਿਆ, ਉਸ ਵਿੱਚ ਲਿਖਿਆ ਹੋਇਆ ਸੀ: ਬਲਵਿੰਦਰ, ਮੇਰੇ ਸੰਸਕਾਰ ਕਰਨ ਤੋਂ ਬਾਅਦ ਜਦ ਤੂੰ ਬਾਕੀਆਂ ਨਾਲ ਦੂਜੇ ਦਿਨ ਮੇਰੇ ਅਸਤ ਚੁਗਣ ਜਾਣਾ, ਤਾਂ ਮੇਰੇ ਅਸਤ ਚੁਗ ਕੇ ਤੇ ਰਾਖ਼ ਇਕੱਠੀ ਕਰਕੇ ਇਨ੍ਹਾਂ ਨੂੰ ਜਲ ਪ੍ਰਵਾਹ ਕਰਨ ਲਈ ਕੀਰਤ ਪੁਰ ਸਾਹਿਬ ਜਾਂ ਕਿਸੇ ਹੋਰ ਥਾਂ ਨਹੀਂ ਜਾਣਾ, ਸਗੋਂ ਆਪਣੇ ਖੇਤ ਵਿੱਚ ਜਾ ਕੇ ਅਸਤ ਡੂੰਘਾ ਟੋਆ ਪੁੱਟ ਕੇ ਦੱਬ ਦੇਣੇ ਤੇ ਰਾਖ਼ ਨੂੰ ਸਾਰੇ ਖੇਤ ਵਿੱਚ ਖਲਾਰ ਦੇਣਾ,ਤਾਂ ਜੋ ਕਿਸੇ ਨਹਿਰ ਦਾ ਪਾਣੀ ਪ੍ਰਦੂਸ਼ਿਤ ਹੋਣ ਤੋਂ ਬਚ ਸਕੇ।ਇਹ ਮੇਰੀ ਆਖ਼ਰੀ ਇੱਛਾ ਹੈ।ਇਸ ਨੂੰ ਹਰ ਹੀਲੇ ਪੂਰਾ ਕੀਤਾ ਜਾਵੇ। ਇਹ ਸਭ ਕੁੱਝ ਪੜ੍ਹ ਕੇ ਬਲਵਿੰਦਰ ਦੀਆਂ ਅੱਖਾਂ ਭਰ ਆਈਆਂ ਤੇ ਕਹਿਣ ਲੱਗਾ, 'ਡੈਡੀ ਜੀ, ਮੈਂ ਤੁਹਾਡੀ ਆਖ਼ਰੀ ਇੱਛਾ ਜ਼ਰੂਰ ਪੂਰੀ ਕਰਾਂਗਾ।'